# ਸਿੱਖ ਧਰਮ ਦੇ ਬਹੁਪੱਖੀ ਵਿਕਾਸ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਯੋਗਦਾਨ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ
ਸਮਾਜ ਵਿਗਿਆਨ ਫ਼ੈਕਲਟੀ ਅਧੀਨ ਧਰਮ ਅਧਿਐਨ ਵਿਭਾਗ ਵਿਚ
ਪੀਐਚ.ਡੀ. ਦੀ ਡਿਗਰੀ ਲਈ ਪ੍ਰਸਤੁਤ

ਖੋਜ-ਪ੍ਰਬੰਧ

2019

ਨਿਗਰਾਨ:

ਡਾ. ਜਸਪ੍ਰੀਤ ਕੌਰ ਸੰਧੂ
ਪ੍ਰੋਫ਼ੈਸਰ,
ਸਿੱਖ ਵਿਸ਼ਵਕੋਸ਼ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਖੋਜਾਰਥੀ:

ਹਰਕੰਵਲਦੀਪ ਸਿੰਘ

ਸ੍ਰੀ ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਪ੍ਰਮਾਣ ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਖੋਜਾਰਥੀ ਹਰਕੰਵਲਦੀਪ ਸਿੰਘ ਨੇ **'ਸਿੱਖ ਧਰਮ ਦੇ ਬਹੁਪੱਖੀ ਵਿਕਾਸ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਯੋਗਦਾਨ'** ਵਿਸ਼ੇ ਉੱਤੇ ਖੋਜ-ਪ੍ਰਬੰਧ ਮੇਰੀ ਨਿਗਰਾਨੀ ਹੇਠ ਪੂਰਾ ਕੀਤਾ ਹੈ। ਇਹ ਵਿਦਿਆਰਥੀ ਦੀ ਆਪਣੀ ਮਿਹਨਤ ਦਾ ਨਤੀਜਾ ਹੈ। ਇਸ ਨਿਬੰਧ ਨੂੰ ਪੀਐਚ.ਡੀ. (ਧਰਮ ਅਧਿਐਨ) ਦੀ ਡਿਗਰੀ ਲਈ ਯੋਗ ਸਮਝਦੀ ਹਾਂ ਅਤੇ ਮੁਲਾਂਕਣ ਹਿੱਤ ਪ੍ਰਸਤੁਤ ਕਰਨ ਦੀ ਸਿਫ਼ਾਰਸ਼ ਕਰਦੀ ਹਾਂ।

ਨਿਗਰਾਨ

ਜਸਪ੍ਰੀਤ ਕੌਰ ਸੰਧੂ

ਮਿਤੀ: 1-8-2019

ਜਸਪ੍ਰੀਤ ਕੌਰ ਸੰਧੂ

ਪ੍ਰੋਫ਼ੈਸਰ

## ਅਧਿਆਇ ਪਹਿਲਾ

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ: ਇਤਿਹਾਸ, ਬਣਤਰ ਅਤੇ ਉਦੇਸ਼

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖਾਂ ਦੀ ਨੁਮਾਇੰਦਾ ਜੱਥੇਬੰਦੀ ਹੈ। ਇਸ ਦਾ ਮੁੱਖ ਕਾਰਜ ਸਿੱਖ ਗੁਰਦੁਆਰਿਆਂ ਦਾ ਪ੍ਰਬੰਧ ਕਰਨਾ ਹੈ। ਇਸ ਦੀ ਸਥਾਪਤੀ ਦਾ ਲੰਮੇਰਾ ਇਤਿਹਾਸ ਹੈ। ਇਹ ਵੀਹਵੀਂ ਸਦੀ ਵਿਚ ਪੰਜਾਬ ਦੇ ਸਮੁੱਚੇ ਗੁਰਦੁਆਰਿਆਂ ਦਾ ਪ੍ਰਬੰਧ ਇਕ ਥਾਂ ਕਰਨ ਲਈ, ਗੁਰਦੁਆਰਿਆਂ ਨੂੰ ਜਥੇਬੰਦਕ ਤੇ ਸੁਚਾਰੂ ਢੰਗ ਤਰੀਕਿਆਂ ਨਾਲ ਚਲਾਉਣ ਲਈ, ਗੁਰਦੁਆਰਿਆਂ ਦਾ ਪ੍ਰਬੰਧ ਮਹੰਤਾਂ ਕੋਲੋਂ ਲੈਣ ਲਈ ਹੋਂਦ ਵਿਚ ਆਈ। ਪਰ ਇਸ ਦੀ ਹੋਂਦ ਦਾ ਮੁੱਢ ਗੁਰਦੁਆਰਿਆਂ ਦੀ ਸੇਵਾ ਸੰਭਾਲ ਲਈ ਅੰਗਰੇਜ਼ ਰਾਜ ਸਮੇਂ ਹੋਈ ਜਦੋ-ਜਹਿਦ ਦੇ ਇਤਿਹਾਸ ਨਾਲ ਬਝਿਆ। ਇਸ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪਿਛੋਕੜ ਨੂੰ ਸਮਝਣ ਲਈ ਗੁਰਦੁਆਰੇ ਦੀ ਪਰਿਭਾਸ਼ਾ ਅਤੇ ਇਤਿਹਾਸ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਇਸ ਅਧਿਆਇ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਬਾਰੇ ਜਾਨਣ ਲਈ ਇਸਦੇ ਪਿਛੋਕੜ ਦੇ ਇਤਿਹਾਸ ਅਤੇ ਪ੍ਰਬੰਧ ਬਾਰੇ ਸੰਖੇਪ ਵਿਚ ਵਰਣਨ ਕਰਨ ਦਾ ਯਤਨ ਕੀਤਾ ਗਿਆ ਹੈ।

## 1.1. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇਤਿਹਾਸ

ਗੁਰੂ ਕਾਲ ਦੌਰਾਨ ਸਿੱਖਾਂ ਅਤੇ ਹਿੰਦੂਆਂ ਦੋਹਾਂ ਦੇ ਪੂਜਾ ਅਸਥਾਨਾਂ ਲਈ ਵਰਤਿਆ ਜਾਣ ਵਾਲਾ ਸਾਂਝਾ ਸ਼ਬਦ ਧਰਮਸ਼ਾਲਾ ਸੀ।[1] ਪੁਰਾਣੀਆਂ ਕਿਤਾਬਾਂ ਵਿਚ ਧਰਮਸ਼ਾਲਾ ਨੂੰ ਧਰਮਸਾਲ ਅਤੇ ਧਰਮਸਾਲਾ ਲਿਖਿਆ ਮਿਲਦਾ ਹੈ। ਗੁਰਬਾਣੀ ਵਿਚ ਵੀ ਇਸਦੇ ਸ਼ਬਦ-ਜੋੜ ਧਰਮਸ਼ਾਲ ਅਤੇ ਧਰਮਸ਼ਾਲਾ ਹੀ ਹਨ। ਪੰਜਵੇ ਗੁਰੂ ਸਾਹਿਬ ਤੱਕ ਇਸ ਦਾ ਨਾਮ ਧਰਮਸ਼ਾਲ ਹੀ ਰਿਹਾ। ਗੁਰੂ ਅਰਜਨ ਦੇਵ ਜੀ ਨੇ ਹਰਿਮੰਦਰ ਸਾਹਿਬ ਦੀ ਸਥਾਪਨਾ ਕਰਕੇ ਆਦਿ ਗ੍ਰੰਥ ਦੀ ਸੰਪਾਦਨਾ ਕੀਤੀ। ਹਰਿਮੰਦਰ ਸਾਹਿਬ ਵਿਚ ਆਦਿ ਬੀੜ ਦਾ ਪ੍ਰਕਾਸ਼ ਕਰਕੇ ਬਾਬਾ ਬੁੱਢਾ ਜੀ ਨੂੰ ਪਹਿਲਾ ਗ੍ਰੰਥੀ ਥਾਪਿਆ ਗਿਆ।ਇਸ ਤੋਂ ਬਾਅਦ ਇੱਥੇ ਹੀ ਇਸ ਬੀੜ ਦੀਆਂ ਕਾਪੀਆਂ ਦੇ ਲੇਖਨ ਦਾ ਕੰਮ ਸ਼ੁਰੂ ਹੋਇਆ ਅਤੇ ਗੁਰੂਆਂ ਦੁਆਰਾ ਸਥਾਪਤ ਧਰਮਸ਼ਾਲਾਵਾਂ ਵਿਚ 'ਆਦਿ ਗ੍ਰੰਥ' ਦਾ ਪ੍ਰਕਾਸ਼ ਹੋਣਾ ਸ਼ੁਰੂ ਹੋਇਆ। ਜਿਸ ਧਰਮਸ਼ਾਲਾ ਵਿਚ ਗ੍ਰੰਥ ਸਾਹਿਬ ਰੱਖੇ ਗਏ,

[1] ਰਛਪਾਲ ਸਿੰਘ ਗਿੱਲ (ਮੁੱਖ ਸੰਪਾ.), *ਪੰਜਾਬੀ ਵਿਸ਼ਵ ਕੋਸ਼, ਜਿਲਦ*-9, ਪੰਨਾ-318

ਉਸਨੂੰ ਗੁਰਦੁਆਰਾ ਕਿਹਾ ਜਾਣ ਲੱਗਿਆ।[2] ਇਸ ਸੰਕਲਪ ਅਧੀਨ ਹਰਿਮੰਦਰ ਸਾਹਿਬ ਨੂੰ ਸਿੱਖਾਂ ਦਾ ਪਹਿਲਾ 'ਗੁਰਦੁਆਰਾ' ਕਿਹਾ ਜਾ ਸਕਦਾ ਹੈ। ਇਸ ਤਰ੍ਹਾਂ ਗੁਰਮਤਿ ਪ੍ਰਚਾਰ ਵਿਚ ਧਰਮਸ਼ਾਲਾਵਾਂ ਨੇ ਅਹਿਮ ਰੋਲ ਅਦਾ ਕੀਤਾ। ਅੱਜ 'ਧਰਮਸ਼ਾਲਾ' ਸ਼ਬਦ ਅਰਾਮ ਕਰਨ ਵਾਲੀ ਥਾਂ ਨੂੰ ਹੀ ਕਿਹਾ ਜਾਂਦਾ ਹੈ। 'ਹਰਿਮੰਦਰ' ਸਾਹਿਬ ਨੂੰ ਪਹਿਲਾ ਗੁਰਦੁਆਰਾ ਕਿਹਾ ਜਾਂਦਾ ਹੈ। ਇਸਦੇ ਸਾਹਮਣੇ 1609 ਈ. ਵਿਚ ਗੁਰੂ ਹਰਗੋਬਿੰਦ ਜੀ ਸਿੱਖਾਂ ਦੇ ਜੁੜ ਬੈਠਣ ਲਈ ਅਕਾਲ ਤਖ਼ਤ (ਅਕਾਲ ਬੁੰਗਾ) ਬਣਾਇਆ।[3]

ਇਸ ਤਰ੍ਹਾਂ ਅਸੀਂ ਧਰਮਸ਼ਾਲਾ ਤੋਂ ਗੁਰਦੁਆਰੇ ਤੱਕ ਦਾ ਸਫ਼ਰ ਦੇਖਦੇ ਹਾਂ। ਗੁਰਦੁਆਰਾ ਸ਼ਬਦ ਅਰੰਭ ਤੋਂ ਹੀ ਬਾਣੀ ਵਿਚ ਪ੍ਰਚਲਿਤ ਸੀ, ਪਰ ਧਰਮਸਾਲਾ ਨੂੰ 'ਗੁਰਦੁਆਰਾ' ਨਾਮ ਬਹੁਤ ਦੇਰ ਬਾਅਦ ਦਿੱਤਾ ਗਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੇਸਗੜ੍ਹ ਅਤੇ ਅਨੰਦਪੁਰ ਸਾਹਿਬ ਨਾਮ ਵਰਤੇ ਹਨ। ਗੁਰੂ ਸਾਹਿਬ ਜੀ ਦੇ ਮਗਰੋਂ ਵੀ ਯਾਦਗਾਰੀ ਥਾਵਾਂ ਉੱਤੇ ਇਕ ਥੜ੍ਹਾ ਬਣਾ ਦਿੱਤਾ ਜਾਂਦਾ ਸੀ। ਅਜਿਹੇ ਸਥਾਨਾਂ ਵਾਸਤੇ 'ਮੰਜੀ ਸਾਹਿਬ' ਸ਼ਬਦ ਵੀ ਉਪਯੁਕਤ ਹੁੰਦਾ ਸੀ। ਬਾਬਾ ਬਘੇਲ ਸਿੰਘ ਨੇ ਵੀ ਦਿੱਲੀ ਵਿਚ ਜਿਹੜੀਆਂ ਯਾਦਗਾਰਾਂ ਬਣਾਈਆਂ, ਉਨ੍ਹਾਂ ਦੇ ਨਾਮ ਵੀ ਗੁਰਦੁਆਰਾ ਕਰਕੇ ਨਹੀਂ ਸਨ ਤੇ ਇਨ੍ਹਾਂ ਦੇ ਨਾਮ ਸ਼ੀਸ਼ ਗੰਜ, ਰਕਾਬ ਗੰਜ, ਬੰਗਲਾ ਸਾਹਿਬ ਅਤੇ ਬਾਲਾ ਸਾਹਿਬ ਹੀ ਰੱਖੇ ਸਨ। ਸਿੱਖਾਂ ਦੇ ਹੋਰ ਧਾਰਮਿਕ ਅਸਥਾਨਾਂ ਨੂੰ ਉਦਾਸੀਆਂ ਦੇ ਸਮੇਂ 'ਡੇਰਾ' ਅਤੇ ਨਿਰਮਲੇ ਸੰਤਾਂ ਦੀ ਦੇਖ ਰੇਖ ਚਲਕੇ ਸਥਾਨਾਂ ਨੂੰ ਅਖਾੜਾ ਵੀ ਕਿਹਾ ਜਾਂਦਾ ਸੀ। ਪਿੱਛੋਂ ਆਣ ਕੇ ਭਾਵੇਂ ਇਨ੍ਹਾਂ ਨੇ ਆਪਣੇ ਅਸਥਾਨ ਸਿੱਖਾਂ ਤੋਂ ਵਖਰਿਆ ਲਏ ਸਨ। ਇਸ ਤਰ੍ਹਾਂ ਗੁਰਦੁਆਰਾ ਸ਼ਬਦ ਤੋਂ ਪਹਿਲਾਂ ਸਿੱਖ ਧਾਰਮਿਕ ਸਥਾਨਾਂ ਲਈ ਸੰਗਤ, ਮੰਜੀ, ਅਖਾੜਾ, ਧਰਮਸ਼ਾਲਾ, ਡੇਰਾ, ਗੜ੍ਹ, ਆਦਿ ਸ਼ਬਦ ਵਰਤੇ ਜਾਂਦੇ ਸਨ।

ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਅੰਮ੍ਰਿਤਸਰ ਛੱਡਣ ਤੋਂ ਬਾਅਦ ਗੁਰਦੁਆਰੇ ਦੇ ਪ੍ਰਬੰਧ ਨੂੰ ਵੱਖ-ਵੱਖ ਮਸੰਦਾਂ ਦੁਆਰਾ ਸੰਭਾਲਿਆ ਗਿਆ। ਗੁਰੂ ਸਾਹਿਬਾਨ ਦੀ ਗੁਰਿਆਈ ਦੇ ਨਾਲ ਗੁਰਦੁਆਰੇ ਦਾ ਕੇਂਦਰ ਵੀ ਬਦਲਦਾ ਰਿਹਾ। ਗੁਰੂ ਤੇਗ ਬਹਾਦਰ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਤਕ ਗੁਰਦੁਆਰਾ ਕੀਰਤਪੁਰ ਅਤੇ ਅਨੰਦਪੁਰ ਸਾਹਿਬ ਵਿਚ ਸਥਾਪਿਤ ਹੋਇਆ। ਗੁਰੂ ਸਾਹਿਬਾਨ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਦੇ ਰਾਜ ਕਾਲ ਵੇਲੇ ਤੋਂ ਲੈ ਕੇ ਦਲ ਖ਼ਾਲਸਾ ਤੱਕ ਵੱਖ-ਵੱਖ ਥਾਵਾਂ ਤੇ ਗੁਰਦੁਆਰੇ ਬਣੇ।

---

[2] ਜੋਧ ਸਿੰਘ (ਸੰਪਾ.) *ਸਿੱਖ ਧਰਮ ਵਿਸ਼ਵਕੋਸ਼. ਸੈਂਚੀ-II*, ਪੰਨਾ -361

[3] ਤੇਜਾ ਸਿੰਘ, ਗੰਡਾ ਸਿੰਘ, *ਸਿੱਖ ਇਤਿਹਾਸ*, ਪੰਨਾ 38

ਅਠਾਰਵੀਂ ਸਦੀ ਵਿਚ ਗੁਰਦੁਆਰਿਆਂ ਦੀ ਸੇਵਾ ਸੰਭਾਲ ਬੁੱਢਾ ਦਲ ਕੋਲ ਰਹੀ। ਜਦੋਂ ਸਿੱਖਾਂ ਨੂੰ ਜੰਗਲਾਂ ਅਤੇ ਹੋਰ ਪਨਾਹਗਾਰਾਂ ਵਿਚ ਰਹਿਣਾ ਪਿਆ ਤਾਂ ਉਸ ਵੇਲੇ ਕੁਝ ਸਮਾਂ ਸ੍ਰੀ ਹਰਿਮੰਦਰ ਸਾਹਿਬ ਦੀ ਸੇਵਾ ਸੰਭਾਲ ਉਦਾਸੀ ਗੁਪਾਲ ਦਾਸ ਨੇ ਵੀ ਕੀਤੀ ਸੀ। ਇਸ ਸਮੇਂ ਹਰਿਮੰਦਰ ਸਾਹਿਬ ਵਿਚ ਚੜ੍ਹਤ ਚੜ੍ਹਾਵਾ ਕਾਫ਼ੀ ਵੱਧ ਗਿਆ ਤਾਂ ਗੁਪਾਲ ਦਾਸ ਨੂੰ ਮਾਇਆ ਦਾ ਲਾਲਚ ਹੋ ਗਿਆ ਤੇ ਉਹ ਭ੍ਰਿਸ਼ਟਾਚਾਰ ਕਰਨ ਲੱਗਾ। ਗੋਲਕਾਂ ਨੂੰ ਉਹ ਨਿੱਜੀ ਆਮਦਨ ਸਮਝਣ ਲੱਗ ਗਿਆ ਸੀ। ਭ੍ਰਿਸ਼ਟਾਚਾਰ ਅਤੇ ਧਨ ਦੀ ਹੇਰਾ-ਫੇਰੀ ਨੂੰ ਰੋਕਣ ਵਾਸਤੇ ਗੁਪਾਲ ਦਾਸ ਦੀ ਥਾਂ ਚੰਚਲ ਸਿੰਘ ਤੇ ਆਤਮਾ ਸਿੰਘ ਨੇ ਇਸ ਪਵਿੱਤਰ ਅਸਥਾਨ ਦੀ ਸੇਵਾ ਸੰਭਾਲੀ। ਇਸ ਪਵਿੱਤਰ ਸਥਾਨ ਦੀ ਸੇਵਾ ਦਾ ਕਾਰਜ ਬਾਬਾ ਨੈਣਾ ਸਿੰਘ ਨੇ ਭਲੀ ਰੀਤ ਵਿਚ ਚਲਾਇਆ। 1799 ਈ. ਵਿਚ ਅਕਾਲੀ ਫੂਲਾ ਸਿੰਘ ਨੇ ਦਰਬਾਰ ਸਾਹਿਬ ਦੀ ਸੇਵਾ ਸੰਭਾਲੀ ਅਤੇ ਹਰਿਮੰਦਰ ਸਾਹਿਬ ਵਿਖੇ ਗੁਰ ਮਰਯਾਦਾ ਬਹਾਲ ਕਰਕੇ ਅਗਾਂਹ ਵਧਾਈ।[4]

ਅਕਾਲੀ ਫੂਲਾ ਸਿੰਘ ਜੀ ਮਗਰੋਂ ਮਹੰਤਾਂ ਨੇ ਹਰਿਮੰਦਰ ਸਾਹਿਬ ਵਿਚ ਗੁਰਮਤਿ ਮਰਯਾਦਾ ਨੂੰ ਕੁਰਾਹੇ ਪਾਉਣ ਦਾ ਯਤਨ ਕੀਤਾ ਤੇ ਕੁਝ ਹੱਦ ਤੱਕ ਉਹ ਸਫ਼ਲ ਹੋ ਗਏ। ਅਕਾਲੀ ਫੂਲਾ ਸਿੰਘ ਨੇ ਇਸ ਅਸਥਾਨ ਨੂੰ ਅਧਿਆਤਮਕ ਤੇ ਸੰਸਾਰਕ ਦੋਹਾਂ ਖੇਤਰਾਂ ਵਿਚ ਇਕ ਉੱਘਾ ਗੁਰੂ ਘਰ ਬਣਾਇਆ ਜਿਸ ਵਿਚ ਮਹੰਤਾਂ ਨੇ ਨੁਕਸਾਨ ਪਹੁੰਚਾਉਣ ਦਾ ਯਤਨ ਕੀਤਾ। ਇਸ ਅਸਥਾਨ ਉੱਤੇ ਵਿਅਕਤੀ ਪੂਜਾ ਦੂਰ ਕਰ ਕੇ ਅਕਾਲ ਪੁਰਖ ਦੀ ਅਰਾਧਨਾ ਦਾ ਸਰਬ ਸਾਂਝਾ ਸਥਾਨ ਤਿਆਰ ਕੀਤਾ ਗਿਆ ਸੀ। ਇਸ ਸਥਾਨ ਨੂੰ 'ਬੇਗਮਪੁਰਾ' ਦੇ ਧਾਰਮਿਕ ਤੇ ਆਤਮਿਕ ਸਥਾਨ ਬਣਾਉਣ ਵਾਸਤੇ ਕੀਤੇ ਸੰਕਲਪ ਨੂੰ ਮਹੰਤਵਾਦ ਨੇ ਰੁਕਾਵਟ ਪਾਉਣ ਦਾ ਯਤਨ ਕੀਤਾ।

ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬ ਉੱਤੇ 1801 ਤੋਂ 1839 ਈ. (ਮੌਕੇ ਤੱਕ) ਤੱਕ ਰਾਜ ਕੀਤਾ।[5] ਰਣਜੀਤ ਸਿੰਘ ਦੀ ਸਿੱਖ ਧਰਮ ਪ੍ਰਤੀ ਗਹਿਰੀ ਸ਼ਰਧਾ ਸੀ। ਜੋ ਇਮਾਰਤਾਂ ਸਿੱਖ ਰਾਜ ਦੌਰਾਨ ਸਿੱਖ ਹਾਕਮਾਂ ਨੇ ਬਣਵਾਈਆਂ ਉਹਨਾਂ ਨੂੰ ਸਿੱਖ ਇਮਾਰਤਾਂ ਕਿਹਾ ਜਾਂਦਾ ਹੈ, ਇਨ੍ਹਾਂ ਵਿਚੋਂ ਗੁਰਦੁਆਰੇ, ਬੁੰਗੇ, ਸਮਾਧਾਂ, ਕਿਲੇ, ਹਵੇਲੀਆਂ ਅਤੇ ਬਾਗ਼ ਸ਼ਾਮਿਲ ਹਨ।[6] 1804 ਈ. ਵਿਚ ਰਣਜੀਤ ਸਿੰਘ ਨੇ

---

[4] ਸੁਲੱਖਣ ਸਿੰਘ ਮੀਤ,'ਉਹ ਪਰਸਥਿਤੀਆਂ ਜਿਨ੍ਹਾਂ ਕਾਰਨ ਗੁਰਦੁਆਰਾ ਸੁਧਾਰ ਲਹਿਰ ਸ਼ੁਰੂ ਹੋਈ', *ਗੁਰਮਤਿ ਪ੍ਰਕਾਸ਼*, ਫਰਵਰੀ, 2003, ਪੰਨਾ-14.

[5] ਭਗਤ ਸਿੰਘ, *ਮਾਹਾਰਾਜਾ ਰਣਜੀਤ ਸਿੰਘ*, ਪੰਨਾ 19, 184

[6] ਭਗਤ ਸਿੰਘ, *ਮਾਹਾਰਾਜਾ ਰਣਜੀਤ ਸਿੰਘ*, ਪੰਨਾ 155

ਭਾਈ ਸੰਤ ਸਿੰਘ ਅਤੇ ਮੁਹੰਮਦ ਯਾਰ ਖਾਂ ਨੂੰ ਹਰਿਮੰਦਰ ਸਾਹਿਬ ਦੇ ਗੁੰਬਦ ਅਤੇ ਬਾਹਰ ਦੀਆਂ ਦੀਵਾਰਾਂ ’ਤੇ ਸੋਨੇ ਦੀ ਜੜ੍ਹਤ ਕਰਵਾਉਣ ਦਾ ਕੰਮ ਸੌਂਪਿਆ। 1837 ਈ. ਵਿਚ ਦੀਵਾਰਾਂ ਉੱਤੇ ਸੰਗਮਰਮਰ ਚੜ੍ਹਾਉਣ ਦਾ ਕੰਮ ਸ਼ੁਰੂ ਕੀਤਾ ਗਿਆ ਸੀ। ਰਣਜੀਤ ਸਿੰਘ ਨੇ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਨਨਕਾਣਾ ਸਾਹਿਬ ਆਦਿ ਗੁਰਦੁਆਰਿਆਂ ਦੀ ਨਵ-ਉਸਾਰੀ ਕਰਵਾਈ।[7] ਸਿੱਖ ਰਾਜ ਦੌਰਾਨ ਰਣਜੀਤ ਸਿੰਘ ਸ੍ਰੀ ਅਕਾਲ ਤਖ਼ਤ ਦੇ ਹੁਕਮਨਾਮਿਆਂ ਨੂੰ ਸਿਰ ਮੱਥੇ ਮੰਨਦਾ ਸੀ। ਉਸ ਵੇਲੇ ਤੱਕ ਧਰਮ ਰਾਜਸੀ ਸੱਤਾ ਉੱਤੇ ਪ੍ਰਭਾਵੀ ਸੀ ਨਾ ਕਿ ਹੁਣ ਵਾਂਗੂ ਰਾਜਸੀ ਸੱਤਾ ਧਰਮ ਉੱਤੇ ਕਾਬਜ ਹੈ। ਇਸ ਸਮੇਂ ਦੌਰਾਨ ਅੰਦਰੂਨੀ ਪ੍ਰਬੰਧ ਅਤੇ ਪਾਠ ਪੂਜਾ ਮੁੱਖ ਤੌਰ ਤੇ ਸੰਪਰਦਾਈ ਸਾਧੂਆਂ ਕੋਲ ਸੀ, ਜਿਸ ਵੱਲ ਬਹੁਤੀ ਤਵੱਜੋ ਨਾ ਦਿੱਤੀ ਗਈ।[8] ਰਣਜੀਤ ਸਿੰਘ ਤੋਂ ਬਾਅਦ ਡੋਗਰਿਆਂ ਨੇ ਗੁਰਦੁਆਰਿਆਂ ਵਿਚ ਦਖ਼ਲਅੰਦਾਜ਼ੀ ਕਰਕੇ ਇੱਥੋਂ ਦੀ ਮਰਯਾਦਾ ਹੋਰ ਵਿਗਾੜ ਦਿੱਤੀ ਸੀ।

ਅਠਾਰਵੀਂ ਸਦੀ ਵਿਚ ਗੁਰਦੁਆਰਿਆਂ ਵਿਚ ਗੁਰ ਮਰਯਾਦਾ ਨੂੰ ਲੈ ਕੇ ਸਿੱਖਾਂ ਨੇ ਬੜੀ ਸਫ਼ਲ ਘਾਲ ਘੱਲੀ। ਖ਼ਾਲਸਾਈ ਦਲ ਪੰਜਾਬ ਅਤੇ ਦਿੱਲੀ ਅੰਦਰ ਗੁਰੂ ਮਰਯਾਦਾ ਕਾਇਮ ਰਖਦਿਆਂ ਜ਼ਾਲਮ ਬਾਦਸ਼ਾਹੀਆਂ ਨੂੰ ਤਹਿਸ ਕਰਕੇ ਅੱਗੇ ਵੱਧਣ ਲੱਗਾ। ਪੰਜਾਬ ਦੀ ਸਾਧਾਰਨ ਜਨਤਾ ਸਿੰਘ ਸਜ ਕੇ ਜ਼ੁਲਮ ਦੇ ਖ਼ਿਲਾਫ਼ ਕਮਰਕੱਸੇ ਕਰਕੇ ਦਿੱਲੀ ਦੇ ਮੁਗ਼ਲ ਸਾਮਰਾਜ ਨਾਲ ਲੋਹਾ ਲੈਣ ਲੱਗੇ। ਪਰ ਇਸ ਸਮੇਂ ਸਿੱਖਾਂ ਦੇ ਸਰਦਾਰ ਖ਼ੁਦ ਰਾਜੇ ਬਣ ਕੇ ਮੁਗ਼ਲਈ ਸ਼ਾਨ ਦੀ ਰੀਸ ਕਰਨ ਲੱਗੇ। ਇਹ ਸਰਦਾਰ ਮਹਿਲਾਂ ਵਿਚ ਰਹਿਣ ਲੱਗੇ ਸਨ। ਸ਼ਾਹਾਨਾ ਤੇ ਛੱਤੀ ਪਦਾਰਥ ਛਕਦੇ ਸਨ। ਹੁਣ ਇਹ ਸੰਗਤ ਵਿਚੋਂ ਗੁਰੂ ਨਹੀਂ ਸਨ ਵੇਖਦੇ ਸਗੋਂ ਰਿਆਇਆ ਵੇਖਦੇ ਸਨ। ਪੰਗਤ ਵਿਚ ਬੈਠ ਕੇ ਲੰਗਰ ਛਕਣ ਨੂੰ ਹੇਠੀ ਸਮਝਣ ਲੱਗੇ ਸਨ। ਇਹ ਗੁਰਦੁਆਰਿਆਂ ਨੂੰ ਗ਼ਰੀਬ ਗੁਰਬਿਆਂ ਦਾ ਪੂਜਾ ਸਥਾਨ ਸਮਝਣ ਲੱਗ ਪਏ ਸਨ ਅਤੇ ਆਪ ਮੁਗ਼ਲ ਬਣ ਬੈਠੇ ਸਨ। ਗੁਰਦੁਆਰਿਆਂ ਵਿਚ ਰਾਜਸੀ ਦਖ਼ਲ ਘੱਟ ਗਿਆ ਸੀ। ਇਸ ਤਰ੍ਹਾਂ ਦੀਆਂ ਗੁਰਮਤਿ ਵਿਰੋਧੀ ਗਤੀਵਿਧੀਆਂ ਕਾਰਨ ਸਿੱਖ ਸੁਧਾਰਕ ਲਹਿਰਾਂ ਦਾ ਹੋਂਦ ’ਚ ਆਉਣਾ ਜ਼ਰੂਰੀ ਹੋ ਗਿਆ।

### 1.1.1. ਸਿੱਖ ਸੁਧਾਰਕ ਲਹਿਰਾਂ

ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਤੋਂ ਬਾਅਦ ਖ਼ਾਲਸਾ ਰਾਜ ਖੇਰੂੰ-ਖੇਰੂੰ ਹੋ ਗਿਆ। ਅੰਗਰੇਜ਼ਾਂ ਨੇ ਆਪਣੀਆਂ ਚਾਲਾਂ ਨਾਲ ਪੰਜਾਬ ਨੂੰ ਹਥਿਆ ਲਿਆ। ਪੰਜਾਬ ਉੱਤੇ ਅੰਗਰੇਜ਼ਾਂ ਦੇ ਰਾਜ

---

[7] ਨਰੈਣ ਸਿੰਘ, *ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ*, ਪੰਨਾ 4

[8] ਨਰੈਣ ਸਿੰਘ, *ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ*, ਪੰਨਾ 5

ਕਾਰਨ ਪੱਛਮੀ ਸਿੱਖਿਆ ਅਤੇ ਪੱਛਮੀ ਵਿਚਾਰਾਂ ਦਾ ਪ੍ਰਸਾਰ ਹੋਇਆ। ਇਸ ਕਰਕੇ ਲੋਕਾਂ ਵਿਚ ਆਪਣੀਆਂ ਧਾਰਮਿਕ ਮਾਨਤਾਵਾਂ ਪ੍ਰਤੀ ਸ਼ਰਧਾ ਨੂੰ ਠੇਸ ਲਗੀ। ਇਸ ਦਾ ਪ੍ਰਮੁਖ ਕਾਰਨ ਅੰਗਰੇਜ਼ਾਂ ਦੁਆਰਾ ਦਿਤੇ ਗਏ ਧਾਰਮਿਕ ਲਾਲਚ ਸਨ। ਇਸ ਦੇ ਨਾਲ ਸਿੱਖ ਧਰਮ ਦੀ ਪੌਰਾਣਿਕ ਵਿਆਖਿਆ ਕਾਰਨ ਇਸ ਨੂੰ ਹਿੰਦੂ ਧਰਮ ਵਿਚ ਜਜਬ ਕਰਨ ਦੇ ਯਤਨ ਕੀਤੇ ਜਾਣ ਲਗੇ ਸਨ। ਇਨ੍ਹਾਂ ਦਾ ਪ੍ਰਬੰਧਕ ਢਾਂਚਾ ਭ੍ਰਿਸ਼ਟ ਹੋ ਗਿਆ। ਜਿਸ ਨੂੰ ਸਿੱਧੇ ਅਸਿਧੇ ਢੰਗ ਨਾਲ ਅੰਗਰੇਜ਼ ਹਥਿਆਉਣ ਦੀ ਕੋਸ਼ਿਸ਼ ਕਰ ਰਹੇ ਸਨ। ਗੁਰਦੁਆਰਿਆਂ ਦੇ ਪ੍ਰਬੰਧਾਂ ਨੂੰ ਸੁਧਾਰਨ ਵਾਸਤੇ ਪੰਜਾਬ ਵਿਚ ਜੋ ਲਹਿਰਾਂ ਚੱਲੀਆਂ, ਉਹਨਾਂ ਦਾ ਸੰਖੇਪ ਵਰਣਨ ਇਸ ਤਰ੍ਹਾਂ ਹੈ:

### ੳ. ਨਿਰੰਕਾਰੀ ਲਹਿਰ (1831 ਈ.)

ਨਿਰੰਕਾਰੀ ਲਹਿਰ ਨੂੰ ਨਿਰੰਕਾਰੀ ਅੰਦੋਲਨ ਵੀ ਕਿਹਾ ਜਾਂਦਾ ਹੈ। ਨਿਰੰਕਾਰੀ ਲਹਿਰ ਦੇ ਮੋਢੀ ਬਾਬਾ ਦਿਆਲ ਜੀ ਸਨ, ਜਿਨ੍ਹਾਂ ਦਾ ਜਨਮ 17 ਮਈ 1783 ਵਿਚ ਪਿਸ਼ਾਵਰ ਵਿਖੇ ਭਾਈ ਰਾਮ ਸਹਾਏ ਅਤੇ ਮਾਤਾ ਲੁਡਕੀ ਦੇ ਘਰ ਹੋਇਆ।[9] ਭਾਈ ਦਿਆਲ ਸਿੰਘ ਜੀ ਹਰ ਵੇਲੇ ਨਿਰੰਕਾਰ ਦਾ ਜਾਪ ਕਰਦੇ ਰਹਿੰਦੇ ਸੀ, ਅਤੇ ਮੂਰਤੀ ਪੂਜਾ ਦਾ ਵਿਰੋਧ ਕਰਦੇ ਸੀ, ਇਸ ਲਈ ਇਹਨਾਂ ਦੇ ਸੰਪਰਦਾਇ ਦਾ ਨਾਂ ਨਿਰੰਕਾਰੀਏ ਪਿਆ। ਬਾਬਾ ਦਿਆਲ ਜੀ ਨੇ ਰਾਵਲ ਪਿੰਡੀ ਦੇ ਨਜ਼ਦੀਕ 3 ਦਸੰਬਰ,1831 ਈ. ਨੂੰ ਪਹਿਲਾ ਕੇਂਦਰ ਸਥਾਪਿਤ ਕੀਤਾ ਜਿਸ ਨੂੰ ਨਿਰੰਕਾਰੀ ਦਰਬਾਰ ਕਿਹਾ ਜਾਣ ਲੱਗਾ।[10] ਨਿਰੰਕਾਰੀ ਲਹਿਰ ਸਿੱਖਾਂ ਦੀ ਪਹਿਲੀ ਧਾਰਮਿਕ ਲਹਿਰ ਸੀ, ਇਸ ਨੇ ਦੇਵੀ-ਦੇਵਤਿਆਂ ਦੀ ਪੂਜਾ, ਮੂਰਤੀ ਪੂਜਾ, ਬ੍ਰਹਮਣੀ ਕਰਮ-ਕਾਂਡਾਂ ਦਾ ਡਟ ਕੇ ਵਿਰੋਧ ਕੀਤਾ ਅਤੇ ਸਿੱਖ ਧਰਮ ਦੇ ਅਸਲੀ ਸਿਧਾਂਤਾਂ ਦਾ ਪ੍ਰਚਾਰ ਕੀਤਾ। ਇਹ ਮਾਸ ਖਾਣ ਅਤੇ ਸ਼ਰਾਬ ਪੀਣ ਦੇ ਖ਼ਿਲਾਫ਼ ਸਨ। ਇਹਨਾਂ ਨੇ ਅਨੰਦ ਵਿਆਹ ਅਤੇ ਪੁਨਰ-ਵਿਆਹ ਦਾ ਪ੍ਰਚਾਰ ਕੀਤਾ।

### ਅ. ਨਾਮਧਾਰੀ ਲਹਿਰ (1857 ਈ.)

ਨਾਮਧਾਰੀ ਲਹਿਰ ਨੂੰ ਕੂਕਾ ਅੰਦੋਲਨ ਵੀ ਕਿਹਾ ਜਾਂਦਾ ਹੈ। ਇਸ ਲਹਿਰ ਵਿਚ ਨਾਮ ਜੱਪਣ ਤੇ ਬਹੁਤ ਜ਼ੋਰ ਦਿੱਤਾ ਜਾਂਦਾ ਸੀ ਅਤੇ ਇਸ ਕਰਕੇ ਇਸਦੇ ਅਨੁਯਾਈਆਂ ਨੂੰ 'ਨਾਮਧਾਰੀ' ਕਿਹਾ ਜਾਣ

---

[9] ਭਾਈ ਕਾਨ੍ਹ ਸਿੰਘ ਨਾਭਾ. *ਗੁਰਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ-714

[10] ਏ.ਸੀ. ਅਰੋੜਾ, *ਪੰਜਾਬ ਦਾ ਇਤਿਹਾਸ*, ਪੰਨਾ-210, ਸ਼ਮਸ਼ੇਰ ਸਿੰਘ ਅਸ਼ੋਕ, *ਪੰਜਾਬ ਦੀਆਂ ਲਹਿਰਾਂ*, ਪੰਨਾ-19

ਲੱਗਾ। ਕਈ ਵਾਰ ਇਹ ਸ਼ਬਦ ਗਾਉਂਦੇ ਹੋਏ ਉੱਚੀ-ਉੱਚੀ ਕੂਕਾਂ ਮਾਰਦੇ ਸਨ ਜਿਸ ਕਰਕੇ ਇਹਨਾਂ ਨੂੰ ਕੂਕੇ ਵੀ ਕਿਹਾ ਜਾਂਦਾ ਹੈ। ਬਾਬਾ ਬਾਲਕ ਸਿੰਘ ਨਾਮਧਾਰੀ ਲਹਿਰ ਦੇ ਮੋਢੀ ਸਨ, ਜਿਨ੍ਹਾਂ ਦਾ ਜਨਮ 1790 ਈ. ਵਿਚ ਅਟਕ ਜ਼ਿਲੇ ਦੇ ਸਰਵਾਲਾ ਪਿੰਡ ਵਿਚ ਹੋਇਆ।[11] ਕੂਕਾ ਅੰਦੋਲਨ ਦੇ ਅਸਲੀ ਸੰਸਥਾਪਕ ਬਾਬਾ ਰਾਮ ਸਿੰਘ ਨੂੰ ਮੰਨਿਆ ਜਾਂਦਾ ਹੈ ਜੋ ਬਾਬਾ ਬਾਲਕ ਜੀ ਦੇ ਸ਼ਾਗਿਰਦ ਸਨ। ਬਾਬਾ ਰਾਮ ਸਿੰਘ 3 ਫ਼ਰਵਰੀ, 1815 ਈ. ਵਿਚ ਭੈਣੀ ਰਾਇਆ (ਲੁਧਿਆਣਾ) ਵਿਖੇ ਹੋਇਆ। ਉਹਨਾਂ ਨੇ 1836-1845 ਈ. ਮਹਾਰਾਜਾ ਰਣਜੀਤ ਸਿੰਘ ਦੀ ਸੈਨਾ ਵਿਚ ਨੌਕਰੀ ਕੀਤੀ। 1857 ਈ. ਵਿਚ ਉਨ੍ਹਾਂ ਨੇ ਪੰਜ ਸਿੱਖਾਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ 'ਨਾਮਧਾਰੀ' ਜੱਥੇਬੰਦੀ ਦੀ ਸਥਾਪਨਾ ਕੀਤੀ। ਇਹ ਲਹਿਰ ਧਾਰਮਿਕ ਅਤੇ ਰਾਜਨੀਤਿਕ ਸੀ, ਜਿਸ ਦਾ ਉਦੇਸ਼ ਸਿੱਖ ਪੰਥ ਵਿਚੋਂ ਕੁਰੀਤੀਆਂ ਦੂਰ ਕਰਨਾ ਸੀ। ਇਹਨਾਂ ਨੇ ਗੁਰਬਾਣੀ ਪਾਠ-ਅਭਿਆਸ ਦੀ ਲਹਿਰ ਚਲਾਈ, ਕਰਮ-ਕਾਂਡੀ ਰਸਮਾਂ ਦਾ ਵਿਰੋਧ ਕੀਤਾ। ਇਹਨਾਂ ਦੇ ਮੁੱਖ ਸਿਧਾਂਤ ਇਕ ਰੱਬ ਵਿਚ ਵਿਸ਼ਵਾਸ, ਗ੍ਰੰਥ ਸਾਹਿਬ ਨੂੰ ਮੰਨਣਾ, ਸੁੱਚ ਸਫ਼ਾਈ ਰੱਖਣਾ, ਮੂਰਤੀ ਪੂਜਾ, ਮਕਬਰਿਆਂ, ਸਮਾਧਾਂ ਆਦਿ ਵਿਚ ਅਵਿਸ਼ਵਾਸ, ਨੈਤਿਕਤਾ ਦਾ ਪਾਲਣ, ਇਸਤਰੀ-ਪੁਰਸ਼ ਸਮਾਨਤਾ ਆਦਿ। ਇਹਨਾਂ ਦੇ ਪ੍ਰਚਾਰ ਦਾ ਇਹ ਸਿੱਟਾ ਨਿਕਲਿਆ ਕਿ ਸਿੱਖ ਇਸ ਲਹਿਰ ਨਾਲ ਜੁੜਣ ਲੱਗੇ। ਜਿਸ ਨਾਲ ਇਹ ਲਹਿਰ ਦੇਸ਼ ਸੇਵਾ ਵੱਲ ਮੁੜੀ ਅਤੇ ਇਹਨਾਂ ਅੰਗਰੇਜ਼ਾਂ ਖ਼ਿਲਾਫ਼ ਆਵਾਜ਼ ਉਠਾਉਣੀ ਸ਼ੁਰੂ ਕਰ ਦਿੱਤੀ। ਪੱਛਮੀ ਵਿੱਦਿਆ, ਪੱਛਮੀ ਪਹਿਰਾਵਾ, ਵਸਤਾਂ, ਵਿਚਾਰਾਂ ਆਦਿ ਦਾ ਬਾਈਕਾਟ ਕਰ ਦਿੱਤਾ। ਰਾਜਨੀਤਿਕ ਪੱਖੋਂ ਅੰਗਰੇਜ਼ ਇਸ ਲਹਿਰ ਤੋਂ ਚਿੰਤਿਤ ਹੋਏ। ਇਹਨਾਂ ਖ਼ਾਲਸਾ ਪੰਥ ਵਿਚ ਸੁਧਾਰ ਲਈ ਵੀ ਕੁਝ ਨਿਯਮ ਬਣਾਏ। ਅੰਗਰੇਜ਼ਾਂ ਨਾਲ ਤਿੰਨ ਪੱਖਾਂ 1) ਅੰਗਰੇਜ਼ੀ ਸਰਕਾਰ ਨਾਲ ਆਰਥਿਕ ਨਾ-ਮਿਲਵਰਤਣ 2) ਸਿੱਖਾਂ ਦਾ ਸਮਾਜਿਕ ਸੰਗਠਨ 3)ਫ਼ੌਜੀ ਪੁਨਰ ਜੀਵਨ। ਉਹਨਾਂ ਨੇ ਕੂਕਾ ਡਾਕ ਸਰਵਿਸ ਅਤੇ ਸਿੱਖ ਰੈਜਮੈਂਟਾਂ ਚਲਾਈਆਂ। ਉਹਨਾਂ ਨੇ 22 ਪ੍ਰਚਾਰ ਕੇਂਦਰ ਵੀ ਸਥਾਪਿਤ ਕੀਤੇ। ਅੰਗਰੇਜ਼ਾਂ ਤੋਂ ਇਹ ਬਰਦਾਸ਼ਤ ਨਾ ਹੋਇਆ। ਉਹਨਾਂ ਨੇ 1872 ਈ. ਬਾਬਾ ਰਾਮ ਸਿੰਘ ਜੀ ਨੂੰ ਦੇਸ ਨਿਕਾਲਾ ਦੇ ਦਿੱਤਾ 1885 ਈ. ਵਿਚ ਉਹ ਚਲਾਣਾ ਕਰ ਗਏ।

---

[11] ਏ.ਸੀ. ਅਰੋੜਾ, *ਪੰਜਾਬ ਦਾ ਇਤਿਹਾਸ*, ਪੰਨਾ-211

## ੲ. ਸਿੰਘ ਸਭਾ ਲਹਿਰ (1873 ਈ.)

ਸਿੰਘ ਸਭਾ ਲਹਿਰ ਦੀ ਨੀਂਹ 1873 ਈ. ਵਿਚ ਰੱਖੀ ਗਈ ਸੀ। ਇਸ ਨੇ ਸਿੱਖਾਂ ਵਿਚ ਇਕ ਨਵਾਂ ਜੋਸ਼ ਪੈਦਾ ਕਰਨ ਵਿਚ ਮਹੱਤਵਪੂਰਣ ਹਿੱਸਾ ਪਾਇਆ। ਇਸ ਲਈ ਇਸ ਨੂੰ ਸਿੱਖ ਇਤਿਹਾਸ ਵਿਚ ਇਕ ਮਹੱਤਵਪੂਰਣ ਮੋੜ ਮੰਨਿਆ ਜਾਂਦਾ ਹੈ।[12] ਇਹ ਆਪਣੇ ਆਪ ਵਿਚ ਇਕ ਨਵੇਕਲੀ ਕਿਸਮ ਦਾ ਅੰਦੋਲਨ ਸੀ। ਜਿੱਥੇ ਇਸ ਸਭਾ ਦਾ ਸੰਗਠਨ ਨਿਰੋਲ ਰੂਪ ਵਿਚ ਲੋਕਤੰਤਰੀ ਸਿਧਾਂਤਾਂ ਅਨੁਸਾਰ ਕੀਤਾ ਗਿਆ ਉੱਥੇ ਹੀ ਇਸ ਦੇ ਉਦੇਸ਼ ਵਿਚ ਪਹਿਲਾਂ ਤੋਂ ਚਲਦੇ ਆ ਰਹੇ ਸੰਗਠਨਾਂ ਤੋਂ ਬਿਲਕੁਲ ਵੱਖਰੇ ਸਨ। ਇਸ ਦੇ ਮੁੱਖ ਉਦੇਸ਼ ਨਾ ਸਿਰਫ਼ ਸਿੱਖ ਧਰਮ ਦਾ ਸੁਧਾਰ ਜਾਂ ਪ੍ਰਚਾਰ ਕਰਨਾ ਸੀ ਬਲਕਿ ਇਹ ਸਿੱਖਾਂ ਵਿਚਲੇ ਵਹਿਮਾਂ-ਭਰਮਾਂ, ਝੂਠੇ ਰੀਤੀ-ਰਿਵਾਜ਼ਾਂ ਨੂੰ ਦੂਰ ਕਰਕੇ ਪੰਜਾਬੀ ਭਾਸ਼ਾ ਦਾ ਪ੍ਰਚਾਰ ਕਰਨਾ ਅਤੇ ਸਿੱਖਾਂ ਵਿਚ ਵਿੱਦਿਆ ਦਾ ਪ੍ਰਸਾਰ ਵੀ ਕਰਨਾ ਚਾਹੁੰਦੇ ਸਨ। ਸਿੰਘ ਸਭਾ ਦੀ ਉਤਪੱਤੀ ਸਮੇਂ ਪੰਜਾਬ ਵਿਚ ਬ੍ਰਿਟਿਸ਼ ਰਾਜ ਦਾ ਬਹੁਤ ਜ਼ੋਰ ਸੀ। ਬ੍ਰਿਟਿਸ਼ ਸਰਕਾਰ ਸਿੱਖਾਂ ਨੂੰ ਆਪਣਾ ਧਰਮ ਛੱਡਣ ਅਤੇ ਈਸਾਈ ਧਰਮ ਅਪਣਾਉਣ ਲਈ ਈਸਾਈ ਧਰਮ ਪ੍ਰਚਾਰਕਾਂ ਦੀ ਸਹਾਇਤਾ ਨਾਲ ਅਣਥਕ ਯਤਨ ਕਰ ਰਹੀ ਸੀ। ਬਹੁਤੇ ਸਿੱਖ ਆਪਣਾ ਧਰਮ ਛੱਡ ਕੇ ਈਸਾਈ ਧਰਮ ਅਪਣਾਉਣ ਵੀ ਲਗ ਪਏ ਸਨ ਪਰ ਸਿੰਘ ਸਭਾ ਦੇ ਹੋਂਦ ਵਿਚ ਆਉਣ ਤੋਂ ਬਾਅਦ ਵਿਗੜਦੇ ਧਾਰਮਿਕ ਹਾਲਾਤਾਂ ਨੂੰ ਕਾਬੂ ਕੀਤਾ ਗਿਆ। ਬਾਕੀ ਅੰਦੋਲਨਾਂ ਤੋਂ ਉਲਟ ਇਸਦਾ ਕੋਈ ਵੀ ਨਿੱਜੀ ਗੁਰੂ ਨਹੀਂ ਹੋਇਆ। ਸਿੰਘ ਸਭਾ ਦੀ ਕਾਰਜ-ਕਾਰੀ ਕਮੇਟੀ ਦੇ ਮੈਂਬਰ ਲੋਕਤੰਤਰੀ ਨਿਯਮਾਂ ਅਨੁਸਾਰ ਹੀ ਚੁਣੇ ਜਾਂਦੇ ਸਨ। ਸਿੰਘ ਸਭਾ ਦੀ ਕਾਰਜ-ਕਾਰੀ ਕਮੇਟੀ ਵਿਚ ਇਕ ਪ੍ਰਧਾਨ, ਸਕੱਤਰ ਅਤੇ ਕੁਝ ਮੈਂਬਰ ਹੁੰਦੇ ਸਨ। ਬਾਅਦ ਵਿਚ ਕਮੇਟੀ ਨੇ ਮੀਤ-ਪ੍ਰਧਾਨ, ਸਹਾਇਕ ਸਕੱਤਰ, ਗਿਆਨੀ, ਉਪਦੇਸ਼ਕ,ਖਜਾਨਚੀ ਅਤੇ ਲਾਈਬ੍ਰੇਰੀਅਨ ਆਦਿ ਆਹੁਦਿਆਂ ਦੀ ਚੋਣ ਕੀਤੀ ਜਾਣ ਲਗੀ। ਸਭਾ ਦੇ ਪਹਿਲੇ ਪ੍ਰਧਾਨ ਸਰਦਾਰ ਠਾਕੁਰ ਸਿੰਘ ਸੰਧਾਵਾਲੀਆ ਅਤੇ ਪਹਿਲੇ ਸਕੱਤਰ ਗਿਆਨੀ ਗਿਆਨ ਸਿੰਘ ਜੀ ਸਨ।

### 1.1.1. ਚੀਫ਼ ਖ਼ਾਲਸਾ ਦੀਵਾਨ (1902)

ਸਿੰਘ ਸਭਾ ਲਹਿਰ ਦੀ ਸਫਲਤਾ ਤੋਂ ਬਾਅਦ 10 ਨਵੰਬਰ, 1902[13] ਨੂੰ ਸਰਦਾਰ ਸੁੰਦਰ ਸਿੰਘ ਮਜੀਠੀਆ ਆਪਣੇ ਪਤਵੰਤੇ ਸਿੱਖ ਆਗੂਆਂ ਅਤੇ ਸਹਿਯੋਗੀਆਂ ਨਾਲ ਰਾਮਗੜ੍ਹੀਆਂ ਦੇ ਬੁੰਗੇ ਹੋ ਕੇ

---

[12] ਹਰਬੰਸ ਸਿੰਘ, *ਦ ਹੈਰੀਟੇਜ ਆਫ਼ ਸਿਖਸ*, ਪੰਨਾ-138.

[13] ਭਾਈ ਕਾਨ੍ਹ ਸਿੰਘ ਨਾਭਾ. *ਗੁਰਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ-193

ਖ਼ਾਲਸਾ ਦੀਵਾਨ ਅੰਮ੍ਰਿਤਸਰ ਅਤੇ ਖ਼ਾਲਸਾ ਦੀਵਾਨ ਲਾਹੌਰ ਦੇ ਸੁਮੇਲ ਨਾਲ ਚੀਫ਼ ਖ਼ਾਲਸਾ ਦੀਵਾਨ ਦੀ ਨਿਉਂ ਰੱਖੀ ਜੋ ਕਿ ਹੁਣ ਤੱਕ ਪੰਥ ਦੇ ਅਨੇਕ ਕਾਰਜ ਸਿੱਧ ਕਰਦਾ ਆਇਆ ਹੈ। ਦੀਵਾਨ ਦੁਆਰਾ ਸਭ ਤੋਂ ਪਹਿਲਾਂ ਅੰਮ੍ਰਿਤਸਰ ਵਿਖੇ ਖ਼ਾਲਸਾ ਕਾਲਜ ਦੀ ਸਥਾਪਨਾ ਕਰਨ ਦਾ ਫ਼ੈਸਲਾ ਲਿਆ ਗਿਆ ਜੋ ਕਿ ਇਸਦੀ ਪਹਿਲੀ ਮਹਾਨ ਪ੍ਰਾਪਤੀ ਅਤੇ ਇਕ ਵੱਡਾ ਆਗ਼ਾਜ਼ ਸੀ।

### 1.1.2. ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ (1920-1925)

ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਨੂੰ ਹੇਠ ਲਿਖਤ ਘਟਨਾ ਨੇ ਇਕ ਤਰ੍ਹਾਂ ਦੀ ਚਿੰਗਾਰੀ ਦਿੱਤੀ, ਜਿਸ ਨਾਲ ਸੁਧਾਰ ਲਹਿਰ ਤੇਜ਼ੀ ਨਾਲ ਕੰਮ ਕਰਨ ਲੱਗੀ। ਇਹ ਲਹਿਰ ਲਗਪਗ 1920 ਵਿਚ ਸ਼ੁਰੂ ਹੋਈ ਅਤੇ ਗੁਰਦੁਆਰਾ ਐਕਟ (1925) ਬਣਨ ਤਕ ਇਸ ਦਾ ਸਰਗਰਮ ਕਾਲ ਹੈ।

ਮਾਰਚ 1849 ਈ. ਵਿਚ ਅੰਗਰੇਜ਼ਾਂ ਜਦ ਪੰਜਾਬ ਉੱਤੇ ਕਬਜ਼ਾ ਕੀਤਾ[14] ਤਾਂ ਸਿੱਖ ਰਾਜਿਆਂ ਦੀਆਂ ਕਲਗੀਆਂ ਖੁੱਸ ਗਈਆਂ ਅਤੇ ਉਨ੍ਹਾਂ ਅਕਾਲ ਤਖ਼ਤ 'ਤੇ ਵੀ ਕਬਜਾ ਕਰ ਲਿਆ।[15] ਅੰਗਰੇਜ਼ਾਂ ਨੇ ਦੋਹਰੀ ਚਾਲ ਚੱਲੀ, ਇਕ ਪਾਸੇ ਤਾਂ ਉਨ੍ਹਾਂ ਨੇ ਸਿੱਖ ਰਾਜਿਆਂ ਨੂੰ ਆਪਣੀ ਅਧੀਨਗੀ ਹੇਠ ਕਰਕੇ ਚੁੱਪ ਰਹਿਣ ਅਤੇ ਅੰਗਰੇਜ਼ੀ ਰਾਜ ਖ਼ਿਲਾਫ਼ ਸਾਜ਼ਿਸ਼ੀ ਚੁੱਪ ਧਾਰਨ ਲਈ ਮਨਾ ਲਿਆ ਅਤੇ ਦੂਜੇ ਪਾਸੇ ਗੁਰਦੁਆਰਿਆਂ ਦੇ ਪੁਜਾਰੀਆਂ ਨਾਲ ਸਾਂਠ-ਗਾਂਠ ਕਰਕੇ ਉਨ੍ਹਾਂ ਨੂੰ ਆਪਣੇ ਹੱਕ ਵਿਚ ਬੋਲਣ ਲਈ ਮਨਾ ਲਿਆ। ਗੁਰਦੁਆਰਿਆਂ ਤੇ ਕਾਬਜ਼ ਮਹੰਤ ਐਬ, ਭ੍ਰਿਸ਼ਟਾਚਾਰ, ਮਨ ਮਾਨੀਆਂ ਅਤੇ ਅੱਯਾਸ਼ੀਆਂ ਕਰਨ ਲੱਗੇ। ਸਿੱਖ ਸੰਗਤਾਂ ਵਿਚ ਵਿਤਕਰੇ ਪਾ ਕੇ ਖ਼ਾਲਸਾਈ ਗੁਰੂ ਦੀ ਸੈਨਾ ਦੀ ਸ਼ਕਤੀ ਘਟ ਕਰਨ ਲੱਗੇ। ਏਥੋਂ ਤੱਕ ਕਿ ਪਛੜੀਆਂ ਤੇ ਅਨੁਸੂਚਿਤ ਜਾਤੀਆਂ ਵਿਚੋਂ ਸਜੇ ਸਿੰਘਾਂ ਦਾ ਭੇਟਾ ਕੀਤਾ ਜਾਣ ਵਾਲਾ ਕੜਾਹ ਪ੍ਰਸ਼ਾਦਿ ਪਰਵਾਨ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਉਨ੍ਹਾਂ ਵੱਲੋਂ ਹਰਿਮੰਦਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਵਿਖੇ ਤਿਆਰ ਕੀਤਾ ਜਾਂ ਭੇਟ ਕੀਤਾ ਕੜਾਹ ਪ੍ਰਸ਼ਾਦਿ ਸੰਗਤਾਂ ਵਿਚ ਵਰਤਾਉਣ ਤੋਂ ਇਨਕਾਰ ਕਰ ਦਿੱਤਾ। ਸਿੱਖਾਂ ਵਿਚ ਜਾਤ ਵਿਤਕਰਾ ਅੰਗਰੇਜ਼ਾਂ ਲਈ ਮਨ ਭਾਉਂਦੀ ਰੀਤ ਸੀ। ਉਨ੍ਹਾਂ ਨੂੰ

---

14 ਵਰਿੰਦਰ ਸਿੰਘ, *ਪੰਜਾਬ ਦਾ ਇਤਿਹਾਸ*, , ਪੰਨਾ-310.

15 ਸੁਲੱਖਣ ਸਿੰਘ ਮੀਤ,'ਉਹ ਪਰਸਥਿਤੀਆਂ ਜਿਨ੍ਹਾਂ ਕਾਰਨ ਗੁਰਦੁਆਰਾ ਸੁਧਾਰ ਲਹਿਰ ਸ਼ੁਰੂ ਹੋਈ', *ਗੁਰਮਤਿ ਪ੍ਰਕਾਸ਼*, ਫਰਵਰੀ, 2003, ਪੰਨਾ-14.

ਅਛੂਤ ਕਰਾਰ ਦਿੱਤਾ ਗਿਆ ਅਤੇ ਗੁਰੂ ਘਰ ਦੀ ਮਰਯਾਦਾ ਦੀ ਘੋਰ ਉਲੰਘਣਾ ਹੋਈ। 12 ਅਕਤੂਬਰ 1920 ਨੂੰ ਇਸ ਵਿਤਕਰੇ ਨੂੰ ਗੁਰੂ ਘਰ ਦੀ ਬੇਅਦਬੀ ਸਮਝ ਕੇ ਅਛੂਤ ਜਾਤੀਆਂ ਵਿਚੋਂ ਸਜੇ ਸਿੰਘਾਂ ਨੇ ਕੜਾਹ ਪ੍ਰਸ਼ਾਦਿ ਤਿਆਰ ਕੀਤਾ ਅਤੇ ਇਹ ਤਿਆਰ ਕੀਤੇ ਦੇਗ ਲੈ ਕੇ ਹਰਿਮੰਦਰ ਸਾਹਿਬ ਵੱਲ ਚਾਲੇ ਪਾ ਦਿੱਤੇ।[16] ਪੁਜਾਰੀ ਮਹੰਤ ਇਨ੍ਹਾਂ ਜੋਸ਼ ਭਰਪੂਰ ਸਿੰਘਾਂ ਨੂੰ ਵੇਖ ਕੇ ਘਬਰਾ ਗਏ। ਸਿੱਖ ਆਪਣੀ ਥਾਂ ਅੜੇ ਰਹੇ ਕਿ ਇਸ ਦਾ ਵਿਤਕਰਾ ਗੁਰਬਾਣੀ ਅਤੇ ਗੁਰਮਰਯਾਦਾ ਵਿਚ ਕਿੱਧਰੇ ਅੰਕਿਤ ਨਹੀਂ। ਆਖ਼ਰ ਮਹੰਤਾਂ ਨੇ ਹਾਰ ਕੇ ਵਿਚ ਵਿਚਾਲੇ ਦਾ ਰਾਹ ਕੱਢਿਆ ਤੇ ਕਿਹਾ ਕਿ ਇਸ ਦੇ ਫ਼ੈਸਲੇ ਵਾਸਤੇ ਕਿ ਇਹ ਦੇਗ ਪ੍ਰਵਾਨ ਜਾਂ ਅਪ੍ਰਵਾਨ ਕੀਤੀ ਜਾਵੇ, ਹੁਕਮਨਾਮੇ ਦਾ ਹੁਕਮੀ ਆਸਰਾ ਲਿਆ ਜਾਵੇ। ਹੁਕਮਨਾਮਾ ਲਿਆ ਗਿਆ। ਗੁਰੂ ਅਮਰਦਾਸ ਜੀ ਦਾ ਫੁਰਮਾਨ ਆਇਆ:

> ਨਿਗੁਣਿਆਂ ਨੋ ਆਪੇ ਬਖ਼ਸਿ ਲਏ ਭਾਈ ਸਤਿਗੁਰ ਕੀ ਸੇਵਾ ਲਾਇ॥
> ਸਤਿਗੁਰ ਕੀ ਸੇਵਾ ਊਤਮ ਹੈ ਭਾਈ ਰਾਮ ਨਾਮਿ ਚਿਤੁ ਲਾਇ॥[17]

ਸਾਰਾ ਹਰਿਮੰਦਰ ਸਾਹਿਬ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਅਤੇ 'ਧੰਨ ਧੰਨ ਗੁਰੂ ਅਮਰਦਾਸ ਜੀ' ਦੇ ਜੈਕਾਰਿਆਂ ਨਾਲ ਗੂੰਜ ਉੱਠਿਆ। ਇਹ ਕੌਤਕ ਵੇਖ ਕੇ ਪੁਜਾਰੀ ਹਰਿਮੰਦਰ ਸਾਹਿਬ ਤੋਂ ਭੱਜ ਗਏ। ਸੰਗਤਾਂ ਨੇ ਹੁਣ ਅਕਾਲ ਤਖ਼ਤ ਸਾਹਿਬ ਦਾ ਰੁਖ਼ ਕੀਤਾ। ਓਧਰੋਂ ਵੀ ਪੁਜਾਰੀ ਦੌੜ ਗਏ ਸਨ। ਸੰਗਤਾਂ ਨੇ ਹਰਿਮੰਦਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਦੀ ਸੇਵਾਦਾਰੀ ਵਾਸਤੇ ਆਰਜੀ ਚੋਣ ਕਰਦਿਆਂ ਭਾਈ ਤੇਜਾ ਸਿੰਘ ਭੁੱਚਰ ਨੂੰ ਅਕਾਲ ਤਖ਼ਤ ਦਾ ਜੱਥੇਦਾਰ ਚੁਣ ਲਿਆ।

### 1.1.3. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ:

15 ਨਵੰਬਰ 1920 ਦਾ ਦਿਨ ਨੀਯਤ ਕਰਕੇ ਸਿੱਖ ਸੰਗਤਾਂ ਦਾ ਇਕੱਠ ਸੱਦਿਆ ਗਿਆ ਤਾ ਕਿ ਹਰਿਮੰਦਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਦੇ ਪੱਕੇ ਸੇਵਾਦਾਰ ਨਿਯਤ ਕੀਤੇ ਜਾਣ।[18] ਇਸ ਇਕੱਠ ਨੇ ਸਾਰੇ ਗੁਰੂ ਧਾਮਾਂ ਦਾ ਪ੍ਰਬੰਧ ਚਲਾਉਣ ਵਾਸਤੇ 175 ਅਮ੍ਰਿਤਧਾਰੀ ਸਿੰਘਾਂ ਦੀ ਕਮੇਟੀ ਕਾਇਮ

---

[16] ਲਾਲ ਸਿੰਘ,'ਸ਼੍ਰੋਮਣੀ ਕਮੇਟੀ ਦਾ ਭੂਤ, ਭਵਾਨ ਤੇ ਭਵਿੱਖ', *ਗੁਰਮਤਿ ਪ੍ਰਕਾਸ਼*, ਸਤੰਬਰ 1996, ਪੰਨਾ-37.

[17] ਗੁਰੂ ਗ੍ਰੰਥ ਸਾਹਿਬ, 638.

[18] ਤੇਜਾ ਸਿੰਘ, *ਗੁਰਦੁਆਰਾ ਰੀਫਾਰਮ ਮੂਵਮੈਂਟ ਐਂਡ ਸਿੱਖ ਅਵੇਕਨਿੰਗ*, ਪੰਨਾ-114

ਕਰ ਲਈ।[19] ਇਹ ਸਾਰੇ ਸਿੰਘ ਗੁਰੂ ਰਹਿਤ ਮਰਯਾਦਾ ਵਿਚ ਪੱਕੇ ਸਨ। ਇਨ੍ਹਾਂ 175 ਸਿੰਘਾਂ ਦੀ ਚੋਣ ਅਗਾਂਹ ਜਾ ਕੇ ਇਕ ਇਤਿਹਾਸ ਬਣ ਗਈ। ਇਹਨਾਂ 175 ਰਹਿਤਵਾਨ ਸਿੰਘਾਂ ਦੀ ਚੁਣੀ ਕਮੇਟੀ ਨੂੰ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ' ਦਾ ਨਾਮ ਦਿੱਤਾ ਗਿਆ।[20] ਅੰਮ੍ਰਿਤਸਰ ਵਿਖੇ ਚੁਣੀ ਗਈ ਇਸ ਪਹਿਲੀ ਸ਼੍ਰੋਮਣੀ ਪ੍ਰਬੰਧਕ ਕਮੇਟੀ ਦਾ ਸਰਵ ਪ੍ਰਥਮ ਪ੍ਰਧਾਨ ਸ. ਸੁੰਦਰ ਸਿੰਘ ਮਜੀਠੀਏ ਨੂੰ ਨਿਯੁਕਤ ਕੀਤਾ ਗਿਆ।[21] ਕਮੇਟੀ ਬਣਨ ਪ੍ਰਕਿਰਿਆ ਦੀ ਸਫ਼ਲਤਾ ਨੇ ਸਿੱਖਾਂ ਲਈ ਅਗਲੇ ਭਵਿੱਖੀ ਕਾਰਜਾਂ ਲਈ ਰਾਹ ਖੋਲਿਆ ਅਤੇ ਅਗਾਂਹ ਵਧੂ ਅਤੇ ਗੁਰ-ਮਰਯਾਦਾ ਦੇ ਪਕੇਰੇ ਸਿੰਘਾਂ ਨੇ ਅਗਲੀ ਰਣਨੀਤੀ ਤਿਆਰ ਕਰਨ ਹਿਤ ਸਿੱਖਾਂ ਦੀ ਦੂਜੀ ਇਕੱਤਰਤਾ ਅਕਾਲ ਤਖ਼ਤ ਸਾਹਿਬ ਵਿਖੇ 14 ਦਸੰਬਰ 1920 ਨੂੰ ਬੁਲਾ ਕੇ ਰਾਜਨੀਤੀ ਅਤੇ ਸਮਾਜਿਕ ਹਾਲਾਤਾਂ ਦੇ ਮੁਕਾਬਲਾ ਕਰਨ ਲਈ ਜੁਝਾਰੂ ਤੇ ਗੁਰੂ ਘਰ ਲਈ ਕੁਰਬਾਨੀ ਦੇਣ ਵਾਲੇ ਸਿੱਖਾਂ ਦੀ ਜੱਥੇਬੰਦੀ ਕਾਇਮ ਕੀਤੀ ਗਈ। ਜਿਹੜੀ ਇਹ ਦੂਜੀ ਕਮੇਟੀ ਚੁਣੀ ਗਈ ਉਸ ਦਾ ਨਾਮ 'ਸ਼੍ਰੋਮਣੀ ਅਕਾਲੀ ਦਲ' ਰੱਖਿਆ ਗਿਆ ਅਤੇ ਇਸ ਜੱਥੇਬੰਦੀ ਦਾ ਪਹਿਲੇ ਪ੍ਰਧਾਨ ਦਾ ਸਤਿਕਾਰ ਸ੍ਰੀ ਸਰਮੁਖ ਸਿੰਘ ਝਬਾਲ ਦੇ ਹਿੱਸੇ ਆਇਆ।

ਇਸ ਤਰ੍ਹਾਂ 15 ਨਵਬੰਰ 1920 ਤੋਂ ਲੈ ਕੇ 14 ਦਸੰਬਰ 1920 ਤੱਕ ਦੇ 30 ਦਿਨਾਂ ਵਿਚ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਹੋਂਦ ਵਿਚ ਆ ਗਏ। ਗੁਰਦੁਆਰਿਆਂ ਵਿਚ ਸਿੱਖ ਰਹਿਤ ਮਰਯਾਦਾ ਵਾਲੇ ਸੇਵਾਦਾਰ ਨੀਯਤ ਕੀਤੇ ਗਏ ਅਤੇ ਮਹੰਤਾਂ ਨੂੰ ਬਾਹਰ ਕੱਢ ਦਿੱਤਾ ਗਿਆ। ਸਿੱਖਾਂ ਵਿਚ ਅਗੰਮ ਉਤਸ਼ਾਹ ਠਾਠਾਂ ਮਾਰ ਰਿਹਾ ਸੀ ਅਤੇ ਉਹ ਗੁਰਦੁਆਰਿਆਂ ਦਾ ਪ੍ਰਬੰਧ ਮਹੰਤਾਂ ਕੋਲੋਂ ਖੋਹ ਕੇ ਰਹਿਤਕਾਰੀ ਸਿੱਖਾਂ ਨੂੰ ਸੌਂਪ ਕੇ ਖ਼ੁਸ਼ ਸਨ। ਪਰ ਇਹ ਹਾਰ ਮਹੰਤਾਂ ਨੂੰ ਚੁਭਣ ਲੱਗੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਾਰੇ ਗੁਰਦੁਆਰਿਆਂ ਦੀ ਸੇਵਾ ਸੰਭਾਲ ਦਾ ਕਾਰਜ ਆਪਣੇ ਹੱਥਾਂ ਵਿਚ ਲੈ ਲਿਆ ਤਾਂ ਪੁਜਾਰੀ ਤੇ ਮਹੰਤ ਵਰਗ ਦੀਆਂ ਮਨਮਰਜ਼ੀਆਂ ਬੰਦ ਹੋ ਗਈਆਂ। ਆਮਦਨ ਬੰਦ ਹੋ ਗਈ ਅਤੇ ਗੁਰੂ ਘਰਾਂ ਵਿਚ ਹੋ ਰਹੀਆਂ ਬਦਫੈਲੀਆਂ ਨੂੰ ਠੱਲ੍ਹ ਪੈ ਗਈ। ਪਰ ਇਹ

---

[19] ਹਰਜਿੰਦਰ ਸਿੰਘ ਦਿਲਗੀਰ, *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਿਵੇਂ ਬਣੀ*, ਪੰਨਾ-19.

[20] ਲਾਲ ਸਿੰਘ,'*ਸ਼੍ਰੋਮਣੀ ਕਮੇਟੀ ਦਾ ਭੂਤ, ਭਵਾਨ ਤੇ ਭਵਿੱਖ*', *ਗੁਰਮਤਿ ਪ੍ਰਕਾਸ਼*, ਸਤੰਬਰ 1996, ਪੰਨਾ-39.

[21] ਸ਼ਮਸ਼ੇਰ ਸਿੰਘ ਅਸ਼ੋਕ, *ਅਕਾਲੀ ਲਹਿਰ ਤੇ ਜੈਤੋ ਦਾ ਮੋਰਚਾ*, ਪੰਨਾ-6

ਨਵੇਂ ਹਾਲਾਤ ਮਹੰਤ ਵਰਗ ਨੂੰ ਪਸੰਦ ਨਹੀਂ ਸੀ। ਉਨ੍ਹਾਂ ਆਪਣੇ ਆਕਿਆਂ ਅੰਗਰੇਜ਼ ਹਾਕਿਮਾਂ ਨੂੰ ਫਰਿਆਦ ਕੀਤੀ ਕਿ ਗੁਰਦੁਆਰਿਆਂ ਉੱਤੇ ਉਨ੍ਹਾਂ ਦੇ ਮਾਲਕੀ ਦੇ ਹੱਕ ਹਨ ਅਤੇ ਸਾਨੂੰ ਮੁੜ ਕੇ ਇਨ੍ਹਾਂ ਦਾ ਕਬਜ਼ਾ ਦੁਆਇਆ ਜਾਵੇ। ਅੰਗਰੇਜ਼ ਹਾਕਿਮ ਮਿਸਟਰ ਕਿੰਗ ਕਮਿਸ਼ਨਰ ਲਾਹੌਰ ਨੇ ਪੁਜਾਰੀਆਂ ਨੂੰ ਲਿਖਤੀ ਭਰੋਸਾ ਦੁਆਇਆ ਕਿ ਹਕੂਮਤ ਮਹੰਤਾਂ ਦੇ ਗੁਰਦੁਆਰਿਆਂ ਉੱਤੇ ਕਬਜ਼ੇ ਦੇ ਹੱਕ ਨੂੰ ਤਸਲੀਮ ਕਰਦੀ ਹੈ ਅਤੇ ਗੁਰਦੁਆਰਿਆਂ ਉੱਤੇ ਉਨ੍ਹਾਂ ਦੇ ਕਬਜ਼ੇ ਵਾਸਤੇ ਮਦਦ ਦਾ ਭਰੋਸਾ ਦੇਂਦੀ ਹੈ। ਅੰਗਰੇਜ਼ੀ ਹਾਕਿਮ ਦੇ ਇਸ ਗ਼ਲਤ ਫ਼ੈਸਲੇ ਨਾਲ ਪੁਜਾਰੀ ਤੇ ਮਹੰਤ ਵਰਗ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਟਕਰਾਣ ਦੀ ਸਥਿਤੀ ਵਿਚ ਆਹਮੋ-ਸਾਹਮਣੇ ਆਣ ਖੜੇ ਹੋਏ। ਮਹੰਤ ਅੰਗਰੇਜ਼ਾਂ ਦੀ ਸ਼ੈਅ ਉੱਤੇ ਗੁਰਦੁਆਰਿਆਂ ਉੱਤੇ ਕਬਜ਼ਾ ਕਰਨ ਲਈ ਵਧੇ। ਉਨ੍ਹਾਂ ਨਾਲ ਅੰਗਰੇਜ਼ੀ  ਤਾਕਤ ਸੀ। ਦੂਜੇ ਪਾਸੇ ਸਿੰਘ ਆਪਣੀਆਂ ਹਥੇਲੀਆਂ ਉੱਤੇ ਜਾਨ ਰੱਖ ਕੇ ਟਾਕਰੇ ਲਈ ਖੜੇ ਸਨ। ਇਸ ਖ਼ੂਨ ਵੀਟਵੀਂ ਲੜਾਈ ਵਿਚ ਅੰਗਰੇਜ਼ੀ  ਪੁਲੀਸ ਨੇ ਗੋਲੀਆਂ ਚਲਾਈਆਂ ਜਿਸ ਵਿਚ ਸਿੰਘਾਂ ਨੇ ਸ਼ਹੀਦੀਆਂ ਪਾਈਆਂ। ਇਸ ਖ਼ੂਨੀ ਟਕਰਾਉ ਵਿਚ ਪੰਜ ਸੌ ਸਿੰਘ ਸ਼ਹੀਦ ਹੋ ਗਏ। ਹਜ਼ਾਰਾਂ ਨੂੰ ਕਾਲ ਕੋਠੜੀਆਂ ਵਿਚ ਸਖ਼ਤ ਮੁਸ਼ਕਲਾਂ ਝੱਲਣੀਆਂ ਪਈਆਂ। ਪੰਦਰਾਂ ਲੱਖ ਰੁਪਏ ਦੇ ਜ਼ੁਰਮਾਨੇ ਸਿੱਖਾਂ ਨੂੰ ਕੀਤੇ ਗਏ ਅਤੇ ਹਜ਼ਾਰਾਂ ਲੋਕਾਂ ਨੂੰ, ਜੋ ਇਨ੍ਹਾ ਮੋਰਚਿਆਂ ਵਿਚ ਸ਼ਾਮਿਲ ਹੋਏ, ਸਰਕਾਰੀ ਆਹੁਦਿਆਂ ਅਤੇ ਹੋਰ ਸਹੂਲਤਾਂ ਤੋਂ ਹੱਥ ਧੋਣੇ ਪਏ। ਪਰ ਸਿੱਖ ਸਨ ਕਿ ਖ਼ਤਰੇ ਭਰੇ ਸੰਘਰਸ਼ਾਂ ਲਈ ਜਥੇ ਬਣ ਕੇ ਗੁਰਦੁਆਰਿਆਂ ਤੋਂ ਮਹੰਤਾਂ ਨੂੰ ਦੂਰ ਰੱਖਣ ਵਾਸਤੇ ਤੁਰੇ ਰਹੇ ਅਤੇ ਕੁਰਬਾਨੀਆਂ ਦਿੰਦੇ ਰਹੇ। ਅੰਤ ਅੰਗਰੇਜ਼ ਹਾਕਿਮਾਂ ਨੂੰ ਸਿੰਘਾਂ ਦੇ ਸਿਦਕ ਅਤੇ ਸਿਰੜ ਸਾਹਮਣੇ ਹਾਰ ਮੰਨਣੀ ਪਈ। 21 ਫਰਵਰੀ 1921 ਨੂੰ ਮਿਸਟਰ ਕਿੰਗ ਕਮਿਸ਼ਨਰ ਲਾਹੌਰ ਨੇ ਸ੍ਰੀ ਨਨਕਾਣੇ ਦੇ ਖ਼ੂਨੀ ਸਾਕੇ ਮਗਰੋਂ ਗੁਰਦੁਆਰਾ ਜਨਮ ਅਸਥਾਨ ਨਨਕਾਣੇ ਸਾਹਿਬ ਦੀਆਂ ਚਾਬੀਆਂ ਜੱਥੇਦਾਰ ਕਰਤਾਰ ਸਿੰਘ ਝੱਬਰ ਨੂੰ ਦੇ ਦਿੱਤੀਆਂ।[22] 19 ਜਨਵਰੀ 1922 ਨੂੰ ਸ੍ਰੀ ਦਰਬਾਰ ਸਾਹਿਬ ਦੀਆਂ ਚਾਬੀਆਂ, ਜੋ ਕਿ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਆਪਣੇ ਕਬਜ਼ੇ ਵਿਚ ਕੀਤੀਆਂ ਹੋਈਆਂ ਸਨ, ਸਿੱਖਾਂ ਨੂੰ ਮੋੜਨ ਲਈ ਮਜ਼ਬੂਰ ਹੋਣਾ ਪਿਆ।[23] ਇਸ ਜਿੱਤ ਸਮੇਂ ਡੀ.ਸੀ. ਅੰਮ੍ਰਿਤਸਰ ਨੂੰ ਚਾਬੀਆਂ ਦੇ ਮੋਰਚਿਆਂ ਵਿਚ ਕੈਦ ਕੀਤੇ ਸਾਰੇ ਸਿੱਖਾਂ ਨੂੰ ਬਿਨਾਂ ਸ਼ਰਤ ਰਿਹਾਅ ਕਰਨਾ ਪਿਆ। ਇਹ ਇਕ

---

[22] ਸ਼ਮਸ਼ੇਰ ਸਿੰਘ ਅਸ਼ੋਕ, *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ*, ਪੰਨਾ-25.

[23] ਲਾਲ ਸਿੰਘ ,'ਸ਼੍ਰੋਮਣੀ ਕਮੇਟੀ ਦਾ ਭੂਤ, ਭਵਾਨ ਤੇ ਭਵਿੱਖ', *ਗੁਰਮਤਿ ਪ੍ਰਕਾਸ਼*, ਸਤੰਬਰ 1996, ਪੰਨਾ-40.

ਇਤਿਹਾਸਕ ਜਿੱਤ ਸੀ ਜਦ ਅਕਾਲ ਤਖ਼ਤ ਸਾਹਿਬ ਵਿਖੇ ਸਾਜੇ ਦੀਵਾਨ ਵਿਚ ਅੰਗਰੇਜ਼ ਹਾਕਿਮ ਨੂੰ ਗੁਰਦੁਆਰੇ ਦੀਆਂ ਚਾਬੀਆਂ ਸੰਗਤਾਂ ਦੇ ਸਾਹਮਣੇ ਬਾਬਾ ਖੜਕ ਸਿੰਘ ਨੂੰ ਸੌਂਪੀਆਂ ਗਈਆਂ। ਬਾਬਾ ਜੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਤਤਕਾਲੀ ਪ੍ਰਧਾਨ ਸਨ। ਅੰਗਰੇਜ਼ਾਂ ਦੀ ਇਹ ਦੂਜੀ ਹਾਰ ਸੀ। ਪਹਿਲੀ ਹਾਰ ਨਨਕਾਣਾ ਸਾਹਿਬ ਦੇ ਮੋਰਚੇ ਵਿਚ ਅੰਗਰੇਜ਼ ਹਾਰਿਆ ਸੀ। ਤੀਜੀ ਵੇਰ ਗੁਰੂ ਕੇ ਬਾਗ ਤੇ ਗੰਗਾਸਰ ਜੈਤੋ ਦੇ ਮੋਰਚਿਆਂ ਵਿਚ ਵੀ ਅੰਗਰੇਜ਼ਾਂ ਨੂੰ ਕਰਾਰੀ ਹਾਰ ਦਾ ਸਾਹਮਣਾ ਕਰਨਾ ਪਿਆ। ਇਹਨ੍ਹਾਂ ਪ੍ਰਸਿੱਧ ਮੋਰਚਿਆਂ ਵਿਚ ਹਾਰ ਖਾ ਕੇ ਗਵਰਨਰ ਪੰਜਾਬ ਨੇ 21 ਜਨਵਰੀ 1925 ਈ. ਨੂੰ ਗੁਰਦੁਆਰਾ ਬਿੱਲ ਦਾ ਖਰੜਾ ਪ੍ਰਕਾਸ਼ਤ ਕਰਵਾ ਕੇ ਇਹ ਤਸਲੀਮ ਕੀਤਾ ਕਿ ਪੰਜਾਬ ਦੇ ਇਤਿਹਾਸਕ ਸਿੱਖ ਗੁਰਦੁਆਰਿਆਂ ਦੇ ਪ੍ਰਬੰਧ ਦਾ ਅਧਿਕਾਰ ਪੰਜਾਬ ਵਿਚ ਵਸਦੇ ਸਿੱਖਾਂ ਵਾਸਤੇ ਰਾਖਵਾਂ ਹੈ।[24] ਸਿੱਖ ਪੰਥ ਦੀ ਲੰਮੀ ਜੱਦੋ-ਜਹਿਦ ਉਪਰੰਤ ਪੰਜਾਬ ਦੀ ਅੰਗਰੇਜ਼ੀ ਸਰਕਾਰ ਨੂੰ ਉਹ ਕਾਨੂੰਨ ਆਪ ਹੀ ਬਦਲਣਾ ਪਿਆ ਜਿਸ ਦੀ ਆੜ ਹੇਠ ਉਹ ਸਿੱਖਾਂ ਤੋਂ ਗੁਰੂਘਰਾਂ ਦਾ ਪ੍ਰਬੰਧ ਖੋਹ ਕੇ ਆਪਣੇ ਹਥ ਠੋਕਾ ਮਹੰਤਾਂ ਨੂੰ ਸੌਂਪਣਾ ਚਾਹੁੰਦੀ ਸੀ। ਇਸ ਨਵੇਂ ਬਣਾਏ ਗਏ ਗੁਰਦੁਆਰਾ ਐਕਟ ਦਾ ਆਪ ਸਿੱਖ ਜਨਤਾ ਨੇ ਭਰਵਾਂ ਸੁਆਗਤ ਕੀਤਾ ਅਤੇ ਉਨ੍ਹਾਂ ਦੇ ਗੁਰਦੁਆਰਿਆਂ ਪ੍ਰਤੀ ਹੋਰ ਵੀ ਵਧੇਰੇ ਆਦਰ ਸਤਿਕਾਰ ਤੇ ਮੋਹ ਜਾਗਿਆ।

### 1.1.4. ਗੁਰਦੁਆਰਾ ਐਕਟ (1925)

7 ਜੁਲਾਈ 1925 ਨੂੰ ਗੁਰਦੁਆਰਾ ਐਕਟ ਪਾਸ ਹੋ ਗਿਆ।[25] ਪੰਜਾਬ ਦੇ ਗਵਰਨਰ ਮਿਸਟਰ ਹੇਲੀ ਨੇ ਪੰਜਾਬ ਕੌਂਸਲ ਵਿਚ ਬਿਆਨ ਦਿੱਤਾ ਕਿ ਜੇਕਰ ਅਕਾਲੀ ਇਸ ਬਿੱਲ ਨੂੰ ਮੰਨ ਲੈਣ ਅਤੇ ਸਰਕਾਰ ਨਾਲ ਮਿਲਵਰਤਣ ਕਰਨ ਤਾਂ ਉਨ੍ਹਾਂ ਦੇ ਸਾਰੇ ਆਗੂ ਤੇ ਵਰਕਰ ਰਿਹਾਅ ਕਰ ਦਿੱਤੇ ਜਾਣਗੇ ਪਰ ਸਿੱਖਾਂ ਨੇ ਇਸ ਤਰ੍ਹਾਂ ਦੀ ਸ਼ਰਤੀਆ ਰਿਹਾਈ ਲੈਣ ਤੋਂ ਨਾਂਹ ਕਰ ਦਿੱਤੀ। ਏਥੇ ਇਹ ਗੱਲ ਵਰਣਨ ਯੋਗ ਹੈ ਕਿ ਸਰਕਾਰ ਨੇ ਬਾਬਾ ਖੜਕ ਸਿੰਘ ਅਤੇ ਸ. ਸੇਵਾ ਸਿੰਘ ਠੀਕਰੀਵਾਲਾ ਨੂੰ ਰਿਹਾਅ ਨਾ ਕੀਤਾ ਪਰ ਬਾਕੀ ਸਭ ਨੂੰ 17 ਸਤੰਬਰ 1926 ਨੂੰ ਰਿਹਾਅ ਕਰ ਦਿੱਤਾ। ਓਧਰ ਕੁਝ ਸਿੰਘਾਂ ਨੇ ਉੱਪਰਲੀ

---

[24] ਸ਼ਮਸ਼ੇਰ ਸਿੰਘ ਅਸ਼ੋਕ, *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ*, ਪੰਨਾ-25.

[25] ਨਰਾਇਣ ਸਿੰਘ, *ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ*, ਪੰਨਾ-87-88, ਹਰਜਿੰਦਰ ਸਿੰਘ ਦਿਲਗੀਰ, *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਿਵੇਂ ਬਣੀ*, ਪੰਨਾ-66.

ਸ਼ਰਤ ਮੰਨ ਕੇ ਰਿਹਾਈ ਲੈ ਲਈ। 25 ਜਨਵਰੀ ਨੂੰ ਬਾਬਾ ਹਰਿਕਿਸ਼ਨ ਸਿੰਘ ਨੇ ਵੀ ਸ਼ਰਤ ਮੰਨ ਕੇ ਰਿਹਾਈ ਲਈ। ਸ. ਤੇਜਾ ਸਿੰਘ ਸਮੁੰਦਰੀ 17 ਜੁਲਾਈ 1926 ਨੂੰ ਚੜ੍ਹਾਈ ਕਰ ਗਏ।[26] ਸ਼੍ਰੋਮਣੀ ਕਮੇਟੀ ਹੁਣ ਸ਼ਰਤਾਂ ਮੰਨਣ ਵਾਲਿਆਂ ਅਤੇ ਸ਼ਰਤਾਂ ਨਾ ਮੰਨਣ ਵਾਲਿਆਂ ਵਿਚ ਵੰਡੀ ਗਈ। ਸਰਕਾਰ ਨੇ ਕਮੇਟੀ ਨੂੰ ਗ਼ੈਰ ਕਾਨੂੰਨੀ ਦੇਣ ਦਾ ਪੱਤਰ ਵੀ ਵਾਪਿਸ ਲੈ ਲਿਆ।

ਸ. ਬਹਾਦਰ ਮਹਿਤਾਬ ਸਿੰਘ ਤੇ ਗਿਆਨੀ ਸ਼ੇਰ ਸਿੰਘ ਜਿਨ੍ਹਾਂ ਨੇ ਸ਼ਰਤਾਂ ਮੰਨ ਕੇ ਰਿਹਾਈ ਪ੍ਰਾਪਤ ਕੀਤੀ ਸੀ, ਦੇ ਗਰੁੱਪ ਨੇ ਆਉਂਦੀਆਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਕਰਵਾ ਲਈਆਂ। ਸਰਦਾਰ ਬਹਾਦਰ ਮਹਿਤਾਬ ਸਿੰਘ ਨੂੰ 77 ਵੋਟਾਂ ਪਈਆਂ ਜਦਕਿ ਜੇਲ੍ਹ ਵਿਚ ਬੈਠੇ ਗਰੁੱਪ ਦੇ ਨੁਮਾਇੰਦੇ ਸ. ਭਾਗ ਸਿੰਘ ਕਨੇਡੀਅਨ ਨੂੰ 44 ਵੋਟਾਂ ਪਈਆਂ ਸਨ।[27] ਜਦ ਇਸ ਵੋਟ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੀ ਮੀਟਿੰਗ ਹੋਈ ਤਾਂ ਸ. ਅਮਰ ਸਿੰਘ ਝਬਾਲ ਅਤੇ ਸ. ਜਸਵੰਤ ਸਿੰਘ ਝਬਾਲ ਅਤੇ ਹੋਰ ਕਈ ਅਕਾਲੀ ਆਗੂ ਮੀਟਿੰਗ `ਚ ਵਾਕ ਆਊਟ ਕਰ ਗਏ ਤੇ ਉਨ੍ਹਾਂ ਆਪਣੀ ਨਵੀਂ ਪਾਰਟੀ 'ਅਕਾਲੀ ਪਾਰਟੀ' ਬਣਾ ਲਈ। ਉਨ੍ਹਾਂ ਨੇ ਹਾਰੇ ਹੋਏ ਸ. ਭਾਗ ਸਿੰਘ ਕਨੇਡੀਅਨ ਨੂੰ ਆਪਣਾ ਪ੍ਰਧਾਨ ਅਤੇ ਸ. ਜਸਵੰਤ ਸਿੰਘ ਝਬਾਲ ਨੂੰ ਸਕੱਤਰ ਨੀਯਤ ਕਰ ਲਿਆ। ਆਖ਼ਰ ਫ਼ੈਸਲਾ ਹੋਇਆ ਕਿ ਅਪ੍ਰੈਲ 1926 ਵਿਚ ਕਮੇਟੀ ਦੀਆਂ ਨਵੀਆਂ ਚੋਣਾਂ ਕਰਵਾਈਆਂ ਜਾਣਗੀਆਂ।

ਸ. ਬਹਾਦਰ ਮਹਿਤਾਬ ਸਿੰਘ ਨੇ ਸਮਝੌਤਾ ਕਰਕੇ ਨਵੀਆਂ ਚੋਣਾਂ ਦਾ ਵਚਨ ਤਾਂ ਦੇ ਦਿੱਤਾ ਪਰ ਚੋਣਾਂ ਕੋਲ ਆਣਕੇ ਉਸਦਾ ਦਿਲ ਬਦਲ ਗਿਆ। ਮੁਸ਼ਕਿਲ ਦੀ ਇਸ ਘੜੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ 21 ਅਪ੍ਰੈਲ ਨੂੰ 'ਸਰਬੱਤ ਖ਼ਾਲਸਾ' ਇਕੱਠ ਬੁਲਾ ਕੇ ਮਸਲਾ ਹੱਲ ਕਰਨ ਦੀ ਸੋਚੀ।[28] ਪਰ ਦੂਜੇ ਪਾਸੇ ਦੂਜੇ ਗਰੁੱਪ ਨਾਲ ਏਕਤਾ ਦੀ ਗੱਲ ਵੀ ਚਲਦੀ ਰਹੀ। ਅਕਾਲੀਆਂ ਵਿਚੋਂ ਹੀ

---

[26] ਸੋਹਨ ਸਿੰਘ ਜੋਸ਼, *ਅਕਾਲੀ ਮੋਰਚਿਆਂ ਦਾ ਇਤਿਹਾਸ*, ਪੰਨਾ-445, ਗੁਰਜਿੰਦਰ ਸਿੰਘ, *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ: ਹੋਂਦ, ਬਣਤਰ ਤੇ ਕਾਰਜ*, ਪੰਨਾ-111, ਹਰਜਿੰਦਰ ਸਿੰਘ ਦਿਲਗੀਰ, *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਿਵੇਂ ਬਣੀ*, ਪੰਨਾ-66.

[27] ਸੋਹਨ ਸਿੰਘ ਜੋਸ਼, *ਅਕਾਲੀ ਮੋਰਚਿਆਂ ਦਾ ਇਤਿਹਾਸ*, ਪੰਨਾ-434

[28] ਸੋਹਨ ਸਿੰਘ ਜੋਸ਼, *ਅਕਾਲੀ ਮੋਰਚਿਆਂ ਦਾ ਇਤਿਹਾਸ*, ਪੰਨਾ-436

ਇਕ ਗਰੁੱਪ ਸਰਬੱਤ ਖ਼ਾਲਸਾ ਕਨਵੈਨਸ਼ਨ ਦੇ ਵਿਰੁੱਧ ਹੋ ਗਿਆ। 20 ਮਈ ਦੇ ਦਿਨ ਅਕਾਲੀ ਦਲ ਦੀ ਚੋਣ ਹੋਈ। ਸ. ਅਮਰ ਸਿੰਘ ਝਬਾਲ ਪ੍ਰਧਾਨ ਬਣੇ ਪਰ ਝਬਾਲ ਦੇ ਖ਼ਿਲਾਫ਼ ਇਕ ਨਿੰਦਾ ਮਤਾ ਵੀ ਪਾਸ ਕੀਤਾ ਗਿਆ ਕਿ ਉਸ ਨੇ 'ਸਰਬੱਤ ਖ਼ਾਲਸਾ' ਭੰਗ ਕਰਨ ਦੀ ਕੋਸ਼ਿਸ਼ ਕੀਤੀ। ਸ. ਅਮਰ ਸਿੰਘ ਪ੍ਰਧਾਨਗੀ ਛੱਡ ਗਏ। ਫੇਰ ਤੋਂ ਨਵੀਂ ਚੋਣ ਹੋਈ। ਸ. ਗੁਰਦਿੱਤ ਸਿੰਘ ਕਾਮਾਗਾਟਾਮਾਰੂ ਨੂੰ ਜੱਥੇਦਾਰ ਅਤੇ ਡਾਕਟਰ ਸ. ਠਾਕਰ ਸਿੰਘ ਇਕੋਲਾਗ ਜਨਰਲ ਸਕੱਤਰ ਬਣਾਏ ਗਏ। ਇਨ੍ਹਾਂ ਨੇ 10-11 ਜੂਨ ਨੂੰ ਸਰਬੱਤ ਖ਼ਾਲਸਾ ਸੱਦ ਲਿਆ। ਇਸ ਕਾਨਫ੍ਰੰਸ ਵਿਚ ਗੜਗੱਜ ਅਕਾਲੀ ਜਥਾ ਅਤੇ ਸੈਂਟ੍ਰਲ ਮਾਝਾ ਦੀਵਾਨ ਦਾ ਪਲੜਾ ਭਾਰੀ ਹੋ ਗਿਆ। ਸਰਬੱਤ ਖ਼ਾਲਸਾ ਨੇ 291 ਦੇ ਮੁਕਾਬਲੇ 703 ਵੋਟਾਂ ਨਾਲ ਗੁਰਦੁਆਰਾ ਐਕਟ ਰੱਦ ਕਰਕੇ, ਸਾਰੇ ਕੈਦੀ ਰਿਹਾਅ ਕਰਨ ਦੀ ਮੰਗ ਕਰਨ ਦੇ ਨਾਲ ਮਹਾਰਾਜਾ ਨਾਭਾ ਨੂੰ ਮੁੜ ਗੱਦੀ ਦੇਣ ਦੇ ਮਤੇ ਪਾਸ ਕੀਤੇ।

ਇਹ ਸਾਰੇ ਮਤੇ ਅਕਾਲੀ ਪਾਰਟੀ ਦੇ ਉਲਟ ਸਨ। ਸਰਬੱਤ ਖ਼ਾਲਸਾ ਅਕਾਲੀਆਂ ਵਾਸਤੇ ਖ਼ਿਲਾਫ਼ ਗਿਆ। 18 ਜੂਨ 1926 ਨੂੰ ਚੋਣਾਂ ਹੋਈਆਂ। ਇਨ੍ਹਾਂ ਚੋਣਾਂ ਵਿਚ ਹੇਠ ਲਿਖੇ ਅਨੁਸਾਰ ਸੀਟਾਂ[29] ਮਿਲੀਆਂ:

| ਪਾਰਟੀ | ਸੀਟਾਂ | |
|---|---|---|
| 1. | ਸ਼੍ਰੋਮਣੀ ਅਕਾਲੀ ਦਲ | 85 |
| 2. | ਸ਼੍ਰੋਮਣੀ ਕਮੇਟੀ | 26 |
| 3. | ਹੇਲੀ ਸੁਧਾਰ ਕਮੇਟੀ | 5 |
| 4. | ਆਜ਼ਾਦ | 4 |
| ਕੁੱਲ | | 120 |

ਸ. ਬਹਾਦਰ ਮਹਿਤਾਬ ਸਿੰਘ ਗਰੁੱਪ ਹਾਰ ਗਿਆ। ਇਹ ਸਰਕਾਰੀਆ ਗਰੁੱਪ ਵਜੋਂ ਬਦਨਾਮ ਸੀ। ਇਸ ਤਰ੍ਹਾਂ ਗੁਰਦੁਆਰਾ ਐਕਟ ਤੋਂ ਮਗਰੋਂ ਪੰਥਕ ਸੋਚ ਵਾਲੇ ਆਗੂਆਂ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉੱਤੇ ਫੇਰ ਤੋਂ ਕਬਜ਼ਾ ਹੋ ਗਿਆ ਤੇ ਇਹ ਗਰੁੱਪ 1960 ਤੱਕ ਚੋਣ ਵਿਚ ਜਿੱਤਦਾ ਰਿਹਾ।

---

[29] ਸੋਹਨ ਸਿੰਘ ਜੋਸ਼, *ਅਕਾਲੀ ਮੋਰਚਿਆਂ ਦਾ ਇਤਿਹਾਸ*, ਪੰਨਾ-444

### 1.1.5. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, 1926 (ਨਵੇਂ ਵਿਧਾਨ ਅਧੀਨ)

ਗੁਰਦੁਆਰਾ ਸੁਧਾਰ ਲਹਿਰ ਦੀ ਸਫ਼ਲਤਾ ਨੇ ਸਿੱਖਾਂ ਵਿਚ ਨਵੀਂ ਜਥੇਬੰਦਕ ਰੂਹ ਫੂਕ ਦਿੱਤੀ ਸੀ। ਸਿੱਖਾਂ ਨੂੰ ਇਕ ਵਿਗਿਆਨਕ ਕੇਂਦਰ ਪ੍ਰਾਪਤ ਹੋਇਆ ਸੀ ਜਿਥੋਂ ਉਹ ਅਲਗੇ ਭਵਿੱਖ ਦੀ ਰੌਸ਼ਨੀ ਪ੍ਰਾਪਤ ਕਰਨ ਦੇ ਸਮਰੱਥ ਹੋਏ ਸਨ। ਸਰਕਾਰ ਨੇ ਜਦ ਵੇਖਿਆ ਕਿ ਸਿੱਖਾਂ ਨੇ ਸਾਰੇ ਇਤਿਹਾਸਕ ਤੇ ਪ੍ਰਸਿੱਧ ਗੁਰਦੁਆਰਿਆਂ ਉੱਤੇ ਆਪਣਾ ਕਬਜ਼ਾ ਕਰ ਕੇ ਆਪਣੇ ਨਿਯਮ ਤੇ ਕਾਨੂੰਨ ਲਾਗੂ ਕਰ ਦਿੱਤੇ ਹਨ ਤਾਂ ਉਸ ਨੇ 1925 ਵਿਚ ਗੁਰਦੁਆਰਾ ਐਕਟ ਪਾਸ ਕਰ ਦਿੱਤਾ। ਨਵਾਂ ਐਕਟ ਤੇ ਐਕਟ ਦਾ ਵਿਧਾਨ ਲਾਗੂ ਹੋਣ ਨਾਲ ਪੁਰਾਣੀ ਕਮੇਟੀ ਆਪਣੇ ਆਪ ਹੀ ਭੰਗ ਹੋ ਗਈ ਅਤੇ ਨਵੇਂ ਵਿਧਾਨ ਮੁਤਾਬਕ ਨਵੀਂ ਕਮੇਟੀ ਸਰਕਾਰ ਦੀ ਦੇਖ-ਰੇਖ ਵਿਚ ਚੁਣੀ ਗਈ।

ਨਵੀਂ ਕਮੇਟੀ ਵਿਚ ਸਾਰੇ ਪੰਜਾਬ ਵਿਚੋਂ ਇਲਾਕਾਵਾਰ ਨੁਮਾਇੰਦੇ ਚੁਣੇ ਗਏ। ਇਸ ਸਿੱਧੀ ਚੋਣ ਵਿਚ 119 ਮੈਂਬਰ ਵੱਖ-ਵੱਖ ਜ਼ਿਲ੍ਹਿਆਂ ਵਿਚੋ ਚੁਣੇ ਗਏ। ਸਿੱਖ ਰਿਆਸਤਾਂ ਨੇ 16 ਮੈਂਬਰ ਨਾਮਜ਼ਦ ਕਰ ਕੇ ਭੇਜੇ। 14 ਮੈਂਬਰ ਕਮੇਟੀ ਨੇ ਨਾਮਜ਼ਦ ਕੀਤੇ। ਇਸ ਤਰ੍ਹਾਂ ਕੁਲ 130 ਮੈਂਬਰ ਸ਼੍ਰੋਮਣੀ ਕਮੇਟੀ ਵਾਸਤੇ ਸਾਹਮਣੇ ਆਏ। ਇਸ ਪਹਿਲੀ ਕਮੇਟੀ ਦੀ ਮੀਟਿੰਗ 26-28 ਅਪ੍ਰੈਲ 1926 ਨੂੰ ਹੋਈ ਜਿਸ ਵਿਚ ਸਰਬ ਸੰਮਤੀ ਨਾਲ ਸੈਂਟਰਲ ਬੋਰਡ ਨਾਮ ਬਦਲ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰੱਖ ਦਿੱਤਾ ਗਿਆ। ਹੁਣ ਇਸ ਕਮੇਟੀ ਨੇ ਨਵੇਂ ਵਿਧਾਨ ਮੁਤਾਬਕ ਕਾਰਜ ਅਰੰਭਿਆ। ਗੁਰਦੁਆਰਾ ਸੁਧਾਰ ਲਹਿਰ ਦੇ ਅਧੀਨ ਜੈਤੋ ਦਾ ਮੋਰਚਾ ਸਿੱਖਾਂ ਨੇ ਜਿੱਤ ਲਿਆ। ਏਸੇ ਸਮੇਂ 1925 ਵਿਚ ਸਿੱਖ ਐਜੀਟੇਸ਼ਨ ਦੀ ਸਮਾਪਤੀ ਸਮੇਂ ਹੀ ਗੁਰਦੁਆਰਾ ਐਕਟ ਵੀ ਬਣ ਗਿਆ। ਸਰਕਾਰ ਨੇ ਬਿਨਾਂ ਸ਼ਰਤ ਅਕਾਲੀ ਆਗੂ ਰਿਹਾਅ ਕਰਨੇ ਆਰੰਭ ਕਰ ਦਿੱਤੇ ਅਤੇ ਉਨ੍ਹਾਂ ਦੀਆਂ ਕੁਰਕ ਕੀਤੀਆਂ ਜਾਇਦਾਦਾਂ ਵਾਪਿਸ ਕਰਨ ਲਈ ਵੀ ਮੰਨ ਲਿਆ। ਪਰ ਅਕਾਲੀ ਇਸ ਐਕਟ ਦੇ ਖ਼ਿਲਾਫ਼ ਸਨ ਕਿਉਂਕਿ ਸਰਕਾਰ ਨੇ ਸ਼ਰਤ ਰੱਖੀ ਸੀ ਕਿ ਜਿਹੜੇ ਅਕਾਲੀ ਨਵੇਂ ਐਕਟ ਅਨੁਸਾਰ ਚੱਲਣ ਦਾ ਭਰੋਸਾ ਦੇਣਗੇ ਉਹੀ ਰਿਹਾਅ ਕੀਤੇ ਜਾਣਗੇ। ਪਰ ਅਕਾਲੀਆਂ ਨੇ ਸ਼ਰਤਾਂ ਮੰਨਣ ਤੋਂ ਨਾਂਹ ਕਰ ਦਿੱਤੀ। ਓਧਰ ਕੁਝ ਅਕਾਲੀਆਂ ਨੇ ਐਕਟ ਦੀਆਂ ਸ਼ਰਤਾਂ ਮੰਨ ਕੇ ਰਿਹਾਈ ਲੈ ਲਈ। ਇਸ ਤਰ੍ਹਾਂ ਅਕਾਲੀ ਦੋ ਧੜਿਆਂ ਵਿਚ ਵੰਡਿਆ ਗਿਆ ਸੀ। ਪਰ ਜਦ ਚੋਣਾਂ ਹੋਈਆਂ ਤਾਂ ਉਸ ਅਕਾਲੀ ਦਲ ਦੀ ਹੀ ਜਿੱਤ ਹੋਈ ਜਿਸ ਨੇ ਬਿਨਾਂ ਸ਼ਰਤ ਰਿਹਾਈ ਚਾਹੀ ਸੀ।

ਪਹਿਲੀ ਗੁਰਦੁਆਰਾ ਸੈਂਟਰਲ ਬੋਰਡ ਦੀਆਂ ਚੋਣਾਂ ਵਿਚ ਜੇਤੂ ਪਾਰਟੀਆਂ ਦੇ ਮੈਂਬਰ ਦੀ ਗਿਣਤੀ[30] ਇਸ ਤਰ੍ਹਾਂ ਸੀ:

| ਪਾਰਟੀ | ਸੀਟਾਂ |
|---|---|
| ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਰਦਾਰ ਬਹਾਦਰ ਸਰਦਾਰ ਮਹਿਤਾਬ ਸਿੰਘ ਪਾਰਟੀ | 26 |
| ਸ਼੍ਰੋਮਣੀ ਅਕਾਲੀ ਦਲ | 85 |
| ਪੰਥਕ ਸੁਧਾਰ ਕਮੇਟੀ | 5 |
| ਆਜ਼ਾਦ | 4 |
| ਕੁੱਲ | 120 |

ਇਨ੍ਹਾਂ ਤੋਂ ਬਾਅਦ 16 ਮੈਂਬਰ ਰਿਆਸਤਾਂ ਵੱਲੋਂ ਭੇਜੇ ਗਏ ਅਤੇ 14 ਮੈਂਬਰ ਹੋਰ ਨਾਮਜ਼ਦ ਹੋਣ ਨਾਲ ਕੁੱਲ ਮੈਂਬਰਾਂ ਦੀ ਗਿਣਤੀ 150 ਹੋ ਗਈ।

### 1.1.6. ਗੁਰਦੁਆਰਾ ਸੈਂਟਰਲ ਬੋਰਡ ਦੀ ਪਹਿਲੀ ਮੀਟਿੰਗ

ਗੁਰਦੁਆਰਾ ਐਕਟ ਬਣਨ ਤੋਂ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਮੀਟਿੰਗਾਂ ਕਮੇਟੀ ਦੇ ਆਗਾਊ ਭੇਜੇ ਪੱਤਰਾਂ ਅਨੁਸਾਰ ਹੁੰਦੀਆਂ ਸਨ ਪਰ ਨਵੇਂ ਗੁਰਦੁਆਰਾ ਐਕਟ (1925) ਅਨੁਸਾਰ ਸਰਕਾਰੀ ਹੁਕਮ ਅਨੁਸਾਰ ਹੋਣੀ ਤੈਅ ਸੀ। ਪਹਿਲੀ ਮੀਟਿੰਗ ਡੀ.ਸੀ. ਅੰਮ੍ਰਿਤਸਰ ਦੇ ਇਤਲਾਹ ਪੱਤਰਾਂ ਉੱਤੇ 4 ਸਤੰਬਰ 1926 ਨੂੰ ਸਵੇਰੇ 11 ਵਜੇ ਟਾਊਨ ਹਾਲ (ਅੰਮ੍ਰਿਤਸਰ) ਵਿਖੇ ਹੋਈ। ਇਸ ਵਿਚ 135 ਚੁਣੇ ਹੋਏ ਜੇਤੂ ਮੈਂਬਰਾਂ ਨੇ ਭਾਗ ਲਿਆ।[31] ਇਹ ਮੀਟਿੰਗ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਦੀ ਪ੍ਰਧਾਨਗੀ ਹੇਠ ਹੋਈ। ਸ. ਮੰਗਲ ਸਿੰਘ ਐਡੀਟਰ 'ਅਕਾਲੀ' ਸਰਬਸੰਮਤੀ ਨਾਲ ਇਸ ਇਕੱਤਰਤਾ ਦੇ ਚੇਅਰਮੈਨ ਚੁਣੇ ਗਏ। ਸਭ ਤੋਂ ਪਹਿਲਾਂ 14 ਮੈਂਬਰ ਨਾਮਜ਼ਦ ਕੀਤੇ ਗਏ[32] ਜਿਨ੍ਹਾਂ ਦੇ

---

[30] ਗੁਰਜਿੰਦਰ ਸਿੰਘ, *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ: ਹੋਂਦ, ਬਣਤਰ ਤੇ ਕਾਰਜ*, ਪੰਨਾ-115

[31] ਸੋਹਨ ਸਿੰਘ ਜੋਸ਼, *ਅਕਾਲੀ ਮੋਰਚਿਆਂ ਦਾ ਇਤਿਹਾਸ*, ਪੰਨਾ-450.

[32] ਰੂਪ ਸਿੰਘ, *ਪੰਥ ਸੇਵਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ*, ਪੰਨਾ-50

ਨਾਮ ਇਸ ਤਰ੍ਹਾਂ ਹਨ: ਸ. ਖੜਗ ਸਿੰਘ, ਸ. ਹਜ਼ਾਰਾ ਸਿੰਘ, ਸ. ਅਰਜਨ ਸਿੰਘ, ਸ. ਦਰਬਾਰਾ ਸਿੰਘ, ਸ. ਕੁੰਦਨ ਸਿੰਘ, ਸ. ਠਾਕੁਰ ਸਿੰਘ, ਸ. ਕਰਮ ਸਿੰਘ ਚੀਮਾ, ਸ. ਬਲਵੰਤ ਸਿੰਘ, ਸ. ਹਰਦਿੱਤ ਸਿੰਘ, ਸੰਤ ਮਾਨ ਸਿੰਘ ਸ਼ਾਸਤਰੀ, ਸ. ਤੇਜਾ ਸਿੰਘ ਵਕੀਲ, ਸ. ਕਰਤਾਰ ਸਿੰਘ ਕਲਸੀਆ, ਸ. ਹੀਰਾ ਸਿੰਘ ਰਿਆਸਤ ਪਟਿਅਲਾ ਤੇ ਸ. ਕੇਹਰ ਸਿੰਘ ਕਾਬਲੀ।

### ੳ. ਪ੍ਰਧਾਨ ਦੀ ਚੋਣ

ਇਸ ਇਕੱਤਰਤਾ ਨੇ ਸਰਬ ਸੰਮਤੀ ਨਾਲ ਸ. ਮੰਗਲ ਸਿੰਘ ਨੂੰ ਸੈਂਟਰਲ ਗੁਰਦੁਆਰਾ ਬੋਰਡ ਦੀ ਇਸ ਪਹਿਲੀ ਇਕੱਤਰਤਾ (2 ਅਕਤੂਬਰ 1926) ਚਲਾਉਣ ਲਈ ਕਾਰਜਕਾਰੀ ਪ੍ਰਧਾਨ ਚੁਣਿਆ ਗਿਆ।[33] ਸ. ਹਜ਼ਾਰਾ ਸਿੰਘ ਜਾਮਾਰਾਣੇ ਦਾ ਅਸਤੀਫ਼ਾ ਮਨਜ਼ੂਰ ਕੀਤਾ ਗਿਆ ਅਤੇ ਉਸ ਦੀ ਥਾਂ ਮਾਸਟਰ ਤਾਰਾ ਸਿੰਘ ਨੂੰ ਸੈਂਟਰਲ ਬੋਰਡ ਦਾ ਮੈਂਬਰ ਨਾਮਜ਼ਦ ਕੀਤਾ ਗਿਆ।

### ਅ. ਸੈਂਟ੍ਰਲ ਬੋਰਡ ਦੀ ਪਹਿਲੀ ਚੋਣ

ਸੈਂਟ੍ਰਲ ਬੋਰਡ ਦੇ ਚੁਣੇ ਹੋਏ ਅਹੁਦੇਦਾਰਾਂ ਨੇ ਪੱਕੇ ਪ੍ਰਧਾਨ ਦੀ ਚੋਣ ਸਰਬ ਸੰਮਤੀ ਨਾਲ ਕੀਤੀ। ਪਹਿਲੇ ਪ੍ਰਧਾਨ ਸ. ਖੜਗ ਸਿੰਘ ਬਣਾਏ ਗਏ।[34] ਉਪਰੰਤ ਮਾਸਟਰ ਤਾਰਾ ਸਿੰਘ ਨੂੰ ਮੀਤ ਪ੍ਰਧਾਨ ਚੁਣਿਆ ਗਿਆ। ਪ੍ਰਧਾਨ ਖੜਗ ਸਿੰਘ ਗੈਰ-ਹਾਜ਼ਰੀ ਕਾਰਨ ਬੋਰਡ ਦੀ ਬਾਕਾਇਦਾ ਪਹਿਲੀ ਮੀਟਿੰਗ ਮਾਸਟਰ ਤਾਰਾ ਸਿੰਘ ਜੀ ਦੀ ਪ੍ਰਧਾਨਗੀ ਹੇਠ ਹੋਈ।

### ੲ. ਪਹਿਲੀ ਅੰਤ੍ਰਿੰਗ ਕਮੇਟੀ:

ਇਸ ਪਹਿਲੀ ਇਤਿਹਾਸਕ ਇਕੱਤਰਤਾ ਨੇ 8 ਮੈਂਬਰ ਅੰਤ੍ਰਿਗ ਕਮੇਟੀ ਦੀ ਚੋਣ ਕੀਤੀ। ਆਈਨ ਮੁਤਾਬਕ ਇਸ ਕਮੇਟੀ ਦੇ ਘੱਟੋ ਘੱਟ 5 ਮੈਂਬਰ ਅਤੇ ਵੱਧ ਤੋਂ ਵੱਧ 11 ਮੈਂਬਰ ਹੋ ਸਕਦੇ ਸਨ। ਇਹ 8 ਮੈਂਬਰ ਸ. ਭਾਗ ਸਿੰਘ, ਸ. ਮੰਗਲ ਸਿੰਘ ਅਕਾਲੀ, ਸ. ਜਸਵੰਤ ਸਿੰਘ ਝਬਾਲ, ਸ. ਕੁੰਦਨ ਸਿੰਘ, ਸ. ਮਾਨ ਸਿੰਘ, ਸ. ਸ਼ੇਰ ਸਿੰਘ ਗਿਆਨੀ, ਸ. ਮਹਿੰਦਰ ਸਿੰਘ ਅਤੇ ਸ. ਬਚਿੱਤਰ ਸਿੰਘ ਸਨ।

---

[33] ਸੋਹਨ ਸਿੰਘ ਜੋਸ਼, *ਅਕਾਲੀ ਮੋਰਚਿਆਂ ਦਾ ਇਤਿਹਾਸ*, ਪੰਨਾ-450.
ਰੂਪ ਸਿੰਘ, *ਪੰਥ ਸੇਵਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ*, ਪੰਨਾ-51
ਗੁਰਜਿੰਦਰ ਸਿੰਘ, *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ: ਹੋਂਦ, ਬਣਤਰ ਤੇ ਕਾਰਜ*, ਪੰਨਾ-116.

[34] ਰੂਪ ਸਿੰਘ, *ਪੰਥ ਸੇਵਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ*, ਪੰਨਾ-51
ਗੁਰਜਿੰਦਰ ਸਿੰਘ, *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ: ਹੋਂਦ, ਬਣਤਰ ਤੇ ਕਾਰਜ*, ਪੰਨਾ-116.

### ਸ. ਸੈਂਟਰਲ ਗੁਰਦੁਆਰਾ ਬੋਰਡ ਦਾ ਨਾਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰੱਖਿਆ

ਸਰਕਾਰ ਨੇ ਐਕਟ ਵਿਚ ਗੁਰਦੁਆਰਿਆਂ ਦਾ ਪ੍ਰਬੰਧ ਕਰਨ ਵਾਲੀ ਸੰਸਥਾ ਦਾ ਨਾਮ ਗੁਰਦੁਆਰਾ ਸੈਂਟਰਲ ਬੋਰਡ ਰੱਖਿਆ ਸੀ ਪਰ ਇਸ ਪਹਿਲੀ ਇਕੱਤਰਤਾ ਨੇ ਇਹ ਨਾਮ ਬਦਲ ਕੇ ਫੇਰ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰੱਖ ਲਿਆ। ਇਸ ਇਕੱਤਰਤਾ ਨੇ ਏਥੇ ਸਰਬ ਸੰਮਤੀ ਨਾਲ 2 ਮਤੇ ਪਾਸ ਕੀਤੇ:

- ਗੁਰਦੁਆਰਾ ਲਹਿਰ ਅਧੀਨ ਜਿਨ੍ਹਾਂ ਸਿੱਖਾਂ ਨੂੰ ਕੈਦ ਕੀਤਾ ਗਿਆ ਹੈ ਉਨ੍ਹਾਂ ਨੂੰ ਬਿਨਾਂ ਸ਼ਰਤ ਰਿਹਾਅ ਕਰੇ ਅਤੇ ਉਨ੍ਹਾਂ ਦੇ ਨੁਕਸਾਨ ਦੀ ਭਰਪੂਰਤੀ ਕਰੇ।
- ਗੁਰਦੁਆਰਾ ਬੋਰਡ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਦਾ ਸਾਰਾ ਦਫ਼ਤਰੀ ਕੰਮ ਪੰਜਾਬੀ ਵਿਚ ਹੋਇਆ। ਕਮੇਟੀ ਦੀ ਕਾਰਵਾਈ ਵਿਚ ਦੇਸੀ ਤਾਰੀਖਾਂ ਤੇ ਖ਼ਾਲਸਾ ਸੰਮਤ ਵਿਚ ਹੋਵੇ ਜੇ ਨਾਲ ਹੀ ਅੰਗਰੇਜ਼ੀ ਤਾਰੀਖ ਲਿਖੀ ਜਾਵੇ ਤਾਂ ਇਤਰਾਜ਼ ਨਹੀਂ।

### ਹ. ਲੋਕਲ ਕਮੇਟੀਆਂ

ਨਵੇਂ ਗੁਰਦੁਆਰਾ ਸੈਂਟ੍ਰਲ ਬੋਰਡ ਦੀ ਧਾਰਾ 85 ਅਨੁਸਾਰ ਸ੍ਰੀ ਦਰਬਾਰ ਸਾਹਿਬ, ਤਰਨ ਤਾਰਨ, ਸ੍ਰੀ ਮੁਕਤਸਰ ਸਾਹਿਬ, ਸ਼ਹਿਰ ਲਾਹੌਰ ਦੇ ਗੁਰਦੁਆਰੇ, ਗੁਰਦੁਆਰਾ ਨਨਕਾਣਾ ਸਾਹਿਬ, ਅਨੰਦਪੁਰ ਸਾਹਿਬ, ਸ੍ਰੀ ਪੰਜਾ ਸਾਹਿਬ ਵਾਸਤੇ ਲੋਕਲ ਕਮੇਟੀਆਂ ਬਣਾਈਆਂ ਗਈਆਂ ਜੋ ਇਨ੍ਹਾਂ ਗੁਰਦੁਆਰਿਆਂ ਦਾ ਪ੍ਰਬੰਧ ਕਰਨਗੀਆਂ। ਇਨ੍ਹਾਂ ਮੈਂਬਰਾਂ ਦੀ ਸਹਿਮਤੀ ਏਥੇ ਹੀ ਲਈ ਗਈ।

## 1.2 ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਬਣਤਰ

15-16 ਨਵੰਬਰ, 1920 ਨੂੰ ਭਾਰੀ ਪੰਥਕ ਇੱਕਤੱਰਤਾ ਵਿਚ ਸ਼੍ਰੀ ਦਰਬਾਰ ਸਾਹਿਬ ਵਿਖੇ ਪੰਥਕ ਆਗੂਆਂ ਨੇ ਆਪਣੇ ਤੌਰ ਉੱਤੇ ਹੀ ਅਤੇ ਗ਼ੈਰ ਆਈਨੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾ ਦਿੱਤੀ ਅਤੇ ਇਸ ਦੇ 175 ਮੈਂਬਰ ਸਨ[35] ਇਸ ਦਾ ਨਾਮ **"ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ"** ਰੱਖਿਆ ਗਿਆ, ਜਿਸ ਵਿਚ ਸਰਕਾਰ ਵੱਲੋਂ ਨਾਮਜ਼ਦ 36 ਮੈਂਬਰ ਵੀ ਸ਼ਾਮਿਲ ਕਰ ਲਏ ਗਏ। ਇਸ

---

[35] ਨਰਾਇਣ ਸਿੰਘ, *ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ,* ਪੰਨਾ-15

ਤਰ੍ਹਾਂ ਗ਼ੈਰ ਆਈਨੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੁੱਲ ਮੈਂਬਰ 201 ਹੋ ਗਏ । 12 ਦਸੰਬਰ 1920 ਨੂੰ ਇਸ ਕਮੇਟੀ ਦੀ ਪਹਿਲੀ ਇੱਕਤਰਤਾ ਵਿਚ ਸਰਦਾਰ ਸੁੰਦਰ ਸਿੰਘ ਜੀ ਮਜੀਠੀਏ ਨੂੰ ਪ੍ਰਧਾਨ, ਸਰਦਾਰ ਹਰਬੰਸ ਸਿੰਘ ਅਟਾਰੀ ਨੂੰ ਮੀਤ ਪ੍ਰਧਾਨ ਅਤੇ ਸਰਦਾਰ ਸੁੰਦਰ ਸਿੰਘ ਰਾਮਗੜੀਆ ਜੀ ਨੂੰ ਸਕੱਤਰ ਨਿਯੁਕਤ ਕਰ ਦਿੱਤਾ ਗਿਆ। ਪਰ ਇਸ ਕਮੇਟੀ ਨੂੰ ਸਰਕਾਰੀ ਮਾਨਤਾ ਨਹੀਂ ਸੀ ਅਤੇ ਇਸ ਦੀ ਮੁਢਲੀ ਬਣਤਰ ਵਿਚ ਕੋਈ ਵਿਧਾਨ ਨਹੀਂ ਸੀ। ਇਹ ਫੌਰੀ ਤੌਰ ਉੱਤੇ ਬਣਾਈ ਕਮੇਟੀ ਸੀ।

### 1.2.1 ਵਿਧਾਨਕ ਤੌਰ ਉੱਤੇ ਨਵੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਬਣਤਰ (1926)

1926 ਵਿਚ ਸਿੱਖ ਪੰਥ ਵਿਚ ਜਬਰਦਸਤ ਜੱਦੋ ਜਹਿਦ ਨੂੰ ਵੇਖਦੇ ਹੋਏ ਸਰਕਾਰ ਨੇ ਗੁਰਦੁਆਰਾ ਐਕਟ ਪਾਸ ਕਰ ਦਿੱਤਾ। ਐਕਟ ਦੇ ਵਿਧਾਨ ਮੁਤਾਬਕ ਪੁਰਾਣੀ ਸ਼੍ਰੋਮਣੀ ਕਮੇਟੀ ਭੰਗ ਹੋ ਗਈ ਅਤੇ ਉਸ ਦੀ ਥਾਂ ਉੱਤੇ ਗੁਰਦੁਆਰਾ ਐਕਟ ਦੇ ਅਨੁਸਾਰ ਨਵੀਂ ਸ਼੍ਰੋਮਣੀ ਕਮੇਟੀ ਹੋਂਦ ਵਿਚ ਆ ਗਈ। ਇਸ ਵਿਧਾਨਕ ਸ਼੍ਰੋਮਣੀ ਕਮੇਟੀ ਵਿਚ ਇਲਾਕੇਵਾਰ ਚੋਣ ਹੋਣ 'ਤੇ 119 ਮੈਂਬਰ ਚੋਣ ਜਿੱਤ ਕੇ ਆਏ ਇਸ ਦੇ ਮੈਂਬਰਾਂ ਦੀ ਬਣਤਰ ਹੇਠ ਲਿਖੇ ਅਨੁਸਾਰ ਸੀ:

ਇਲਾਕੇ ਵਾਰ ਚੋਣ ਜਿੱਤ ਕੇ ਆਏ ਮੈਂਬਰ = 119

ਸਿੱਖ ਰਿਆਸਤਾਂ ਵਿਚੋਂ ਆਏ ਮੈਂਬਰ = 16

ਨਾਮਜ਼ਦ ਕੀਤੇ ਗਏ ਮੈਂਬਰ = 14

ਕੁੱਲ ਮੈਂਬਰ = 149

ਇਸ ਦਾ ਨਵਾਂ ਨਾਮ ਵੀ ਪੁਰਾਣੀ ਕਮੇਟੀ ਵਾਲਾ "ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ" ਰੱਖਿਆ ਗਿਆ।

ਸਿੱਖ ਗੁਰਦੁਆਰਾ ਕਨੂੰਨ ਬਣਨ 'ਤੇ ਪਹਿਲੀ ਵਾਰ ਜੂਨ 1926 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਦੀਆਂ ਚੋਣਾਂ ਹੋਈਆਂ। ਨਵੀਂ ਚੋਣ ਵਿਚ ਇਸ ਦੇ ਮੈਂਬਰਾਂ ਦੀ ਬਣਤਰ ਇਸ ਪ੍ਰਕਾਰ ਸੀ:

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

ਸਰਦਾਰ ਬਹਾਦਰ ਪਾਰਟੀ = 26 ਮੈਂਬਰ

ਸ਼੍ਰੋਮਣੀ ਅਕਾਲ ਦਸ ਵੱਲੋਂ ਜਿੱਤੇ = 85 ਮੈਂਬਰ

ਪੰਥਕ ਸੁਧਾਰ ਕਮੇਟੀ = 5 ਮੈਂਬਰ

ਆਜ਼ਾਦ ਉਮੀਦਵਾਰ = 4 ਮੈਂਬਰ

ਕੁੱਲ ਮੈਂਬਰ = 120

4 ਦਸੰਬਰ 1926 ਨੂੰ ਸ਼੍ਰੋਮਣੀ ਕਮੇਟੀ ਦੀ ਪਹਿਲੀ ਮੀਟਿੰਗ ਪੰਥ ਸੱਦਾ ਪੱਤਰ ਨਾਲ ਨਹੀਂ ਸਗੋਂ ਸਰਕਾਰੀ ਤੌਰ ਉੱਤੇ ਸੱਦੀ ਗਈ ਜਿਸ ਦੀ ਪ੍ਰਧਾਨਗੀ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਕੀਤੀ। ਇਸ ਕਮੇਟੀ ਦੇ 135 ਮੈਂਬਰ ਹਾਜ਼ਰ ਹੋਏ ਸਨ, ਜਿਨ੍ਹਾਂ ਦੀ ਗਿਣਤੀ ਵੰਡ ਹੇਠ ਲਿਖੇ ਅਨੁਸਾਰ ਸੀ:

ਵੱਖ ਵੱਖ ਹਲਕਿਆਂ ਤੋਂ ਜਿੱਤ ਕੇ ਆਏ ਮੈਂਬਰ = 120

ਰਿਆਸਤਾਂ ਵੱਲੋਂ ਆਏ ਮੈਂਬਰ = 12

ਤਖ਼ਤ ਸਾਹਿਬਾਨ ਦੇ ਜੱਥੇਦਾਰ = 4

ਡੀ.ਸੀ. ਅੰਮ੍ਰਿਤਸਰ ਦੇ ਹੁਕਮਾਂ ਨਾਲ ਸਰਦਾਰ ਮੰਗਲ ਸਿੰਘ ਐਡੀਟਰ ਅਕਾਲੀ ਪਤ੍ਰਿਕਾ ਨੂੰ ਕਮੇਟੀ ਦਾ ਚੇਅਰਮੈਨ ਬਣਾਇਆ ਗਿਆ। ਏਸੇ ਦਿਨ ਹੀ ਸ਼੍ਰੋਮਣੀ ਕਮੇਟੀ ਨੇ ਗੁਰਦੁਆਰਾ ਐਕਟ ਦੀ ਧਾਰਾ 43 ਅਨੁਸਾਰ 14 ਮੈਬਰੀ ਵਿਸ਼ੇਸ਼ ਅਧਿਕਾਰਤ ਕਮੇਟੀ ਦਾ ਬਹੁ ਸੰਮਤੀ ਨਾਲ ਗਠਨ ਕੀਤਾ। ਇਸ ਵਿਚ ਗੁਰਦੁਆਰਾ ਸੈਂਟਰਲ ਬੋਰਡ ( ਸ਼੍ਰੋਮਣੀ ਕਮੇਟੀ) ਦਾ ਪ੍ਰਧਾਨ ਸ. ਮੰਗਲ ਸਿੰਘ ਨੂੰ ਬਣਾਇਆ ਗਿਆ ।

### 1.2.2 ਪਹਿਲੀ ਅੰਤ੍ਰਿੰਗ ਕਮੇਟੀ

ਪਹਿਲੀ ਅੰਤ੍ਰਿੰਗ ਕਮੇਟੀ ਮਾਸਟਰ ਤਾਰਾ ਸਿੰਘ ਜੀ ਦੀ ਪ੍ਰਧਾਨਗੀ ਹੇਠ 1926 ਨੂੰ ਹੋਂਦ ਵਿਚ ਆਈ। ਸੈਂਟਰਲ ਗੁਰਦੁਆਰਾ ਬੋਰਡ ਨੂੰ ਇਹ ਅਧਿਕਾਰ ਪ੍ਰਾਪਤ ਹੋਇਆ ਸੀ ਕਿ ਉਹ ਆਪਣੇ ਮੈਂਬਰਾਂ ਵਿਚੋਂ ਅੰਤ੍ਰਿੰਗ ਕਮੇਟੀ ਬਣਾ ਸਕਦਾ ਹੈ। ਇਸ ਕਮੇਟੀ ਦੇ ਮੈਂਬਰਾਂ ਦੀ ਗਿਣਤੀ ਘਟੋ ਘੱਟ ਪੰਜ ਅਤੇ ਵੱਧ ਤੋਂ ਵੱਧ 11 ਹੋ ਸਕਦੀ ਸੀ। ਪਹਿਲੀ ਅੰਤ੍ਰਿੰਗ ਕਮੇਟੀ ਦੇ ਮੈਂਬਰਾਂ ਦੀ ਗਿਣਤੀ 8 ਰੱਖੀ ਗਈ ਸੀ। ਅੰਤ੍ਰਿੰਗ ਕਮੇਟੀ ਦੀ ਪਹਿਲੀ ਮੀਟਿੰਗ ਗੁਰਦੁਆਰਾ ਐਕਟ ਦੀ ਦਫ਼ਾ 132 (1) ਅੰਮ੍ਰਿਤਸਰ ਵਿਖੇ ਹੋਈ। ਇਸ ਕਮੇਟੀ ਨੂੰ ਵਿਸ਼ੇਸ਼ ਸ਼ਕਤੀਆਂ ਪੜ ਕੇ ਸੁਣਾਈਆਂ ਗਈਆਂ। ਇਹ ਵੀ ਤੈਅ ਹੋਇਆ ਕਿ ਇਸ ਕਮੇਟੀ ਦੀ ਮੀਟਿੰਗ ਹਰ ਸਾਲ ਅਕਤੂਬਰ ਦੇ ਮਹੀਨੇ ਹੋਇਆ ਕਰੇਗੀ।

1927 ਦੀ ਜਨਰਲ ਇੱਕਤਰਤਾ ਵਿਚ ਕੁਝ ਵਿਸ਼ੇਸ਼ ਨਿਯਮ ਬਣੇ:

- ਮਿਤੀ 14-3-1927 ਨੂੰ ਜਨਰਲ ਇਜਲਾਸ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਦੀਆਂ ਸ਼ਕਤੀਆਂ ਹੇਠ ਲਿਖੇ ਅਨੁਸਾਰ ਤੈਅ ਕੀਤੀਆਂ ਗਈਆਂ।
- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਸਭ ਤੋਂ ਵੱਡਾ ਪ੍ਰਬੰਧਕ ਹੋਵੇਗਾ ਅਤੇ ਪ੍ਰਧਾਨ ਹਰੇਕ ਇਜਲਾਸ ਦੀ ਪ੍ਰਵਾਨਗੀ ਕਰ ਸਕੇਗਾ।
- ਪ੍ਰਧਾਨ ਜੀ ਦੀ ਗ਼ੈਰ ਹਾਜ਼ਰੀ ਵਿਚ ਮੀਤ ਪ੍ਰਧਾਨ ਕਮੇਟੀ ਦੇ ਅਤੇ ਮੀਟਿੰਗ ਇਜਲਾਸਾਂ ਦੇ ਸਾਰੇ ਕੰਮ ਭੁਗਤਾਉਣ ਦੇ ਜ਼ਿੰਮੇਵਾਰ ਹੋਣਗੇ।
- ਸ਼੍ਰੋਮਣੀ ਕਮੇਟੀ ਦਾ ਇਕ ਸੱਕਤਰ ਹੋਵੇਗਾ ਜੋ ਪ੍ਰਧਾਨ ਜੀ ਦੀ ਆਗਿਆ ਅਨੁਸਾਰ ਆਪਣੀਆਂ ਦਫਤਰੀ ਜਿੰਮੇਵਾਰੀਆਂ ਨਿਭਾਵੇਗਾਂ।
- ਸਕੱਤਰ ਸਾਹਿਬ ਸ਼੍ਰੋਮਣੀ ਕਮੇਟੀ ਅਤੇ ਅੰਤ੍ਰਿੰਗ ਕਮੇਟੀ ਦੀ ਹਰ ਇਕ ਮੀਟਿੰਗ ਵਿਚ ਹਾਜ਼ਰ ਹੋਣਗੇ ਪਰ ਉਹ ਇੱਕਤਰਤਾ ਨੂੰ ਸੰਬੋਧਨ ਨਹੀਂ ਕਰਨਗੇ। ਪਰ ਪ੍ਰਧਾਨ ਦੀ ਆਗਿਆ ਨਾਲ ਉਹ ਕਿਸੇ ਵੀ ਮਸਲੇ ਦੀ ਵਿਆਖਿਆ ਕਰ ਸਕਦੇ ਹਨ।
- ਕਾਰਵਾਈ ਰਜ਼ਿਸਟਰ ਵਿਚ ਪ੍ਰਧਾਨ ਤੋਂ ਪਹਿਲਾਂ ਸਕੱਤਰ ਦੇ ਦਸਤਖ਼ਤ ਹੋਣਗੇ।
- ਸਕੱਤਰ ਸਾਹਿਬ ਪ੍ਰਧਾਨ ਜੀ ਦੇ ਮਾਤਹਿਤ ਸਾਰਾ ਦਫ਼ਤਰੀ ਕਾਰਜ ਨਿਪਟਾਉਣਗੇ।
- ਸਕੱਤਰ ਸਾਹਿਬ ਦੀ ਜ਼ਿੰਮੇਵਾਰੀ ਹੋਵੇਗੀ ਕਿ ਉਹ ਯੋਗ ਪ੍ਰਵਾਨਗੀ ਤੋਂ ਬਿਨਾਂ ਕੋਈ ਵੀ ਖਰਚ ਨਾ ਹੋਣ ਦੇਣ ਅਤੇ ਕੋਈ ਵੀ ਰਕਮ ਬੇਕਾਇਦਗੀ ਦਾ ਸ਼ਿਕਾਰ ਨਾ ਹੋਵੇ।

### 1.2.3 ਪੰਜਾਬ ਤੋਂ ਬਾਹਰਲੇ ਮੈਂਬਰਾਂ ਦੀ ਨਾਮਜ਼ਦਗੀ ਦਾ ਮਤਾ

ਗੁਰਦੁਆਰਾ ਐਕਟ ਦੀ ਧਾਰਾ 43 ਇਹ ਤੇਅ ਕਰਦੀ ਸੀ ਕਿ ਇਸ ਕਮੇਟੀ ਦਾ ਦਾਇਰਾ ਅੰਗਰੇਜ਼ਾਂ ਅਧੀਨ ਪੰਜਾਬ ਤਕ ਹੀ ਸੀਮਤ ਸੀ ਪਰ ਬਹੁਤ ਮਹੱਤਵਪੂਰਨ ਗੁਰਦੁਆਰੇ ਅੰਗਰੇਜ਼ੀ ਪ੍ਰਸ਼ਾਸਕ ਪੰਜਾਬੋਂ ਬਾਹਰ ਵੀ ਸਨ 14-3-1927 ਨੂੰ ਕਮੇਟੀ ਨੇ ਹੇਠ ਲਿਖੀਆਂ ਥਾਵਾਂ ਤੋਂ ਵੀ ਇਕ ਇਕ ਮੈਂਬਰ ਦੀ ਨਾਮਜ਼ਦਗੀ ਦੀ ਆਗਿਆ ਦਿੱਤੀ।

### 1.2.4 ਸਬ ਕਮੇਟੀਆਂ

ਸ਼੍ਰੋਮਣੀ ਕਮੇਟੀ ਨੇ ਆਪਣੇ ਇਤਿਹਾਸ ਵਿਚ ਕਈ ਮਸਲਿਆਂ ਨੂੰ ਹੱਲ ਕਰਨ ਵਾਸਤੇ ਸੱਬ ਕਮੇਟੀਆਂ ਨੂੰ ਪ੍ਰਵਾਨਗੀ ਦਿੱਤੀ। ਇਹ ਸਬ ਕਮੇਟੀਆਂ ਅਸਥਾਈ ਹੁੰਦੀਆਂ ਹਨ ਅਤੇ ਇਹ ਨੀਯਤ ਸਮੇਂ ਵਿਚ ਅੰਤ੍ਰਿੰਗ ਕਮੇਟੀ ਅਤੇ ਸ਼੍ਰੋਮਣੀ ਕਮੇਟੀ ਨੂੰ ਰਿਪੋਰਟ ਦੇਣ ਦੀਆਂ ਜ਼ਿੰਮੇਵਾਰ ਹੁੰਦੀਆਂ ਹਨ।

### 1.2.5 ਜਨਰਲ ਇਜਲਾਸ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇਜਲਾਸ ਹਰ ਸਾਲ ਹੋਣਾ ਤੈਅ ਰਿਹਾ। ਇਸ ਵਿਚ ਹਰ ਵੇਰ ਅਹੁਦੇਦਾਰਾਂ ਦੀ ਨਵੀਂ ਹੋਂਦ ਵੀ ਹੁੰਦੀ ਰਹੀ ਹੈ। ਭਾਵੇਂ ਕਈ ਪ੍ਰਧਾਨ ਸਾਹਿਬ ਕਈ ਕਈ ਟਰਮਾਂ ਪ੍ਰਧਾਨ ਬਣੇ ਰਹੇ ਪਰ ਇਸ ਦੀ ਪੁਸ਼ਟੀ ਜਨਰਲ ਇਜਲਾਸ ਹੀ ਕਰ ਸਕਦਾ ਹੈ। ਇਸ ਤੋਂ ਬਿਨਾਂ ਕਮੇਟੀ ਕਿਸੇ ਵਿਸ਼ੇਸ਼ ਮੌਕੇ ਉੱਤੇ ਸਪੈਸ਼ਲ ਜਨਰਲ ਇਜਲਾਸ ਵੀ ਬਣਾ ਸਕਣ ਦੇ ਸਮਰਥ ਹੁੰਦੀ ਹੈ। ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਨੀਯਤ ਅਰਸੇ ਬਾਦ ਨਹੀਂ ਹੁੰਦੀਆਂ ਰਹੀਆਂ। ਇਹ ਹਰ ਵੇਰ ਮੌਕੇ ਦੀ ਕੇਂਦਰੀ ਸਰਕਾਰ ਕਰਵਾਉਂਦੀ ਹੈ ਅਤੇ ਇਹ ਅੱਗੇ ਪਿੱਛੇ ਹੁੰਦੀਆਂ ਰਹੀਆਂ ਹਨ। ਪਰ ਉਮੀਦਵਾਰਾਂ ਦੀ ਚੋਣ ਹਰ ਸਾਲ ਤੈਅ ਰਹੀ ਹੈ

### 1.2.6 ਸੀਨੀਅਰ ਮੀਤ ਪ੍ਰਧਾਨ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਪਹਿਲਾਂ ਤਿੰਨ ਹੀ ਮੁਖ ਅਹੁਦੇ ਸਨ ਜਿਵੇਂ 1. ਪ੍ਰਧਾਨ 2. ਮੀਤ ਪ੍ਰਧਾਨ ਅਤੇ ਸਕੱਤਰ ਪਰ ਪਿੱਛੋਂ ਇਨ੍ਹਾਂ ਅਹੁਦਿਆਂ ਵਿਚ ਵਾਧਾ ਕੀਤਾ ਗਿਆ। ਸੰਨ 1948 ਦੇ ਅਹੁਦੇਦਾਰਾਂ ਵਿਚ ਪ੍ਰਧਾਨ, ਸੀਨੀਅਰ ਮੀਤ ਪ੍ਰਧਾਨ, ਯੂਨੀਅਰ ਮੀਤ ਪ੍ਰਧਾਨ ਅਤੇ ਸੱਕਤਰ ਚੁਣੇ ਗਏ ਸਨ। ਏਸੇ ਸਮਾਗਮ ਵਿਚ ਸਕੱਤਰ ਦੇ ਅਹੁਦੇ ਦਾ ਨਾਮ ਜਨਰਲ ਸਕੱਤਰ ਕਰ ਦਿੱਤਾ ਗਿਆ ਅਤੇ ਵੱਖ ਵੱਖ ਨੀਯਤ ਕਾਰਜਾਂ ਲਈ ਕਈ ਸਕੱਤਰਾਂ ਦੀ ਵੀ ਨਿਯੁਕਤੀ ਹੋਣ ਲੱਗੀ।

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਦੀ ਸੂਚੀ**

| ਲੜੀ ਨੰ. | ਨਾਮ | ਗਿਣਤੀ |
|---|---|---|
| 1. | ਪਦ-ਅਧਿਕਾਰੀ (ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਅਤੇ ਪੰਜ ਸਿੱਖ ਤਖਤਾਂ ਦੇ ਜਥੇਦਾਰਾਂ) | 6 |
| 2. | ਸਹਿ-ਚੁਣੀਆ ਮੈਂਬਰ | 15 (ਜਿਸ ਨੂੰ 5 ਤੋਂ ਵੱਧ ਪੰਜਾਬ ਤੋਂ ਨਹੀਂ ਹੋਣਾ ਚਾਹੀਦਾ)। |
| 3. | ਚੁਣੇ ਹੋਏ ਅਤੇ ਸਾਬਕਾ ਪਦ-ਅਧਿਕਾਰੀ ਮੈਂਬਰ ਸਹਿ-ਚੋਣ ਮੈਂਬਰ | 15 (ਭਾਰਤ ਦੇ ਨਿਵਾਸੀਆਂ ਵਿਚਕਾਰ ਜਿਨ੍ਹਾਂ ਵਿਚੋਂ ਘੱਟੋ ਘੱਟ 10 ਪੰਜਾਬ ਤੋਂ ਬਾਹਰ ਹੋਣਾ ਚਾਹੀਦਾ ਹੈ) |
| 4. | ਵਾਧੂ ਮੁੱਖ ਗ੍ਰੰਥੀ | 1 |
| 5. | ਗ੍ਰੰਥੀ | 6 |

ਸਹਿ-ਚੋਣਾਂ ਦੇ ਬਾਅਦ, ਕੇਂਦਰ ਸਰਕਾਰ ਇਹ ਸੂਚਿਤ ਕਰਦੀ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਤਰੀਕੇ ਨਾਲ ਗਠਨ ਕੀਤਾ ਗਿਆ ਹੈ। ਦਸ ਮੈਂਬਰਾਂ ਦਾ ਪੰਜਾਬ ਤੋਂ ਬਾਹਰੋਂ ਹੋਣਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਪਾਰਦਾਰਸ਼ਤਾ ਦਰਸਾਉਂਦਾ ਹੈ।

**ਵਿਧਾਨ ਸਭਾ**

| ਲੜੀ ਨੰ | ਨਾਮ | ਗਿਣਤੀ |
|---|---|---|
| 1. | ਅਨੁਸੂਚਿਤ ਜਾਤੀ ਸਿੱਖ | 20 |
| 2. | ਸਿੱਖ ਔਰਤਾਂ | 30 (5 ਅਨੁਸੂਚਿਤ ਜਾਤੀ ਦੀਆਂ ਔਰਤਾਂ) |
| 3. | ਖੁੱਲ੍ਹਾ ਜਾਂ ਨਿਰਪੱਖ ਸੀਟਾਂ | 120 |
| | ਕੁੱਲ | **170** |

ਭਾਰਤ ਸਰਕਾਰ ਸ਼੍ਰੋਮਣੀ ਕਮੇਟੀ ਨਾਲ ਸਲਾਹ ਮਸ਼ਵਰਾ ਕਰਕੇ ਪੂਰੇ ਖੇਤਰ ਨੂੰ 120 ਸੀਟਾਂ ਵਿੱਚ ਵੰਡਦੀ ਹੈ। ਇਹਨਾਂ ਵਿੱਚੋਂ ਪੰਜਾਹ ਚੋਣ ਖੇਤਰਾਂ ਨੂੰ ਦੋ-ਮੈਂਬਰੀ ਚੋਣ ਖੇਤਰਾਂ ਦੇ ਤੌਰ ਤੇ ਚੁਣਿਆ ਗਿਆ ਹੈ ਜਿਨ੍ਹਾਂ ਵਿੱਚੋਂ ਹਰ ਇੱਕ ਦੇ ਦੋ ਮੈਂਬਰ, ਇਕ ਜਨਰਲ ਅਤੇ ਇੱਕ ਰਾਖਵਾਂ ਦਿੱਤਾ ਜਾਂਦਾ ਹੈ। ਇਨ੍ਹਾਂ ਹਲਕਿਆਂ ਦੇ ਹਰੇਕ ਵੋਟਰ ਨੇ ਦੋ ਵੋਟਾਂ, ਇਕ ਆਮ ਉਮੀਦਵਾਰ ਲਈ ਅਤੇ ਇਕ ਹੋਰ ਰਾਖਵੇਂ ਉਮੀਦਵਾਰ ਲਈ। ਇਸ ਲਈ 100 ਮੈਂਬਰ ਇਨ੍ਹਾਂ ਦੋ ਮੈਂਬਰ ਹਲਕੇ ਤੋਂ ਚੁਣੇ ਗਏ ਹਨ ਅਤੇ ਇਕ ਮੈਂਬਰ ਚੋਣ ਖੇਤਰ ਵਿੱਚੋਂ 70 ਮੈਂਬਰ ਚੁਣੇ ਗਏ ਹਨ।

ਇਹ ਸਿੱਧੇ ਤੌਰ ਤੇ ਸਿੱਖ ਵੋਟਰ ਦੁਆਰਾ ਚੁਣਿਆ ਜਾਂਦਾ ਹੈ, 18 ਸਾਲ ਤੋਂ ਵੱਧ ਉਮਰ ਦੇ ਮਰਦ ਅਤੇ ਔਰਤਾਂ ਨੂੰ ਸਿੱਖ ਗੁਰਦੁਆਰਾ ਐਕਟ 1925 ਦੇ ਉਪਬੰਧਾਂ ਦੇ ਤਹਿਤ ਵੋਟਰਾਂ ਵਜੋਂ ਰਜਿਸਟਰਡ ਕੀਤਾ ਜਾਂਦਾ ਹੈ। ਇਹ ਐਕਟ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਾਰੇ ਇਤਿਹਾਸਕ ਗੁਰਦੁਆਰਿਆਂ ਦੇ ਨਾਲ  ਨਾਲ ਗੁਰਦੁਆਰਿਆਂ ਤੇ ਨਿਯੰਤਰਣ ਕਰਨ ਲਈ ਯੋਗ ਕਰਦਾ ਹੈ।-87 ਇਸ ਐਕਟ ਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਚੋਣਾਂ ਹਰ ਪੰਜ ਸਾਲ ਬਾਅਦ ਰੱਖੀਆਂ ਜਾਂਦੀਆਂ ਹਨ। ਸ਼੍ਰੋਮਣੀ ਕਮੇਟੀ ਨੂੰ ਸਿੱਖ ਰਾਸ਼ਟਰ ਦੀ ਸੰਸਦ ਵੀ ਕਿਹਾ ਜਾਂਦਾ ਹੈ। ਹੁਣ ਗੁਰਦੁਆਰਿਆਂ

ਦੇ ਪ੍ਰਬੰਧਨ ਤੋਂ ਇਲਾਵਾ ਇਹ ਮੈਡੀਕਲ ਕਾਲਜ, ਹਸਪਤਾਲ ਅਤੇ ਬਹੁਤ ਸਾਰੇ ਚੈਰੀਟੇਬਲ ਟਰੱਸਟਾਂ ਸਮੇਤ ਬਹੁਤ ਸਾਰੇ ਵਿੱਦਿਅਕ ਸੰਸਥਾਵਾਂ ਚਲਾਉਂਦੀ ਹੈ।

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੁਣ ਤੱਕ ਦੇ ਪ੍ਰਧਾਨ

| ਕ੍ਰਮਾਂਕ | ਪ੍ਰਧਾਨ | ਕਦੋਂ ਤੋਂ | ਕਦੋਂ ਤਕ |
|---|---|---|---|
| 1. | ਸ. ਸੁੰਦਰ ਸਿੰਘ ਜੀ ਮਜੀਠੀਆ | 12-10-1920 | 14-8-1921 |
| 2. | ਬਾਬਾ ਖੜਕ ਸਿੰਘ ਜੀ | 14-8-1921 | 19-2-1922 |
| 3. | ਸ. ਸੁੰਦਰ ਸਿੰਘ ਜੀ ਰਾਮਗੜੀਆ | 19-2-1922 | 16-7-1922 |
| 4. | ਸ. ਬਹਾਦਰ ਮਹਿਤਾਬ ਸਿੰਘ | 16-7-1922 | 27-4-1925 |
| 5. | ਸ. ਮੰਗਲ ਸਿੰਘ | 27-4-1925 | 2-10-1926 |
| | **ਐਕਟ ਲਾਗੂ ਹੋਣ ਬਾਅਦ** | | |
| 6. | ਬਾਬਾ ਖੜਕ ਸਿੰਘ | 2-10-1926 | 12-10-1930 |
| 7. | ਮਾਸਟਰ ਤਾਰਾ ਸਿੰਘ | 12-10-1930 | 17-6-1933 |
| 8. | ਸ. ਗੋਪਾਲ ਸਿੰਘ ਜੀ ਕੌਮੀ | 17-6-1933 | 18-6-1933 |
| 9. | ਸ. ਪ੍ਰਤਾਪ ਸਿੰਘ ਜੀ ਸ਼ੰਕਰ | 18-6-1933 | 13-6-1936 |
| 10. | ਮਾਸਟਰ ਤਾਰਾ ਸਿੰਘ ਜੀ | 13-6-1936 | 19-11-1944 |
| 11. | ਜੱਥੇਦਾਰ ਮੋਹਨ ਸਿੰਘ ਜੀ ਨਾਗੋਕੇ | 19-11-1944 | 28-6-1948 |
| 12. | ਜੱਥੇਦਾਰ ਊਧਮ ਸਿੰਘ ਜੀ ਨਾਗੋਕੇ | 28-6-1948 | 18-3-1950 |
| 13. | ਜੱਥੇਦਾਰ ਚੰਨਣ ਸਿੰਘ ਜੀ ਉਰਾੜਾ | 18-3-1950 | 26-11-1950 |
| 14. | ਜੱਥੇਦਾਰ ਊਧਮ ਸਿੰਘ ਜੀ ਨਾਗੋਕੇ | 26-11-1950 | 29-6-1952 |
| 15. | ਮਾਸਟਰ ਤਾਰਾ ਸਿੰਘ ਜੀ | 29-6-1952 | 05-10-1952 |
| 16. | ਸ. ਪ੍ਰੀਤਮ ਸਿੰਘ ਜੀ ਖੁੜੰਜ਼ | 05-10-1952 | 18-1-1954 |
| 17. | ਸ. ਈਸ਼ਰ ਸਿੰਘ ਜੀ ਮਝੈਲ | 18-1-1954 | 7-2-1955 |
| 18. | ਮਾਸਟਰ ਤਾਰਾ ਸਿੰਘ ਜੀ | 7-2-1955 | 21-05-1955 |
| 19. | ਬਾਬਾ ਹਰਕਿਸ਼ਨ ਸਿੰਘ ਜੀ | 21-05-1955 | 07-07-1955 |
| 20. | ਸ. ਗਿਆਨ ਸਿੰਘ ਜੀ ਰਾੜੇਵਾਲਾ | 07-07-1955 | 16-10-1955 |
| 21. | ਮਾਸਟਰ ਤਾਰਾ ਸਿੰਘ ਜੀ | 16-10-1955 | 16-11-1958 |
| 22. | ਸ. ਪ੍ਰੇਮ ਸਿੰਘ ਜੀ ਲਾਲਪੁਰਾ | 16-11-1958 | 07-03-1960 |
| 23. | ਮਾਸਟਰ ਤਾਰਾ ਸਿੰਘ ਜੀ | 07-03-1960 | 30-04-1960 |
| 24. | ਸ. ਅਜੀਤ ਸਿੰਘ ਜੀ ਬਾਲਾ | 30-04-1960 | 10-03-1961 |

| | | | |
|---|---|---|---|
| 25. | ਮਾਸਟਰ ਤਾਰਾ ਸਿੰਘ ਜੀ | 10-03-1961 | 11-03-1962 |
| 26. | ਸ. ਕਿਰਪਾਲ ਸਿੰਘ ਜੀ ਚੱਕ ਸ਼ੇਰੇਵਾਲਾ | 11-03-1962 | 02-10-1962 |
| 27. | ਸੰਤ ਚੰਨਣ ਸਿੰਘ ਜੀ | 02-10-1962 | 30-11-1972 |
| 28. | ਜੱਥੇਦਾਰ ਗੁਰਚਰਨ ਸਿੰਘ ਜੀ ਟੌਹੜਾ | 30-11-1972 | 23-03-1986 |
| 29. | ਸ. ਕਾਬਲ ਸਿੰਘ ਜੀ | 23-03-1986 | 30-11-1986 |
| 30. | ਜੱਥੇਦਾਰ ਗੁਰਚਰਨ ਸਿੰਘ ਜੀ ਟੌਹੜਾ | 30-11-1986 | 28-11-1990 |
| 31. | ਬਲਦੇਵ ਸਿੰਘ ਜੀ ਸਿਬੀਆ | 28-11-1990 | 13-11-1991 |
| 32. | ਜੱਥੇਦਾਰ ਗੁਰਚਰਨ ਸਿੰਘ ਜੀ ਟੌਹੜਾ | 13-11-1991 | 13-10-1996 |
| 33. | ਜੱਥੇਦਾਰ ਗੁਰਚਰਨ ਸਿੰਘ ਜੀ ਟੌਹੜਾ | 13-10-1996 | 16-03-1999 |
| 34. | ਬੀਬੀ ਜਗੀਰ ਕੌਰ ਜੀ ਬੇਗੋਵਾਲ | 16-03-1999 | 30-11-2000 |
| 35. | ਜੱਥੇਦਾਰ ਜਗਦੇਵ ਸਿੰਘ ਜੀ ਤਲਵੰਡੀ | 30-11-2000 | 27-11-2001 |
| 36. | ਪ੍ਰੋ. ਕਿਰਪਾਲ ਸਿੰਘ ਬਡੂੰਗਰ | 27-11-2001 | 20-07-2003 |
| 37. | ਜੱਥੇਦਾਰ ਗੁਰਚਰਨ ਸਿੰਘ ਜੀ ਟੌਹੜਾ | 20-07-2003 | 31-03-2004 |
| 38. | ਸ. ਅਲਵਿੰਦਰਪਾਲ ਸਿੰਘ ਪੱਖੋਕੇ | 31-03-2004 | 22-09-2004 |
| 39. | ਬੀਬੀ ਜਗੀਰ ਕੌਰ ਜੀ ਬੇਗੋਵਾਲ | 22-09-2004 | 22-11-2005 |
| 40. | ਜੱਥੇਦਾਰ ਅਵਤਾਰ ਸਿੰਘ | 22-11-2005 | 4-11-2016 |
| 41. | ਕ੍ਰਿਪਾਲ ਸਿੰਘ ਬਡੂੰਗਰ | 5-11-2016 | 28-11-2017 |
| 42. | ਗੋਬਿੰਦ ਸਿੰਘ ਲੌਂਗੋਵਾਲ | 29-11-2017 | ........ |

## 1.3 ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉਦੇਸ਼

1 ਨਵੰਬਰ 1925 ਨੂੰ ਗੁਰਦੁਆਰਾ ਐਕਟ ਬਣਨ ਉਪਰੰਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪੂਰੀ ਤਨਦੇਹੀ ਨਾਲ ਅਤੇ ਪ੍ਰਮਾਣਿਕ ਮਿਆਰਾਂ ਅਨੁਸਾਰ ਪੰਜਾਬ ਹਰਿਆਣਾ ਅਤੇ ਹੋਰ ਸੂਬਿਆਂ

ਦੇ ਇਤਿਹਾਸਕ ਗੁਰਦੁਆਰਿਆਂ ਦੀ ਸੇਵਾ ਸੰਭਾਲ ਦਾ ਕਾਰਜ ਨਿਭਾਅ ਰਹੀ ਹੈ। ਸ਼੍ਰੋਮਣੀ ਕਮੇਟੀ ਆਪਣੇ ਹੇਠਾਂ ਦਿੱਤੇ ਉਦੇਸ਼ਾਂ ਨੂੰ ਮੱਦੇ ਨਜ਼ਰ ਰੱਖ ਕੇ ਚਲਦੀ ਹੈ:

- ਪੰਜਾਬ (ਹੁਣ ਪੰਜਾਬ, ਹਰਿਆਣਾ, ਹਿਮਾਚਲ) ਦੇ ਇਤਿਹਾਸਕ ਗੁਰਦੁਆਰਿਆਂ ਦੀ ਸੇਵਾ ਸੰਭਾਲ ਦਾ ਅਤੇ ਉਚੇਰੇ ਪ੍ਰਬੰਧਾਂ ਦਾ ਸਮੁੱਚਾ ਕਾਰਜ ਭਾਰ ਸੰਭਾਲਣਾ ਤੇ ਚਲਾਉਣਾ।[36]
- ਗੁਰਦੁਆਰਿਆਂ ਦੀ ਸਾਂਭ ਸੰਭਾਲ ਦਾ ਭਾਵ ਸ਼੍ਰੋਮਣੀ ਕਮੇਟੀ ਕੇਵਲ ਬਿਲਡਿੰਗਾਂ ਦੀ ਸਾਂਭ ਸੰਭਾਲ ਕਰਨਾ ਹੀ ਨਹੀਂ ਹੈ ਬਲਕਿ ਜੁਗੋਂ ਜੁਗ ਅਟੱਲ ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤ, ਗੁਰੂ ਹਸਤੀ ਸਰੂਪ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਨਿਰੰਤਰ ਪ੍ਰਕਾਸ਼ ਕਰਨਾ ਵੀ ਹੈ। ਉਸਦੀ ਮਰਯਾਦਾ ਬੱਧ ਸੰਭਾਲ ਉਸ ਦੀ ਬਾਣੀ, ਸਰਬ ਸਾਂਝੀਵਾਲਤਾ ਦਾ ਪ੍ਰਚਾਰ ਤੇ ਪ੍ਰਸਾਰ ਕਰਨਾ। ਇਹ ਉਦੇਸ਼ ਅਹਿਮ ਹੈ ਕਿ ਮਾਨਸ ਜਾਤ ਨੂੰ ਸਭ ਵਿਤਕਰੇ ਭੁਲਾ ਕੇ ਧਾਰਮਿਕ, ਸਮਾਜਿਕ, ਸਭਿਆਚਾਰਕ ਅਤੇ ਰਾਜਸੀ ਪੱਧਰ ਉੱਤੇ ਇਕ ਹੋਣ ਅਤੇ ਸੱਚ-ਰਾਜ ਨੂੰ ਸਥਾਪਿਤ ਕਰਨ ਲਈ ਸੰਘਰਸ਼ ਕਰਨ ਦਾ ਅਹਿਸਾਸ, ਨਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਵਰਗੀਆਂ ਦੂਸ਼ਿਤ ਬਿਰਤੀਆਂ ਨੂੰ ਮਾਰ ਕੇ ਆਤਮਕ ਰੂਪ ਵਿਚ ਬਲਵਾਨ ਬਣ ਕੇ ਰਹਿਣ ਦਾ ਪ੍ਰਗਟਾ ਗੁਰ ਸਿੱਖਾਂ ਨੂੰ ਸੰਗਤ ਤੇ ਪੰਗਤ, ਮੰਦਰ ਤੇ ਤਖ਼ਤ, ਅੰਮ੍ਰਿਤ ਤੇ ਖ਼ਾਲਸਾ ਮੰਡਲ ਵਿਚ ਢਾਲ ਕੇ ਗੁਰੂ ਗ੍ਰੰਥ ਤੇ ਗੁਰੂ ਪੰਥ ਨਾਲ ਜੁੜਨਾ। ਇਹ ਉਦੇਸ਼ ਵੀ ਸ਼੍ਰੋਮਣੀ ਕਮੇਟੀ ਦਾ ਹੈ।
- ਸਿੱਖ ਧਰਮ, ਸਿੱਖ ਸਭਿਅਤਾ, ਸਿੱਖ ਇਤਿਹਾਸ, ਸਿੱਖ ਮਰਯਾਦਾ , ਸਿੱਖ ਚਰਿੱਤਰ, ਸਿੱਖ ਵਿਰਸੇ, ਸਿੱਖ ਪ੍ਰਾਪਤੀਆਂ ਤੇ ਸਿੱਖੀ ਗੌਰਵ ਦੀ ਸੰਭਾਲ ਵੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਹੀ ਉਦੇਸ਼ ਹੈ। ਸਿੱਖ ਧਰਮ ਦੀ ਜੈ ਕਾਰ, ਸਿੱਖੀ ਸਰੂਪ ਦੀ ਸੰਭਾਲ ਅਤੇ ਉਸਦਾ ਪ੍ਰਕਾਸ਼, ਸਿੱਖ ਮਰਯਾਦਾ ਦੀ ਸਥਾਪਨਾ ਅਤੇ ਸੰਚਾਰ ਸਿੱਖ ਦੀ ਸੁਤੰਤਰ ਤੇ ਮੌਲਿਕ ਹਸਤੀ ਦੇ ਗੌਰਵ ਨੂੰ ਸੁਰੱਖਿਅਤ ਰੱਖਣਾ, ਇਹ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉਦੇਸ਼ਾਂ 'ਚੋਂ ਇਕ ਹੈ। ਜਦੋਂ ਜਦੋਂ ਵੀ ਸਿੱਖ ਧਰਮ ਦੇ ਕਿਸੇ ਅੰਗ ਉੱਤੇ ਦੁਸ਼ਟਾਂ ਤੇ ਦੋਖੀਆਂ

---

[36] *ਸਿੱਖ ਗੁਰਦੁਆਰਾ ਐਕਟ, 1925*, ਪੰਜਾਬ ਸਰਕਾਰ, ਵਿਧਾਨ ਵਿਭਾਗ, ਪੰਨਾ-7, ਜੋਧ ਸਿੰਘ (ਸੰਪਾ.) *ਸਿੱਖ ਧਰਮ ਵਿਸ਼ਵਕੋਸ਼ ਸੈਂਚੀ-II,* ਪੰਨਾ 638

ਦੇ ਹਮਲੇ ਹੋਏ ਸ਼੍ਰੋਮਣੀ ਕਮੇਟੀ ਨੇ ਸਿੱਖ ਸੰਗਤਾਂ ਨੂੰ ਨਾਲ ਲੈ ਕੇ ਸਾਂਤਮਈ ਮੋਰਚੇ ਲਾਏ ਅਤੇ ਕੁਰਬਾਨੀਆਂ ਦੀ ਰੀਤ ਚਲਾਈ। ਸ਼੍ਰੋਮਣੀ ਕਮੇਟੀ ਦਾ ਮੁੱਖ ਉਦੇਸ਼ ਸਿੱਖ ਧਰਮ ਦੀ ਮੌਲਿਕਤਾ, ਸੁਤੰਤਰਤਾ ਅਤੇ ਸਮਰੱਥਾ ਦੀ ਰਾਖੀ ਕਰਨਾ ਹੈ।

- ਇਤਿਹਾਸਕ ਗੁਰਦੁਆਰਿਆਂ ਦੀ ਸੇਵਾ ਸੰਭਾਲ ਦੀ ਜਿੰਮੇਵਾਰੀ ਦੇ ਉਦੇਸ਼ ਦੇ ਨਾਲ-ਨਾਲ ਕਮੇਟੀ ਦਾ ਅਹਿਮ ਉਦੇਸ਼ ਵਿੱਦਿਅਕ ਦਾਨ ਵੀ ਹੈ। ਵਿੱਦਿਅਕ ਦਾਨ ਦੇਣਾ ਸ਼੍ਰੋਮਣੀ ਦਾ ਅਹਿਮ ਉਦੇਸ਼ ਹੈ। ਜਦੋਂ ਗਵਰਨਰ ਪੰਜਾਬ ਵੱਲੋਂ ਜਦੋਂ ਗੁਰਦੁਆਰਾ ਬਿੱਲ ਬਣਾਇਆ ਗਿਆ ਤਾਂ ਉਸ ਬਿੱਲ ਵਿਚ 'ਵਿੱਦਿਅਕ ਦਾਨ' ਦੀ ਧਾਰਾ ਸ਼੍ਰੋਮਣੀ ਕਮੇਟੀ ਨੇ ਆਪ ਪੁਆਈ ਸੀ। ਏਸੇ ਤਹਿਤ ਹੀ ਕਈ ਖ਼ਾਲਸਾ ਸਕੂਲ, ਖ਼ਾਲਸਾ ਕਾਲਜ, ਗੁਰਮਤਿ ਕਾਲਜ ਮੈਡੀਕਲ ਤੇ ਇੰਨਜੀਨੀਅਰ ਕਾਲਜ ਖੁਦ ਕਮੇਟੀ ਚਲਾ ਰਹੀ ਹੈ। ਵਿੱਦਿਆ ਦਾਨ ਦੇ ਨਾਲ ਨਾਲ ਧਰਮ ਦਾ ਪਾਸਾਰ ਕਰਨਾ ਵੀ ਸ਼੍ਰੋਮਣੀ ਕਮੇਟੀ ਦਾ ਅਹਿਮ ਉਦੇਸ਼ ਹੈ। ਅੱਜ ਕੱਲ ਸਿੱਖਿਆ ਹਰ ਦੇਸ਼ ਵਿਚ ਬਹੁਤ ਮਹਿੰਗੀ ਹੋ ਗਈ ਹੈ ਪਰ ਸ਼੍ਰੋਮਣੀ ਕਮੇਟੀ ਆਪਣੇ ਤਹਿਤ ਚਲਦੇ ਸਕੂਲਾਂ ਕਾਲਜਾਂ ਤੇ ਹੋਰ ਸੰਸਥਾਵਾਂ ਵਿਚ ਕਰੀਬ ਕਰੀਬ ਫਰੀ ਵਿਦਿਆ ਪ੍ਰਦਾਨ ਕਰ ਰਹੀ ਹੈ।
- ਸ਼੍ਰੋਮਣੀ ਕਮੇਟੀ ਇਕ ਲੋਕ ਤੰਤਰੀ ਸੰਸਥਾ ਹੈ। ਕਮੇਟੀ ਦਾ ਉਦੇਸ਼ ਇਸ ਦੇ ਸਮੁੱਚੇ ਪ੍ਰਬੰਧਾਂ ਨੂੰ ਲੋਕ ਤੰਤਰੀ ਅਤੇ ਜ਼ਮਹੂਰੀਅਤ ਦੇ ਕਾਇਦਿਆਂ ਉੱਪਰ ਚਲਾਉਣਾ ਹੈ। ਕਿਸੇ ਵੀ ਵੱਡੇ ਤੋਂ ਵੱਡੇ ਅਹੁਦੇ ਉੱਤੇ ਵੀ ਕਿਸੇ ਇਕ ਆਦਮੀ ਦੀ ਮਾਲਕੀ ਜਾਂ ਡਿਕਟੇਟਰਸ਼ਿੱਪ ਨਹੀਂ ਰਹਿ ਸਕਦੀ। ਕਮੇਟੀ ਦੇ ਅਹੁਦੇਦਾਰਾਂ ਦੀ ਚੋਣ ਹਰ ਸਾਲ ਹੁੰਦੀ ਹੈ। ਇਹ ਜੇਕਰ ਸਰਬਸੰਮਤੀ ਨਾਲ ਨਹੀਂ ਤਾਂ ਬਹੁਸੰਮਤੀ ਨਾਲ ਹੋਣੀ ਤੈਅ ਹੁੰਦੀ ਹੈ। ਇਹ ਇਤਿਹਾਸਕ ਸੱਚ ਹੈ ਕਿ ਜੇਕਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿਚ ਨਾ ਆਉਂਦੀ ਤਾਂ ਸਿੱਖ ਪੰਥ ਅਤੇ ਸਿੱਖ ਸਮੁਦਾਇ ਵਿਚ ਸੰਸਾਰ ਪੱਧਰੀ ਨੈਤਿਕਤਾ ਦਾ ਪੱਧਰ ਅਜੋਕੀ ਸਥਿਤੀ ਜਿਹਾ ਸ਼ਾਨਦਾਰ ਨਾ ਹੁੰਦਾ। ਰਹਿਤ ਮਰਯਾਦਾ ਅਤੇ ਸਰਬ ਸਾਂਝ ਦਾ ਆਸ਼ਾ ਵੀ ਅੱਜ ਵਾਂਗ ਸਿਰਮੋਰ ਨਾ ਹੁੰਦਾ।

- ਹਰ ਮੈਂਬਰ ਅੰਮ੍ਰਿਤਧਾਰੀ ਹੋਵੇ ਤੇ ਦੂਜੀ ਸ਼ਰਤ ਇਹ ਕਿ ਸਭ ਮੈਂਬਰਾਂ ਦਾ ਸਰੂਪ ਤੇ ਵਿਹਾਰ ਰਹਿਤਵਾਨ ਸਿੰਘਾਂ ਵਰਗਾ ਹੋਵੇ। ਹਰ ਦਰਸ਼ਨ ਅਭਿਲਾਸ਼ੀ ਦੀ ਹਰ ਤਰ੍ਹਾਂ ਪੂਰੀ ਪੂਰੀ ਇੱਜ਼ਤ ਕੀਤੀ ਜਾਵੇ ਅਤੇ ਉਨ੍ਹਾਂ ਦੇ ਸੇਵਕ ਬਣ ਕੇ ਰਿਹਾ ਜਾਵੇ।
- ਸ੍ਰੀ ਗੁਰੂ ਨਾਨਕ ਜੀ ਦੀ ਪਰਥਾਏ ਔਰਤ ਜਾਤੀ ਨਾਲ ਕਿਸੇ ਵੀ ਤਰ੍ਹਾਂ ਦਾ ਧਾਰਮਿਕ, ਸਮਾਜਿਕ ਜਾਂ ਸਭਿਆਚਾਰਕ ਵਿਤਕਰਾ ਨਹੀਂ ਕੀਤਾ ਜਾਵੇਗਾ। ਸਿੱਖ ਬੀਬੀਆਂ ਨੂੰ ਸ਼੍ਰੋਮਣੀ ਕਮੇਟੀ ਵਿਚ ਗੁਰਦੁਆਰਿਆਂ ਦੀ ਸੇਵਾ ਸੰਭਾਲ ਦਾ ਬਰਾਬਰ ਤੇ ਬਣਦਾ ਹਿੱਸਾ ਦਿੱਤਾ ਜਾਵੇਗਾ। ਸਿੱਖ ਬੀਬੀਆਂ ਨੂੰ ਵੋਟ ਪਾਉਣ ਦਾ ਪੂਰਾ ਅਧਿਕਾਰ ਹੋਵੇਗਾ।
- ਗੁਰਦੁਆਰਿਆਂ ਦੀ ਆਮਦਨ ਕਿਸੇ ਦੀ ਨਿੱਜੀ ਜਾਇਦਾਦ ਨਹੀਂ ਹੋਵੇਗੀ[37] ਅਤੇ ਇਸ ਆਮਦਨ ਨੂੰ ਧਰਮ, ਵਿੱਦਿਆ ਅਤੇ ਨੈਤਿਕ ਸਿੱਖਿਆ ਲਈ ਖਰਚਿਆ ਜਾਵੇਗਾ। ਏਹੀ ਕਾਰਨ ਹੈ ਕਿ ਆਪਣੇ ਇਸ ਉਦੇਸ਼ ਦੀ ਪ੍ਰਾਪਤੀ ਵਾਸਤੇ ਬਹੁਤ ਸਾਰੇ ਜ਼ਿਕਰਯੋਗ ਕਾਲਜ ਸਕੂਲ ਅਤੇ ਸਿੱਖਿਆ ਸੰਸਥਾਵਾਂ ਖੋਲੀਆਂ ਹੋਈਆਂ ਹਨ ਅਤੇ ਉਨ੍ਹਾਂ ਦਾ ਪੂਰਾ ਖਰਚਾ ਕਮੇਟੀ ਆਪ ਕਰਦੀ ਹੈ।[38]
- ਉਸਨੇ ਆਮ ਲੋਕਾਂ ਦੀ ਸਹੂਲਤ ਵਾਸਤੇ ਵੱਡੇ ਅਤੇ ਆਧੁਨਿਕ ਸਹੂਲਤਾਂ ਵਾਲੇ ਸਿਹਤ ਸੰਸਥਾਨ ਖੋਲੇ। ਅੰਮ੍ਰਿਤਸਰ ਵਿਖੇ ਸ੍ਰੀ ਗੁਰੂ ਰਾਮ ਦਾਸ ਜਨਰਲ ਹਸਪਤਾਲ ਅਤੇ ਡੈਂਟਲ ਕਾਲਜ ਇਸ ਗੱਲ ਦੀ ਗੁਆਹੀ ਹਨ। ਗੁਰੂ ਰਾਮ ਦਾਸ ਹਸਪਤਾਲ ਵੇਰਕਾ ਵਿਖੇ ਬਿਨਾ ਕਿਸੇ ਧਾਰਮਿਕ ਵਿਤਕਰੇ ਦੇ ਹਰ ਧਰਮ ਤੇ ਕੌਮ ਦੇ ਮਰੀਜ਼ ਫਰੀ ਇਲਾਜ ਕਰਵਾ ਰਹੇ ਹਨ।
- ਗੁਰੂ ਨਾਨਕ ਦੇਵ ਜੀ ਵੱਲੋਂ ਅਰੰਭੇ ਸਿੱਖ ਧਰਮ ਦੀ ਮੁਢਲੀ ਸਿੱਖਿਆ ਅਨੁਸਾਰ ਜ਼ਿੰਦਗ਼ੀ ਨੂੰ ਹਰ ਹਾਲ ਸਵੈਮਾਣ ਨਾਲ ਜੀਵਿਆ ਜਾਵੇ ਭਾਵੇਂ ਜਾਨ ਹੀ ਕਿਉਂ ਨਾ ਦੇਣੀ ਪਵੇ। ਆਪਣੇ ਦੇਸ਼ ਉੱਤੇ ਜਦ ਵੀ ਕਿਧਰੇ ਭੀੜ ਬਣਦੀ ਹੈ ਤਾਂ ਸਿੱਖਾਂ ਨੂੰ ਉਸ ਭੀੜ ਦੇ ਨਿਵਾਰਨ ਵਾਸਤੇ ਉਤਸ਼ਾਹਿਤ ਹੀ ਕਰਦੀ ਰਹੀ ਹੈ।

---

[37] *ਸਿੱਖ ਗੁਰਦੁਆਰਾ ਐਕਟ*, 1925, ਪੰਜਾਬ ਸਰਕਾਰ, ਵਿਧਾਨ ਵਿਭਾਗ, ਪੰਨਾ-13

[38] ਜੋਧ ਸਿੰਘ (ਸੰਪਾ.) *ਸਿੱਖ ਧਰਮ ਵਿਸ਼ਵਕੋਸ਼ ਸੈਂਚੀ-II*, ਪੰਨਾ 640

- ਨੌਜੁਆਨ ਪੀੜ੍ਹੀ ਨੂੰ ਨਸ਼ਿਆਂ ਤੋਂ ਬਚਾ ਕੇ ਗੁਰੂ ਦੇ ਲੜ ਲਾਉਣਾ ਅਤੇ ਮਨੁੱਖਤਾ ਦੇ ਉੱਚੀਆਂ ਤੇ ਸੁੱਚੀਆਂ ਕਦਰਾਂ ਕੀਮਤਾਂ ਨੂੰ ਅਪਣਾਉਂਣਾ। ਉਹ ਚਿਣਗ ਜਿਹੜੀ ਗੁਰੂ ਤੇਗ਼ ਬਹਾਦਰ ਜੀ ਅਤੇ ਦਸ਼ਮੇਸ਼ ਪਿਤਾ ਜੀ ਨੇ ਸਿੱਖਾਂ ਵਿਚ ਜਗਾਈ ਸੀ ਉਸ ਨੂੰ ਜਥੇਬੰਦਕ ਤੌਰ ਉੱਤੇ ਸ਼੍ਰੋਮਣੀ ਕਮੇਟੀ ਅਗਾਂਹ ਵਧਾਉਣ ਦਾ ਉਦੇਸ਼ ਪਾਲਦੀ ਆ ਰਹੀ ਹੈ।
- ਸ਼੍ਰੋਮਣੀ ਕਮੇਟੀ ਦਾ ਉਦੇਸ਼ ਸਰਬ ਜਹਾਨ ਤੇ ਬਿਨਾ ਵਿਤਕਰ ਸਰਬੱਤ ਦਾ ਭਲਾ ਸੋਚਣਾ ਤੇ ਅਮਲ ਵਿਚ ਲਾਗੂ ਕਰਨਾ ਹੈ। ਸੰਸਾਰ ਦੀ ਹਰ ਜਾਤੀ ਹਰ ਨਸਲ ਅਤੇ ਅਹੁਦਿਆਂ ਨੂੰ ਨਜ਼ਰ ਅੰਦਾਜ਼ ਕਰਕੇ ਇਕ ਸੰਗਤ ਅਤੇ ਇਕ ਪੰਗਤ ਵਿਚ ਬੈਠਣ ਤੇ ਛਕਣ ਦੀ ਪ੍ਰੇਰਣਾ ਦੇਣਾ ਇਸ ਦਾ ਸਥਾਈ ਤੇ ਸਹਿਜ ਉਦੇਸ਼ ਹੈ।[39]
- ਹਿੰਦੁਸਤਾਨ ਦਾ ਹਰ ਇਤਿਹਾਸਕ ਗੁਰਦੁਆਰਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਇਕਸੁਰ ਹੋ ਜਾਵੇ। ਸਾਰੇ ਗੁਰਦੁਆਰਿਆਂ ਦੀ ਮਰਯਾਦਾ ਸਮੇਤ ਉਦੇਸ਼ ਇਕਸਾਰ ਹੋ ਜਾਣ। ਸਾਰੇ ਗੁਰਦੁਆਰਿਆਂ ਵਿਚੋਂ ਸਰਬ ਸਾਂਝ ਦੀ ਆਵਾਜ਼ ਗੂੰਜੇ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਬੋਲ 'ਨ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ' ਸਾਰੀ ਦੁਨੀਆ ਵਿਚ ਗੂੰਜਣ। ਸਾਰੀ ਮਨੁੱਖਤਾ ਧਾਰਮਿਕ ਤੌਰ ਉੱਤੇ ਇਕਸਾਰ ਸੋਚੇ।
- ਸ਼੍ਰੋਮਣੀ ਕਮੇਟੀ ਦਾ ਉਦੇਸ਼ ਸੰਸਾਰ ਦੇ ਸਾਰੇ ਸਿੱਖਾਂ ਨੂੰ ਏਕਤਾ ਦੇ ਧਾਗੇ ਵਿਚ ਬੰਨਣਾ ਹੈ ਤਾਂਕਿ ਉਨ੍ਹਾਂ ਦੀ ਨੈਤਿਕਤਾ ਤੇ ਧਾਰਮਿਕ ਨੀਤੀ 'ਜੀਓ ਅਤੇ ਜੀਣ ਦਿਓ' ਵਾਲੀ ਹੋਵੇ।
- ਸ਼੍ਰੋਮਣੀ ਕਮੇਟੀ ਸਰਬ ਮਨੁੱਖਤਾ ਵਿਚ ਗੁਰੂ ਸਾਹਿਬਾਨ ਵੱਲੋਂ ਚਲਾਈ ਸੰਸਾਰ ਸਾਂਝੀਵਾਲਤਾ ਤੇ ਬਰਾਬਰਤਾ ਦਾ ਸੰਦੇਸ਼ ਲਾਗੂ ਕਰਦੀ ਹੈ।

**ਸਾਰ**

ਸੰਖੇਪ ਰੂਪ ਵਿਚ ਇਸ ਅਧਿਆਇ ਵਿਚ ਇਹ ਸਿੱਟੇ ਸਾਹਮਣੇ ਆਉਂਦੇ ਹਨ ਕਿ ਇਸ ਸੰਸਥਾ ਦਾ ਇਤਿਹਾਸ ਵਾਚਦੇ ਹੋਏ ਪਹਿਲਾ ਨੁਕਤਾ ਇਹ ਸਪੱਸ਼ਟ ਹੁੰਦਾ ਹੈ ਕਿ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਅਰਜਨ ਦੇਵ ਜੀ ਤੱਕ ਸਿੱਖਾਂ ਦੇ ਧਰਮ ਅਸਥਾਨ ਦਾ ਨਾਮ ਧਰਮਸਾਲਾ ਹੀ ਰਿਹਾ ਹੈ। 1604 ਈ. ਵਿਚ ਹਰਿਮੰਦਰ ਸਾਹਿਬ ਵਿਚ 'ਆਦਿ ਗ੍ਰੰਥ' ਦਾ ਪ੍ਰਕਾਸ਼ ਹੋਇਆ। ਇਸ ਤੋਂ ਬਾਅਦ ਜਿਨ੍ਹਾਂ ਵੀ

---

[39] *ਸਿੱਖ ਗੁਰਦੁਆਰਾ ਐਕਟ*, 1925, ਪੰਜਾਬ ਸਰਕਾਰ, ਵਿਧਾਨ ਵਿਭਾਗ, ਪੰਨਾ-10

ਧਰਮਸ਼ਾਲਾਵਾਂ ਵਿਚ 'ਆਦਿ ਗ੍ਰੰਥ' ਦਾ ਪ੍ਰਕਾਸ਼ ਹੁੰਦਾ ਗਿਆ ਉਨ੍ਹਾਂ ਨੂੰ ਗੁਰਦੁਆਰਾ ਕਿਹਾ ਜਾਣ ਲੱਗਾ। 1609 ਈ. ਵਿਚ ਗੁਰੂ ਹਰਗੋਬਿੰਦ ਜੀ ਨੇ ਅਕਾਲ ਤਖ਼ਤ (ਅਕਾਲ ਬੁੰਗਾ) ਦੇ ਰੂਪ ਵਿਚ ਇਕ ਤਰ੍ਹਾਂ ਦੀ ਕੇਂਦਰੀ ਸੰਸਥਾ ਬਣਾਈ। ਦੂਜਾ ਨੁਕਤਾ ਇਤਿਹਾਸਿਕ ਕਿਤਾਬਾਂ ਤੋਂ ਇਹ ਪਤਾ ਚਲਦਾ ਹੈ ਕਿ ਗੁਰੂ ਕਾਲ ਵੇਲੇ ਗੁਰਧਾਮਾਂ ਦੀ ਸੇਵਾ ਸੰਭਾਲ ਅਤੇ ਪ੍ਰਬੰਧ ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ, ਭਾਈ ਮਨੀ ਸਿੰਘ, ਭਾਈ ਗੁਰਬਖ਼ਸ਼ ਦਾਸ, ਭਾਈ ਸੰਤੋਖ ਸਿੰਘ, ਬਾਬਾ ਦੀਪ ਸਿੰਘ ਆਦਿ ਮਹਾਂਪੁਰਖ ਆਦਿ ਕਰਦੇ ਰਹੇ। ਮੁਗਲ ਕਾਲ ਵੇਲੇ ਸਿੱਖਾਂ ਦੀਆਂ ਸ਼ਹੀਦੀਆਂ ਅਤੇ ਸਿੱਖ ਜੱਥੇਬੰਦੀਆਂ ਦੀ ਸਥਾਪਨਾ ਦਾ ਰਿਹਾ। ਬਾਬਾ ਬੰਦਾ ਸਿੰਘ ਬਹਾਦਰ ਤੋਂ ਬਾਅਦ ਬੰਦਈ ਅਤੇ ਤੱਤ ਖ਼ਾਲਸਾ ਹੋਂਦ 'ਚ ਆਏ। 1748 ਈ. ਵਿਚ ਸਿੱਖਾਂ ਨੇ ਇਕੱਠੇ ਹੋ ਦਲ ਖ਼ਾਲਸਾ ਬਣਾਇਆ। ਇਤਿਹਾਸ ਨੂੰ ਵਾਚਦਿਆਂ ਸਿੱਖਾਂ ਦੀਆਂ ਕੁਰਬਾਨੀਆਂ ਦਾ ਤੀਜਾ ਅਤੇ ਅਹਿਮ ਨੁਕਤਾ ਸਾਹਮਣੇ ਆਉਂਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਜਨਮ ਸਿੱਖਾਂ ਦੀਆਂ ਅਨੇਕ ਸ਼ਹਾਦਤਾਂ ਦਾ ਨਤੀਜਾ ਹੈ। ਇਸ ਕਾਲ ਵਿਚ ਗੁਰਦੁਆਰਿਆਂ ਦੀ ਸੇਵਾ ਸੰਭਾਲ ਮੁੱਖ ਤੌਰ 'ਤੇ ਉਦਾਸੀ ਅਤੇ ਨਿਰਮਲੇ ਸਾਧੂਆਂ ਨੇ ਕੀਤੀ। ਸਿੱਖ ਰਾਜ ਵੇਲੇ ਮਹੰਤਾਂ ਦੀਆਂ ਕੁਰੀਤੀਆਂ ਵਧਣ ਲੱਗੀਆਂ। ਪ੍ਰਬੰਧ ਬੁੱਢਾ ਦਲ, ਅਕਾਲੀ ਫੂਲਾ ਸਿੰਘ, ਖ਼ਾਲਸਾਈ ਦਲ ਪੰਜਾਬ, ਆਦਿ ਕੋਲ ਰਿਹਾ। ਬ੍ਰਿਟਿਸ਼ ਰਾਜ ਵੇਲੇ ਗੁਰਦੁਆਰਾ ਪ੍ਰਬੰਧ ਸੁਧਾਰਨ ਵਾਸਤੇ ਨਿਰੰਕਾਰੀ, ਨਾਮਧਾਰੀ, ਸਿੰਘ ਸਭਾ ਅਤੇ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਚੱਲੀਆਂ। ਇਸ ਲਈ ਬਹੁਤ ਸਾਰੇ ਮੋਰਚੇ ਜਿਹੜੇ ਗੁਰਦੁਆਰਾ ਸੁਧਾਰ ਲਹਿਰ ਲਈ ਲਗਾਏ ਗਏ ਉਹ ਇਸ ਦਾ ਆਧਾਰ ਬਣੇ। ਇਨ੍ਹਾਂ ਮੋਰਚਿਆਂ ਨੇ ਸਿੱਖਾਂ ਨੂੰ ਆਪਣੀ ਨੁਮਾਇੰਦਾ ਜਮਾਤ ਥਾਪਣ ਲਈ ਪ੍ਰੇਰਿਤ ਕੀਤਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਜਨਮ ਹੋਇਆ।

1920ਈ. ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਹੋਂਦ 'ਚ ਆਏ ਅਤੇ ਗੁਰਦੁਆਰਿਆਂ ਦਾ ਪ੍ਰਬੰਧ ਆਪਣੇ ਹੱਥਾਂ ਵਿਚ ਲਿਆ। ਇਸ ਦੇ ਨਾਲ ਅਕਾਲੀ ਦਲ ਦਾ ਵੀ ਜਨਮ ਹੋਇਆ। ਪ੍ਰੰਤੂ ਇੱਕ ਪੜਾਅ ਤੇ ਆ ਕੇ ਇਨ੍ਹਾਂ ਦੋਹਾਂ ਸੰਸਥਾਵਾਂ ਦਾ ਮੁਹਾਦਰਾਂ ਵੱਖ-ਵੱਖ ਹੋ ਗਿਆ। ਚੌਥਾ ਨੁਕਤਾ ਇਸ ਸੰਸਥਾ ਦੀ ਬਣਤਰ ਨੂੰ ਸਮਝਦੇ ਹੋਏ ਇਸਦੀ ਚੋਣ ਪ੍ਰਕਿਰਿਆ ਅਤੇ ਨਿਯਮਾਂ ਬਾਰੇ ਦੱਸਿਆ ਗਿਆ ਹੈ। ਪ੍ਰਬੰਧ ਦੇ ਵੱਖ-ਵੱਖ ਪਹਿਲੂਆਂ ਨੂੰ ਵਿਸਥਾਰ ਵਿਚ ਅਗਲੇ ਅਧਿਆਇਆਂ ਵਿਚ

ਦੱਸਿਆ ਗਿਆ ਹੈ। ਇਸ ਤੋਂ ਇਲਾਵਾ ਅਧਿਆਏ ਦੇ ਅਖੀਰ ਵਿਚ ਇਸ ਸੰਸਥਾ ਦੇ ਵੱਖ-ਵੱਖ ਉਦੇਸ਼ ਜਿਵੇਂ ਕਿ ਗੁਰਦੁਆਰਿਆਂ ਦੀ ਸੇਵਾ-ਸੰਭਾਲ ਕਰਨਾ ਅਤੇ ਗੁਰੁ-ਘਰਾਂ ਵਿੱਚ ਸੁਚੱਜੇ ਪ੍ਰਬੰਧ ਦੇ ਨਾਲ ਧਾਰਮਿਕ ਮਰਯਾਦਾ  ਨੂੰ ਬਹਾਲ ਕਰਨਾ, ਗੁਰੂ ਸਿੱਖਾਂ ਨੂੰ ਸੰਗਤ ਤੇ ਪੰਗਤ, ਅੰਮ੍ਰਿਤ ਤੇ ਖ਼ਾਲਸਾ ਮੰਡਲ ਵਿੱਚ ਢਾਲ ਕੇ ਗੁਰੂ ਗ੍ਰੰਥ ਸਾਹਿਬ ਤੇ ਪੰਥ ਨਾਲ ਜੋੜਨਾ, ਸਿੱਖ ਸਭਿਅਤਾ, ਸਿੱਖ ਇਤਿਹਾਸ, ਸਿੱਖ ਵਿਰਸੇ, ਸਿੱਖ ਪ੍ਰਾਪਤੀਆਂ ਤੇ ਸਿੱਖੀ ਗੋਰਵ ਦੀ ਸੰਭਾਲ, ਧਰਮ ਦੀ ਮੌਲਿਕਤਾ, ਸੁਤੰਤਰਤਾ ਅਤੇ ਸਮਰੱਥਾ ਦੀ ਰਾਖੀ ਕਰਨਾ, ਨੌਜਵਾਨ ਪੀੜੀ ਨੂੰ ਨਸ਼ਿਆਂ ਤੋਂ ਬਚਾਉਣਾ, ਮਨੁੱਖਤਾ ਦੇ ਲਈ ਉੱਚੀਆਂ ਤੇ ਸੁੱਚੀਆਂ ਕਦਰਾਂ-ਕੀਮਤਾਂ ਨੂੰ ਅਪਣਾਉਣਾ, ਗੁਰੂ ਸਾਹਿਬਾਨਾਂ ਵੱਲੋਂ ਚਲਾਈ ਸੰਸਾਰ ਸਰਬ-ਸਾਂਝੀਵਾਲਤਾ ਦਾ ਉਦੇਸ਼ ਆਦਿ ਬਾਰੇ ਜਾਣਕਾਰੀ ਦਿੱਤੀ ਗਈ ਹੈ।

# ਅਧਿਆਇ ਦੂਜਾ

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ: ਧਾਰਮਿਕ ਯੋਗਦਾਨ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖ ਧਰਮ ਦੇ ਖੇਤਰ ਵਿਚ ਬਹੁਪੱਖੀ ਰੋਲ ਅਦਾ ਕਰ ਰਹੀ ਹੈ। ਇਸ ਕਮੇਟੀ ਨੂੰ ਭਾਵੇਂ ਸਿੱਖ ਗੁਰਦੁਆਰਿਆਂ ਦੀ ਸਾਂਭ ਸੰਭਾਲ ਲਈ ਬਣਾਇਆ ਗਿਆ ਸੀ ਪਰ ਇਸ ਨੇ ਅਗਾਂਹ ਚੱਲ ਕੇ ਸਿੱਖ ਧਰਮ ਦੇ ਪ੍ਰਚਾਰ, ਗੁਰਦੁਆਰਿਆਂ ਦੀ ਮਰਯਾਦਾ ਕਾਇਮੀ ਦੇ ਨਾਲ-ਨਾਲ ਸਮਾਜਿਕ, ਵਿੱਦਿਅਕ, ਰਾਜਨੀਤਿਕ, ਆਰਥਿਕ ਪੱਖ ਵੀ ਜੁੜ ਗਏ ਹਨ। ਇਹ ਕਮੇਟੀ ਇਕ ਧਾਰਮਿਕ ਰਿਆਸਤ ਦੇ ਤੌਰ 'ਤੇ ਵਿਚਰਦੀ ਅਤੇ ਧਾਰਮਿਕ ਸੰਸਥਾਵਾਂ ਨੂੰ ਯੋਗਤਾ ਨਾਲ ਮਨੁੱਖਤਾ ਦੇ ਹਿੱਤ ਵਿਚ ਚਲਾਉਂਦੀ ਤੇ ਪ੍ਰਭਾਵਿਤ ਕਰਦੀ ਹੈ । ਸੋ 'ਸ਼੍ਰੋਮਣੀ ਕਮੇਟੀ ਰਿਆਸਤ ਅੰਦਰ ਰਿਆਸਤ ਹੈ'।[40] ਇਸ ਅਧਿਆਏ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਧਾਰਮਿਕ ਯੋਗਦਾਨ ਦੇ ਪਹਿਲੂਆਂ ਨੂੰ ਸੰਖੇਪ ਵਿਚ ਵਿਚਾਰਿਆ ਗਿਆ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਧਾਰਮਿਕ ਯੋਗਦਾਨ ਦੇ ਕਾਰਜਾਂ ਵਿਚ ਸਿੱਖ-ਰਹਿਤ ਮਰਯਾਦਾ ਸਥਾਪਨਾ, ਗੁਰਮਤਿ ਸਿਧਾਂਤਾਂ ਦੀ ਨਿਗਹਾਬਾਨੀ, ਧਰਮ ਪ੍ਰਚਾਰ ਕਮੇਟੀ ਤਹਿਤ ਧਰਮ ਪ੍ਰਚਾਰ, ਸਿੱਖ ਮਿਸ਼ਨ, ਸਰਬ ਹਿੰਦ ਸਿੱਖ-ਮਿਸ਼ਨ, ਮਿਸ਼ਨਰੀ ਕਾਲਜ ਖੋਲ੍ਹਣਾ, ਸਕੂਲਾਂ ਅਤੇ ਕਾਲਜਾਂ ਰਾਹੀਂ ਧਰਮ ਪ੍ਰਚਾਰ, ਗੁਰਮਤਿ ਸਾਹਿਤ ਪ੍ਰਕਾਸ਼ਨ, ਰਸਾਲੇ, ਸਿੱਖ ਇਤਿਹਾਸ ਰੀਸਰਚ ਬੋਰਡ, ਸਿੱਖ ਰੈਫਰੈਂਸ ਲਾਇਬ੍ਰੇਰੀ, ਗੁਰਮਤਿ ਸਮਾਗਮ, ਸ਼ਤਾਬਦੀਆਂ, ਸਨਮਾਨ, ਯਾਦਗਾਰਾਂ ਦੀ ਸਥਾਪਨਾ, ਖ਼ਾਲਸਾਈ ਖੇਡਾਂ ਕਰਵਾਉਣਾ, ਮਾਨਵ ਕਲਿਆਣਕਾਰੀ ਕਾਰਜ ਆਦਿ ਪ੍ਰਮੁੱਖ ਹਨ। ਇਸ ਅਧਿਆਇ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਕੀਤੇ ਜਾ ਚੁੱਕੇ ਜਾਂ ਕੀਤੇ ਜਾ ਰਹੇ ਕਾਰਜਾਂ ਨੂੰ ਵਿਸਥਾਰ ਸਹਿਤ ਵਿਚਾਰਾਂਗੇ।

## 2.1. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਧਾਰਮਿਕ ਉਦੇਸ਼

- ਗੁਰਦੁਆਰਿਆਂ ਨੂੰ ਗੈਰ ਧਾਰਮਿਕ ਰਸਮਾਂ ਤੋਂ ਮੁਕਤ ਕਰਨਾ।
- ਗੁਰਦੁਆਰਿਆਂ ਦੀ ਆਮਦਨ ਨੂੰ ਧਰਮ ਪ੍ਰਚਾਰ ਲਈ ਵਰਤਣਾ।
- ਸਿੱਖ ਧਰਮ ਦਾ ਪ੍ਰਚਾਰ ਤੇ ਪ੍ਰਸਾਰ।

---

[40] ਦਿਲਗੀਰ ਹਰਜਿੰਦਰ ਸਿੰਘ, *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਿਵੇਂ ਬਣੀ,* ਪੰਨਾ-5

- ਸਿੱਖ ਧਰਮ ਅਤੇ ਇਤਿਹਾਸ ਬਾਰੇ ਖੋਜ ਕਰਾਉਣਾ ਅਤੇ ਪ੍ਰਕਾਸ਼ਿਤ ਕਰਨਾ ਆਦਿ।

ਅੱਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣੀ ਨੂੰ ਲਗਪਗ ਇਕ ਸਦੀ ਹੋਣ ਨੂੰ ਆਈ ਹੈ। ਸਿੱਖ ਪੰਥ ਨੇ ਆਪਣਾ ਲਹੂ ਡੋਲ੍ਹ ਕੇ ਵੀਹਵੀਂ ਸਦੀ ਦੇ ਆਰੰਭ ਵਿਚ ਇਸਦੀ ਨੀਂਹ ਰੱਖੀ। ਇਸ ਨੇ ਆਪਣੇ ਨਿਯਮ ਅਤੇ ਉਪ-ਨਿਯਮ ਨਿਰਧਾਰਤ ਕੀਤੇ ਜਿਨ੍ਹਾਂ ਅੰਦਰ ਮੰਤਵ ਤੇ ਮਨੋਰਥ ਕੌਮ ਤੇ ਸਮਾਜ ਦੀ ਸੇਵਾ ਹੈ।[41] ਇਸਦਾ ਧਾਰਮਿਕ, ਸਮਾਜਿਕ, ਆਰਥਿਕ, ਵਿੱਦਿਅਕ, ਪ੍ਰਬੰਧਕ, ਸਿਹਤ ਸਹੂਲਤਾਂ ਆਦਿ ਪੱਖਾਂ ਤੋਂ ਵੱਡਮੁੱਲਾ ਯੋਗਦਾਨ ਹੈ। 'ਸਿੱਖ ਧਰਮ ਵਿਸ਼ਵਕੋਸ਼' ਵਿਚ ਇਸ ਦੇ ਕਾਰਜ ਦੇ ਵਿਸਤਾਰਾਂ ਨੂੰ ਇਸ ਤਰ੍ਹਾਂ ਲਿਖਿਆ ਗਿਆ ਹੈ, ਜਿਸ ਤੋਂ ਇਸ ਦੇ ਯੋਗਦਾਨ ਅਤੇ ਜ਼ੁੰਮੇਵਾਰੀ ਦਾ ਅਹਿਸਾਸ ਕੀਤਾ ਜਾ ਸਕਦਾ ਹੈ:

"ਭਾਵੇਂ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਪਸ਼ਟ ਤੌਰ 'ਤੇ ਗੁਰਦੁਆਰਿਆਂ ਦੇ ਪ੍ਰਬੰਧ ਲਈ ਸਥਾਪਿਤ ਇਕ ਧਾਰਮਿਕ ਸੰਸਥਾ ਹੈ, ਫਿਰ ਵੀ ਇਹ ਆਪਣੇ ਬਹੁਪੱਖੀ ਸਾਧਨਾਂ (ਇਸ ਦਾ ਸਾਲਾਨਾ ਬਜਟ ਦੋ ਸੌ ਕਰੋੜ ਰੁਪਏ ਤੋਂ ਵੱਧ ਹੈ) ਰਾਹੀਂ ਕਈ ਕਿਸਮ ਦੀਆਂ ਜ਼ੁੰਮੇਵਾਰੀਆਂ ਨਿਭਾਉਂਦੀ ਹੈ। ਧਰਮ ਪ੍ਰਚਾਰ ਜਿਸ ਵਿਚ ਗੁਰੂ ਕਾ ਲੰਗਰ ਸ਼ਾਮਲ ਹੈ ਉੱਪਰ ਖਰਚਾ ਕਰਨ ਤੋਂ ਇਲਾਵਾ, ਇਹ ਬਹੁਤ ਸਾਰੇ ਸਕੂਲ ਅਤੇ ਕਾਲਜ ਵੀ ਚਲਾਉਂਦੀ ਹੈ, ਗੁਰਦੁਆਰਿਆਂ ਦੀਆਂ ਜ਼ਮੀਨਾਂ ਦੀ ਦੇਖਭਾਲ ਕਰਦੀ ਹੈ, ਖੋਜ ਨੂੰ ਉਤਸ਼ਾਹਿਤ ਕਰਦੀ ਹੈ, ਸਿੱਖ ਧਰਮ ਅਤੇ ਇਤਿਹਾਸ ਬਾਰੇ ਕਿਤਾਬਾਂ ਪ੍ਰਕਾਸ਼ਿਤ ਕਰਦੀ ਹੈ ਅਤੇ ਰਾਜਨੀਤਕ ਤੌਰ 'ਤੇ ਸਤਾਏ ਅਤੇ ਕੁਦਰਤੀ ਆਫਤਾਂ ਦੇ ਮਾਰੇ ਲੋਕਾਂ ਦੀ ਮਦਦ ਕਰਨ ਦਾ ਕੰਮ ਵੀ ਕਰਦੀ ਹੈ। ਇਹ ਪਾਕਿਸਤਾਨ ਵਿਚ ਰਹਿ ਗਏ ਗੁਰਦੁਆਰਿਆਂ ਦੀ ਯਾਤਰਾ ਲਈ ਪ੍ਰਬੰਧ ਕਰਦੀ ਹੈ ਅਤੇ ਭਾਰਤ ਦੇ ਬਾਕੀ ਸੂਬਿਆਂ ਅਤੇ ਬਾਹਰਲੀਆਂ ਸਿੱਖ ਸੰਸਥਾਵਾਂ ਨਾਲ ਆਪਣਾ ਸੰਪਰਕ ਬਣਾਈ ਰਖਦੀ ਹੈ। ਇਹ ਸਿੱਖ ਹਿੱਤਾਂ ਜਾਂ ਵਿਤਕਰੇ ਦੇ ਮਸਲਿਆਂ ਨੂੰ ਸਰਕਾਰ ਪਾਸ ਉਠਾਉਂਦੀ ਰਹਿੰਦੀ ਹੈ।"[42]

---

[41] ਸ਼ਮਸ਼ੇਰ ਸਿੰਘ, *ਸ਼੍ਰੋਮਣੀ ਕਮੇਟੀ ਤੇ ਸਮਾਜ ਸੇਵਾ, ਗੁਰਮਤਿ ਪ੍ਰਕਾਸ਼*, ਸਤੰਬਰ 1999, ਪੰਨਾ-89

[42] ਜੋਧ ਸਿੰਘ (ਮੁੱਖ ਸੰਪਾ), *ਸਿੱਖ ਧਰਮ ਵਿਸ਼ਵਕੋਸ, ਪਹਿਲੀ ਸੈਂਚੀ*, ਪੰਨਾ-640

ਇਹ ਸਾਰੀਆਂ ਕਾਰਜ-ਵਿਧੀਆਂ ਨਿਯਮਾਂ ਅਧੀਨ ਹਨ, ਹਰ ਇਕ ਕਰਮਚਾਰੀ ਦੀਆਂ ਸੇਵਾਵਾਂ ਨਿਯਮ ਬੱਧ ਢੰਗ ਨਾਲ ਹਨ। ਇੱਥੇ ਡੇਰਿਆਂ ਵਾਂਗ ਕਿਸੇ ਇਕ ਵਿਅਕਤੀ ਦੀ ਮਰਜ਼ੀ ਨਹੀਂ ਚਲਦੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹੋਰ ਵੀ ਉਪ-ਕਮੇਟੀਆਂ ਬਣੀਆਂ ਹੋਈਆਂ ਹਨ ਜਿਵੇਂ ਧਰਮ ਪ੍ਰਚਾਰ ਕਮੇਟੀ, ਸਿੱਖ ਇਤਿਹਾਸ ਰੀਸਰਚ ਬੋਰਡ ਆਦਿ, ਜਿਨ੍ਹਾਂ ਦੇ ਕਾਰਜ ਵੱਖ-ਵੱਖ ਹਨ।

## 2.2. ਧਰਮ ਪ੍ਰਚਾਰ

ਧਰਮ ਦੀ ਹੋਂਦ ਅਤੇ ਵਿਕਾਸ ਲਈ ਧਰਮ ਦਾ ਪ੍ਰਚਾਰ ਹੋਣਾ ਬਹੁਤ ਜ਼ਰੂਰੀ ਹੁੰਦਾ ਹੈ। ਹਰ ਧਰਮ ਦੀ ਕੋਈ ਨਾ ਕੋਈ ਕੇਂਦਰੀ ਸੰਸਥਾ ਹੁੰਦੀ ਹੈ ਜਿੱਥੋਂ ਧਰਮ ਪ੍ਰਚਾਰ ਦੀਆਂ ਸਾਰੀਆਂ ਗਤੀਵਿਧੀਆਂ ਉਲੀਕੀਆਂ ਜਾਂਦੀਆਂ ਹਨ। ਸਿੱਖਾਂ ਦੀ ਇਸ ਕਾਰਜ ਲਈ ਕੇਂਦਰੀ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੈ। ਇਸਨੇ ਧਰਮ ਪ੍ਰਚਾਰ ਲਈ ਇਕ ਖਾਸ ਸਬ-ਕਮੇਟੀ ਦੀ ਸਥਾਪਨਾ 1931 ਵਿਚ ਮਤਾ ਪਾਸ ਕੀਤਾ।

### 2.2.1. ਧਰਮ ਪ੍ਰਚਾਰ ਕਮੇਟੀ ਦੀ ਸਥਾਪਨਾ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾ ਸਿਰਫ ਤਾਰੀਖੀ ਗੁਰਦੁਆਰਿਆਂ ਦੀ ਸੇਵਾ ਸੰਭਾਲ ਹੀ ਕਰਦੀ ਹੈ ਬਲਕਿ ਸਿੱਖ ਧਰਮ, ਸਿੱਖ ਇਤਿਹਾਸ ਅਤੇ ਸਭਿਆਚਾਰ ਦਾ ਗਿਆਨ ਤੇ ਧਰਮ ਪ੍ਰਚਾਰ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਕ ਵੱਖਰਾ ਵਿੰਗ "ਧਰਮ ਪ੍ਰਚਾਰ ਕਮੇਟੀ" ਸਥਾਪਿਤ ਕੀਤਾ ਹੋਇਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਿਰਫ ਅਕਾਲ ਤਖ਼ਤ ਸਾਹਿਬ ਅਤੇ ਕੇਸ਼ਗੜ੍ਹ ਸਾਹਿਬ ਤੇ ਕੰਟਰੋਲ ਸੀ। ਸੈਕਸ਼ਨ 85 ਦੇ ਅਧੀਨ ਸਾਰੀਆਂ ਗੁਰਦੁਆਰਾ ਕਮੇਟੀਆਂ ਆਜ਼ਾਦ ਸਨ। 15 ਅਗਸਤ,1927 ਈ. ਨੂੰ ਹੋਈ ਇਕੱਤਰਤਾ ਵਿਚ ਤਿੰਨ ਫੰਡ ਗੁਰਦੁਆਰਾ ਸੁਧਾਰ ਸੇਵਕ ਸਹਾਇਤਾ ਫੰਡ,ਗੁਰਮਤਿ ਪ੍ਰਚਾਰ ਫੰਡ ਅਤੇ ਜਨਰਲ ਟ੍ਰਸਟ ਕਾਇਮ ਕਰਨ ਦਾ ਮਤਾ ਪਾਸ ਹੋਇਆ। ਇਨ੍ਹਾਂ ਵਿਚੋਂ ਇਕ ਫੰਡ ਧਰਮ ਪ੍ਰਚਾਰ ਲਈ ਨਿਰਧਾਰਿਤ ਕੀਤਾ ਗਿਆ।[43] 28 ਫਰਵਰੀ, 1931 ਈ. ਨੂੰ ਸ. ਭਾਗ

---

[43] ਸ਼ਮਸ਼ੇਰ ਸਿੰਘ ਅਸ਼ੋਕ, *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ*, ਪੰਨਾ 39

ਸਿੰਘ ਦੀ ਪ੍ਰਧਾਨਗੀ ਹੇਠ ਹੋਈ ਇਕੱਤਰਤਾ ਵਿਚ ਗਿਆਨੀ ਸ਼ੇਰ ਸਿੰਘ ਅਤੇ ਮਾਸਟਰ ਸੁਜਾਨ ਸਿੰਘ ਦੇ ਯਤਨਾਂ ਸਦਕਾ ਧਰਮ ਪ੍ਰਚਾਰ ਕਮੇਟੀ ਬਣਾਉਣ ਦਾ ਮਤਾ ਪਾਸ ਹੋਇਆ।[44]

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਿੱਤੀ ਸਰੋਤ ਬਹੁਤ ਘੱਟ ਸਨ। ਇਹ ਗੁਰਦੁਆਰੇ 1944-45 ਅਤੇ 1956 ਵਿਚ ਕੀਤੇ ਸੰਸ਼ੋਧਨਾਂ ਰਾਹੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਿੱਧੇ ਪ੍ਰਬੰਧਨ ਅਧੀਨ ਆਏ ਸਨ। ਇਸ ਨੇ ਅਨੁਸੂਚਿਤ ਜਾਤੀ ਸਿੱਖਾਂ ਲਈ ਸੀਟਾਂ ਦੇ ਰਾਖਵਾਂਕਰਨ ਤੋਂ ਇਲਾਵਾ ਆਪਣੀ ਵਿੱਤੀ ਸਥਿਤੀ ਨੂੰ ਸੁਧਾਰਿਆ। 1956 ਵਿਚ, ਇਕ ਸੋਧ ਨੇ ਧਰਮ ਪ੍ਰਚਾਰ ਕਮੇਟੀ ਦੀਆਂ ਸ਼ਕਤੀਆਂ ਅਤੇ ਬਜਟ ਦੀ ਵਿਵਸਥਾ ਨੂੰ ਵੀ ਵਧਾ ਦਿੱਤਾ।

ਜਨਵਰੀ 1997 ਤੋਂ ਮਈ 2004 ਤਕ ਡਾ. ਖੜਕ ਸਿੰਘ ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਦੇ ਮੈਂਬਰ ਸਨ। ਉਹ ਇਸ ਸਮੇਂ ਵੱਖ-ਵੱਖ ਮੁੱਦਿਆਂ ਸਬੰਧੀ ਲਗਭਗ ਹਰ ਕਮੇਟੀ ਵਿਚ ਹਾਜ਼ਰੀ ਭਰਦੇ ਸਨ। ਬਾਅਦ ਵਿਚ ਵੀ ਉਹ ਕਮੇਟੀਆਂ ਦੇ ਮੈਂਬਰ ਸਨ, ਜਿਵੇਂ ਕਿ: ਆਲ ਇੰਡੀਆ ਗੁਰਦੁਆਰਾ ਦੀ ਸਲਾਹਕਾਰ ਕਮੇਟੀ, ਨਾਨਕਸ਼ਾਹੀ ਕੈਲੰਡਰ ਕਮੇਟੀ, ਇੰਟਰਵਿਊਜ਼ ਕਮੇਟੀਆਂ, ਸਿੱਖ ਸ਼ਤਾਬਦੀ ਪ੍ਰੋਗਰਾਮ ਆਦਿ। ਧਰਮ ਪ੍ਰਚਾਰ ਕਮੇਟੀ ਦੇ ਮੈਂਬਰ: ਸਕੱਤਰ, ਸਹਾਇਕ ਸਕੱਤਰ, ਸੁਪਰਡੈਂਟ, ਇੰਚਾਰਜ ਗੁਰਮਤਿ ਪ੍ਰਕਾਸ਼, ਸੰਪਾਦਕ ਗੁਰਮਤਿ ਪ੍ਰਕਾਸ਼, ਅਕਾਉਂਟਸ ਬ੍ਰਾਂਚ, ਸਥਾਪਨਾ ਸ਼ਾਖਾ, ਪ੍ਰਕਾਰੀ ਬਰਾਂਚ (ਪੰਜਾਬ), ਟਾਈਪ ਸ਼ਾਖਾ, ਸਾਹਿਤ ਸ਼ਾਖਾ।

### 2.2.2. ਧਰਮ ਪ੍ਰਚਾਰ ਕਮੇਟੀ ਦੇ ਵਿਸ਼ੇਸ਼ ਕਾਰਜ

- ਖੇਤਰ ਵਿਚ ਗੈਰ ਸਿੱਖ ਭਾਈਚਾਰੇ ਦੇ ਮੈਂਬਰਾਂ ਨੂੰ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਵਾਓ ਅਤੇ ਸਿੱਖ ਧਰਮ ਦੀ ਸਿੱਖਿਆ ਦੇਵੋ। ਸਿੱਖ ਧਰਮ ਅਤੇ ਸਿਧਾਂਤ ਜਿਵੇਂ ਕਿ ਹਾਊਸ ਆਫ਼ ਫਰੈਂਡਸ਼ਿਪ, ਯੂਨਾਈਟਿਡ ਤਰੀਕੇ, ਫੂਡ ਬੈਂਕ, ਰਿਲੀਫ ਫੰਡ ਅਤੇ ਪਿੰਗਲਾਵਾੜਾ ਆਦਿ ਦੇ ਨਾਲ ਮਿਲਦੇ-ਜੁਲਦੇ ਹੋਰ ਚੈਰੀਟੇਬਲ ਪ੍ਰੋਗਰਾਮਾਂ ਨਾਲ ਤਾਲਮੇਲ ਕਰਨਾ।

---

[44] ਉਹੀ ਪੰਨਾ 82

- ਹਾਈ ਸਕੂਲ ਅਤੇ ਯੂਨੀਵਰਸਿਟੀ ਪੱਧਰ ਦੇ ਦਰਸ਼ਕਾਂ ਲਈ ਪ੍ਰਿੰਟ ਜਾਂ ਸਲਾਈਡ ਸ਼ੋਅ ਦੇ ਰੂਪ ਵਿਚ ਸਿੱਖੀ ਬਾਰੇ ਮਿਆਰੀ ਜਾਣਕਾਰੀ ਤਿਆਰ ਕਰਨਾ । ਇਹ ਸਮੱਗਰੀ ਮਹਿਮਾਨਾਂ ਨੂੰ ਵੰਡਣ ਲਈ ਛਾਪੀ ਜਾ ਸਕਦੀ ਹੈ।
- ਨੌਜਵਾਨਾਂ ਨੂੰ ਸਾਰੇ ਪ੍ਰੋਗਰਾਮਾਂ ਜਿਵੇਂ ਕਿ ਰੈਣ ਸਬਾਹੀ ਕੀਰਤਨ, ਖੂਨ-ਦਾਨ ਕੈਂਪ, ਲੰਗਰ ਅਤੇ ਦੀਵਾਨ ਸੇਵਾ ਆਦਿ ਸ਼ਾਮਿਲ ਕਰਨਾ।
- ਬਾਹਰੀ ਮੀਡੀਆ ਜਿਵੇਂ ਕਿ ਅਖਬਾਰਾਂ ਦੇ ਕਾਗਜ਼ਾਂ, ਟੀ.ਵੀ. ਤੇ ਰੇਡੀਓ ਤੇ ਪ੍ਰਸਾਰਣ ਲਈ ਇੰਟਰਵਿਊ ਅਤੇ ਗੁਰਦੁਆਰੇ ਅਤੇ ਇੰਟਰਫੇਜ ਆਦਿ 'ਤੇ ਸੰਪਰਕ ਕਰਨਾ।
- ਗੁਰਮਤਿ ਸੈਮੀਨਾਰਾਂ ਦਾ ਪ੍ਰਬੰਧ, ਧਰਮ ਅਤੇ ਸਿਹਤ ਸਬੰਧੀ ਚਿੰਤਾਵਾਂ ਅਤੇ ਟੈਕਸ ਭਰਨ ਦੀਆਂ ਸਹੂਲਤਾਂ ਤੇ ਚਰਚਾ ਕਰਨਾ।
- ਹਫ਼ਤਾਵਾਰੀ ਸਕੂਲ ਅਤੇ ਸਮਾਰਕ ਹੈਰੀਟੇਜ ਅਤੇ ਗੁਰਮਤਿ ਕੈਂਪ ਦੇ ਸਮੇਂ ਸਾਡੇ ਵਿਦਿਆਰਥੀਆਂ ਨੂੰ ਪੰਜਾਬੀ ਭਾਸ਼ਾ ਅਤੇ ਗੁਰਮਤਿ ਦੇ ਸਿਧਾਂਤਾਂ ਦੀ ਪਾਲਣਾ ਕਰਨਾ।
- ਨਿਯਮਿਤ ਤੌਰ 'ਤੇ ਡਾਇਰੈਕਟਰਾਂ ਦੇ ਬੋਰਡ ਨੂੰ ਤਿੰਨ ਮਹੀਨਿਆਂ ਵਿੱਚ ਇੱਕ ਵਾਰ ਅਪਡੇਟ ਕਰਨਾ।

### 2.2.3.ਧਰਮ ਪ੍ਰਚਾਰ ਕਮੇਟੀ ਦੇ ਸਕੂਲਾਂ ਅਤੇ ਕਾਲਜਾਂ ਵਿਚ ਕਾਰਜ

ਧਾਰਮਿਕ ਪ੍ਰਚਾਰ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਇਕ ਉਪ-ਕਮੇਟੀ ਬਣਾਈ ਗਈ ਹੈ, ਜਿਸ ਦਾ ਨਾਮ ਧਰਮ ਪ੍ਰਚਾਰ ਕਮੇਟੀ ਹੈ। ਧਰਮ ਪ੍ਰਚਾਰ ਕਮੇਟੀ ਉੱਚ ਆਦਰਸ਼ ਨਾਲ ਧਾਰਮਿਕ ਪ੍ਰਚਾਰ ਦੀਆਂ ਵਹੀਰਾਂ ਘੱਤੀ ਰੱਖਦੀ ਹੈ । ਇਹ ਕਮੇਟੀ ਬੱਚਿਆਂ ਨੂੰ ਬਚਪਨ ਤੋਂ ਹੀ ਧਾਰਮਿਕ ਰੁਚੀਆਂ ਗ੍ਰਹਿਣ ਕਰਾਉਣ ਵਾਸਤੇ ਸਕੂਲਾਂ ਅਤੇ ਕਾਲਜਾਂ ਵਿਚ ਧਰਮ ਪ੍ਰਚਾਰ ਹਿੱਤ ਧਾਰਮਿਕ ਸਿੱਖਿਆ ਅਤੇ ਧਾਰਮਿਕ ਮੁਕਾਬਲੇ ਕਰਾਉਂਦੀ ਹੈ। ਸਕੂਲਾਂ ਵਿਚ ਸਿਲੇਬਸ ਤੋਂ ਵੱਖਰਾ ਇਕ ਧਰਮਿਕ ਪੇਪਰ ਰੱਖਿਆ ਜਾਂਦਾ ਹੈ ਤੇ ਜਿਹੜੇ ਵਿੱਦਿਆਰਥੀ ਇਸ ਪੇਪਰ ਵਿਚ ਤਸੱਲੀਬਖ਼ਸ਼ (7500) ਅੰਕ ਪ੍ਰਾਪਤ ਕਰਨ ਉਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਵਜ਼ੀਫੇ ਪ੍ਰਦਾਨ ਕੀਤੇ ਜਾਂਦੇ ਹਨ । ਧਾਰਮਿਕ ਸਿਲੇਬਸ ਦੀ ਪੂਰਤੀ ਵਾਸਤੇ ਸਿੱਖ ਧਰਮ ਨਾਲ ਸੰਬੰਧਿਤ ਅਤੇ ਮਨੁੱਖੀ ਸਾਂਝ ਪੈਦਾ ਕਰਨ ਵਾਲੀਆਂ ਪੁਸਤਕਾਂ ਛਾਪੀਆਂ

ਜਾਂਦੀਆਂ ਹਨ। ਜੋਗਿੰਦਰ ਸਿੰਘ ਅਦਲੀਵਾਲ ਲਿਖਦੇ ਹਨ, "ਸਿੱਖ ਧਰਮ, ਇਤਿਹਾਸ ਅਤੇ ਸਭਿਆਚਾਰ ਦੇ ਪ੍ਰਚਾਰ-ਪ੍ਰਸਾਰ ਲਈ ਧਰਮ ਪ੍ਰਚਾਰ ਕਮੇਟੀ ਨਾਂ ਦਾ ਇਕ ਵੱਖਰਾ ਵਿਭਾਗ ਸਥਾਪਤ ਕੀਤਾ ਗਿਆ ਹੈ ਜਿਸ ਵਿੱਚ ਕਈ ਢਾਡੀ, ਕਵੀਸ਼ਰ ਜਥੇ ਅਤੇ ਪ੍ਰਚਾਰਕ ਪਿੰਡ-ਪਿੰਡ, ਨਗਰ-ਨਗਰ ਜਾ ਕੇ ਸਿੱਖ ਸੰਗਤਾਂ ਨੂੰ ਆਪਣੇ ਅਮੀਰ ਸਿੱਖ ਵਿਰਸੇ ਨਾਲ ਜੋੜਣ ਦਾ ਕੰਮ ਕਰਦੇ ਹਨ। ਧਰਮ ਪ੍ਰਚਾਰ ਕਮੇਟੀ ਵੱਲੋਂ ਸੰਗਤਾਂ ਦੀ ਮੰਗ 'ਤੇ ਪੰਜ ਪਿਆਰੇ ਵੀ ਭੇਜੇ ਜਾਂਦੇ ਹਨ ਜੋ ਸਿੱਖ ਸੰਗਤਾਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਦੇ ਲੜ ਲਾਉਂਦੇ ਹਨ।"[45] ਧਰਮ ਪ੍ਰਚਾਰ ਕਮੇਟੀ ਕੋਲ ਪ੍ਰਚਾਰ ਲਈ ਵੀਡਿਓ ਵੈਨਾਂ ਵੀ ਹਨ ਜਿਨ੍ਹਾਂ ਰਾਹੀਂ ਦੂਰ-ਦੁਰੇਡੇ ਜਾ ਕੇ ਸਿੱਖ ਧਰਮ ਨਾਲ ਸੰਬੰਧਿਤ ਫਿਲਮਾਂ ਦਿਖਾਈਆਂ ਜਾਂਦੀਆਂ ਹਨ। ਇਸ ਤੋਂ ਇਲਾਵਾ ਪੁਸਤਕ-ਪ੍ਰਦਰਸ਼ਨੀਆਂ ਅਤੇ ਧਾਰਮਿਕ ਪ੍ਰੀਖਿਆਵਾਂ ਵੀ ਕਰਵਾਈਆਂ ਜਾਂਦੀਆਂ ਹਨ, ਵਜ਼ੀਫੇ ਦਿੱਤੇ ਜਾਂਦੇ ਹਨ। ਇਸ ਦੇ ਪ੍ਰਬੰਧ ਅਧੀਨ ਕਈ ਸਕੂਲ ਅਤੇ ਕਾਲਜ ਹਨ। ਧਰਮ ਪ੍ਰਚਾਰ ਕਮੇਟੀ ਗੁਰੂਆਂ ਅਤੇ ਸਿੱਖ ਧਰਮ ਨਾਲ ਸੰਬੰਧਿਤ ਸ਼ਤਾਬਦੀਆਂ ਵੀ ਬੜੀ ਧੂਮ-ਧਾਮ ਨਾਲ ਮਨਾਉਂਦੀ ਹੈ। ਹੁਣ ਤੱਕ ਇਸਨੇ ਦਸ ਤੋਂ ਵੱਧ ਵੱਡੇ ਪੱਧਰ 'ਤੇ ਯਾਦਗਾਰੀ ਸਮਾਗਮ ਕਰਵਾਏ ਹਨ। ਧਾਰਮਿਕ ਸਾਹਿਤ ਪ੍ਰਕਾਸ਼ਨਾ ਦਾ ਪ੍ਰਬੰਧ ਵੀ ਧਰਮ ਪ੍ਰਚਾਰ ਕਮੇਟੀ ਦੇ ਅਧੀਨ ਹੀ ਆਓਂਦਾ ਹੈ। ਇਸ ਵੱਲੋਂ ਸਿੱਖ ਧਰਮ, ਇਤਿਹਾਸ ਅਤੇ ਸੱਭਿਆਚਾਰ ਸੰਬੰਧੀ ਕਿਤਾਬਚੇ, ਪੁਸਤਕਾਂ ਅਤੇ ਮਾਸਿਕ ਮੈਗਜ਼ੀਨ ਪ੍ਰਕਾਿਸਤ ਕਰਵਾਏ ਜਾਂਦੇ ਹਨ। 'ਗੁਰਮਤਿ ਪ੍ਰਕਾਸ਼' ਦੀ ਛਪਣ-ਗਿਣਤੀ 50,000 ਦੇ ਲਗਪਗ ਹੈ।

## 2.3. ਧਰਮ ਪ੍ਰਚਾਰ ਕਮੇਟੀ ਦੇ ਰਸਾਲੇ

ਸ਼੍ਰੋਮਣੀ ਕਮੇਟੀ ਦੋ ਧਾਰਮਿਕ  ਰਸਾਲੇ ਪਿਛਲੇ ਕਈ ਸਾਲਾਂ ਤੋਂ ਬਕਾਇਦਾ ਪ੍ਰਕਾਸ਼ਤ ਕਰਕੇ ਸੰਗਤਾਂ ਤੱਕ ਪਹੁੰਚਾ ਰਹੀ ਹੈ।

---

[45] ਅਦਲੀਵਾਲ, *ਜੋਗਿੰਦਰ ਸਿੰਘ, ਸ਼੍ਰੋਮਣੀ ਕਮੇਟੀ ਦੇ ਕਾਰਜ ਅਤੇ ਪ੍ਰਾਪਤੀਆਂ, ਗੁਰਮਤਿ ਪ੍ਰਕਾਸ਼*, ਸਤੰਬਰ 1999, ਪੰਨਾ-75

### 2.3.1.ਗੁਰਮਤਿ ਪ੍ਰਕਾਸ਼

ਧਰਮ ਪ੍ਰਚਾਰ ਕਮੇਟੀ ਵੱਲੋਂ ਗੁਰਮਤਿ ਪ੍ਰਕਾਸ਼ ਮਾਸਿਕ ਪੱਤਰ 1957 ਈ: ਤੋਂ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ। ਇਸਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੁਆਰਾ ਪ੍ਰਕਾਸ਼ਿਤ ਕੀਤਾ ਜਾਂਦਾ ਹੈ। ਇਸਨੂੰ ਹਿੰਦੀ ਵਿਚ 'ਗੁਰਮਤਿ ਗਿਆਨ' ਵਜੋਂ ਜਾਣਿਆ ਜਾਂਦਾ ਹੈ। ਇਸ ਵਿਚ ਸਿੱਖ ਧਰਮ ਦੇ ਦਾਰਸ਼ਨਿਕ, ਇਤਿਹਾਸਕ ਅਤੇ ਧਾਰਮਿਕ ਵਿਸ਼ਾ-ਵਸਤੂਆਂ ਬਾਰੇ ਵੱਖ ਵੱਖ ਵਿਦਵਾਨਾਂ ਦੁਆਰਾ ਖੋਜ ਲੇਖ ਸ਼ਾਮਲ ਕੀਤੇ ਜਾਂਦੇ ਹਨ। ਇਸ ਵਿਚ ਸਿੱਖ ਸ਼ਖ਼ਸੀਅਤਾਂ, ਘਟਨਾਵਾਂ ਅਤੇ ਸੰਸਾਰ ਭਰ ਵਿਚ ਸਿੱਖਾਂ ਅਤੇ ਸਿੱਖ ਧਰਮ ਦੇ ਮੌਜੂਦਾ ਹਾਲਾਤਾਂ ਬਾਰੇ ਖੋਜ ਲੇਖ ਵੀ ਸ਼ਾਮਿਲ ਹਨ। ਧਰਮ ਦੀ ਆਧੁਨਿਕ ਵਿਆਖਿਆ ਦੇ ਨਾਲ ਨਾਲ ਧਾਰਮਿਕ ਪਰੰਪਰਾ ਵੀ ਕਾਇਮ ਰੱਖੀ ਜਾਂਦੀ ਹੈ। ਇਸ ਰਸਾਲੇ ਵਿਚ ਸਿੱਖ ਇਤਿਹਾਸ, ਆਚਰਣ ਸ਼ੁਧਤਾ ਸਬੰਧੀ ਲੇਖ ਅਤੇ ਧਾਰਮਿਕ ਸਰਗਰਮੀਆਂ ਪ੍ਰਕਾਸ਼ਤ ਕੀਤੀਆਂ ਜਾਂਦੀਆਂ ਹਨ। ਧਾਰਮਿਕ ਕਵਿਤਾਵਾਂ ਦੇ ਨਾਲ ਨਾਲ ਸਿੱਖੀ ਪਹਿਰਾਵੇ ਤੇ ਪੰਜਾਬੀ ਸੱਭਿਆਚਾਰਕ ਕਵਿਤਾਵਾਂ ਅਤੇ ਲੇਖ ਪ੍ਰਕਾਸ਼ਤ ਕੀਤੇ ਜਾਂਦੇ ਹਨ।[46] ਸ਼੍ਰੋਮਣੀ ਕਮੇਟੀ ਦੇ ਉਕਤ ਰਸਾਲੇ ਦੀ 20 ਸਾਲਾਂ ਤਕ ਕੀਮਤ ਕੇਵਲ 20 ਰੁਪਏ (ਹੁਣ 50 ਰੁਪਏ) ਸਲਾਨਾ ਰਹੀ ਯਾਨਿ ਮਹੀਨੇਵਾਰ 2 ਰੁਪਏ। ਪਹਿਲਾਂ ਇਸ ਦਾ ਪਾਠਕ ਸੰਸਾਰ ਬਹੁਤ ਸੀਮਿਤ ਸੀ। ਪਿਛਲੇ ਕੁਝ ਸਾਲਾਂ ਤੋਂ ਵਿਸ਼ੇਸ਼ ਅੰਕਾਂ ਦਾ ਸਿਲਸਿਲਾ ਸ਼ੁਰੂ ਕਰਨ ਤੇ ਪਾਠਕ ਵਰਗ ਵੱਲੋਂ ਇਸ ਦਾ ਭਰਵਾ ਸਹਿਯੋਗ ਪ੍ਰਾਪਤ ਹੋਇਆ ਹੈ, ਜਿਸ ਕਰਕੇ ਛਪਣ ਦੀ ਗਿਣਤੀ 70 ਹਜ਼ਾਰ ਤੇ ਪੁੱਜ ਗਈ ਹੈ। ਇਸ ਦੀ ਛਪਾਈ ਬਹੁਰੰਗੀ ਤਸਵੀਰਾਂ ਸਹਿਤ ਆਫਸੈਟ ਪ੍ਰੈਸ ਤੋਂ ਹੀ ਰਹੀ ਹੈ।

### 2.3.2.ਨਾਨਕਸ਼ਾਹੀ ਕੈਲੰਡਰ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੀ ਅੰਮ੍ਰਿਤਸਰ ਦੁਆਰਾ ਹਰ ਸਾਲ ਨਾਨਕਸ਼ਾਹੀ ਕੈਲੰਡਰ ਛਪਵਾਇਆ ਜਾਂਦਾਂ ਹੈ। ਕਮੇਟੀ ਦਾ ਇਹ ਕੈਲੰਡਰ ਦੇਸੀ ਮਹੀਨੇ ਚੇਤ (ਮਾਰਚ-ਐਪ੍ਰਲ) ਤੋਂ ਸ਼ੁਰੂ ਹੁੰਦਾ ਹੈ ਅਤੇ ਫ਼ੱਗਣ (ਫਰਵਰੀ-ਮਾਰਚ) 'ਤੇ ਸਮਾਪਤ ਹੁੰਦਾ ਹੈ। ਇਸ ਕੈਲੰਡਰ ਦੇ ਅਨੁਸਾਰ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੀ ਅੰਮ੍ਰਿਤਸਰ ਦੇ ਸਾਰੇ ਕਾਰਜ ਮਿੱਥੇ ਜਾਂਦੇ ਹਨ।

---

[46] *ਗੁਰਮਤਿ ਪ੍ਰਕਾਸ਼* ਕੱਤਕ ਮਘਰ ਸੰਮਤ ਨਾਨਕ ਸ਼ਾਹੀ 545 ਸਫਾ 109-112

### 2.3.3. ਗੁਰਦੁਆਰਾ ਗਜ਼ਟ

ਗੁਰਦੁਆਰਾ ਗਜਟ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੀ ਅੰਮ੍ਰਿਤਸਰ ਦਾ ਪੰਜਾਬੀ ਅਤੇ ਅੰਗਰੇਜ਼ੀ ਵਿਚ ਛਪਣ ਵਾਲਾ ਮਾਸਿਕ ਪੱਤਰ ਹੈ। ਇਸਦੇ ਪ੍ਰਕਾਸ਼ਨ ਦਾ ਸੁਝਾਅ 8 ਅਕਤੂਬਰ 1927 ਈ. ਦੀ ਜਨਰਲ ਇੱਕਤਰਤਾ ਵਿਚ ਪਾਸ ਹੋਇਆ।[47] ਇਸ ਪਰਚੇ ਵਿਚ ਗੁਰਦੁਆਰਾ ਪ੍ਰਬੰਧ ਸਬੰਧੀ ਕੀਤੇ ਜਾਂਦੇ ਯਤਨ, ਧਾਰਮਿਕ ਲੇਖ, ਮਹੀਨੇ ਦੇ ਸਿੱਖ ਇਤਿਹਾਸਕ ਦਿਨ, ਆਮਦਨ ਖਰਚ ਅਤੇ ਰਹਿਤ ਮਰਯਾਦਾ ਆਦਿ ਸਬੰਧੀ ਵਿਸ਼ਾ ਵਸਤੂ ਹੁੰਦਾ ਹੈ।ਇਸਦਾ ਸਾਲਾਨਾ ਚੰਦਾ 20 ਰੁਪਏ ਅਤੇ ਪ੍ਰਤੀ ਕਾਪੀ ਕੀਮਤ 2 ਰੁਪਏ ਹੈ। ਪਿਛਲੇ ਪੰਦਰਾਂ ਸਾਲ ਤੋਂ ਇਸਦੇ ਸੰਪਾਦਕ ਦਿਲਜੀਤ ਸਿੰਘ ਬੇਦੀ ਹਨ।

### 2.3.4. ਗੁਰਮਤਿ ਗਿਆਨ (ਹਿੰਦੀ)

ਧਰਮ ਪ੍ਰਚਾਰ ਕਮੇਟੀ ਨੇ ਹਿੰਦੀ ਭਾਸ਼ਾ ਵਾਲੇ ਖੇਤਰਾਂ ਅਤੇ ਗ਼ੈਰ ਸਿੱਖ ਪਾਠਕਾਂ ਦੀ ਮੰਗ ’ਤੇ ਹਿੰਦੀ ਵਿਚ ਗੁਰਮਤਿ ਗਿਆਨ ਮਾਸਿਕ ਪੱਤ੍ਰਿਕਾ ਪ੍ਰਕਾਸ਼ਿਤ ਹੁੰਦੀ ਹੈ। ਇਕ ਤਰ੍ਹਾਂ ਦਾ ਇਹ ’ਗੁਰਮਤਿ ਪ੍ਰਕਾਸ਼’ ਦਾ ਹੀ ਹਿੰਦੀ ਰੂਪ ਹੈ। ਇਸ ਵਿਚ ਗੁਰਮਤਿ ਵਿਚਾਰਧਾਰਾ, ਸਿੱਖ ਇਤਿਹਾਸ, ਆਦਿ ਵਿਸ਼ੇ-ਵਸਤੂ ਨਾਲ ਸੰਬੰਧਿਤ ਲੇਖ ਹੁੰਦੇ ਹਨ। ਇਸਦਾ ਸਾਲਾਨਾ ਚੰਦਾ ਸਿਰਫ਼ 10 ਰੁਪਏ ਰੱਖਿਆ ਗਿਆ ਹੈ।

## 2.4. ਸਿੱਖ ਰੈਫਰੈਂਸ ਲਾਇਬ੍ਰੇਰੀ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਦੇਖ-ਰੇਖ ਵਿਚ ਹਰਿਮੰਦਰ ਸਾਹਿਬ ਦੇ ਇਕ ਪਾਸੇ ਸਿੱਖ ਰੈਫਰੈਂਸ ਲਾਇਬ੍ਰੇਰੀ ਸਥਾਪਿਤ ਕੀਤੀ ਗਈ ਹੈ। ਇਸ ਦੀ ਸਥਾਪਨਾ ਸਿੰਘ ਸਭਾ ਲਹਿਰ ਦੇ ਵਿਦਵਾਨਾਂ ਦੀ ਮਿਹਨਤ ਨਾਲ ਹੋਈ। ਇਸ ਲਾਇਬ੍ਰੇਰੀ ਨੂੰ ਅਮਲੀ ਰੂਪ ਦੇਣ ਲਈ ਮਹਾਰਜਾ ਦਲੀਪ ਸਿੰਘ ਦੀ ਕੁੜੀ ਸਹਿਬਜਾਦੀ ਬੰਬਾ ਦੀ ਅਗਵਾਈ ਵਿਚ ਖ਼ਾਲਸਾ ਕਾਲਜ, ਅੰਮ੍ਰਿਤਸਰ ਵਿਚ ਇਕ ਮੀਟਿੰਗ 20 ਫਰਵਰੀ 1945 ਈ. ਨੂੰ ਹੋਈ। ਇਸ ਵਿਚ ‘ਸਿੱਖ ਹਿਸਟਰੀ ਸੁਸਾਇਟੀ’ ਕਾਇਮ ਕਰਨ ਦਾ ਫੈਸਲਾ ਲਿਆ ਗਿਆ।[48] ਇਸ ਸੋਸਾਇਟੀ ਦੇ ਵਿਦਵਾਨਾਂ ਪ੍ਰਿ. ਤੇਜਾ ਸਿੰਘ, ਡਾ. ਗੰਡਾ ਸਿੰਘ, ਸ. ਰਣਧੀਰ ਸਿੰਘ ਰੀਸਰਚ

---

[47] ਸ਼ਮਸ਼ੇਰ ਅਸ਼ੋਕ- *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ*, ਪੰਨਾ-47

[48] ਦਿਲਜੀਤ ਸਿੰਘ, *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਦਾਰੇ,'ਗੁਰਮਤਿ ਪ੍ਰਕਾਸ਼*.1996 ਸਤੰਬਰ ,ਰੂਪ ਸਿੰਘ .ਸ (.ਸੰਪਾ)

ਸਕਾਲਰ ਆਦਿ ਨੇ 29 ਅਪ੍ਰੈਲ, 1945 ਨੂੰ ਦੀ ਮੀਟਿੰਗ ਵਿਚ ਸੈਂਟਰਲ ਸਿੱਖ ਲਾਇਬ੍ਰੇਰੀ ਬਣਾਉਣ ਦਾ ਫ਼ੈਸਲਾ ਲਿਆ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮਤਾ ਨੰ. 822 ਅਨੁਸਾਰ ਇਸਦਾ ਨਾਮ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਰੱਖਿਆ ਅਤੇ 27 ਅਕਤੂਬਰ 1945 ਨੂੰ ਇਸਦੀ ਸਥਾਪਨਾ ਕੀਤੀ ਗਈ।[49] 1983 ਈ. ਤਕ ਕਿਤਾਬਾਂ ਅਤੇ ਹਥ ਲਿਖਤਾਂ ਦਾ ਭਾਰੀ ਸੰਗ੍ਰਹਿ ਹੋ ਗਿਆ। ਇਸ ਸਮੇਂ ਤਕ ਹਥ-ਲਿਖਤਾਂ ਅਤੇ ਪ੍ਰਕਾਸ਼ਿਤ ਪੁਸਤਕਾਂ ਦੀ ਗਿਣਤੀ 20 ਹਜਾਰ ਤੋਂ ਉੱਪਰ ਹੋ ਚੁਕੀ ਸੀ।[50] ਪਰੰਤੂ 1984 ਈ. ਵਿਚ ਅਕਾਲ ਤਖ਼ਤ ਉੱਪਰ ਹੋਏ ਫੌਜੀ ਹਮਲੇ ਵਿਚ ਇਹ ਸਾਰੀ ਸਮਗਰੀ ਨਸ਼ਟ ਹੋ ਗਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਲਾਇਬ੍ਰੇਰੀ ਦੀ ਪੁਨਰ-ਸੁਰਜੀਤੀ ਲਈ ਯਤਨਸ਼ੀਲ ਹੈ। ਸ਼ਮਸ਼ੇਰ ਸਿੰਘ ਅਸ਼ੋਕ ਸਿੱਖ ਸਿਆਸਤ ਵੈੱਬਸਾਇਟ ਤੇ ਆਪਣੇ 26 ਜੂਨ 2016 ਦੇ ਆਰਟੀਕਲ ਵਿਚ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਦੇ ਕੀਮਤੀ ਸਰਮਾਏ ਬਾਰੇ ਭਾਵਪੂਰਤ ਜ਼ਿਕਰ ਕਰਦੇ ਹੋਏ ਕੁਝ ਲਿਖਤਾਂ ਦਾ ਜ਼ਿਕਰ ਕਰਦੇ ਹਨ ਜੋ ਇਸ ਪ੍ਰਕਾਰ ਹਨ:

- 24 ਨਵੰਬਰ 1920 ਤੋਂ ਲੈ ਕੇ ਮਈ 1984 ਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਹੱਥ ਲਿਖਤ ਤੇ ਟਾਈਪ ਕੀਤਾ ਕੀਮਤੀ ਰਿਕਾਰਡ ਅਤੇ ਜਨਰਲ ਕਾਰਵਾਈਆਂ ਦੇ ਰਜ਼ਿਸਟਰ।
  - ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਦਸਮ ਗ੍ਰੰਥ ਜੀ ਦੀਆਂ ਪਵਿੱਤਰ ਹੱਥ-ਲਿਖਤ ਬੀੜਾਂ
  - 1500 ਦੇ ਲਗਭਗ ਗੁਰਮੁਖੀ, ਪੰਜਾਬੀ, ਉਰਦੂ, ਫਾਰਸੀ, ਅਰਬੀ ਤੇ ਤਿੱਬਤੀ ਜ਼ੁਬਾਨ ਦੇ ਦੁਰਲੱਭ ਗ੍ਰੰਥ
  - ਬਾਣੀਆਂ ਦੀ ਵੱਖ-ਵੱਖ ਤਰਤੀਬ ਵਾਲੀਆਂ ਸ੍ਰੀ ਦਸਮ ਗ੍ਰੰਥ ਜੀ ਦੀਆਂ ਪਵਿੱਤਰ ਬੀੜਾਂ
  - ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਹਰਦਾਸ ਦੀ ਬੀੜ
  - ਸ੍ਰੀ ਆਦਿ ਗ੍ਰੰਥ ਜੀ ਦੀ ਕਰਤਾਰ ਪੁਰੀ ਬੀੜ ਦੇ ਉਤਾਰੇ

---

[49] ਗੁਰਜਿੰਦਰ ਸਿੰਘ, *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵਿੱਦਿਅਕ ਦੇਣ: ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦੇ ਸੰਦਰਭ ਵਿਚ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, (ਅਣਪ੍ਰਕਾਸ਼ਿਤ ਖੋਜ ਨਿਬੰਧ), 2009, ਪੰ. 61.

[50] ਉਹੀ

- ਮਾਗਟ ਵਾਲੀ ਖਾਰੀ ਬੀੜ ਦੀਆਂ ਸੰਨ-ਸੰਮਤ ਵਾਰ ਕਈ ਦੁਰਲੱਭ ਹੱਥ ਲਿਖਤਾਂ
- ਦਮਦਮੀ ਬੀੜ ਦਾ 1739 ਬਿਕਰਮੀ ਸੰਮਤ ਦਾ ਹੱਥ-ਲਿਖਤ ਨੁਸਖਾ

## 2.5. ਸਿੱਖ ਸਾਹਿਤ ਪ੍ਰਕਾਸ਼ਨ

ਸਿੱਖ ਸਾਹਿਤ ਦੇ ਪ੍ਰਕਾਸ਼ਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਚਾਰ ਪ੍ਰਿੰਟਿੰਗ ਪ੍ਰੈਸਾਂ ਹਨ:

- ਗੁਰਦੁਆਰਾ ਪ੍ਰਿੰਟਿੰਗ ਪ੍ਰੈਸ
- ਗੋਲਡਨ ਆਫ਼ਸੈੱਟ ਪ੍ਰੈਸ
- ਸ਼੍ਰੋਮਣੀ ਪ੍ਰਿੰਟਿੰਗ ਪ੍ਰੈਸ
- ਸਾਹਬਾਦ ਮਾਰਕੰਡਾ ਪ੍ਰੈਸ (ਅੰਬਾਲਾ)

ਇਹਨਾਂ ਪ੍ਰੈਸਾਂ ਦੁਆਰਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਦਾਰਿਆਂ ਦੁਆਰਾ ਸਿੱਖ ਸਾਹਿਤ ਪ੍ਰਕਾਸ਼ਨ ਕੀਤਾ ਜਾਂਦਾ ਹੈ ਜਿਸ ਦਾ ਵੇਰਵਾ ਇਸ ਪ੍ਰਕਾਰ ਹੈ।

## 2.6. ਸਿੱਖ ਧਰਮ ਸੰਬੰਧੀ ਖੋਜ ਕਾਰਜ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖ ਪੰਥ ਦੇ ਇਤਿਹਾਸ ਅਤੇ ਸਿਧਾਤਾਂ ਸਬੰਧੀ ਖੋਜ ਕਰਨ ਵਾਲੇ ਵਿਦਵਾਨਾਂ ਪਾਠਕਾਂ ਤੇ ਲੇਖਕਾਂ ਦੀ ਅਨੇਕ ਪ੍ਰਕਾਰ ਦੀ ਸੇਵਾ ਲਈ ਸਿੱਖ ਇਤਿਹਾਸ ਰੀਸਰਚ ਬੋਰਡ ਵੱਲੋਂ ਇਕ ਬਹੁਤ ਲੋੜੀਂਦੀ ਅਤੇ ਅਦੁੱਤੀ ਸੇਵਾ ਹੋ ਰਹੀ ਹੈ। ਇਸ ਬੋਰਡ ਦੇ ਮੈਂਬਰ ਸਿੱਖ ਇਤਿਹਾਸ ਜਾਣੂੰ ਵਿਦਵਾਨ ਹੁੰਦੇ ਹਨ।

### 2.6.1. ਸਿੱਖ ਇਤਿਹਾਸ ਰੀਸਰਚ ਬੋਰਡ

ਸਿੱਖ ਇਤਿਹਾਸ ਰੀਸਰਚ ਬੋਰਡ ਦੀ ਸੇਵਾ ਦੇ ਖੇਤਰ ਵਿਚ 1950 ਤੋਂ ਚਲਦੀ ਸਿੱਖ ਰੀਫਰੈਂਸ ਲਾਇਬ੍ਰੇਰੀ ਹੈ ਜਿਸ ਵਿਚ 20 ਹਜ਼ਾਰ ਤੋਂ ਵਧੇਰੇ ਅਦੁੱਤੀ ਪੁਸਤਕਾਂ ਹਨ। ਇਹ ਪੁਸਤਕਾਂ ਅੰਗਰੇਜ਼ੀ, ਹਿੰਦੀ, ਪੰਜਾਬੀ ਤੇ ਹੋਰ ਭਾਸ਼ਾਵਾਂ ਵਿਚ ਉਪਲਬੱਧ ਹਨ। ਲੱਖਾਂ ਰੁਪਏ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਵੀਆਂ ਛਪੀਆਂ ਪੁਸਤਕਾਂ ਖਰੀਦਣ ਉੱਤੇ ਖਰਚ ਕਰਦੀ ਹੈ ਅਤੇ ਲਾਇਬ੍ਰੇਰੀ ਨੂੰ ਗਿਆਨ ਨਾਲ ਤਰੋਤਾਜ਼ਾ ਰੱਖਦੀ ਹੈ। ਸਿੱਖ ਇਤਿਹਾਸ ਸਬੰਧੀ ਅਤੇ ਹੋਰ ਬਹੁਮੁੱਲੇ ਖਰੜੇ ਵੀ ਕਮੇਟੀ ਛਾਪਦੀ ਹੈ। ਸ੍ਰੀ ਗੁਰੂ

ਗ੍ਰੰਥ ਸਾਹਿਬ ਅਤੇ ਹੋਰ ਗੁਟਕੇ ਵੀ ਹੁਣ ਸ਼੍ਰੋਮਣੀ ਕਮੇਟੀ ਖੁਦ ਆਪਣੀ ਪ੍ਰੈਸ ਤੋਂ ਹੀ ਛਾਪਦੀ ਹੈ ਤਾਂਕਿ ਗੁਰਬਾਣੀ ਨਾਲ ਕੋਈ ਪ੍ਰਕਾਸ਼ਕ ਛੇੜ ਛਾੜ ਨਾ ਕਰ ਸਕੇ। ਵੱਡੀ ਗੱਲ ਇਹ ਹੈ ਕਿ ਸਾਰਾ ਧਾਰਮਿਕ ਲਿਟਰੇਚਰ ਸੰਗਤਾਂ ਨੂੰ ਸਸਤੇ ਮੁੱਲ ਉੱਤੇ ਮੁਹੱਈਆ ਕਰਵਾਇਆ ਜਾਂਦਾ ਹੈ। ਜਿਹੜੇ ਵਿਦਵਾਨ ਜਾਂ ਵਿਦਿਆਰਥੀ ਖੋਜ ਕਰਨ ਲਈ ਅੰਮ੍ਰਿਤਸਰ ਆਉਂਦੇ ਹਨ ਕਮੇਟੀ ਉਨ੍ਹਾਂ ਦੇ ਰਹਿਣ ਅਤੇ ਲੰਗਰ ਦੀ ਸੇਵਾ ਦਾ ਜਿੰਮਾ ਆਪ ਲੈਂਦੀ ਹੈ।

ਸਿੱਖ ਇਤਿਹਾਸ ਰੀਸਰਚ ਬੋਰਡ ਵੱਲੋਂ ਪ੍ਰਕਾਸ਼ਿਤ ਕਿਤਾਬਾਂ ਦੀ ਸੂਚੀ ਇਸ ਪ੍ਰਕਾਰ ਹੈ:

| **ਲੜੀ ਨੰ.** | **ਪੁਸਤਕ ਦਾ ਨਾਂ** | **ਲੇਖਕ** |
|---|---|---|
| 1 | ਸ੍ਰੀ ਗੁਰੂ ਪੰਥ ਪ੍ਰਕਾਸ਼ | ਭਾਈ ਰਤਨ ਸਿੰਘ ਭੰਗੂ ਸ਼ਹੀਦ |
| 2 | ਸਿੱਖ ਲਹਿਰ | ਜਗਜੀਤ ਸਿੰਘ |
| 3 | ਸ੍ਰੀ ਗੁਰਦੁਆਰਾ ਰੀਫਾਰਮ ਮੂਵਮੈਂਟ | ਪ੍ਰਿੰ. ਤੇਜਾ ਸਿੰਘ |
| 4 | ਸ਼੍ਰੋਮਣੀ ਕਮੇਟੀ ਦਾ ੫੦ ਸਾਲਾ ਇਤਿਹਾਸ | ਸਮਸ਼ੇਰ ਸਿੰਘ ਅਸ਼ੋਕ |
| 5 | ਇਤਿਹਾਸਕ ਖੋਜ ਭਾਗ ੧ | ਹੀਰਾ ਸਿੰਘ ਦਰਦ |
| 6 | ਇਤਿਹਾਸਕ ਖੋਜ ਭਾਗ ੨ | ਹੀਰਾ ਸਿੰਘ ਦਰਦ |
| 7 | ਇਤਿਹਾਸਕ ਖੋਜ ਭਾਗ ੩ | ਹੀਰਾ ਸਿੰਘ ਦਰਦ |
| 8 | ਵਾਰਾਂ ਤੇ ਜੰਗ ਨਾਮੇ | ਸਮਸ਼ੇਰ ਸਿੰਘ ਅਸ਼ੋਕ |
| 9 | ਵਿਜੈ ਵਿਨੋਦ (ਹਿੰਦੀ) | ਡਾ. ਦਵਿੰਦਰ ਵਿਦਿਆਰਥੀ |
| 10 | ਸਟਰਗਲ ਫਰੀਡਮ ਜੈਤੋ | ਪ੍ਰਿੰ. ਤੇਜਾ ਸਿੰਘ |
| 11 | ਸਿੱਖ ਅਤੇ ਸਿੱਖੀ | ਸ੍ਰ. ਹਰਿੰਦਰ ਸਿੰਘ ਰੂਪ |
| 12 | ਪੰਜਾਬੀ ਸੂਬਾ ਮੋਰਚਾ ਤਵਾਰੀਖ | ਡਾ. ਹਰਿੰਦਰ ਸਿੰਘ ਦਿਲਗੀਰ |
| 13 | ਪੰਜਾਬੀ ਸੂਬਾ ਮੋਰਚਾ ਤਸਵੀਰਾਂ ਵਾਲਾ | ਡਾ. ਹਰਿੰਦਰ ਸਿੰਘ ਦਿਲਗੀਰ |
| 14 | ਬੱਬਰ ਅਕਾਲੀ ਲਹਿਰ ਤੇ ਆਗੂ | ਗੁਰਬਚਨ ਸਿੰਘ |
| 15 | ਅਕਾਲੀ ਦਲ ਸੱਚਾ ਸੌਦਾ ਬਾਰ | ਡਾ. ਕੁਲਵਿੰਦਰ ਸਿੰਘ ਬਾਜਵਾ |
| 16 | ਬਾਜਨਾਮਾ | ਡਾ. ਜਸਬੀਰ ਸਿੰਘ ਸਰਨਾ |

| | | |
|---|---|---|
| 17 | ਸੋ ਥਾਨ ਸੁਹਾਵਾ | ਰੂਪ ਸਿੰਘ |
| 18 | ਮਹਾਰਾਜਾ ਰਣਜੀਤ ਸਿੰਘ ਜੀਵਨ ਅਤੇ ਘਾਲਣਾ | ਕ੍ਰਿਪਾਲ ਸਿੰਘ ਐਮ.ਏ. |
| 19 | ਬਾਬਾ ਬੰਦਾ ਸਿੰਘ ਬਹਾਦਰ | ਗੰਡਾ ਸਿੰਘ |
| 20 | ਸ਼੍ਰੋਮਣੀ ਕਮੇਟੀ ਕਿਵੇਂ ਬਣੀ? | ਡਾ. ਹਰਿੰਦਰ ਸਿੰਘ ਦਿਲਗੀਰ |
| 21 | ਸਰਦਾਰ ਹਰੀ ਸਿੰਘ ਨਲਵਾ ਵਾਰਾਂ ਤੇ ਜੰਗਨਾਮੇ | |
| 22 | ਸ੍ਰੀ ਗੁਰ ਸੋਭਾ | |

### 2.6.2. ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਦੀਆਂ ਪ੍ਰਕਾਸ਼ਨਾਵਾਂ

ਧਰਮ ਪ੍ਰਚਾਰ ਕਮੇਟੀ ਆਪਣੇ ਨਾਮ ਤਹਿਤ ਵੀ ਪੁਸਤਕਾਂ ਦਾ ਪ੍ਰਕਾਸ਼ਨ ਕਰਵਾਉਂਦੀ ਹੈ। ਹੁਣ ਤੱਕ ਲਗਪਗ ਡੇਢ ਸੌ ਤੋਂ ਉੱਪਰ ਪੁਸਤਕਾਂ ਦਾ ਪ੍ਰਕਾਸ਼ਨ ਹੋ ਚੁੱਕਿਆ ਹੈ, ਜਿਨ੍ਹਾਂ ਦੀ ਸੂਚੀ ਨਿਮਨਿਲਿਖਤ ਹੈ:

ਧਰਮ ਪ੍ਰਚਾਰ ਕਮੇਟੀ ਦੀਆਂ ਪ੍ਰਕਾਸ਼ਨਾਵਾਂ

| ਲੜੀ ਨੰ. | ਪੁਸਤਕ | ਲੇਖਕ |
|---|---|---|
| 1 | ਆਤਮ ਕਥਾ ਬਾਬਾ ਵਿਸਾਖਾ ਸਿੰਘ | ਪ੍ਰੋ ਮਲਵਿੰਦਰਜੀਤ ਸਿੰਘ |
| 2 | ਅੰਗਰੇਜ਼ਾਂ ਅਤੇ ਸਿੱਖਾਂ ਦੀਆਂ ਲੜਾਈਆਂ | ਕਰਨੈਲ ਸਿੰਘ |
| 3 | ਅਲੰਕਾਰ ਨਿਰਣਯ | ਪੰਡਤ ਕਰਤਾਰ ਸਿੰਘ ਦਾਖਾ |
| 4 | ਏਕ ਓਟ ਏਕੋ ਆਧਾਰ | ਗਿਆਨੀ ਅਰਜਨ ਸਿੰਘ |
| 5 | ਸਿੱਖ ਨੈਤਿਕਚਾਰ | ਬਲਵਿੰਦਰਪਾਲ ਸਿੰਘ |
| 6 | ਸਿੱਖ ਸਿੱਖੀ ਅਤੇ ਸਿਧਾਂਤ | ਡਾ. ਤਾਰਨ ਸਿੰਘ |
| 7 | ਸਿੱਖ ਜੱਥੇਬੰਦੀ | ਗਿਆਨੀ ਦਿੱਤ ਸਿੰਘ (ਸੰਪਾਦਕ) |
| 8 | ਸਿੱਖ ਸੰਕਲਪ ਸਿਧਾਂਤ ਅਤੇ ਸੰਸਥਾਵਾਂ | ਰੂਪ ਸਿੰਘ (ਸੰਪਾਦਕ) |
| 9 | ਸ੍ਰੀ ਗੁਰੂ ਗ੍ਰੰਥ ਅਤੇ ਪੰਥ | ਗਿਆਨੀ ਸ਼ੇਰ ਸਿੰਘ |
| 10 | ਸਿੱਖ ਧਰਮ | ਪ੍ਰਿੰ ਤੇਜਾ ਸਿੰਘ ਐਮ.ਏ. |
| 11 | ਸਿੱਖ ਸਭਿਆਚਾਰ ਅਤੇ ਹੋਰ ਧਾਰਮਿਕ ਲੇਖ | ਪ੍ਰਿੰ ਤੇਜਾ ਸਿੰਘ ਐਮ.ਏ. |
| 12 | ਸਿੱਖ ਇਤਿਹਾਸ ਬਾਰੇ | |
| 13 | ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਇਲਾਹੀ ਸੰਦੇਸ਼ | |

| | | |
|---|---|---|
| 14 | ਸਿੱਖ ਸ਼ਹੀਦੀ ਲਹਿਰਾਂ ਭਾਗ ੨ | |
| 15 | ਸਿੱਖ ਨਸ਼ਲਕੁਸ਼ੀ-੧੯੯੪ | ਸਿਮਰਜੀਤ ਸਿੰਘ (ਸੰਪਾਦਕ) |
| 16 | ਸੇ ਭਗਤ ਸਤਿਗੁਰ ਮਨ ਭਾਏ | ਸ. ਰੂਪ ਸਿੰਘ (ਸੰਪਾਦਕ) |
| 17 | ਸਿੱਖ ਸੰਗਰਾਮ ਦੀ ਦਾਸਤਾਨ | ਸ. ਰੂਪ ਸਿੰਘ ਸੰਪਾਦਕ |
| 18 | ਸਿੱਖ ਇੰਨਕਲਾਬ | ਜਗਜੀਤ ਸਿੰਘ |
| 19 | ਸਿੱਖ ਧਰਮ ਅਤੇ ਅਨਯ-ਮਤ | ਗਿਆਨੀ ਲਾਲ ਸਿੰਘ (ਸੰਗਰੂਰ ਵਾਲੇ) |
| 20 | ਗੁਰਮਤਿ ਦਰਸ਼ਨ ਅਤੇ ਸਿੱਖ ਸਭਿਆਚਾਰ | ਸਿਮਰਜੀਤ ਸਿੰਘ (ਸੰਪਾਦਕ) |
| 21 | ਗੁਰੂ ਬਾਬੇ ਦੀ ਬਾਣੀ | ਡਾ. ਹਰਨਾਮ ਸਿੰਘ ਸ਼ਾਨ |
| 22 | ਗੁਰੂ ਕਾਵਯ ਦਰਸ਼ਨ | ਪੰਡਤ ਕਰਤਾਰ ਸਿੰਘ ਦਾਖਾ |
| 23 | ਗੁਰਮਤਿ ਸੰਗੀਤ ਦਰਪਣ ਭਾਗ ੧ | ਪ੍ਰੋ. ਕਰਤਾਰ ਸਿੰਘ |
| 24 | ਗੁਰਮਤਿ ਸੰਗੀਤ ਦਰਪਣ ਭਾਗ ੨ | ਪ੍ਰੋ. ਕਰਤਾਰ ਸਿੰਘ |
| 25 | ਗੁਰਮਤਿ ਸੰਗੀਤ ਦਰਪਣ ਭਾਗ ੩ | ਪ੍ਰੋ. ਕਰਤਾਰ ਸਿੰਘ |
| 26 | ਗੁਰਮਤਿ ਗਿਆਨ ਭਾਗ ੧ | ਪ੍ਰੋ. ਇੰਦਰਜੀਤ ਸਿੰਘ ਗੋਗੋਆਣੀ |
| 27 | ਗੁਰਮਤਿ ਗਿਆਨ ਭਾਗ ੨ | ਪ੍ਰੋ. ਇੰਦਰਜੀਤ ਸਿੰਘ ਗੋਗੋਆਣੀ |
| 28 | ਗੁਰਮਤਿ ਗਿਆਨ ਭਾਗ ੩ | ਪ੍ਰਿੰ. ਜੋਗੇਸ਼ਵਰ ਸਿੰਘ |
| 29 | ਗੁਰਮਤਿ ਗਿਆਨ ਭਾਗ ੪ (ਪਹਿਲਾ) | |
| 30 | ਗੁਰਮਤਿ ਗਿਆਨ ਭਾਗ ੪ (ਦੂਜਾ) | |
| 31 | ਗਤਕਾ | |
| 32 | ਗੁਰਬਾਣੀ ਸੰਗੀਤ ਦਰਪਣ | ਪ੍ਰੋ.ਕਰਤਾਰ ਸਿੰਘ |
| 33 | ਗਿਆਨੀ ਦਿੱਤ ਸਿੰਘ | ਗਿ. ਗੁਰਦਿੱਤ ਸਿੰਘ (ਸੰਪਾਦਕ) |
| 34 | ਗੁਰੂ ਅੰਗਦ ਦੇਵ ਸੰਗੀਤ ਦਰਪਣ | ਪ੍ਰੋ.ਕਰਤਾਰ ਸਿੰਘ |
| 35 | ਗੁਰੂ ਅੰਗਦ ਦੇਵ ਜੀ ਦਾ ਪੂਰਨ ਸਮਰਪਣ ਫ਼ਲਸਫ਼ਾ | |
| 36 | ਗੁਰਦੁਆਰਾ ਕੋਸ਼ | |
| 37 | ਚਾਰ ਸਾਜਿਬਜਾਦੇ | |
| 38 | ਜਿਨਿ ਨਾਮੁ ਲਿਖਾਇਆ ਸਚੁ | ਬਲਵਿੰਦਰ ਸਿੰਘ ਜੌੜਾ ਸਿੰਘ |
| 39 | ਵੱਡਾ ਪੁਰਖ ਪ੍ਰਗਟਿਆ | ਰੂਪ ਸਿੰਘ |
| 40 | ਜੋਤਿ ਪ੍ਰਗਾਸ | |
| 41 | ਜਪੁਜੀ ਸਟੀਕ | ਪ੍ਰਿ. ਤੇਜਾ ਸਿੰਘ |

| | | |
|---|---|---|
| 42 | ਦਸ਼ਮੇਸ਼ ਪ੍ਰਗਾਸ | |
| 43 | ਤੇਰੇ ਦਰ ਤੇ ਵਗਦੀ ਕਾਵਿ ਨਦੀ | |
| 44 | ਧਰਮਬੀਰ | ਲਾਲਾ ਧਨੀ ਰਾਮ ਚਾਤ੍ਰਿਕ |
| 45 | ਨਸ਼ਿਆਂ ਦੀ ਦਲਦਲ | ਡਾ. ਰਾਜਿੰਦਰ ਸਿੰਘ |
| 46 | ਪਿਰਮ ਪਿਆਲਾ | ਮਾਸਟਰ ਤਾਰਾ ਸਿੰਘ |
| 47 | ਪੰਥ ਸੇਵਕ (ਹਿੰਦੀ) | |
| 48 | ਮੇਰੀ ਯਾਦ | ਮਾਸਟਰ ਤਾਰਾ ਸਿੰਘ |
| 49 | ਰੱਬੀ ਰਿਸ਼ਮਾਂ | ਪ੍ਰਿੰ. ਰਾਮ ਸਿੰਘ |
| 50 | ੫੦ ਸਾਲਾ ਇਤਿਹਾਸ ਗੁਰਮਤਿ ਪ੍ਰਕਾਸ਼ | ਬਲਵਿੰਦਰ ਸਿੰਘ ਜੌੜਾ ਸਿੰਘ |
| 51 | ਸ੍ਰੀ ਗੁਰੂ ਨਾਨਕ ਪ੍ਰਕਾਸ਼ ਪੂਰਬਾਰਧ ਭਾਗ ੨ | ਡਾ. ਕਿਰਪਾਲ ਸਿੰਘ (ਸੰਪਾਦਕ) |
| 52 | ਸ੍ਰੀ ਗੁਰੂ ਨਾਨਕ ਪ੍ਰਕਾਸ਼ ਉਤਰਾਰਧ ਭਾਗ ੧ | ਡਾ. ਕਿਰਪਾਲ ਸਿੰਘ (ਸੰਪਾਦਕ) |
| 53 | ਸ੍ਰੀ ਗੁਰੂ ਨਾਨਕ ਪ੍ਰਕਾਸ਼ ਉਤਰਾਰਧ ਭਾਗ ੨ | ਡਾ. ਕਿਰਪਾਲ ਸਿੰਘ (ਸੰਪਾਦਕ) |
| 54 | ਸ੍ਰੀ ਗੁਰੂ ਅੰਗਦ ਦੇਵ ਜੀ ਜੀਵਨ ਬ੍ਰਿਤਾਂਤ | ਡਾ. ਕਿਰਪਾਲ ਸਿੰਘ (ਸੰਪਾਦਕ) |
| 55 | ਸ੍ਰੀ ਗੁਰੂ ਅਮਰਦਾਸ ਜੀ ਜੀਵਨ ਬ੍ਰਿਤਾਂਤ | ਡਾ. ਕਿਰਪਾਲ ਸਿੰਘ (ਸੰਪਾਦਕ) |
| 56 | ਸ੍ਰੀ ਗੁਰੂ ਰਾਮਦਾਸ ਜੀ ਜੀਵਨ ਬ੍ਰਿਤਾਂਤ | ਡਾ. ਕਿਰਪਾਲ ਸਿੰਘ (ਸੰਪਾਦਕ) |
| 57 | ਸ੍ਰੀ ਗੁਰੂ ਅਰਜਨ ਦੇਵ ਜੀ ਜੀਵਨ ਬ੍ਰਿਤਾਂਤ ਭਾਗ ੧ | ਡਾ. ਕਿਰਪਾਲ ਸਿੰਘ (ਸੰਪਾਦਕ) |
| 58 | ਸ੍ਰੀ ਗੁਰੂ ਅਰਜਨ ਦੇਵ ਜੀ ਜੀਵਨ ਬ੍ਰਿਤਾਂਤ ਭਾਗ ੨ | ਡਾ. ਕਿਰਪਾਲ ਸਿੰਘ (ਸੰਪਾਦਕ) |
| 59 | ਸ੍ਰੀ ਗੁਰੂ ਅਰਜਨ ਦੇਵ ਜੀ ਜੀਵਨ ਬ੍ਰਿਤਾਂਤ ਭਾਗ ੩ | ਡਾ. ਕਿਰਪਾਲ ਸਿੰਘ (ਸੰਪਾਦਕ) |
| 60 | ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਜੀਵਨ ਬ੍ਰਿਤਾਂਤ ਭਾਗ ੧ | ਡਾ. ਕਿਰਪਾਲ ਸਿੰਘ (ਸੰਪਾਦਕ) |
| 61 | ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਜੀਵਨ ਬ੍ਰਿਤਾਂਤ ਭਾਗ ੨ | ਡਾ. ਕਿਰਪਾਲ ਸਿੰਘ (ਸੰਪਾਦਕ) |
| 62 | ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਜੀਵਨ ਬ੍ਰਿਤਾਂਤ ਭਾਗ ੩ | ਡਾ. ਕਿਰਪਾਲ ਸਿੰਘ (ਸੰਪਾਦਕ) |
| 63 | ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਜੀਵਨ ਬ੍ਰਿਤਾਂਤ ਭਾਗ ੪ | ਡਾ. ਕਿਰਪਾਲ ਸਿੰਘ (ਸੰਪਾਦਕ) |
| 64 | ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਜੀਵਨ ਬ੍ਰਿਤਾਂਤ ਭਾਗ ੫ | ਡਾ. ਕਿਰਪਾਲ ਸਿੰਘ (ਸੰਪਾਦਕ) |
| 65 | ਸ੍ਰੀ ਗੁਰੂ ਹਰਿਰਾਏ ਸਾਹਿਬ ਜੀ ਜੀਵਨ ਬ੍ਰਿਤਾਂਤ ਭਾਗ ੧ | |
| 66 | ਸ੍ਰੀ ਗੁਰੂ ਹਰਿਰਾਏ ਸਾਹਿਬ ਜੀ ਜੀਵਨ ਬ੍ਰਿਤਾਂਤ ਭਾਗ ੨ | |
| 67 | ਸ੍ਰੀ ਗੁਰੂ ਹਰਿਕਿਸ਼ਨ ਸਾਹਿਬ ਜੀ ਜੀਵਨ ਬ੍ਰਿਤਾਂਤ ਭਾਗ ੧ | |
| 68 | ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਜੀਵਨ ਬ੍ਰਿਤਾਂਤ ਭਾਗ ੧ | |

| | | |
|---|---|---|
| 69 | Around Gurdwara Sri Dukh Niwaran Sahib | Dr. Gurbachan Singh M.A. |
| 70 | Anglo Sikh Wars | S. Karnail Singh |
| 71 | Gurdwara Sri Fatehgarh Sahib Sirhind | Dr. Gurbachan Singh M.A. |
| 72 | Jathedar Bhai Kartar Singh Jhabbar | Bhai Narain Singh M.A. |
| 73 | Saying of Guru Nanak | Dr. Harnam Singh Shan |
| 74 | Sardar Hari Singh Nalwa | Dr. G.S. Nayyar |
| 75 | Maharaja Duleep Singh | Prof. Prithipal Singh |
| 76 | History of Sikhs & Their Religion Part 1 | Dr. Kirpal Singh and Kharak Singh |
| 77 | History of Sikhs & Their Religion Part 2 | Dr. Kirpal Singh and Kharak Singh |

## ਸਚਿੱਤਰ ਪੁਸਤਕਾਂ

| **ਲੜੀ ਨੰ.** | **ਸਚਿੱਤਰ ਪੁਸਤਕਾਂ (ਪੰਜਾਬੀ)** | **ਲੇਖਕ** |
|---|---|---|
| 1 | ਸਾਕਾ ਚਮਕੌਰ | ਪ੍ਰਿੰ ਸਤਿਬੀਰ ਸਿੰਘ |
| 2 | ਬਾਬਾ ਬੰਦਾ ਸਿੰਘ ਬਹਾਦਰ | ਪ੍ਰਿੰ ਸਤਿਬੀਰ ਸਿੰਘ |
| 3 | ਸ਼ਹੀਦੀ ਪ੍ਰੰਪਰਾ | ਪ੍ਰਿੰ ਸਤਿਬੀਰ ਸਿੰਘ |
| 4 | ਅਰਦਾਸ | ਪ੍ਰਿੰ ਸਤਿਬੀਰ ਸਿੰਘ |
| 5 | ਜੰਗਾਂ | ਪ੍ਰਿੰ ਸਤਿਬੀਰ ਸਿੰਘ |
| 6 | ਸ੍ਰੀ ਗੁਰੂ ਹਰਗੋਬਿੰਦ ਸਾਹਿਬ | ਪ੍ਰਿੰ ਸਤਿਬੀਰ ਸਿੰਘ |
| 7 | ਨਿੱਕੀਆਂ ਜਿੰਦਾਂ ਵੱਡਾ ਸਾਕਾ | ਪ੍ਰਿੰ ਸਤਿਬੀਰ ਸਿੰਘ |
| 8 | ਭਾਈ ਘਨਈਆ ਜੀ | ਪ੍ਰਿੰ ਸਤਿਬੀਰ ਸਿੰਘ |

| | | |
|---|---|---|
| 9 | ਬਾਬਾ ਬੁੱਢਾ ਜੀ | ਪ੍ਰਿੰ ਸਤਿਬੀਰ ਸਿੰਘ |
| | **ਸਚਿੱਤਰ ਪੁਸਤਕਾਂ (ਹਿੰਦੀ)** | |
| 10 | ਨਿੱਕੀਆਂ ਜਿੰਦਾਂ ਵੱਡਾ ਸਾਕਾ (ਹਿੰਦੀ) | ਪ੍ਰਿੰ ਸਤਿਬੀਰ ਸਿੰਘ |
| 11 | ਸਾਕਾ ਚਮਕੌਰ (ਹਿੰਦੀ) | ਪ੍ਰਿੰ ਸਤਿਬੀਰ ਸਿੰਘ |
| 12 | ਬਾਬਾ ਬੰਦਾ ਸਿੰਘ ਬਹਾਦਰ (ਹਿੰਦੀ) | ਪ੍ਰਿੰ ਸਤਿਬੀਰ ਸਿੰਘ |
| 13 | ਸ਼ਹੀਦੀ ਪ੍ਰੰਪਰਾ (ਹਿੰਦੀ) | ਪ੍ਰਿੰ ਸਤਿਬੀਰ ਸਿੰਘ |
| 14 | ਗੁਰਦੁਆਰੇ ਗੁਰਧਾਮ | ਰੂਪ ਸਿੰਘ |
| | **ਸਚਿੱਤਰ ਪੁਸਤਕਾਂ (ਅੰਗਰੇਜ਼ੀ)** | |
| 15 | Supreme Sacrifice of Young Souls | pri. Satbir Singh |
| 16 | The Illustrated Story of Chamkaur Sahib | pri. Satbir Singh |
| 17 | Baba Banda Singh Bahadur | pri. Satbir Singh |
| 18 | Illustrate Martydom Tradition | pri. Satbir Singh |
| 19 | Ardas | pri. Satbir Singh |
| 20 | Gurdware Gurdham | Roop Singh |

## ਧਰਮ ਪ੍ਰਚਾਰ ਕਮੇਟੀ ਦੀਆਂ ਭੇਟਾ ਰਹਿਤ ਪ੍ਰਕਾਸ਼ਨਾਵਾਂ

| ਲੜੀ ਨੰ. | ਪੁਸਤਕ | ਲੇਖਕ |
|---|---|---|
| 1. | ਏਕਲੜੀ ਬਨ ਮਾਹੇ | ਧਰਮ ਪ੍ਰਚਾਰ ਕਮੇਟੀ |
| 2. | ਇਤਿਹਾਸ ਚਾਲੀ ਮੁਕਤੇ | ਡਾ. ਅਮਰਜੀਤ ਸਿੰਘ |
| 3. | ਇਕ ਖ਼ਤ ਭਾਈ ਤਾਰੂ ਸਿੰਘ ਦੇ ਵਾਰਸਾਂ ਦੇ ਨਾਂ | ਡਾ. ਗੁਰਚਰਨਜੀਤ ਸਿੰਘ ਐਡਵੋਕੇਟ |

| | | |
|---|---|---|
| 4. | ਸਿੱਖ ਰਹਿਤ ਮਰਯਾਦਾ | ਧਰਮ ਪ੍ਰਚਾਰ ਕਮੇਟੀ |
| 5. | ਸਿੱਖ ਰਹਿਤ ਮਰਯਾਦਾ ਕੈਲੰਡਰ ਪੰਜਾਬੀ | ਧਰਮ ਪ੍ਰਚਾਰ ਕਮੇਟੀ |
| 6. | ਸੁਖਾਲਾ ਮਾਰਗ | ਪ੍ਰੋ. ਕਰਤਾਰ ਸਿੰਘ ਐਮ.ਏ |
| 7. | ਸਿਹਤ ਚੇਤਨਾ | ਡਾ. ਗੁਰਪ੍ਰੀਤ ਇੰਦਰ ਸਿੰਘ |
| 8. | ਸਿੱਖ ਫੇਥ | ਡਾ. ਗੁਰਬਖ਼ਸ਼ ਸਿੰਘ |
| 9. | ਸ੍ਰੀ ਗੁਰੂ ਅੰਗਦ ਦੇਵ ਜੀ ਆਤਮਿਕ ਦਰਸ਼ਨ | ਡਾ. ਤਾਰਨ ਸਿੰਘ |
| 10. | ਸਿਗਰਟ ਬੀੜੀ ਪੀਣੀ ਕਿਉਂ ਖ਼ਤਰਨਾਕ ਹੈ? | ਡਾ. ਮਹਿੰਦਰ ਸਿੰਘ ਢਿੱਲੋਂ |
| 11. | ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਵਿਸ਼ਲੇਸ਼ਣਾਤਮਕ ਅਧਿਐਨ | ਡਾ. ਮਹਿੰਦਰ ਸਿੰਘ |
| 12. | ਸ਼ਹੀਦਾਨਿ-ਵਫ਼ਾ ਅਤੇ ਗੰਜਿ-ਸ਼ਹੀਦਾਂ | ਅਲਾਹ ਯਾਰ ਖਾਂ ਜੋਗੀ |
| 13. | ਸਿੱਖ ਕੌਮ ਦਾ ਸ਼ਾਨਦਾਰ ਵਿਰਸਾ | ਡਾ. ਦਵਿੰਦਰ ਸਿੰਘ ਦੁੱਗਲ |
| 14. | ਸ਼ਬਦ ਗੁਰੂ-ਸਿਧਾਂਤ | ਪ੍ਰਿੰ. ਹਰਭਜਨ ਸਿੰਘ |
| 15. | ਸਿੱਖਾਂ ਦੇ ਤਰੀਖੀ ਤਬਰੁਕਾਤ | ਸ੍ਰ. ਸਮਸ਼ੇਰ ਸਿੰਘ ਅਸ਼ੋਕ |
| 16. | ਸਾਹਿਬਜਾਦਿਆਂ ਦੀ ਵਿਥਿਆ | ਸ੍ਰ. ਪ੍ਰਿਥੀਪਾਲ ਸਿੰਘ ਕਪੂਰ |
| 17. | ਸਰਹਿੰਦ ਫ਼ਤਿਹ ਦਾ ਨਾਇਕ ਬਾਬਾ ਬੰਦਾ ਸਿੰਘ ਬਹਾਦਰ | ਸ੍ਰ. ਬਲਵਿੰਦਰ ਸਿੰਘ ਜੌੜਾ ਸਿੰਘ |
| 18. | ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਗਾਂ ਮਾਤਰਾ ਦੇ ਗੁੱਝੇ ਭੇਦ | ਸ੍ਰ. ਤੇਜਾ ਸਿੰਘ ਐਮ.ਏ. |
| 19. | ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਸੰਖੇਪ ਜੀਵਨ ਝਲਕੀਆਂ | ਸ੍ਰ. ਰੂਪ ਸਿੰਘ |
| 20. | ਸਿੱਖ ਧਰਮ ਵਿਚ ਪਰਿਵਾਰਿਕ ਅਤੇ ਸਮਾਜਿਕ ਜੀਵਨ | ਡਾ.ਮਹਿੰਦਰ ਸਿੰਘ ਪਟਿਆਲਾ |
| 21. | ਸਿੱਖ ਧਰਮ ਦੀ ਵਿਸ਼ਵ ਵਿਆਪਕਤਾ | ਪ੍ਰਿੰ. ਹਰਭਜਨ ਸਿੰਘ |
| 22. | ਸਿੱਖ ਗੁਰੂ ਸਾਹਿਬਾਨ ਅਤੇ ਛੂਆ-ਛਾਤ | ਪ੍ਰੋ. ਕਰਤਾਰ ਸਿੰਘ ਐਮ.ਏ |
| 23. | ਸਿੱਖ ਧਰਮ ਦੀ ਆਨ-ਸ਼ਾਨ ਦਸਤਾਰ | ਸ੍ਰ ਸਿਮਰਜੀਤ ਸਿੰਘ |
| 24. | ਸਿੱਖ ਇਕ ਵੱਖਰੀ ਕੌਮ ਦਾ ਸੰਕਲਪ | ਡਾ. ਦਵਿੰਦਰ ਸਿੰਘ ਦੁੱਗਲ |

| | | |
|---|---|---|
| 25. | ਕੇਸ ਕਿਉਂ? ਇਕ ਉੱਤਰ | ਡਾ. ਤੇਜਿੰਦਰ ਸਿੰਘ |
| 26. | ਖਾਲਸੇ ਨੂੰ ਆਦੇਸ਼ | ਪ੍ਰੋ. ਪ੍ਰਕਾਸ਼ ਸਿੰਘ ਐਮ.ਏ. |
| 27. | ਖੂਨ ਸ਼ਹੀਦਾਂ ਦਾ | ਕ੍ਰਿਤ.ਗੁਰਮਤਿ ਮਿਸ਼. ਕਾਲਜ |
| 28. | ਗੁਰਮਤਿ ਸਭਿਆਚਾਰ | ਪ੍ਰੋ. ਕਿਰਪਾਲ ਸਿੰਘ ਬਡੂੰਗਰ |
| 29. | ਗੁਰਮਤਿ ਅੱਖਰ ਗਿਆਨ | ਧਰਮ ਪ੍ਰਚਾਰ ਕਮੇਟੀ |
| 30. | ਗੁਰਬਾਣੀ ਦਾ ਵਿਰਸਾ ਅਤੇ ਜ਼ਮੀਰ ਦੀ ਅਜ਼ਾਦੀ | ਪ੍ਰਿੰ. ਸੁਰਜੀਤ ਸਿੰਘ |
| 31. | ਗੁਰਦੁਆਰਾ ਸੰਕਲਪ ਅਤੇ ਸੰਸਥਾ | ਪ੍ਰੋ. ਬਲਵਿੰਦਰ ਸਿੰਘ |
| 32. | ਗੁਰੂ ਨਾਨਕ ਜੋਤਿ ਜੁਗਤਿ ਦੇ ਵਾਰਿਸ ਸ੍ਰੀ ਗੁਰੂ ਅੰਗਦ ਦੇਵ ਜੀ | ਡਾ. ਹਰਨਾਮ ਸਿੰਘ |
| 33. | ਜਾਗਤ ਜੋਤਿ ਜ਼ਾਹਰਾ ਜਹੂਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | ਡਾ. ਬਲਕਾਰ ਸਿੰਘ |
| 34. | ਦਸਤਾਰ ਕਿ ਟੋਪੀ | ਸ੍ਰ ਗੁਰਚਰਨਜੀਤ ਸਿੰਘ ਲਾਂਬਾ |
| 35. | ਧਰਮ ਤੇ ਰਾਜਨੀਤੀ | ਪ੍ਰੋ. ਕਿਰਪਾਲ ਸਿੰਘ ਬਡੂੰਗਰ |
| 36. | ਪੰਜਾਬੀ ਹਿੰਦੀ ਬਾਲ ਬੋਧ | ਧਰਮ ਪ੍ਰਚਾਰ ਕਮੇਟੀ |
| 37. | ਪਹਿਲਾ ਸਿੱਖ ਹੁਕਮਰਾਨ ਬਾਬਾ ਬੰਦਾ ਸਿੰਘ ਬਹਾਦਰ ਜੀ | ਪ੍ਰੋ. ਕਿਰਪਾਲ ਸਿੰਘ ਬਡੂੰਗਰ |
| 38. | ਬਾਬਾ ਸ਼ੇਖ਼ ਫ਼ਰੀਦ ਸ਼ਕਰਗੰਹ | ਗੁਰੂ ਨਾਨਕ ਦੇਵ ਮਿਸ਼ਨ ਪਟਿਆਲਾ |
| 39. | ਭਗਤ ਰਵੀਦਾਸ ਜੀ: ਜੀਵਨ ਅਤੇ ਵਿਚਾਰਧਾਰਾ | ਰੂਪ ਸਿੰਘ /ਡਾ. ਗੁਰਸ਼ਰਨਜੀਤ ਸਿੰਘ |
| 40. | ਮੈਂ ਸਿੱਖ ਕਿਉਂ ਹਾਂ | ਨਰੈਣ ਸਿੰਘ<br>ਅਨੁਵਾਦਕ ਡਾ. ਗੁਰਸ਼ਰਨਜੀਤ ਸਿੰਘ |
| 41. | ਮੂਲ ਮੰਤਰ ਦਾ ਪ੍ਰਮਾਣਿਕ ਸਰੂਪ | ਡਾ. ਵਿਕਰਮ ਸਿੰਘ |
| 42. | ਰੰਗਰੇਟਾ ਗੁਰੂ ਦਾ ਬੇਟਾ ਭਾਈ ਜੈਤਾ: ਭਾਈ ਜੀਵਨ ਸਿੰਘ | ਰੂਪ ਸਿੰਘ |
| 43. | ਗੁਰੂ ਗਿਆਨ | ਸਵਾਮੀ ਨਿਤਿਆ ਨੰਦ |
| 44. | ਮਾਤਾ ਭਾਗ ਕੌਰ ਜੀ ਸਿੱਖ ਸੰਘਰਸ਼ ਵਿਚ ਯੋਗਦਾਨ | ਸ੍ਰ. ਸਿਮਰਜੀਤ ਸਿੰਘ |

| | | |
|---|---|---|
| 45. | ਸਮਲਿੰਗੀ ਵਿਆਹ ਵਿਨਾਸ਼ਕਾਰੀ ਪਰਵਿਰਤੀ | ਪ੍ਰੋ. ਕਿਰਪਾਲ ਸਿੰਘ ਬਡੂੰਗਰ |
| 46. | ਮਾਦਾ ਭਰੂਣ ਹੱਤਿਆ ਘੋਰ ਅਤੇ ਸੰਗੀਨ ਜੁਰਮ | ਪ੍ਰੋ. ਕਿਰਪਾਲ ਸਿੰਘ ਬਡੂੰਗਰ |
| 47. | ਗੁਰਮਤਿ ਅਤੇ ਇਸਤਰੀ ਲਿਬਾਸ | ਪ੍ਰੋ. ਕਿਰਪਾਲ ਸਿੰਘ ਬਡੂੰਗਰ |
| 48. | ਗੁਰਮਤਿ ਵਿਚ ਇਸਤਰੀ ਦਾ ਮਹੱਤਵ | ਪ੍ਰੋ. ਕਿਰਪਾਲ ਸਿੰਘ ਬਡੂੰਗਰ |
| 49. | ਨੌਜਵਾਨ ਅਤੇ ਨਸ਼ੇ | |
| 50. | ਸਿੱਖਾਂ ਅਤੇ ਗ਼ੈਰ-ਸਿੱਖਾਂ ਦੇ ਆਪਸੀ ਸਬੰਧ | |
| 51. | ਗੁਰਮਤਿ ਅਤੇ ਮਨੁੱਖੀ ਅਧਿਕਾਰ | |
| 52. | ਨਸ਼ਾ ਕਰੋ ਪਰ ਕਿਹੜਾ | |
| 53. | ਨਿੱਕੀਆਂ ਜਿੰਦਾਂ ਵੱਡੇ ਸਾਕੇ | |
| 54. | ਸਰਵੋਤਮ ਸ਼੍ਰੀ ਗੁਰੂ ਗ੍ਰੰਥ ਸਾਹਿਬ | |
| 55. | ਭਰੋਸੇ ਦਾ ਭਾਂਬੜ | |
| | **ਹਿੰਦੀ ਟ੍ਰੈਕਟ** | |
| 56. | ਸਿੱਖ ਰਹਿਤ ਮਰਯਾਦਾ | ਧਰਮ ਪ੍ਰਚਾਰ ਕਮੇਟੀ |
| 57. | ਸ਼ਹੀਦ ਭਾਈ ਮਨੀ ਸਿੰਘ ਜੀ | ਪ੍ਰੋ. ਪ੍ਰੇਮ ਸਿੰਘ ਯਾਦਵ |
| 58. | ਸਰਹਿੰਦ ਫ਼ਤਿਹ ਦਾ ਨਾਇਕ ਬਾਬਾ ਬੰਦਾ ਸਿੰਘ ਬਹਾਦਰ | ਸ੍ਰ. ਬਲਵਿੰਦਰ ਸਿੰਘ ਜੌੜਾ ਸਿੰਘ |
| 59. | ਭਗਤ ਰਵਿਦਾਸ ਜੀ ਜੀਵਨ ਤੇ ਵਿਚਾਰਧਾਰਾ | ਰੂਪ ਸਿੰਘ ਡਾ. ਗੁਰਸ਼ਰਨਜੀਤ ਸਿੰਘ |
| 60. | ਭਗਤ ਨਾਮ ਦੇਵ ਜੀ ਜੀਵਨ ਔਰ ਚਿੰਤਨ | ਪ੍ਰੋ. ਜਸਵਿੰਦਰ ਕੌਰ |
| 61. | ਜਗਤ ਜੂਠ ਤਮਾਕੂ ਨ ਸੇਵ | ਪ੍ਰੋ. ਜਸਵਿੰਦਰ ਕੌਰ |
| 62. | ਗੁਰਸਿੱਖੀ ਦੀ ਸ਼ਾਨ | ਸ੍ਰ. ਸਰੂਪ ਸਿੰਘ ਅਲੱਗ |
| 63. | ਸਿੱਖ ਗੁਰੂ ਸਾਹਿਬਾਨ ਤੇ ਛੂਤ-ਛਾਤ | ਪ੍ਰੋ. ਕਰਤਾਰ ਸਿੰਘ ਐਮ.ਏ<br>ਅਨੁ. ਡਾ. ਪਰਮਜੀਤ ਕੌਰ |
| 64. | ਸਿੱਖ ਰਹਿਤ ਮਰਯਾਦਾ (ਕੈਲੰਡਰ) | ਧਰਮ ਪ੍ਰਚਾਰ ਕਮੇਟੀ |

| | | |
|---|---|---|
| 65. | ਅਰਦਾਸ | ਸ੍ਰ. ਕਿਰਪਾਲ ਸਿੰਘ |
| 66. | ਸਿਗਰਟ ਬੀੜੀ ਪੀਣੀ ਕਿਉਂ ਖ਼ਤਰਨਾਕ ਹੈ? | ਸ੍ਰ. ਮਹਿੰਦਰ ਸਿੰਘ ਅਨੁ.ਡਾ. ਪਰਮਜੀਤ ਕੌਰ |
| 67. | ਸਰਵੋਤਮ ਸ੍ਰੀ ਗੁਰੂ ਗ੍ਰੰਥ ਸਾਹਿਬ | |
| 68. | ਕੇਸ ਹਮਾਰਾ ਗੋਰਵ | |
| 69. | ਭਾਰਤ ਦੇ ਪੱਛੜੇ ਵਰਗ | |
| | **English** | |
| 70. | Sikh Reht Maryada | Dharam Parchar Committee |
| 71. | Notes towards the definition of Sikhism | Dr. Karnail Singh |
| 72. | Guru Nanak Dev The Founder of Sikhism | Dr. harnam Singh M.A. |
| 73. | Sikhism A Miri Piri System | Dr. Kharak Singh |
| 74. | Guru Granth Sahib The Scripture of Sikhism | Dr. Harnam Singh Shan. |
| 75. | Sri Guru Granth Sahib The Unique and Universal Scripture | Bhai Sahib Sirdar Kapoor Singh |
| 76. | The Truth about the Sikhs | Dr. Harnam Singh Shan. |
| 77. | A brief introduction to the Sikh Faith | Dr. Gurbakhash Singh, Sardarni Sumit Kaur |
| 78. | Guru Angad Dev Contribution and Significance | S. Prithipal Singh Kapoor |

| | | |
|---|---|---|
| 79. | Glossary of terms commonly used in Sikh writings | Bhai Sahib Sirdar Kapoor Singh |
| 80. | Sikh & Sikhism | Bhai Sahib Sirdar Kapoor Singh |
| 81. | Sikh Religion the double edge sword | Dr. Kharak Singh |
| 82. | Sri Guru Angad Dev The Second Prophet Preceptor of Sikhism | Dr. Harnam Singh Shan. |
| 83. | Hazards of Tobacco and His Mission | Principal Satbir Singh |
| 84. | Sri Guru Granth Sahib As the living usibal and eternal for the Sikhs | |

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਪ੍ਰਕਾਸ਼ਨਾਵਾਂ

| ਲੜੀ ਨੰ. | ਪੁਸਤਕ | ਲੇਖਕ |
|---|---|---|
| 1 | ਜਪੁਜੀ ਸਾਹਿਬ ਸ਼ਬਦ ਹਜਾਰੇ (ਹਿੰਦੀ) | |
| 2 | ਜਪੁਜੀ ਸਾਹਿਬ ਸ਼ਬਦ ਹਜਾਰੇ (ਪੰਜਾਬੀ) | |
| 3 | ਆਸਾ ਦੀ ਵਾਰ ਗੁਟਕਾ (ਅੰਗਰੇਜ਼ੀ) | |
| 4 | ਆਸਾ ਦੀ ਵਾਰ ਗੁਟਕਾ (ਪੰਜਾਬੀ, ਪਿੰਨ ਟਾਈਟਲ) | |
| 5 | ਆਸਾ ਦੀ ਵਾਰ ਗੁਟਕਾ (ਪੰਜਾਬੀ,ਕੀਰਤਨੀ) | |

| | | |
|---|---|---|
| 6 | ਅਨੰਦ ਸਾਹਿਬ ਗੁਟਕਾ | |
| 7 | ਚੌਪਈ ਸਾਹਿਬ ਗੁਟਕਾ | |
| 8 | ਰਹਰਾਸਿ ਸਾਹਿਬ ਗੁਟਕਾ | |
| 9 | ਬਾਣੀ ਪਾਤਸ਼ਾਹੀ-੯ਵੀਂ (ਪੰਜਾਬੀ) | |
| 10 | ਬਾਣੀ ਪਾਤਸ਼ਾਹੀ-੯ਵੀਂ (ਹਿੰਦੀ) | |
| 11 | ਜਾਪੁ ਸਾਹਿਬ ਗੁਟਕਾ | |
| 12 | ਨਿਤਨੇਮ ਸਾਹਿਬ (ਪਾਕਿਟ) | |
| 13 | ਨਿਤਨੇਮ ਸਾਹਿਬ (ਦਰਮਿਆਨਾ) | |
| 14 | ਨਿਤਨੇਮ ਸਾਹਿਬ (ਵੱਡਾ) | |
| 15 | ਨਿਤਨੇਮ ਸਾਹਿਬ (ਸਟੀਕ) | |
| 16 | ਨਿਤਨੇਮ ਸਾਹਿਬ (ਹਿੰਦੀ) | |
| 17 | ਜਾਪੁ ਸਾਹਿਬ ਅਤੇ ਹੋਰ ਬਾਣੀਆਂ ਸਟੀਕ | |
| 18 | ਸੁਖਮਨੀ ਸਾਹਿਬ (ਦਰਮਿਆਨਾ) | |
| 19 | ਸੁਖਮਨੀ ਸਾਹਿਬ (ਮੋਟੇ ਅੱਖਰ) | |
| 20 | ਸੁਖਮਨੀ ਸਾਹਿਬ (ਹਿੰਦੀ) | |
| 21 | ਸੁੰਦਰ ਗੁਟਕਾ ਸਾਹਿਬ | |
| 22 | ਸੁੰਦਰ ਗੁਟਕਾ ਸਾਹਿਬ (ਹਿੰਦੀ) | |
| 23 | ਗੁਰਮਤਿ ਦਰਸ਼ਨ (ਹਿੰਦੀ) | ਪ੍ਰੋ.ਸ਼ੇਰ ਸਿੰਘ ਐਮ.ਏ. , ਪੀ ਐਚ ਡੀ |
| 24 | ਪੋਥੀ ਪੰਜ ਗ੍ਰੰਥੀ | |
| 25 | ਪੋਥੀ ਦਸ ਗ੍ਰੰਥੀ | |

| | | |
|---|---|---|
| 26 | ਪੋਥੀ ਭਗਤ ਬਾਣੀ | |
| 27 | ਗੁਰਸ਼ਬਦ ਸੰਗ੍ਰਹਿ | |
| 28 | ਵਾਰਾਂ ਭਾਈ ਗੁਰਦਾਸ ਜੀ | ਸ. ਅਮਰ ਸਿੰਘ ਚਾਕਰ (ਸੰਪਾਦਕ) |
| 29 | ਬਚਿਤਰ ਨਾਟਕ (ਪੰਜਾਬੀ) | |
| 30 | ਬਚਿਤਰ ਨਾਟਕ (ਹਿੰਦੀ) | |
| 31 | ਅਕਾਲ ਉਸਤਤ (ਪੰਜਾਬੀ) | |
| 32 | ਅਕਾਲ ਉਸਤਤ (ਹਿੰਦੀ) | |
| 33 | ਸਿੱਖ ਵਿਚਾਰਧਾਰਾ | ਪ੍ਰੋ.ਪ੍ਰੀਤਮ ਸਿੰਘ ਐਮ.ਏ. |
| 34 | ਗੁਰਮਤਿ ਦਰਸ਼ਨ (ਪੰਜਾਬੀ) | ਪ੍ਰੋ.ਸ਼ੇਰ ਸਿੰਘ ਐਮ.ਏ. , ਪੀ ਐਚ ਡੀ |
| 35 | ਸੰਥਾ ਸੈਂਚੀ (ਦਰਮਿਆਨਾ) ਭਾਗ ੧ | |
| 36 | ਸੰਥਾ ਸੈਂਚੀ (ਦਰਮਿਆਨਾ) ਭਾਗ ੨ | |
| 37 | ਸੰਥਾ ਸੈਂਚੀ (ਮੋਟੇ ਅੱਖਰ) ਭਾਗ ੧ | |
| 38 | ਸੰਥਾ ਸੈਂਚੀ (ਮੋਟੇ ਅੱਖਰ) ਭਾਗ ੨ | |
| 39 | ਸੰਥਾ ਸੈਂਚੀ (ਲੜੀਵਾਰ) ਭਾਗ ੧ | |
| 40 | ਸੰਥਾ ਸੈਂਚੀ (ਲੜੀਵਾਰ) ਭਾਗ ੨ | |
| 41 | ਸੰਥਾ ਸੈਂਚੀ (ਹਿੰਦੀ) ਭਾਗ ੧ | |
| 42 | ਸੰਥਾ ਸੈਂਚੀ (ਹਿੰਦੀ) ਭਾਗ ੨ | |
| 43 | ਸ਼ਬਦਾਰਥ ਪੋਥੀ ਭਾਗ ੧ | |
| 44 | ਸ਼ਬਦਾਰਥ ਪੋਥੀ ਭਾਗ ੨ | |
| 45 | ਸ਼ਬਦਾਰਥ ਪੋਥੀ ਭਾਗ ੩ | |

| | | |
|---|---|---|
| 46 | ਸ਼ਬਦਾਰਥ ਪੋਥੀ ਭਾਗ ੪ | |
| 47 | ਸਿੱਖ ਇਤਿਹਾਸ ਭਾਗ ੧ | ਪ੍ਰੋ. ਕਰਤਾਰ ਸਿੰਘ ਐਮ.ਏ. |
| 48 | ਸਿੱਖ ਇਤਿਹਾਸ ਭਾਗ ੨ | ਪ੍ਰੋ. ਕਰਤਾਰ ਸਿੰਘ ਐਮ.ਏ. |
| 49 | ਗੁਰਬਾਣੀ ਸੰਗੀਤ ਦਰਪਣ ਭਾਗ ੧ | ਸ੍ਰ. ਗਿਆਨ ਸਿੰਘ ਐਬਟਾਬਾਦ |
| 50 | ਗੁਰਬਾਣੀ ਸੰਗੀਤ ਦਰਪਣ ਭਾਗ ੨ | ਸ੍ਰ. ਗਿਆਨ ਸਿੰਘ ਐਬਟਾਬਾਦ |
| 51 | ਧਰਮ ਪੋਥੀ ਨੰਬਰ ੧ | ਪ੍ਰੋ. ਕਰਤਾਰ ਸਿੰਘ ਐਮ.ਏ. |
| 52 | ਧਰਮ ਪੋਥੀ ਨੰਬਰ ੨ | ਪ੍ਰੋ. ਕਰਤਾਰ ਸਿੰਘ ਐਮ.ਏ. |
| 53 | ਧਰਮ ਪੋਥੀ ਨੰਬਰ ੩ | ਪ੍ਰੋ. ਕਰਤਾਰ ਸਿੰਘ ਐਮ.ਏ. |
| 54 | ਧਰਮ ਪੋਥੀ ਨੰਬਰ ੪ | ਪ੍ਰੋ. ਕਰਤਾਰ ਸਿੰਘ ਐਮ.ਏ. |
| 55 | ਧਰਮ ਪੋਥੀ ਨੰਬਰ ੫ | ਪ੍ਰੋ. ਕਰਤਾਰ ਸਿੰਘ ਐਮ.ਏ. |
| 56 | ਧਰਮ ਪੋਥੀ ਨੰਬਰ ੬ | ਪ੍ਰੋ. ਕਰਤਾਰ ਸਿੰਘ ਐਮ.ਏ. |
| 57 | ਧਰਮ ਪੋਥੀ ਨੰਬਰ ੯-੧੦ | ਪ੍ਰੋ. ਕਰਤਾਰ ਸਿੰਘ ਐਮ.ਏ. |
| 58 | ਟੀਕਾ ਪੋਥੀ ਨੰਬਰ ੧ | ਡਾ. ਮਨਮੋਹਨ ਸਿੰਘ |
| 59 | ਟੀਕਾ ਪੋਥੀ ਨੰਬਰ ੨ | ਡਾ. ਮਨਮੋਹਨ ਸਿੰਘ |
| 60 | ਟੀਕਾ ਪੋਥੀ ਨੰਬਰ ੩ | ਡਾ. ਮਨਮੋਹਨ ਸਿੰਘ |
| 61 | ਟੀਕਾ ਪੋਥੀ ਨੰਬਰ ੪ | ਡਾ. ਮਨਮੋਹਨ ਸਿੰਘ |
| 62 | ਟੀਕਾ ਪੋਥੀ ਨੰਬਰ ੫ | ਡਾ. ਮਨਮੋਹਨ ਸਿੰਘ |
| 63 | ਟੀਕਾ ਪੋਥੀ ਨੰਬਰ ੬ | ਡਾ. ਮਨਮੋਹਨ ਸਿੰਘ |
| 64 | ਟੀਕਾ ਪੋਥੀ ਨੰਬਰ ੭ | ਡਾ. ਮਨਮੋਹਨ ਸਿੰਘ |
| 65 | ਟੀਕਾ ਪੋਥੀ ਨੰਬਰ ੮ | ਡਾ. ਮਨਮੋਹਨ ਸਿੰਘ |

| | | |
|---|---|---|
| 66 | ਸਟੇਟਸ ਆਫ਼ ਵੂਮੈਨ | ਭੁਪਿੰਦਰ ਕੌਰ |
| 67 | ਕੁਵਾਇਟਸ ਆਫ਼ ਸਿੱਖ ਇਜ਼ਮ | ਡਾ. ਗੋਬਿੰਦ ਸਿੰਘ |
| 68 | ਫ਼ਿਲਾਸਫ਼ੀ ਆਫ਼ ਸਿੱਖ ਇਜ਼ਮ | ਸ਼ੇਰ ਸਿੰਘ ਗਿਆਨੀ |
| 69 | ਦ ਸਾਮ ਆਫ਼ ਪੀਸ | ਸ੍ਰ ਤੇਜਾ ਸਿੰਘ ਐਮ. ਏ. |

**2.6.3. ਸਿੱਖ ਧਰਮ ਅਧਿਐਨ ਪੱਤਰ-ਵਿਹਾਰ ਕੋਰਸ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੰਜਾਬੀ, ਅੰਗਰੇਜ਼ੀ ਅਤੇ ਹਿੰਦੀ ਵਿਚ ਦੋ ਸਾਲਾ ਸਿੱਖ ਧਰਮ ਅਧਿਐਨ ਪੱਤਰ-ਵਿਹਾਰ ਕੋਰਸ ਕਰਵਾਇਆ ਜਾਂਦਾ ਹੈ। ਇਸ ਵਿਚ 16 ਸਾਲ ਦੀ ਉਮਰ ਤੋਂ ਉੱਪਰ ਦਾ ਕੋਈ ਵੀ ਵਿਅਕਤੀ ਦਾਖ਼ਲਾ ਲੈ ਸਕਦਾ ਹੈ।[51]

**2.6.4.ਧਾਰਮਿਕ ਪ੍ਰੀਖਿਆ:** : ਹਰ ਸਾਲ ਨਵੰਬਰ ਵਿਚ ਸਕੂਲਾਂ, ਕਾਲਜਾਂ ਦੇ ਵਿਦਿਆਰਥੀਆਂ ਦੀ ਧਾਰਮਿਕ ਪ੍ਰੀਖਿਆ ਲੈਂਦੀ ਹੈ ਅਤੇ ਮੈਰਿਟ 'ਚ ਆਉਣ ਵਾਲੇ ਵਿਦਿਆਰਥੀਆਂ ਨੂੰ ਵਜੀਫ਼ੇ ਦਿੱਤੇ ਜਾਂਦੇ ਹਨ।[52]

## 2.7. ਸਰਬ ਹਿੰਦ ਸਿੱਖ ਮਿਸ਼ਨ ਦੀ ਸਥਾਪਨਾ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 1936 ਵਿਚ ਪੰਜਾਬੋਂ ਬਾਹਰ ਸਿੱਖ ਧਰਮ ਦੇ ਪ੍ਰਚਾਰ ਲਈ ਐਲਾਨ ਨੰ. 48 ਰਾਹੀਂ ਸਰਬ ਹਿੰਦ ਸਿੱਖ ਮਿਸ਼ਨ ਦੀ ਸਥਾਪਨਾ ਕੀਤੀ। ਇਸ ਦੀ ਸਥਾਪਨਾ ਦਾ ਮੁੱਖ ਤਤਕਾਲੀਨ ਕਾਰਨ ਅੰਬੇਦਕਰ ਦੇ 6 ਕਰੋੜ ਤੋਂ ਉੱਪਰ ਅਛੂਤ ਸਮਝੇ ਜਾਂਦੇ ਸ਼ਰਧਾਲੂਆਂ ਦਾ ਬੁੱਧ ਧਰਮ ਅਪਣਾਉਣਾ ਸੀ ਤਾਂ ਕਿ ਉਨ੍ਹਾਂ ਨੂੰ ਜਾਤ-ਪਾਤ ਦੇ ਅਹਿਸਾਸ ਤੋਂ ਥੋੜ੍ਹੀ ਰਾਹਤ ਮਿਲ ਸਕੇ।[53] ਜਿਸ ਦੀ ਬਦੌਲਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਕ ਅਜਿਹੇ ਮਿਸ਼ਨ ਦੀ ਜ਼ਰੂਰਤ ਸਮਝੀ ਜੋ

---

[51] *ਨਾਨਕਸ਼ਾਹੀ ਕੈਲੰਡਰ*-4

[52] *ਨਾਨਕਸ਼ਾਹੀ ਕੈਲੰਡਰ*-6

[53] ਜੋਧ ਸਿੰਘ (ਮੁੱਖ ਸੰਪਾ), *ਸਿੱਖ ਧਰਮ ਵਿਸ਼ਵਕੋਸ਼*, ਪਹਿਲੀ ਸੈਂਚੀ, ਪੰਨਾ-341

ਬਾਕੀ ਰਾਜਾਂ ਚੋਂ ਵੀ ਜਾਤ-ਪਾਤ ਖਤਮ ਕਰਨ ਵਿਚ ਸਹਾਈ ਹੋਵੇ ਅਤੇ ਸਿੱਖੀ ਦਾ ਪ੍ਰਚਾਰ ਕਰੇ। ਇਸ ਲਈ ਇਸ ਮਿਸ਼ਨ ਦਾ ਮੁੱਖ ਉਦੇਸ਼ ਜਾਤ-ਪਾਤ ਨੂੰ ਖਤਮ ਕਰਨਾ ਅਤੇ ਸਿੱਖੀ ਦਾ ਪ੍ਰਚਾਰ ਕਰਨਾ ਸੀ।ਉਦੋਂ ਤੋਂ ਇਸ ਮਿਸ਼ਨ ਅਧੀਨ ਵੱਖ-ਵੱਖ ਰਾਜਾਂ ਵਿਚ ਕਾਰਜ ਹੋ ਰਹੇ ਹਨ ਜਿਨ੍ਹਾਂ ਦੀ ਨਿਗਾਹਬਾਨੀ ਧਰਮ ਪ੍ਰਚਾਰ ਕਮੇਟੀ ਕਰਦੀ ਹੈ। ਧਰਮ ਪ੍ਰਚਾਰ ਕਮੇਟੀ ਵੱਲੋਂ ਵੱਖ-ਵੱਖ ਰਾਜਾਂ ਵਿਚ ਹੇਠ ਲਿਖੇ ਸਿੱਖ ਮਿਸ਼ਨ ਚਲਾਏ ਜਾ ਰਹੇ ਹਨ:[54]

- ਸਿੱਖ ਮਿਸ਼ਨ, ਹਾਪੜ (ਯੂ.ਪੀ.)
- ਸਿੱਖ ਮਿਸ਼ਨ ਹਰਿਆਣਾ ਤੇ ਹਿਮਾਚਲ ਪ੍ਰਦੇਸ਼, ਕੁਰੂਕਸ਼ੇਤਰ
- ਸਿੱਖ ਮਿਸ਼ਨ, ਜੰਮੂ (ਜੰਮੂ-ਕਸ਼ਮੀਰ)
- ਸਿੱਖ ਮਿਸ਼ਨ ਪੱਛਮੀ ਬੰਗਾਲ, ਕਲਕੱਤਾ
- ਸਿੱਖ ਮਿਸ਼ਨ ਦਿੱਲੀ
- ਸਿੱਖ ਮਿਸ਼ਨ, ਕਾਸ਼ੀਪੁਰ (ਉਤਰਾਖੰਡ)
- ਸਿੱਖ ਮਿਸ਼ਨ, ਰਾਏਪੁਰ (ਛੱਤੀਸਗੜ੍ਹ)
- ਸਿੱਖ ਮਿਸ਼ਨ, ਗੰਗਾਨਗਰ (ਰਾਜਸਥਾਨ)
- ਸਿੱਖ ਮਿਸ਼ਨ, ਨਾਗਪੁਰ (ਮਹਾਰਾਸ਼ਟਰ)
- ਸਿੱਖ ਮਿਸ਼ਨ, ਕਾਠਮੰਡੂ (ਨੇਪਾਲ)

## 2.8. ਸਿੱਖ ਮਿਸ਼ਨਰੀ ਕਾਲਜ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਧਰਮ ਪ੍ਰਚਾਰ ਚਲਾਏ ਜਾ ਰਹੇ ਮਿਸ਼ਨਰੀ ਕਾਲਜਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

### 2.8.1. ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਸ੍ਰੀ ਅੰਮ੍ਰਿਤਸਰ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 21 ਫਰਵਰੀ 1921 ਨੂੰ ਨਨਕਾਣਾ ਸਾਹਿਬ ਵਿਚ ਸ਼ਹੀਦ ਹੋਏ ਸਿੰਘਾਂ ਦੀ ਯਾਦ ਵਿਚ ਇਸ ਸਾਕੇ ਤੋਂ ਦੋ ਸਾਲ ਬਾਅਦ ਇਹ ਕਾਲਜ 1923 ਈ. ਵਿਚ

[54] *ਨਾਨਕਸ਼ਾਹੀ ਕੈਲੰਡਰ*-ਸੰਮਤ ੫੫੦, ਪੰਨਾ-10

ਸਥਾਪਿਤ ਕੀਤਾ ਗਿਆ। ਇਹ ਕਾਲਜ ਅੰਮ੍ਰਿਤਸਰ ਤੋਂ ਲਾਹੌਰ ਨੂੰ ਜਾਣ ਵਾਲੀ ਸੜਕ ਤੋਂ ਜਰਾ ਕੁ ਅੰਦਰ ਨੂੰ ਪੁਤਲੀਘਰ ਅਤੇ ਖ਼ਾਲਸਾ ਕਾਲਜ ਦੇ ਵਿਚਕਾਰ ਸਥਾਪਿਤ ਕੀਤਾ ਗਿਆ। ਇਸ ਕਾਲਜ ਨੂੰ ਖੋਲ੍ਹਣ ਦਾ ਉਦੇਸ਼ ਬਿਨ੍ਹਾਂ ਕਿਸੇ ਭੇਦਭਾਵ ਤੋਂ ਸਾਰਿਆਂ ਨੂੰ ਸਾਂਝੀ ਸਿਖਿਆ ਦੇਣੀ, ਸਿੱਖ ਧਰਮ ਨੂੰ ਦੁਨੀਆਂ ਦੇ ਕੋਨੇ ਕੋਨੇ ਵਿਚ ਪਹੁੰਚਾਉਣ ਦੀ ਭਾਵਨਾ ਵਾਲੇ ਮਿਸ਼ਨਰੀ ਪੈਦਾ ਕਰਨਾ ਅਤੇ ਗੁਰਬਾਣੀ ਦੇ ਸ਼ੁਧ ਉਚਾਰਣ ਅਤੇ ਅਰਥ ਬੋਧ ਸਮਝਣ ਵਾਲੇ ਪਾਠੀ ਪੈਦਾ ਕਰਨੇ ਜੋ ਗੁਰਦੁਆਰਿਆਂ ਵਿਚ ਸੇਵਾ ਕਰ ਸਕਣ ਅਤੇ ਕੁਰੀਤੀਆਂ ਨੂੰ ਠਲ ਪਵੇ।[55] ਸ. ਗੰਗਾ ਸਿੰਘ ਜੀ ਇਸਦੇ ਪਹਿਲੇ ਪ੍ਰਿੰਸੀਪਲ ਬਣੇ। ਇਸ ਕਾਲਜ ਦੀ ਪੜ੍ਹਾਈ ਦਾ ਸਮਾਂ ਦੋ ਸਾਲ ਦਾ ਰਖਿਆ ਗਿਆ। ਪਾਠ-ਕ੍ਰਮ ਵਿਚ ਛੇ ਪਰਚੇ ਰਖੇ ਗਏ, ਜਿਨ੍ਹਾਂ ਦੇ ਨਾਮ 'ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਦੀ ਬਾਣੀ ਦਾ ਬੋਧ, ਦੂਜੇ ਮਤਾਂ ਦੀ ਵਿਚਾਰ, ਸਿੱਖ ਕੌਮ ਦਾ ਇਤਿਹਾਸ, ਸਿੱਖ ਧਰਮ ਦਾ ਇਤਿਹਾਸ, ਸੰਸਕਾਰ ਵਿਧੀ ਅਤੇ ਆਮ ਵਾਕਫੀਅਤ' ਸਨ।[56] ਪ੍ਰਚਾਰਕ ਕਲਾਸ ਲਈ ਦਾਖਲੇ ਦਾ ਦਿਨ 2 ਅਕਤੂਬਰ 1927 ਰਖਿਆ ਗਿਆ। ਹੁਣ ਤਕ (2010) ਇਥੇ ਲਗਪਗ 6 ਪ੍ਰਿੰਸੀਪਲ ਸਾਹਿਬਾਨ ਸੇਵਾ ਕਰ ਚੁਕੇ ਹਨ। ਇਹ ਸਾਰੇ ਸਿੱਖ ਪੰਥ ਵਿਚ ਸਤਿਕਾਰਿਤ ਵਿਦਵਾਨ ਹਸਤੀਆਂ ਸਨ/ਹਨ, ਇਨ੍ਹਾਂ ਵਿਚ ਪ੍ਰਿੰ. ਗੰਗਾ ਸਿੰਘ, ਪ੍ਰਿੰ. ਧਰਮਾਨੰਤ ਸਿੰਘ, ਪ੍ਰੋ. ਸਾਹਿਬ ਸਿੰਘ, ਪ੍ਰਿੰ. ਹਰਿਭਜਨ ਸਿੰਘ, ਡਾ. ਤਾਰਨ ਸਿੰਘ, ਪ੍ਰੋ. ਅਵਤਾਰ ਸਿੰਘ ਨਾਜ਼, ਪ੍ਰਿੰ. ਪ੍ਰਕਾਸ਼ ਸਿੰਘ, ਪ੍ਰਿੰ. ਵਰਿਆਮ ਸਿੰਘ, ਡਾ. ਸੂਬਾ ਸਿੰਘ, ਪ੍ਰੋ. ਬਲਦੇਵ ਸਿੰਘ, ਆਦਿ ਪ੍ਰਮੁਖ ਨਾਮ ਹਨ।[57] ਇਥੇ ਵਿਦਿਆਰਥੀਆਂ ਲਈ ਲਾਇਬ੍ਰੇਰੀ, ਹੋਸਟਲ, ਗੁਰਦੁਆਰਾ ਸਾਹਿਬ ਆਦਿ ਸਥਾਪਿਤ ਹਨ। 100 ਕੁ ਦੇ ਕਰੀਬ ਵਿਦਿਆਰਥੀ ਗੁਰਮਤਿ ਦੇ ਵੱਖ-ਵੱਖ ਕੋਰਸਾਂ ਜਿਵੇਂ ਪ੍ਰਚਾਰਕ, ਸੰਗੀਤ ਅਤੇ ਤਬਲਾ ਆਦਿ ਵਿਚ ਦਾਖਲ ਹਨ।

---

[55] ਗੁਰਜਿੰਦਰ ਸਿੰਘ, *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ, ਬਣਤਰ ਅਤੇ ਕਾਰਜ,* ਪੰ. 84.

[56] ਉਹੀ ਪੰ. 93.

[57] ਉਹੀ ਪੰ. 97.

### 2.8.2. ਪੰਥ ਰਤਨ ਜੱਥੇਦਾਰ ਗੁਰਚਰਨ ਸਿੰਘ ਟੋਹੜਾ ਇੰਸਟੀਚਿਊਟ ਆਫ਼ ਐਡਵਾਂਸਡ ਸਟੱਡੀਜ਼ ਇਨ ਸਿੱਖਇਜ਼ਮ, ਬਹਾਦਰਗੜ੍ਹ (ਪਟਿਆਲਾ):

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਗੁਰਪਰਵਾਸੀ ਪ੍ਰਧਾਨ ਪੰਥ ਰਤਨ ਜੱਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਯਾਦ ਨੂੰ ਸਮਰਪਿਤ ਟੋਹੜਾ ਇੰਸਟੀਚਿਊਟ ਆਫ਼ ਐਡਵਾਂਸਡ ਸਟੱਡੀਜ਼ ਇਨ ਸਿੱਖਇਜ਼ਮ, ਬਹਾਦਰਗੜ੍ਹ (ਪਟਿਆਲਾ) ਵਿਖੇ ਸੰਨ 2011 ਵਿਚ ਸਥਾਪਿਤ ਕੀਤਾ। ਇਸ ਸੰਸਥਾ ਵਿਚ ਕਮੇਟੀ ਵੱਲੋਂ ਸਿੱਖ ਇਤਿਹਾਸ ਤੇ ਗੁਰਬਾਣੀ ਦੀ ਖੋਜ ਲਈ ਧਰਮ-ਪ੍ਰਚਾਰਕਾਂ, ਧਾਰਮਿਕ ਟੀਚਰਾਂ ਅਤੇ ਸਕਾਲਰਾਂ ਦੀ ਸਿਖਲਾਈ ਲਈ ਟ੍ਰੇਨਿੰਗ ਕੋਰਸ ਅਤੇ ਰਿਸਰਚ ਪ੍ਰਾਜੈਕਟ ਸ਼ੁਰੂ ਕੀਤੇ ਗਏ ਹਨ। ਕਮੇਟੀ ਇਸ ਸੰਸਥਾ ਨੂੰ ਧਾਰਮਿਕ ਯੂਨੀਵਰਸਿਟੀ ਵਜੋਂ ਵਿਕਸਿਤ ਕਰਨ ਲਈ ਯਤਨਸ਼ੀਲ ਹੈ। ਇੰਸਟੀਚਿਊਟ ਨੂੰ ਪੰਜਾਬੀ ਯੂਨੀਵਰਸਿਟੀ,ਪਟਿਆਲਾ ਵੱਲੋਂ ਮਾਨਤਾ ਪ੍ਰਾਪਤ ਹੈ ਜਿਸ ਅਧੀਨ ਇੱਥੇ 2014 ਤੋਂ ਐਮ.ਏ.ਸਿੱਖ ਸਟੱਡੀਜ਼ ਦਾ ਕੋਰਸ ਚੱਲ ਰਿਹਾ ਹੈ।

### 2.8.3. ਗੁਰਮਤਿ ਸੰਗੀਤ ਅਕੈਡਮੀ, ਸ੍ਰੀ ਅਨੰਦਪੁਰ ਸਾਹਿਬ (ਰੂਪ ਨਗਰ)

ਇਸ ਅਕੈਡਮੀ ਦੀ ਸਥਾਪਨਾ 17 ਸਤੰਬਰ 1999 ਈ. ਵਿਚ ਹੋਈ। ਇਸ ਅਦਾਰੇ ਦੀ ਸਥਾਪਨਾ ਉਸ ਸਮੇਂ ਦੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜੱਥੇਦਾਰ ਭਾਈ ਮਨਜੀਤ ਸਿੰਘ ਦੁਆਰਾ ਕੀਤੀ ਗਈ ਅਤੇ ਪ੍ਰਿੰ. ਪ੍ਰੋ. ਕਰਤਾਰ ਸਿੰਘ ਜੀ ਨੂੰ ਨਿਯੁਕਤ ਕੀਤਾ ਗਿਆ। ਇਥੇ ਤੰਤੀ ਸਾਜਾਂ ਦੀ ਸਿੱਖਿਆ ਵੀ ਦਿਤੀ ਜਾਂਦੀ ਹੈ। ਹੋਸਟਲ ਵਿਚ ਰਹਿ ਰਹੇ ਵਿਦਿਆਰਥੀ ਅੰਮ੍ਰਿਤ ਵੇਲੇ ਦੇ ਨਿਤਨੇਮ ਤੋਂ ਬਾਅਦ ਸਵਰ ਸਾਧਨਾ ਆਦਿ ਵਿਚ ਜੁਟਦੇ ਹਨ। ਕਲਾਸ ਦਾ ਸਮਾਂ 10 ਵਜੇ ਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪਾਠ-ਕ੍ਰਮ ਅਨੁਸਾਰ ਇਥੇ ਕੇਵਲ ਗੁਰਮਤਿ ਸੰਗੀਤ ਦੀ ਸਿੱਖਿਆ ਹੀ ਦਿਤੀ ਜਾਂਦੀ ਹੈ।

### 2.8.4. ਗੁਰੂ ਕਾਸ਼ੀ ਗੁਰਮਤਿ ਇੰਸਟੀਚਿਊਟ ਤਲਵੰਡੀ ਸਾਬ੍ਹੋ (ਬਠਿੰਡਾ)

ਇਹ ਅਦਾਰਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 1991 ਵਿਚ ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬ੍ਹੋ ਦੇ ਸਥਾਨ ਤੇ ਗੁਰਦੁਆਰਾ ਜੰਡਸਰ ਕੋਲ ਸਥਾਪਿਤ ਕੀਤਾ ਗਿਆ। ਇਸ ਦੇ ਪਹਿਲੇ

ਪ੍ਰਿੰਸੀਪਲ ਸ. ਲਾਭ ਸਿੰਘ ਸਨ। ਇਥੇ ਤਿੰਨ ਸਾਲਾ ਮਿਸ਼ਨਰੀ, ਸੰਗੀਤ ਅਤੇ ਤਬਲੇ ਦੇ ਕੋਰਸ ਕਰਵਾਏ ਜਾਂਦੇ ਹਨ। ਕੋਰਸ ਲਈ ਵਿਦਿਆਰਥੀਆਂ ਦੀ ਯੋਗਤਾ 10+2 ਜਾਂ ਬੀ.ਏ. ਹੈ।

ਸਾਲ 2008 ਵਿਚ ਇਥੇ ਅੰਗਰੇਜ਼ੀ ਭਾਸ਼ਾ ਵਿਚ ਨਿਪੁੰਨ ਪ੍ਰਚਾਰਕ ਕੋਰਸ ਸ਼ੁਰੂ ਕੀਤਾ ਗਿਆ। ਬਾਅਦ ਵਿਚ ਇਸ ਕੋਰਸ ਨੂੰ ਜੱਥੇਦਾਰ ਗੁਰਚਰਨ ਸਿੰਘ ਟੋਹੜਾ ਇੰਸਟੀਚਿਊਟ ਆਫ਼ ਅਡਵਾਂਸ ਸਿੱਖ ਸਟਡੀਜ਼, ਬਹਾਦਰਗੜ੍ਹ ਵਿਚ ਤਬਦੀਲ ਕਰ ਦਿਤਾ ਗਿਆ। 2009 ਵਿਚ ਇਥੇ ਬੀ.ਏ ਦਾ ਕੋਰਸ ਸ਼ੁਰੂ ਕੀਤਾ ਗਿਆ ਹੈ। ਇਸ ਕੋਰਸ ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਮਾਨਤਾ ਪ੍ਰਾਪਤ ਹੈ। ਇਸ ਤੋਂ ਬਾਅਦ 2012 ਵਿਚ ਐਮ.ਏ. ਸਿੱਖ ਸਟਡੀਜ਼ ਸ਼ੁਰੂ ਕੀਤੀ ਗਈ ਹੈ। ਪ੍ਰਿੰ. ਅਮਰਜੀਤ ਸਿੰਘ ਨੇ ਇਥੇ ਕਾਫੀ ਸਮਾਂ ਸੇਵਾ ਕੀਤੀ ਹੈ। ਹੁਣ ਪ੍ਰਿ. ਗੁਰਬੀਰ ਸਿੰਘ ਜੀ ਸੇਵਾ ਨਿਭਾ ਰਹੇ ਹਨ। ਸਹਾਇਕ ਸਟਾਫ ਵਿਚ ਡਾ. ਗੁਰਤੇਜ ਸਿੰਘ ਠੀਕਰੀਵਾਲਾ (ਧਰਮ ਅਧਿਐਨ), ਸ. ਕਰਮਜੀਤ ਸਿੰਘ ਭਾਈ ਰੂਪਾ (ਇਤਿਹਾਸ), ਸ. ਪਰਮਜੋਤ ਸਿੰਘ (ਗੁਰਮਤਿ ਸੰਗੀਤ), ਡਾ. ਹਰਮਨਦੀਪ ਕੌਰ (ਪੰਜਾਬੀ), ਬੀਬੀ ਰਣਦੀਪ ਕੌਰ (ਅੰਗਰੇਜ਼ੀ) ਆਦਿ ਅਧਿਆਪਨ ਕਾਰਜ ਕਰ ਰਹੇ ਹਨ।

ਹੁਣ ਇਸ ਨੂੰ ਗੁਰੂ ਕਾਸ਼ੀ ਗੁਰਮਤਿ ਇੰਸਟੀਚਿਊਟ ਆਫ ਅਡਵਾਂਸ ਸਿੱਖ ਸਟਡੀਜ਼ ਕਿਹਾ ਜਾਂਦਾ ਹੈ। ਇਸ ਵਿਚ ਲਗਪਗ 70 ਵਿਦਿਆਰਥੀਆਂ ਲਈ 25 ਕੁ ਕਮਰੇ, ਪ੍ਰਿ. ਲਾਭ ਸਿੰਘ ਯਾਦਗਾਰੀ ਗੁਰਮਤਿ ਲਾਇਬ੍ਰੇਰੀ ਜਿਸ ਵਿਚ 4500 ਦੇ ਕਰੀਬ ਪੁਸਤਕਾਂ, ਗੁਰਦੁਆਰਾ ਸਾਹਿਬ ਅਤੇ ਲੰਗਰ ਆਦਿ ਦਾ ਪ੍ਰਬੰਧ ਹੈ। ਪ੍ਰਚਾਰਕ, ਗ੍ਰੰਥੀ ਅਤੇ ਸੰਗੀਤ ਦੇ ਕੋਰਸ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪਾਠ-ਕ੍ਰਮ ਅਤੇ ਬੀ.ਏ. ਅਤੇ ਐਮ.ਏ. ਵਿਚ ਪੰਜਾਬੀ ਯੂਨੀਵਰਸਿਟੀ ਦੁਆਰਾ ਨਿਰਧਾਰਿਤ ਪਾਠ-ਕ੍ਰਮ ਪੜ੍ਹਿਆ ਜਾਂਦਾ ਹੈ।ਇਥੋਂ ਦੇ ਬਹੁਤ ਸਾਰੇ ਵਿਦਿਆਰਥੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਕਈ ਅਦਾਰਿਆਂ ਵਿਚ ਮੁਲਾਜਮ ਹਨ। ਮੁਖ ਰੂਪ ਵਿਚ ਇਥੋਂ ਦੇ ਵਿਦਿਆਰਥੀ ਕਥਾ, ਕੀਰਤਨ ਅਤੇ ਪ੍ਰਚਾਰਕ ਆਦਿ ਪਦਾਂ ਤੇ ਸੇਵਾ ਕਰ ਰਹੇ ਹਨ।

### 2.8.5. ਸੰਤ ਫ਼ਤਿਹ ਸਿੰਘ ਚੰਨਣ ਸਿੰਘ ਮਿਸ਼ਨਰੀ ਕਾਲਜ ਬੁੱਢਾ ਜੌਹੜ, ਰਾਜਸਥਾਨ

ਧਰਮ ਪ੍ਰਚਾਰ ਕਮੇਟੀ ਵੱਲੋਂ ਸੰਤ ਫ਼ਤਿਹ ਸਿੰਘ ਚੰਨਣ ਸਿੰਘ ਦੇ ਨਾਮ 'ਤੇ ਮਿਸ਼ਨਰੀ ਕਾਲਜ, ਬੁੱਢਾ ਜੌਹੜ, ਰਾਜਸਥਾਨ ਵਿਖੇ ਸਥਾਪਿਤ ਹੈ। ਇਸ ਕਾਲਜ ਦਾ ਮੁੱਖ ਉਦੇਸ਼ ਵੀ ਸਿੱਖ ਧਰਮ ਦੇ ਪੂਰਨ ਗਿਆਨ ਵਿਚ ਵਿਦਿਆਰਥੀਆਂ ਨੂੰ ਨਿਪੁੰਨ ਕਰਨਾ ਹੈ। ਇਸ ਕਾਲਜ ਵਿਚ ਬਾਰ੍ਹਵੀਂ ਤੋਂ ਬਾਅਦ ਬੱਚਿਆਂ ਲਈ ਤਿੰਨ ਸਾਲਾ ਅਤੇ ਦੋ ਸਾਲਾ ਡਿਗਰੀ ਕੋਰਸ ਚਲਾਏ ਜਾਂਦੇ ਹਨ।

### 2.8.6. ਭਾਈ ਗੁਰਦਾਸ ਗੁਰਮਤਿ ਵਿਦਿਆਲਾ, ਆਲਮਗੀਰ:

ਇਸ ਵਿਦਿਆਲੇ ਵਿਚ 'ਗ੍ਰੰਥੀ' ਦਾ ਕੋਰਸ ਕਰਵਾਇਆ ਜਾਂਦਾ ਹੈ। ਦਾਖਲੇ ਲਈ ਯੋਗਤਾ 10+2 ਹੈ। ਵਰਤਮਾਨ ਸਮੇਂ (2016) 7 ਕੁ ਬੱਚੇ ਸੰਥਿਆ ਕਰ ਰਹੇ ਹਨ। ਇਥੇ ਚਾਰ ਅਧਿਆਪਕ, ਸ. ਗੁਰਭਾਗ ਸਿੰਘ ਇੰਚਾਰਜ, ਸ. ਗੁਰਪ੍ਰੀਤ ਸਿੰਘ, ਬਲਵੰਤ ਸਿੰਘ ਅਤੇ ਬੀਬੀ ਕਮਲਜੀਤ ਕੌਰ ਹਨ। ਵਿਦਿਆਰਥੀਆਂ ਲਈ ਹੋਸਟਲ ਵਜੋਂ ਦੋ ਕਮਰੇ ਅਤੇ ਇਕ ਕਮਰਾ ਕਲਾਸਰੂਮ ਵਜੋਂ ਵਰਤਿਆ ਜਾਂਦਾ ਹੈ। ਸਵੇਰੇ ਸ਼ਾਮ ਦਾ ਨਿਤਨੇਮ ਕਮਰਿਆਂ ਵਿਚ ਹੀ ਕੀਤਾ ਜਾਂਦਾ ਹੈ। ਇਸ ਲਈ ਇਕ ਅਧਿਆਪਕ ਵਿਦਿਆਰਥੀਆਂ ਕੋਲ ਹਮੇਸ਼ਾ ਰਹਿੰਦਾ ਹੈ। ਕਲਾਸ ਦਾ ਸਮਾਂ 9 ਤੋਂ 2 ਵਜੇ ਤਕ ਹੈ ਅਤੇ ਸ਼ਾਮ ਨੂੰ ਕੀਰਤਨ ਵੀ ਸਿਖਾਇਆ ਜਾਂਦਾ ਹੈ।

### 2.8.7. ਜੱਸਾ ਸਿੰਘ ਆਹਲੂਵਾਲੀਆ ਗੁਰਮਤਿ ਸੰਗੀਤ ਵਿਦਿਆਲਾ, ਕਾਲਾ ਮਲ੍ਹਾ ਛਾਪਾ (ਬਰਨਾਲਾ)।

ਇਹ ਵਿਦਿਆਲਾ ਗੁਰਦੁਆਰਾ ਸਿੱਧਸਰ ਸਾਹਿਬ ਵਿਖੇ ਚਲ ਰਿਹਾ ਹੈ। ਇਸ ਦੀ ਸ਼ੁਰੂਆਤ 2009 ਈ. ਵਿਚ ਹੋਈ। ਇਥੇ ਇੰਚਾਰਜ ਸ. ਦਿਲਬਾਗ ਸਿੰਘ ਹਨ। ਸ. ਗੁਰਜੰਟ ਸਿੰਘ (ਹਰਮੋਨੀਅਮ) ਅਤੇ ਮਹਾਂਬੀਰ ਸਿੰਘ (ਤਬਲਾ) ਸੰਗੀਤ ਦੇ ਅਧਿਆਪਕਾਂ ਵਜੋਂ ਸੇਵਾ ਨਿਭਾ ਰਹੇ ਹਨ। ਵਿਦਿਆਲੇ ਦੀ ਕੋਈ ਵਖਰੀ ਇਮਾਰਤ ਨਹੀਂ ਹੈ। ਇਸ ਲਈ ਵਿਦਿਆਰਥੀਆਂ ਨੂੰ ਸੰਗਤ ਦੇ ਠਹਿਰਨ ਵਾਲੀ ਸਰਾਂ ਦੇ ਦੋ ਕਮਰੇ ਦਿਤੇ ਹਨ।

### 2.8.8. ਸਿੱਖ ਮਿਸ਼ਨਰੀ ਵਿਦਿਆਲਾ, ਬਾਦੀਆਂ, ਮੁਕਤਸਰ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਮਿਸ਼ਨਰੀ ਵਿਦਿਆਲਾ ਦੀ ਸਥਾਪਨ ਸੰਨ 1982 ਵਿਚ ਬਾਦੀਆਂ, ਮੁਕਤਸਰ ਵਿਖੇ ਕੀਤੀ ਗਈ। ਇਸ ਸੰਸਥਾ ਦੀ ਵਿਸ਼ੇਸ਼ਤਾ ਇਹ ਹੈ ਕਿ ਇੱਥੇ ਸਿਰਫ਼ ਗੁਰਮਤਿ ਸੰਗੀਤ ਦੀ ਸਿੱਖਿਆ ਦਿੱਤੀ ਜਾਂਦੀ ਹੈ

### 2.8.9. ਗੁਰੂ ਨਾਨਕ ਗੁਰਮਤਿ ਸਿਖਲਾਈ ਵਿਦਿਆਲਾ, ਡੇਰਾ ਬਾਬਾ ਨਾਨਕ, ਗੁਰਦਾਸਪੁਰ

ਡੇਰਾ ਬਾਬਾ ਨਾਨਕ ਗੁਰਦਾਸਪੁਰ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਨਾਨਕ ਗੁਰਮਤਿ ਸਿਖਲਾਈ ਵਿਦਿਆਲਾ 2008 ਵਿਚ ਸ਼ੁਰੂ ਕੀਤਾ ਗਿਆ। ਜਿਸ ਦੇ ਇੰਚਾਰਜ ਵੱਜੋਂ ਡਾ. ਰਾਜਿੰਦਰ ਸਿੰਘ ਨੂੰ ਨਿਯੁਕਤ ਕੀਤਾ ਗਿਆ। ਇੱਥੇ ਬਾਰ੍ਹਵੀਂ ਤੋਂ ਬਾਅਦ ਦੋ ਸਾਲਾ ਕੋਰਸ ਗ੍ਰੰਥੀ ਬਨਣ ਲਈ ਚਲਾਇਆ ਜਾਂਦਾ ਹੈ।

### 2.8.10 ਸ਼ਹੀਦ ਬਾਬਾ ਦੀਪ ਸਿੰਘ ਗੁਰਮਤਿ ਵਿਦਿਆਲਾ, ਬਖਸ਼ੀਵਾਲਾ ਕੋਠੀ, ਬਰਨਾਲਾ

ਸ਼ਹੀਦ ਬਾਬਾ ਦੀਪ ਸਿੰਘ ਗੁਰਮਤਿ ਵਿਦਿਆਲਾ, ਬਖਸ਼ੀਵਾਲਾ ਕੋਠੀ, ਬਰਨਾਲਾ ਵਿਖੇ ਸੰਨ 2006 ਤੋਂ ਚਲਾਇਆ ਜਾ ਰਿਹਾ ਹੈ। ਇਸਦੇ ਕਾਰਜਕਾਰੀ ਇੰਚਾਰਜ ਪਰਮਜੀਤ ਸਿੰਘ ਹਨ। ਇੱਥੇ ਬਾਰ੍ਹਵੀਂ ਤੋਂ ਬਾਅਦ ਗ੍ਰੰਥੀ ਦਾ ਕੋਰਸ ਕਰਵਾਇਆ ਜਾਂਦਾ ਹੈ।

### 2.8.11 ਗਿਆਨੀ ਸੋਹਣ ਸਿੰਘ ਸੀਤਲ ਢਾਡੀ ਕਾਲਜ, ਛੇਹਰਟਾ, ਅੰਮ੍ਰਿਤਸਰ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗਿਆਨੀ ਸੋਹਣ ਸਿੰਘ ਸੀਤਲ ਢਾਡੀ ਕਾਲਜ ਦੀ ਸਥਾਪਨਾ ਜੁਲਾਈ, 2018 ਵਿਚ ਛੇਹਰਟਾ, ਅੰਮ੍ਰਿਤਸਰ ਵਿਖੇ ਕੀਤੀ ਗਈ। ਇਸ ਕਾਲਜ ਦੇ ਇੰਚਾਰਜ ਡਾ. ਜੁਗੇਸ਼ਵਰ ਸਿੰਘ ਨੂੰ ਬਣਾਇਆ ਗਿਆ। ਇਸ ਵਿਚ ਬਾਰ੍ਹਵੀਂ ਤੋਂ ਬਾਅਦ ਦੋ ਸਾਲਾ ਅਤੇ ਤਿੰਨ ਸਾਲਾ ਕੋਰਸ ਢਾਡੀ ਕਵੀਸ਼ਰੀ ਦਾ ਕਰਵਾਇਆ ਜਾਂਦਾ ਹੈ।

### 2.8.12 ਸੰਤ ਕਰਤਾਰ ਸਿੰਘ ਜੀ ਖ਼ਾਲਸਾ ਸਿੱਖ ਮਿਸ਼ਨਰੀ ਕਾਲਜ, ਭੂਰਾ ਕੋਹਨਾ, ਤਰਨਤਾਰਨ

ਸੰਤ ਕਰਤਾਰ ਸਿੰਘ ਜੀ ਖ਼ਾਲਸਾ ਸਿੱਖ ਮਿਸ਼ਨਰੀ ਕਾਲਜ ਦੀ ਸਥਾਪਨਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੰਨ 2010 ਵਿਚ ਭੂਰਾ ਕੋਹਨਾ, ਤਰਨਤਾਰਨ ਵਿਖੇ ਕੀਤੀ ਗਈ। ਇਸ ਦੇ

ਪ੍ਰਿੰਸੀਪਲ ਦਾ ਕਾਰਜ ਰਾਜਪਾਲ ਸਿੰਘ ਸੰਭਾਲ ਰਹੇ ਹਨ। ਇੱਥੇ ਸੰਗੀਤ, ਪ੍ਰਚਾਰਕ ਅਤੇ ਗੰਥੀ ਦਾ ਦੋ,ਤਿੰਨ ਸਾਲਾ ਕੋਰਸ ਕਰਵਾਇਆ ਜਾਂਦਾ ਹੈ, ਜਿਸ ਲਈ ਯੋਗਤਾ ਬਾਰ੍ਹਵੀਂ ਹੈ।

### 2.8.13 ਗੁਰਮਤਿ ਟ੍ਰੇਨਿੰਗ ਇੰਸਟੀਚਿਊਟ, ਫ਼ਿਰੋਜ਼ਪੁਰ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੰਨ 2011 ਵਿਚ ਗੁਰਮਤਿ ਟ੍ਰੇਨਿੰਗ ਇੰਸਟੀਚਿਊਟ ਦੀ ਸਥਾਪਨਾ ਫ਼ਿਰੋਜ਼ਪੁਰ ਵਿਖੇ ਕੀਤੇ ਗਈ। ਗੁਰਤੇਜ ਸਿੰਘ ਇਸਦੇ ਪ੍ਰਿੰਸੀਪਲ ਦਾ ਕਾਰਜ-ਭਾਰ ਸੰਭਾਲ ਰਹੇ ਹਨ। ਇਸ ਸੰਸਥਾ ਵੱਲੋਂ ਗ੍ਰੰਥੀ ਦਾ ਕੋਰਸ ਕਰਵਾਇਆ ਜਾਂਦਾ ਹੈ

### 2.8.14 ਗੁਰਮਤਿ ਵਿਦਿਆਲਾ ਰਾਏਪੁਰ, ਫਤਿਹਗੜ੍ਹ ਸਾਹਿਬ

ਗੁਰਮਤਿ ਵਿਦਿਆਲਾ ਦੀ ਸਥਾਪਨਾ ਰਾਏਪੁਰ, ਫਤਿਹਗੜ੍ਹ ਸਾਹਿਬ ਵਿਖੇ ਸੰਨ **2013** ਵਿਚ ਕੀਤੀ ਗਈ। ਇੱਥੋਂ ਦੇ ਇੰਚਾਰਜ ਜੋਗਿੰਦਰ ਸਿੰਘ ਨੂੰ ਬਣਾਇਆ ਗਿਆ। ਇੱਥੇ ਬਾਰ੍ਹਵੀਂ ਤੋਂ ਬਾਅਦ ਦੋ, ਤਿੰਨ ਸਾਲਾ ਗ੍ਰੰਥੀ ਦਾ ਕੋਰਸ ਕਰਵਾਇਆ ਜਾਂਦਾ ਹੈ ਤਾਂ ਜੋ ਸਿੱਖ ਪ੍ਰਚਾਰ ਲਈ ਹੋਰ ਨਵੇਂ ਜੱਥੇ ਤਿਆਰ ਕੀਤੇ ਜਾ ਸਕਣ।

### 2.8.15 ਗੁਰਮਤਿ ਸੰਗੀਤ ਵਿਦਿਆਲਾ, ਸ਼ਾਹਜਹਾਨਪੁਰ, ਯੂ.ਪੀ.

ਇਸ ਦੀ ਸਥਾਪਨਾ **2014** ਵਿਚ ਹੋਈ। ਪ੍ਰੋ. ਦਲਜੀਤ ਸਿੰਘ ਇੱਥੋਂ ਦੇ ਇੰਚਾਰਜ ਵੱਜੋਂ ਸੇਵਾ ਨਿਭਾ ਰਹੇ ਹਨ। ਇੱਥੇ ਤਿੰਨ ਸਾਲਾ ਕੋਰਸ ਗੁਰਮਤਿ ਸੰਗੀਤ, ਤਬਲਾ ਅਤੇ ਸਿੱਖ ਪ੍ਰਚਾਰਕ ਦਾ ਚਲਾਇਆ ਜਾ ਰਿਹਾ ਹੈ, ਜਿਸ ਲਈ ਯੋਗਤਾ ਬਾਰ੍ਹਵੀਂ ਹੈ।

### 2.8.16 ਗੁਰਮਤਿ ਸੰਗੀਤ ਅਕੈਡਮੀ, ਮੰਚੂਰੀ, ਕਰਨਾਲ:

ਗੁਰਮਤਿ ਸੰਗੀਤ ਅਕੈਡਮੀ, ਮੰਚੂਰੀ, ਕਰਨਾਲ ਦੀ ਸਥਾਪਨਾ ਸੰਨ 2004 ਵਿਚ ਕੀਤੀ ਗਈ। ਇਸ ਦੇ ਇੰਚਾਰਜ ਗੁਰਪ੍ਰੀਤ ਸਿੰਘ ਹਨ। ਇੱਥੇ ਬਾਰ੍ਹਵੀਂ ਤੋਂ ਬਾਅਦ ਦੋ ਸਾਲਾ ਕੋਰਸ ਗੁਰਮਤਿ ਸੰਗੀਤ ਅਤੇ ਤਬਲਾ ਦਾ ਕਰਵਾਇਆ ਜਾਂਦਾ ਹੈ।

## 2.9 ਗੁਰਮਤਿ ਸਮਾਗਮ

ਧਰਮ ਪ੍ਰਚਾਰ ਲਈ ਸੰਸਥਾ ਵੱਲੋਂ ਨਿਰੰਤਰ ਗੁਰਮਤਿ ਸਮਾਗਮ ਕਰਵਾਏ ਜਾਂਦੇ ਹਨ। ਇਤਿਹਾਸਕ ਦਿਨਾਂ ਤੋਂ ਇਲਾਵਾ ਸ਼ਤਾਬਦੀਆਂ ਵੀ ਮਨਾਈਆਂ ਜਾਂਦੀਆਂ ਹਨ, ਜਿਨ੍ਹਾਂ ਬਾਰੇ ਗੁਰਦੁਆਰਾ ਗਜ਼ਟ ਵਿਚ ਹਰ ਮਹੀਨੇ ਵਿਵਰਣ ਦਿੱਤਾ ਜਾਂਦਾ ਹੈ।ਮਿਸਾਲ ਲਈ ਇਹ ਹੈਡਿੰਗ ਵੇਖੇ ਜਾ ਸਕਦੇ ਹਨ:

- ਪਿੰਡ ਹੋਜਾਈ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿਖੇ ਗੁਰਮਤਿ ਕੈਂਪ
- ਸੰਨ 1984 ਨੂੰ ਕਵਿਤਾ
- ਦਸਤਾਰ ਕਵਿਤਾ
- ਵਿਦੇਸ਼ਾਂ ਵਿਚ ਨਸਲੀ ਹਮਲੇ ਇਨਸਾਨੀਅਤ ਨੂੰ ਵੰਗਾਰ
- ਸ਼੍ਰੋਮਣੀ ਕਮੇਟੀ ਵੱਲੋਂ ਅਮਰੀਕਾ ਦੇ ਸ਼ਹਿਰ ਯੂਬਾ ਸਿਟੀ ਵਿਖੇ 'ਇੰਨਟਰਨੈਸ਼ਨਲ ਸਿੱਖ ਸੈਂਟਰ' ਸਥਾਪਿਤ ਕੀਤਾ ਜਾਵੇਗਾ
- ਧਰਮ ਪ੍ਰਚਾਰ ਕਮੇਟੀ ਦੀਆਂ ਪ੍ਰਚਾਰ ਵਹੀਰ ਸਰਗਰਮੀਆਂ
- ਸਿੱਖ ਮਿਸ਼ਨ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਵੱਲੋਂ ਬੱਚਿਆਂ ਦੇ ਵੱਖ ਵੱਖ ਮੁਕਾਬਲੇ ਤੇ ਗੁਰਮਤਿ ਸਮਾਗਮ
- ਧਰਮ ਪ੍ਰਚਾਰ ਕਮੇਟੀ ਵੱਲੋਂ ਸ਼ਿਲਾਂਗ ਵਿਖੇ ਗੁਰਮਤਿ ਸਮਾਗਮ
- ਸਿੱਖ ਮਿਸ਼ਨ ਕਲਕਤਾ ਵੱਲੋਂ ਬੱਚਿਆਂ ਦਾ ਗੁਰਮਤਿ ਕੈਂਪ

## 2.10 ਸ਼ਤਾਬਦੀਆਂ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਤਿਹਾਸ ਵਿਚ ਗੁਰ-ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸੰਬੰਧਿਤ ਸ਼ਤਾਬਦੀਆਂ ਨੂੰ ਮਨਾਉਣ ਦਾ ਉਪਰਾਲਾ ਕੀਤਾ ਹੈ। ਇਹਨਾਂ ਨੂੰ ਮਨਾਉਣ ਦੇ ਸੰਬੰਧ ਵਿਚ 21 ਫਰਵਰੀ, 2003 ਈ: ਨੂੰ ਸ਼ਤਾਬਦੀ ਕਮੇਟੀ ਦੀ ਇਕੱਤਰਤਾ ਫਤਿਹਗੜ੍ਹ ਸਾਹਿਬ ਵਿਖੇ ਹੋਈ। ਇਕੱਤਰਤਾ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਦੀ ਚੌਥੀ ਸ਼ਤਾਬਦੀ, ਸ੍ਰੀ ਗੁਰੂ ਅੰਗਦ ਦੇਵ ਜੀ ਦਾ 500 ਸਾਲਾ ਪ੍ਰਕਾਸ਼ ਉਤਸਵ, ਛੋਟੇ ਅਤੇ ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ

ਤੀਜੀ ਸ਼ਤਾਬਦੀ ਮਨਾਉਣ ਲਈ ਵਿਚਾਰ-ਵਟਾਂਦਰਾ ਹੋਇਆ।[58] ਇਸ ਮਗਰੋਂ ਸ਼ਤਾਬਦੀਆਂ ਮਨਾਉਣ ਦਾ ਇਹ ਸਿਲਸਿਲਾ ਅੱਜ ਵੀ ਜਾਰੀ ਹੈ।

- **8** ਜੂਨ, **2003** ਨੂੰ ਧਰਮ ਪ੍ਰਚਾਰ ਕਮੇਟੀ ਵੱਲੋਂ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਸੈਮਿਨਾਰ ਸ੍ਰੀ ਗੁਰੂ ਅੰਗਦ ਦੇਵ ਜੀ ਖ਼ਾਲਸਾ ਕਾਲਜ, ਖਡੂਰ ਸਾਹਿਬ ਵਿਖੇ ਕਰਵਾਇਆ।[59]
- **10** ਜੁਲਾਈ, **2003** ਨੂੰ ਧਰਮ ਪ੍ਰਚਾਰ ਕਮੇਟੀ ਵੱਲੋਂ ਸ਼ਹੀਦ ਭਾਈ ਮਨੀ ਸਿੰਘ ਜੀ: ਇਕ ਅਦੁੱਤੀ ਲਾਸਾਨੀ ਸਖ਼ਸੀਅਤ ਵਿਸ਼ੇ 'ਤੇ ਸੈਮੀਨਾਰ ਮਾਤਾ ਸਾਹਿਬ ਕੌਰ ਗਰਲਜ਼ ਕਾਲਜ ਵਿਖੇ ਆਯੋਜਿਤ ਕਰਵਾਇਆ ਗਿਆ ਜੋ ਕਿ **2004** 'ਚ ਆਉਣ ਵਾਲੀਆਂ ਸ਼ਤਾਬਦੀਆਂ ਨੂੰ ਸਮਰਪਿਤ ਸੀ।[60]
- ਧਰਮ ਪ੍ਰਚਾਰ ਕਮੇਟੀ ਵੱਲੋਂ 28 ਅਗਸਤ, 2004 ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਦਿਵਸ ਦੀ ਚੌਥੀ ਸ਼ਤਾਬਦੀ ਨੂੰ ਸਮਰਪਿਤ ਸੈਮੀਨਾਰ ਸ੍ਰੀ ਗੁਰੂ ਰਾਮਦਾਸ ਮੈਡੀਕਲ ਕਾਲਜ, ਅੰਮ੍ਰਿਤਸਰ ਵਿਖੇ ਆਯੋਜਿਤ ਕਰਵਾਇਆ ਗਿਆ। ਇਸ ਸਮਾਗਮ ਵਿਚ ਕਮੇਟੀ ਵੱਲੋਂ ਸੋਵੀਨਰ ਅਤੇ ਦੋ ਪੁਸਤਕਾਂ ਰਿਲੀਜ਼ ਕੀਤੀਆਂ ਗਈਆਂ। ਇਸ ਤੋਂ ਬਿਨ੍ਹਾਂ ਦਿਹਾੜੇ ਨੂੰ ਸਮਰਪਿਤ ਸੋਨੇ ਅਤੇ ਚਾਂਦੀ ਦੇ ਸਿੱਕੇ ਵੀ ਜਾਰੀ ਕੀਤੇ ਗਏ।[61]
- ਧਰਮ ਪ੍ਰਚਾਰ ਕਮੇਟੀ ਵੱਲੋਂ 19 ਦਸੰਬਰ, 2004 ਨੂੰ ਗੁਰਦੁਆਰਾ ਕਤਲਗੜ੍ਹ, ਚਮਕੌਰ ਸਾਹਿਬ ਵਿਖੇ 300 ਸਾਲਾ ਸ਼ਹੀਦੀ ਦਿਹਾੜਾ ਛੋਟੇ ਸਾਹਿਬਜ਼ਾਦਿਆਂ ਨੂੰ ਸਮਰਪਿਤ ਸਿੱਖ ਨੌਜਵਾਨ ਯੂਥ ਕਾਨਫਰੰਸ ਕਰਵਾਈ ਗਈ।
- 31 ਅਗਸਤ ਤੋਂ 1 ਸਤੰਬਰ, 2004 ਤੱਕ ਸ੍ਰੀ ਗੁਰੂ ਗੰਥ ਸਾਹਿਬ ਜੀ ਦੀ ਚੌਥੀ ਸ਼ਤਾਬਦੀ ਨੂੰ ਸਮਰਪਿਤ ਸਮਾਗਮ ਆਯੋਜਿਤ ਕਰਵਾਏ ਗਏ ਜਿਸ ਵਿਚ ਭਾਰਤ ਦੇ ਉਸ ਸਮੇਂ ਦੇ

---

[58] *ਗੁਰਦੁਆਰਾ ਗਜਟ* 3/03 ਪੰਨਾ 42

[59] ਉਹੀ, 6/06, ਪੰਨਾ 17.

[60] ਉਹੀ, 7/03, ਪੰਨਾ 31.

[61] ਉਹੀ, 9/04, ਪੰਨਾ 67

ਰਾਸ਼ਟਰਪਤੀ ਡਾ.ਏ. ਪੀ. ਜੇ ਅਬਦੁਲ ਕਲਾਮ ਵੀ ਪੁੱਜੇ। ਇਸ ਤੋਂ ਇਲਾਵਾ ਇਨ੍ਹਾਂ ਸਮਾਗਮਾਂ ਵਿਚ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ, ਰਾਜਪਲ ਜਸਟਿਸ ਓ.ਪੀ. ਵਰਮਾ, ਆਂਧਰਾ ਪ੍ਰਦੇਸ਼ ਦੇ ਰਾਜਪਾਲ ਸ੍ਰ. ਸੁਰਜੀਤ ਸਿੰਘ ਬਰਨਾਲਾ, ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਨਵਾਬ ਹਬੀਬ ਜੰਗ ਬਹਾਦਰ (ਬਾਬਾ ਫ਼ਰੀਦ ਜੀ ਦੇ ਖ਼ਾਨਦਾਨ ਵਿਚੋਂ 13ਵੀਂ ਪੀੜ੍ਹੀ), ਸੀਨੀਅਰ ਕਾਂਗਰਸੀ ਆਗੂ ਅੰਬਿਕਾ ਸੋਨੀ, ਸਾਬਕਾ ਪ੍ਰਧਾਨ ਮੰਤਰੀ ਸ੍ਰੀ ਅਟਲ ਬਿਹਾਰੀ ਵਾਜਪਾਈ,ਹਰਿਆਣਾ ਦੇ ਮੁੱਖ ਮੱਤਰੀ ਸ੍ਰੀ ਓਮ ਪ੍ਰਕਾਸ਼ ਚੌਟਾਲਾ, ਰਾਜਸਥਾਨ ਦੇ ਰਾਜਪਾਲ ਸ੍ਰੀ ਮਦਨ ਲਾਲ, ਬੁੱਧ ਧਰਮ ਦੇ ਮੋਢੀ ਸ੍ਰੀ ਦਲਾਈਲਾਮਾ, ਹਿੰਦੂ ਧਰਮ ਤੋਂ ਸ੍ਰੀ-ਸ੍ਰੀ ਰਵਿਸ਼ੰਕਰ, ਮੁਸਲਿਮ ਧਰਮ ਦੇ ਹਜ਼ਰਤ ਨਿਜ਼ਾਮੂਦੀਨ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਜੋਗਿੰਦਰ ਸਿੰਘ ਜੀ ਆਦਿ ਵੀ ਪੁਜੇ।[62] ਇਸ ਤਰ੍ਹਾਂ ਇਹ ਇਕ ਵਿਸ਼ਾਲ ਸਮਾਗਮ ਹੋ ਨਿਬੜੀਆ।

- ਇਸੇ ਲੜੀ ਤਹਿਤ ਦਸ਼ਮੇਸ਼ ਪਿਤਾ ਦੇ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦੀ ਤੀਜੀ ਸ਼ਤਾਬਦੀ ਨੂੰ ਸਮਰਪਿਤ ਸਿੱਖੀ ਵਿਚ ਸ਼ਹਾਦਤ ਦਾ ਸੰਕਲਪ ’ਤੇ ਅੰਤਰਰਾਸ਼ਟਰੀ ਸੈਮੀਨਾਰ ਮਿਤੀ 22 ਦਸੰਬਰ, 2004 ਨੂੰ ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਅਰਿੰਗ ਕਾਲਜ ਦੇ ਆਡੀਟੋਰੀਅਮ ਵਿਖੇ ਕਰਵਾਇਆ ਗਿਆ।[63]
- 25 ਦਸੰਬਰ, 2004 ਨੂੰ ਮਾਤਾ ਗੁਜਰੀ ਜੀ ਦੀ ਤੀਜੀ ਸ਼ਤਾਬਦੀ ਨੂੰ ਸਮਰਪਿਤ ਅੰਤਰ-ਰਾਸ਼ਟਰੀ ਇਸਤਰੀ ਕਾਨਫ਼ਰੰਸ, ਸ਼ਹੀਦ ਮਾਤਾ ਗੁਜਰੀ ਜੀ ਪੰਡਾਲ ਵਿਚ ਕਰਵਾਈ ਗਈ। ਇਸ ਕਾਨਫਰੰਸ ਵਿਚ ਮੁੱਖ ਤੌਰ ’ਤੇ ਇਸਤਰੀਆਂ ਨੂੰ ਆਪਣੇ ਫ਼ਰਜ਼ ਪਛਾਣਨ, ਇਤਿਹਾਸ ਤੋਂ ਸੇਧ ਲੈਣ, ਮੀਡੀਏ ਦੇ ਪ੍ਰਭਾਵਾਂ ਤੋਂ ਬਚਣ, ਇਸਤਰੀ/ਮਰਦ ਵਿਤਕਰੇ ਨੂੰ ਖਤਮ ਕਰਨ ਲਈ ਹਿੱਸੇਦਾਰੀ ਪਾਉਣ ਆਦਿ ਮੁੱਦਿਆ ਉੱਪਰ ਵਿਚਾਰ ਹੋਏ। ਇਸ ਵਿਚ ਮਾਤਾ ਗੁਜਰੀ ਜੀ ਤੇ ਸ਼ਾਹਿਬਜ਼ਾਦਿਆਂ ਨੂੰ ਸਮਰਪਿਤ ਇਕ ਵਿਸ਼ੇਸ਼ ਸੋਵੀਨਾਰ ਤੇ ਕੈਲੰਡਰ ਰਿਲੀਜ਼ ਕੀਤਾ ਗਿਆ।[64]

---

62 ਉਹੀ, 9/04, ਪੰਨਾ 72

63 ਉਹੀ, 1/05, ਪੰਨਾ 89

64 ਉਹੀ, 1/05, ਪੰਨਾ 91-92.

- 3 ਮਈ, 2005 ਨੂੰ ਮੁਕਤਸਰ ਸਾਹਿਬ ਦੀ ਪਵਿੱਤਰ ਧਰਤੀ ਉੱਪਰ 40 ਮੁਕਤਿਆਂ ਦੀ ਸ਼ਹੀਦੀ ਦੀ ਤੀਜੀ ਸ਼ਤਾਬਦੀ ਨੂੰ ਸਮਰਪਿਤ ਟੁੱਟੀ ਗੰਢੀ ਦੀ ਯਾਦ ਅਤੇ ਮਾਤਾ ਭਾਗੋ ਜੀ ਯਾਦਗਰੀ ਸਮਾਗਮ ਕਰਵਾਇਆ ਗਿਆ।[65]
- 24 ਅਪ੍ਰੈਲ, 2010 ਨੂੰ 'ਸਰਹਿੰਦ ਫਤਹਿ' ਦੀ ਤੀਜੀ ਸ਼ਤਾਬਦੀ ਨੂੰ ਸਮਰਪਿਤ ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਅਰਿੰਗ ਕਾਲਜ ਦੇ ਗਿਆਨੀ ਦਿੱਤ ਸਿੰਘ ਆਡੀਟੋਰੀਅਮ 'ਚ ਸੈਮੀਨਾਰ ਆਯੋਜਿਤ ਕੀਤਾ ਗਿਆ।[66]

ਧਰਮ ਪ੍ਰਚਾਰ ਕਮੇਟੀ ਵੱਲੋਂ ਮਨਾਈਆਂ ਗਈਆਂ ਸ਼ਤਾਬਦੀਆਂ

- 1975 ਈ. ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਤਿੰਨ ਸੌ ਸਾਲਾ ਸ਼ਹੀਦੀ ਦਿਵਸ ਮਨਾਇਆ ਗਿਆ।
- 1977 ਈ: ਵਿਚ ਅੰਮ੍ਰਿਤਸਰ ਦਾ ਚਾਰ ਸੌ ਸਾਲਾ ਸਥਾਪਨਾ ਦਿਵਸ ਮਨਾਇਆ ਗਿਆ।
- 1979 ਈ: ਵਿਚ ਸ੍ਰੀ ਗੁਰੂ ਅਮਰਦਾਸ ਜੀ ਦੀ ਪੰਜ ਸੌ ਸਾਲਾ ਜਨਮ ਸ਼ਤਾਬਦੀ ਮਨਾਈ ਗਈ।
- 1980 ਈ: ਵਿਚ ਮਹਾਰਾਜਾ ਰਣਜੀਤ ਸਿੱਘ ਜੀ ਦੀ ਦੋ ਸੌ ਸਾਲਾ ਜਨਮ ਸ਼ਤਾਬਦੀ ਮਨਾਈ ਗਈ।
- 1983 ਈ: ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆਂ ਦੀ ਦੋ ਸੌ ਸਾਲਾ ਬਰਸੀ ਮਨਾਈ ਗਈ।
- 1988 ਈ: ਵਿਚ ਸ੍ਰੀ ਹਰਿਮੰਦਰ ਸਾਹਿਬ ਦਾ ਚਾਰ ਸੌ ਸਾਲਾ ਸਥਾਪਨਾ ਦਿਵਸ ਮਨਾਇਆ ਗਿਆ।

---

[65] ਉਹੀ, 5/05, ਪੰਨਾ 09

[66] ਉਹੀ, 5/10, ਪੰਨਾ 71-73

- 1992 ਈ: ਵਿਚ ਜਰਨੈਲ ਹਰੀ ਸਿੰਘ 'ਨਲਵਾ' ਦੀ ਦੂਜੀ ਜਨਮ ਸ਼ਤਾਬਦੀ ਮਨਾਈ ਗਈ।
- 1993 ਈ: ਵਿਚ ਮਹਾਰਾਜਾ ਦਲੀਪ ਸਿੰਘ ਜੀ ਦੀ ਸੌ ਸਾਲਾ ਬਰਸੀ ਮਨਾਈ ਗਈ।
- 1995 'ਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ 400 ਸਾਲਾ ਪ੍ਰਕਾਸ਼ ਗੁਰਪੁਰਬ ਸ਼ਤਾਬਦੀ ਰੂਪ 'ਚ ਮਨਾਇਆ ਗਿਆ ਇਸ ਸਮੇਂ ਤੇ ਤਿੰਨ ਦਿਨ ਵਿਸ਼ਵ ਸਿੱਖ ਸੰਮੇਲਨ ਕੀਤਾ ਗਿਆ।
- 1999 ਵਿਚ ਖ਼ਾਲਸਾ ਪੰਥ ਦੀ ਸਾਜਨਾ ਦਾ 300 ਸਾਲਾ ਸ਼ਤਾਬਦੀ ਅਨੰਦਪੁਰ ਸਾਹਿਬ ਵਿਖੇ ਮਨਾਈ ਗਈ।
- 2004 ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦੀ 400 ਸਾਲਾ ਸ਼ਤਾਬਦੀ ਅੰਮ੍ਰਿਤਸਰ ਵਿਚ ਮਨਾਈ ਗਈ।
- 2005 ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਦਾ 500 ਸਾਲਾ ਪ੍ਰਕਾਸ਼ ਗੁਰਪੁਰਬ ਸ਼ਤਾਬਦੀ ਰੂਪ ਵਿਚ ਖਾਡੂਰ ਸਾਹਿਬ ਮਨਾਇਆ ਗਿਆ।
- 2006 ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਸ਼ਤਾਬਦੀ ਤਰਨਤਾਰਨ 'ਚ ਮਨਾਈ ਗਈ।
- 2006 ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਿਰਜਣਾ ਦਾ 400 ਸਾਲਾ ਦਿਵਸ ਮਨਾਇਆ।
- 2008 ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗੁਰਗੱਦੀ ਦਿਵਸ 300 ਸਾਲਾ ਗੁਰਗੱਦੀ ਦਿਵਸ ਦਮਦਮਾ ਸਾਹਿਬ ਸ਼ਤਾਬਦੀ ਰੂਪ 'ਚ ਮਨਾਇਆ ਗਿਆ।
- 2010 ਵਿਚ ਸਰਹਿੰਦ ਫਤਹਿ ਦਿਵਸ ਸ਼ਤਾਬਦੀ ਰੂਪ ਵਿਚ ਮਨਾਇਆ ਗਿਆ।
- ਆਨੰਦਪੁਰ ਸਾਹਿਬ ਦਾ 350 ਸਾਲਾ ਸਥਾਪਨਾ ਦਿਵਸ ਜੂਨ 2015 ਨੂੰ ਮਨਾਇਆ ਗਿਆ।
- 350 ਪ੍ਰਕਾਸ਼ ਪੂਰਵ ਜਾਂ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਦਿਹਾੜਾ, ਜਨਵਰੀ

2017 ਵਿਚ ਮਨਾਇਆ ਗਿਆ।

- ਬਾਬਾ ਜੱਸਾ ਸਿੰਘ ਆਹਲੂਵਾਲੀਆ ਦੀ ਤੀਜੀ ਜਨਮ ਸ਼ਤਾਬਦੀ ਸੰਬੰਧੀ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਵਿਖੇ ਗੁਰਮਤਿ ਸਮਾਗਮ ਅਪ੍ਰੈਲ 2018 ਵਿਚ ਆਯੋਜਿਤ ਕੀਤਾ ਗਿਆ।
- ਬਾਬਾ ਬੰਦਾ ਸਿੰਘ ਬਹਾਦਰ ਦਾ ਸ਼ਹੀਦੀ ਦਿਹਾੜਾ 23 ਜੂਨ, 2018 ਨੂੰ ਮਨਾਇਆ ਗਿਆ।
- ਭਾਈ ਘਨੱਈਆ ਜੀ ਦੇ ਅਕਾਲ ਚਲਾਣੇ ਦੀ 300 ਸਾਲਾ ਸ਼ਤਾਬਦੀ ਮੌਕੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਗੁਰਮਤਿ ਸਮਾਗਮ ਸਤੰਬਰ 2018 ਵਿਚ ਆਯੋਜਿਤ ਕੀਤਾ ਗਿਆ।
- ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਸੁਲਤਾਨਪੁਰ ਲੋਧੀ ਵਿਖੇ ਮਨਾਇਆ ਜਾਣਾ ਹੈ।

## 2.11 ਸਨਮਾਨ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪੰਥਕ ਸੇਵਾਵਾਂ ਕਰਨ ਵਾਲੇ ਗੁਰਸਿੱਖਾਂ ਨੂੰ ਪ੍ਰੇਰਿਤ ਕਰਨ ਲਈ ਕਈ ਤਰ੍ਹਾਂ ਦੇ ਉਪਰਾਲੇ ਵੀ ਕਰਦੀ ਆ ਰਹੀ ਹੈ ਜਿਸ ਦੀ ਪੁਸ਼ਟੀ ਹੇਠ ਲਿਖੇ ਅਨੁਸਾਰ ਹੈ:

ਜਨਵਰੀ, 1984 ਨੂੰ ਹੈੱਡ ਪ੍ਰਚਾਰਕ ਗਿ. ਇਕਬਾਲ ਸਿੰਘ ਮੀਰਾਂਕੋਟ ਨੂੰ ਪ੍ਰਚਾਰ ਦੇ ਖੇਤਰ ਵਿਚ ਕੀਤੀਆਂ ਸੇਵਾਵਾਂ ਦੇ ਇਵਜ਼ ਵੱਜੋਂ ਸੁਨਹਿਰੀ ਤਮਗਾ ਪ੍ਰਦਾਨ ਕਰਨ ਦਾ ਫ਼ੈਸਲਾ ਲਿਆ ਗਿਆ।[67] ਮੰਜੀ ਹਾਲ ਵਿਖੇ ਸੰਗਤਾਂ ਦੇ ਭਾਰੀ ਇਕੱਠ ਵਿਚ ਸੂਝਵਾਨ ਪ੍ਰਚਾਰਕ ਗਿ. ਇਕਬਾਲ ਸਿੰਘ ਮੀਰਾਂਕੋਟ ਨੂੰ ਇਹ ਸੁਨਹਿਰੀ ਤਮਗਾ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ। 19 ਅਪ੍ਰੈਲ, 2009 ਨੂੰ ਬੀਬੀ ਸੁਰਿੰਦਰ ਕੌਰ ਬਾਦਲ ਨੂੰ ਲੰਗਰ ਸ੍ਰੀ ਗੁਰੂ ਰਾਮਦਾਸ ਵਿਖੇ ਅਦੁੱਤੀ ਸੇਵਾ ਨਿਭਾਉਣ ਤੇ ਮਾਤਾ ਖੀਵੀ ਅਵਾਰਡ ਨਾਲ[68] ਅਤੇ 9 ਅਕਤੂਬਰ, 2009 ਨੂੰ ਸ੍ਰੀ ਗੁਰੂ ਰਾਮਦਾਸ ਜੀ ਦੇ ਗੁਰਪੁਰਬ ਉੱਪਰ ਪ੍ਰੋ. ਕਰਤਾਰ

[67] ਗੁਰਦੁਆਰਾ ਗਜਟ 2/84, ਪੰਨਾ-56

[68] ਉਹੀ, 5/09 ਪੰਨਾ 23

ਸਿੰਘ ਅਤੇ ਪਦਮ ਸ੍ਰੀ ਭਾਈ ਨਿਰਮਲ ਸਿੰਘ ਜੀ ਖ਼ਾਲਸਾ ਨੂੰ 'ਸ਼੍ਰੋਮਣੀ ਰਾਗ਼ੀ' ਦਾ ਖਿਤਾਬ ਦੇ ਕੇ ਸਨਮਾਨਿਤ ਕੀਤਾ ਗਿਆ।[69]

ਗੁਰੂ ਨਾਨਕ ਨਿਸ਼ਕਾਮ ਸੇਵਾ ਜਥਾ ਬਰਮਿੰਘਮ (ਯੂ. ਕੇ) ਦੇ ਮੁਖੀ ਭਾਈ ਮਹਿੰਦਰ ਸਿੰਘ ਨੂੰ ਕਾਰ-ਸੇਵਾ ਦੇ ਕਾਰਜਾਂ ਨੂੰ ਸ਼ਰਧਾ ਵੱਸ ਨਿਯਤ ਸਮੇਂ 'ਚ ਸੰਪੂਰਨ ਕਰਨ ਦੇਸ਼-ਵਿਦੇਸ਼ਾਂ 'ਚ ਗੁਰਮਤਿ ਵਿਚਾਰਧਾਰਾ ਦੇ ਪ੍ਰਚਾਰ-ਪ੍ਰਸਾਰ ਤੋਂ ਪਵਿੱਤਰ ਅਸਥਾਨਾਂ ਦੀ ਕਾਰ-ਸੇਵਾ ਲਈ ਨਿਭਾਈਆਂ ਵੱਡਮੁੱਲੀਆਂ ਸੇਵਾਵਾਂ ਸਦਕਾ ਸ਼੍ਰੋਮਣੀ ਕਮੇਟੀ ਵੱਲੋਂ ਗੁਰੂ-ਪੰਥ ਦੇ ਸਰਬਉੱਚਤਮ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਭਾਈ ਸਾਹਿਬ ਦੀ ਉਪਾਧੀ ਪ੍ਰਦਾਨ ਕੀਤੀ ਗਈ ਅਤੇ ਚਾਂਦੀ ਦੀ ਤਸ਼ਤਰੀ, ਸਿਰੀ ਸਾਹਿਬ ਤੇ ਸਿਰੋਪਾਉ ਨਾਲ ਸਨਮਾਨਿਤ ਕੀਤਾ ਗਿਆ।[70] ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਸਾਬਕਾ ਹਜ਼ੂਰੀ ਰਾਗੀ ਭਾਈ ਗੁਰਮੇਜ ਸਿੰਘ ਦੁਆਰਾ ਅਣਥੱਕ ਮਿਹਨਤ ਕਰਕੇ ਸੂਰਮੇ ਸਿੰਘਾਂ (ਨੇਤਰਹੀਣਾਂ) ਵਾਸਤੇ ਗੁਰਬਾਣੀ ਦਾ ਪਾਠ ਕਰਨ ਲਈ ਬਰੇਲ ਲਿਪੀ ਵਿਚ 18 ਪੋਥੀਆਂ ਵਿਚ ਲਿਪੀਅੰਤਰਣ ਕੀਤਾ ਗਿਆ ਹੈ। 18 ਫਰਵਰੀ, 2013 ਨੂੰ ਉਹਨਾਂ ਇਸ ਮਹਾਨ ਕਾਰਜ ਲਈ ਸ੍ਰੀ ਅਕਾਲ ਤਖ਼ਤ ਤੋਂ ਸਨਮਾਨਿਤ ਕੀਤਾ ਗਿਆ।[71]

ਧਰਮ ਪ੍ਰਚਾਰ ਕਮੇਟੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵੱਲੋਂ ਹੇਠ ਲਿਖੇ ਅਨੁਸਾਰ ਪੰਥਕ ਵਿਦਵਾਨਾਂ, ਵਿਸ਼ੇਸ਼ ਸ਼ਖ਼ਸੀਅਤਾਂ ਜਿਨ੍ਹਾਂ ਨੇ ਕੌਮ ਪ੍ਰਤੀ ਮਹੱਤਵਪੂਰਣ ਸੇਵਾ ਕੀਤੀ ਹੈ ਨੂੰ ਸਿਰੋਪਾਓ, ਸ੍ਰੀ ਸਾਹਿਬ ਤੇ ਨਗਦ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ:

| ਲੜੀ ਨੰ. | ਸਨਮਾਨਿਤ ਹੋਣ ਵਾਲੇ ਦਾ ਨਾਮ | ਸਨਮਾਨ | ਸਨਮਾਨ ਦੀ ਮਿਤੀ |
|---|---|---|---|
| 1 | ਡਾ. ਕਿਰਪਾਲ ਸਿੰਘ ਜੀ , ਚੰਡੀਗੜ੍ਹ | 11,000/- | 06-08-1991 |
| 2 | ਕੈਪਟਨ ਭਾਗ ਸਿੰਘ ਜੀ | 11,000/- | 06-08-1991 |
| 3 | ਸਰਦਾਰ ਸਾਧੂ ਸਿੰਘ ਜੀ, 'ਗੋਬਿੰਦਪੁਰੀ' | 11,000/- | 29-11-1991 |

69 ਉਹੀ, 11/09 ਪੰਨਾ 23

70 ਉਹੀ, 7/10 ਪੰਨਾ 33

71 ਅਜੀਤ ਜਲੰਧਰ, 19 ਫਰਵਰੀ, 2013.

| | | | |
|---|---|---|---|
| 4 | ਪ੍ਰੋਫੈਸਰ ਹਰਬੰਸ ਸਿੰਘ ਜੀ, ਪੰਜਾਬੀ ਯੂਨੀ... ਪਟਿਆਲਾ | 25,000/- | 09-08-1992 |
| 5 | ਸ. ਬਰਜਿੰਦਰ ਸਿੰਘ ਜੀ ਹਮਦਰਦ, ਸੰਪਾ. ਰੋਜਾਨਾ ਅਜੀਤ | 25,000/- | 09-08-1992 |
| 6 | ਸਿੰਘ ਸਾਹਿਬ ਗਿਆਨੀ ਚੇਤ ਸਿੰਘ ਜੀ, ਸਾਬਕਾ ਹੈੱਡ ਗ੍ਰੰਥੀ, ਸ੍ਰੀ ਦਰਬਾਰ ਸਾਹਿਬ | 11,000/- | 02-07-1993 |
| 7 | ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ ਜੀ, ਸਾਬਕਾ ਜੱਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ | 11,000/- | 02-07-1993 |
| 8 | ਸਿੰਘ ਸਾਹਿਬ ਗਿਆਨੀ ਭੁਪਿੰਦਰ ਸਿੰਘ ਜੀ, ਸਾਬਕਾ ਹੈੱਡ ਗ੍ਰੰਥੀ, ਸ੍ਰੀ ਦਰਬਾਰ ਸਾਹਿਬ | 11,000/- | 02-07-1993 |
| 9 | ਗਿਆਨੀ ਮਹਿੰਦਰ ਸਿੰਘ ਜੀ, ਸਾਬਕਾ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ | 11,000/- | 02-07-1993 |
| 10 | ਪ੍ਰਿੰਸੀਪਲ ਹਰਭਜਨ ਸਿੰਘ ਜੀ, ਚੰਡੀਗੜ੍ਹ | 11,000/- | 02-07-1993 |
| 11 | ਪ੍ਰਿੰਸੀਪਲ ਨਾਹਰ ਸਿੰਘ ਜੀ ਗਰੇਵਾਲ | 11,000/- | 02-07-1993 |
| 12 | ਪ੍ਰਿੰ. ਜਗਦੀਸ਼ ਸਿੰਘ ਜੀ | 11,000/- | 02-07-1993 |
| 13 | ਪ੍ਰਿੰ ਨਰਿੰਦਰ ਸਿੰਘ ਜੀ | 11,000/- | 02-07-1993 |
| 14 | ਪ੍ਰਿੰ. ਭਗਤ ਸਿੰਘ ਜੀ ਹੀਰਾ, ਦਿੱਲੀ | 11,000/- | 02-07-1993 |
| 15 | ਸ. ਰਾਮਨਰਾਇਣ ਸਿੰਘ ਜੀ ਦਰਦੀ (ਕਵੀ) | 25,000/- | 07-01-1994 |
| 16 | ਬੀਬੀ ਰਜਿੰਦਰ ਕੌਰ ਜੀ, ਸੰਤ ਸਿਪਾਹੀ (ਭਗਤ ਪੂਰਨ ਸਿੰਘ ਜੀ, ਐਵਾਰਡ) | 1,25,000/- | 09-08-1994 |
| 17 | ਸਰਦਾਰ ਹਰਬੀਰ ਸਿੰਘ ਜੀ ਭੰਵਰ, ਪੱਤਰਕਾਰ | 25,000/- | 06-10-1994 |
| 18 | ਸ. ਹਰਦੀਪ ਸਿੰਘ ਜੀ ਵਿਰਦੀ | 11,000/- | 06-10-1994 |
| 19 | ਸ੍ਰੀ ਕੁਲਦੀਪ ਨਈਅਰ ਜੀ (ਪੱਤਰਕਾਰ) | 51,000/- | 06-10-1994 |
| 20 | ਸਰਦਾਰ ਹਰਿੰਦਰ ਸਿੰਘ ਜੀ ਮਹਿਬੂਬ | 10,0000/- | 23-08-2002 |
| 21 | ਗਿਆਨੀ ਸੰਤ ਸਿੰਘ ਜੀ ਮਸਕੀਨ (ਭਾਈ ਗੁਰਦਾਸ ਅਵਾਰਡ) | 1,25,000/- | 05-03-2005 |
| 22 | ਯੂਥ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਤੇ ਪੰਜਾਬ ਅਧੀਨ ਸੇਵਾਵਾਂ ਚੋਣ ਬੋਰਡ) ਐਸ ਐਸ ਬੋਰਡ (ਦੇ ਨਵ-ਨਿਯੁਕਤ ਮੈਂਬਰ ਸ .ਇਕਬਾਲ ਸਿੰਘ ਸੰਧੂ | ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਾ ਮਾਡਲ, ਕਿਤਾਬਾਂ ਦਾ ਸੈਟ ਅਤੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। | 16-02-2015 |

| | | | |
|---|---|---|---|
| 23 | ਬਾਬਾ ਫਰੀਦ ਮੈਡੀਕਲ ਯੂਨੀਵਰਸਿਟੀ ਆਫ ਹੈਲਥ ਸਾਈਂਸਿਜ਼ ਫਰੀਦਕੋਟ ਦੇ ਵਾਈਸ-ਚਾਂਸਲਰ ਡਾਕਟਰ ਰਾਜ ਬਹਾਦਰ | ਸਿਰੋਪਾਓ, ਲੋਈ ਤੇ ਸ੍ਰੀ ਹਰਿਮੰਦਰ ਸਾਹਿਬ ਦੇ ਸੁਨਹਿਰੀ ਇਤਿਹਾਸ ਵਾਲੀ ਕਿਤਾਬ ਦੇ ਕੇ ਸਨਮਾਨਿਤ ਕੀਤਾ। | 19-02-2015 |
| 24 | ਜੱਥੇਦਾਰ ਅਵਤਾਰ ਸਿੰਘ ਦੀਆਂ ਘਾਲਨਾਵਾਂ ਤੇ ਪੰਥ ਲਈ ਕੀਤੀ ਸੇਵਾ ਦੇ ਸਨਮਾਨ ਵੱਜੋਂ ੬ ਜੂਨ ੨੦੧੫ ਨੂੰ | ਦਮਦਮੀ ਟਕਸਾਲ ਮਹਿਤਾ ਵੱਲੋਂ 'ਸੇਵਾ ਰਤਨ' ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਹੈ। | 06-06-2015 |
| 25 | ਧਰਮ ਪ੍ਰਚਾਰ ਕਮੇਟੀ ਦੇ ਸੁਪਰਵਾਈਜ਼ਰ ਸ੍: ਗੁਲਜਾਰ ਸਿੰਘ ਨੂੰ ਸੇਵਾ ਮੁਕਤ ਹੋਣ ਤੇ ਦਫਤਰੀ ਅਧਿਕਾਰੀਆਂ ਵੱਲੋਂ ਨਿੱਘੀ ਵਿਦਾਇਗੀ ਦਿੱਤੀ ਗਈ। | ਗੁਰੂ ਘਰ ਦੀ ਬਖਸ਼ਿਸ ਸਿਰੋਪਾਓ, ਸੱਚਖੰਡ ਸੀ ਹਰਿਮੰਦਰ ਸਾਹਿਬ ਦੀ ਤਸਵੀਰ ਤੇ ਲੋਈ ਦੇ ਕੇ ਸਨਮਾਨਿਤ ਕੀਤਾ। | 10-06-2015 |
| 26 | ਜੱਥੇਦਾਰ ਅਵਤਾਰ ਸਿੰਘ ਨੇ ਇਸ ਮੌਕੇ ਪਿੰਗਲਵਾੜਾ ਸੰਸਥਾ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ | ੫ ਲੱਖ ਰੁਪਏ ਦੀ ਸਹਾਇਤਾ ਦੇਣ ਦਾ ਐਲਾਨ ਕੀਤਾ। ਇਸ ਸੰਸਥਾ ਨੂੰ ਹਰ ਸਾਲ ਸ਼੍ਰੋਮਣੀ ਕਮੇਟੀ ਵੱਲੋਂ ਲਾਵਾਰਿਸ ਤੇ ਬੇ-ਸਹਾਰਿਆਂ ਦੀ ਸੇਵਾ ਕਰਨ ਲਈ ੧੦ ਲੱਖ ਰੁਪਏ ਦੀ ਸਹਾਇਤਾ ਦਿੱਤੀ ਜਾਂਦੀ ਹੈ | 04-08-2015 |
| 27 | ਪ੍ਰਸਿੱਧ ਲੇਖਕ ਤੇ ਗੀਤਕਾਰ ਸ .ਹਰਵਿੰਦਰ ਸਿੰਘ 'ਵੀਰ' | ਸਿਰੋਪਾਓ ਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਤਸਵੀਰ ਦੇ ਕੇ ਸਨਮਾਨਿਤ ਕੀਤਾ ਹੈ | 15-6-2016 |
| 28 | ਬੀਬਾ ਗੁਰਜੀਤ ਕੌਰ ਵਧੀਕ ਸਿਵਲ ਜੱਜ ਸੀਨੀਅਰ ਡਿਵੀਜ਼ਨ ਪਠਾਨਕੋਟ | ਸਨਮਾਨ ਚਿੰਨ੍ਹ ਤੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ | 19-11-2016 |
| 29 | ਕੈਨੇਡਾ ਦੇ ਪਹਿਲੇ ਸਿੱਖ ਰੱਖਿਆ ਮੰਤਰੀ ਸ .ਹਰਜੀਤ ਸਿੰਘ ਸੱਜਣ | ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਮਾਡਲ, ਵਿਸ਼ੇਸ਼ ਤਸਤਰੀ | 20-04-2017 |

| | | | |
|---|---|---|---|
| | | ਤੇ ਧਾਰਮਿਕ ਪੁਸਤਕਾਂ ਦੇ ਸੈੱਟ ਨਾਲ ਸਨਮਾਨਤ ਕੀਤਾ ਗਿਆ | |
| 30 | ਪ੍ਰਸਿੱਧ ਕਥਾਵਾਚਕ ਭਾਈ ਸਾਹਿਬ ਭਾਈ ਪਿੰਦਰਪਾਲ ਸਿੰਘ | ਸਨਮਾਨ ਕੀਤਾ ਗਿਆ | 13-10-2017 |
| 31 | ਸੇਵਾਦਾਰ ਵਜੋਂ ਸੇਵਾ ਨਿਭਾਅ ਰਹੇ ਸ. ਮੁਖਤਿਆਰ ਸਿੰਘ | ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਤਸਵੀਰ, ਸ੍ਰੀ ਸਾਹਿਬ, ਸਿਰੋਪਾਓ ਤੇ ਲੋਈ ਦੇ ਕੇ ਸਨਮਾਨਿਤ ਕੀਤਾ ਗਿਆ | 30-12-2017 |
| 32 | ਬੀਤੇ ਸਮੇਂ ਇੱਕ ਹਾਦਸੇ ਦੌਰਾਨ ਅਕਾਲ ਚਲਾਣਾ ਕਰ ਗਏ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੁਪਰਵਾਈਜ਼ਰ ਸ. ਪਤਵੰਤ ਸਿੰਘ ਦੀ ਪਤਨੀ ਬੀਬੀ ਕਸ਼ਮੀਰ ਕੌਰ ਨੂੰ | 16,00,000 ਬੀਮਾ ਰਾਸ਼ੀ | 08-02-2018 |
| 33 | ਸ. ਭੁਪਿੰਦਰ ਸਿੰਘ | ਗੁਰੂ ਬਖ਼ਸ਼ਿਸ਼ ਸਿਰੋਪਾਓ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਤਸਵੀਰ ਦੇ ਕੇ ਸਨਮਾਨਿਤ ਕੀਤਾ। | 22-09-2018 |
| 34 | ਸ ਗੁਰਦੀਪ ਸਿੰਘ | ਇਨ੍ਹਾਂ ਦਾ ਵਿਸ਼ੇਸ਼ ਰਾਸ਼ੀ ਨਾਲ ਸਨਮਾਨ ਕੀਤਾ | 17-09-2018 |
| 35 | 52 ਕਿੱਤਾਕਾਰਾਂ ਅਤੇ ਸੇਵਾ ਦੇ ਖੇਤਰ ਵਿਚ ਕਾਰਜਸ਼ੀਲ 5 ਪ੍ਰਮੁੱਖ ਸ਼ਖ਼ਸੀਅਤਾਂ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। | ਵਜੋਂ ਦਿੱਤੇ ਗਏ। ਇਸੇ ਤਰ੍ਹਾਂ 52 ਕਿੱਤਾਕਾਰਾਂ ਨੂੰ ਵੀ ਸਿਰੋਪਾਓ, ਲੋਈ, ਸਨਮਾਨ ਚਿੰਨ੍ਹ ਤੇ 11-11ਹਜ਼ਾਰ ਰੁਪਏ ਦਿੱਤੇ | 16-10-2018 |
| 36 | ਪੰਥ ਪ੍ਰਸਿੱਧ ਕਥਾਵਾਚਕ ਗਿਆਨੀ ਰਣਜੀਤ ਸਿੰਘ ਗੌਹਰ-ਏ-ਮਸਕੀਨ ਨੂੰ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਸਨਮਾਨਤ ਕੀਤਾ ਗਿਆ | ਸਨਮਾਨ | 7-11-2018 |

**ਭਾਈ 2006-07 ਸ੍ਰੀ ਗੁਰੂ ਅਰਜਨ ਦੇਵ ਜੀ ਦੇ 300 ਸਾਲਾ ਸ਼ਹੀਦੀ ਸ਼ਤਾਬਦੀ, (ਤਰਨਤਾਰਨ) ਵਿਖੇ ਨਾਮਵਰ ਸ਼ਖ਼ਸੀਅਤਾਂ ਜਿਨ੍ਹਾਂ ਨੂੰ ਸਿਰੋਪਾਓ, ਮੋਮੈਂਟੋ ਤੇ ਨਗਦ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ।**

| ਲੜੀ ਨੰ. | ਸਨਮਾਨਿਤ ਹੋਣ ਵਾਲੇ ਦਾ ਨਾਮ | ਸਨਮਾਨ | ਸਨਮਾਨ ਦੀ ਮਿਤੀ |
|---|---|---|---|
| 1 | ਸ੍ਰੀ ਰਾਏ ਅਜ਼ੀਜ਼ਉਲਾ ਖਾਂ, ਪਾਕਿਸਤਾਨ | 1,40,000/- | 16-06-2006 |
| 2 | ਬਾਬਾ ਹਰਬੰਸ ਸਿੰਘ ਜੀ ਕਾਰ ਸੇਵਾ ਵਾਲੇ | 51,000/- | 16-06-2006 |
| 3 | ਬਾਬਾ ਦਯਾ ਸਿੰਘ ਜੀ ਸੁਰਸਿੰਘ ਵਾਲੇ | 51,000/- | 16-06-2006 |
| 4 | ਬਾਬਾ ਜਗਤਾਰ ਸਿੰਘ ਜੀ ਕਾਰ ਸੇਵਾ ਵਾਲੇ | 51,000/- | 16-06-2006 |
| 5 | ਗਿਆਨੀ ਹਰਬੰਸ ਸਿੰਘ ਜੀ, ਪਟਿਆਲਾ | 51,000/- | 16-06-2006 |
| 6 | ਡਾ. ਜੋਧ ਸਿੰਘ ਜੀ, ਪਟਿਆਲਾ | 51,000/- | 16-06-2006 |
| 7 | ਭਾਈ ਬਲਬੀਰ ਸਿੰਘ ਜੀ, ਰਾਗੀ ਅੰਮ੍ਰਿਤਸਰ | 51,000/- | 16-06-2006 |
| 8 | ਸ. ਇਕਬਾਲ ਸਿੰਘ ਜੀ ਏ.ਆਈ.ਜੀ | 51,000/- | 16-06-2006 |
| 9 | ਬੀਬੀ ਜਸਬੀਰ ਕੌਰ ਖ਼ਾਲਸਾ, ਲੁਧਿਆਣਾ | 51,000/- | 16-06-2006 |
| 10 | ਡਾ. ਹਿਮਾਦਰੀ ਬੈਨਰਜੀ, ਕਲਕੱਤਾ | 51,000/- | 16-06-2006 |
| 11 | ਪ੍ਰੋ. ਗੁਰਬਚਨ ਸਿੰਘ ਜੀ, ਤਾਲਬ (ਅਕਾਲ ਚਲਾਣੇ ਉਪਰੰਤ) | 51,000/- | 16-06-2006 |
| 12 | ਸ. ਪ੍ਰਤਾਪ ਸਿੰਘ ਜੀ | 51,000/- | 16-06-2006 |

**300 ਸਾਲਾ ਸਰਹਿੰਦ ਫ਼ਤਹਿ ਦਿਵਸ ਨੂੰ ਸਮਰਪਿਤ ਮਿਤੀ 13-05-10 ਸਮਾਗਮ ਸਮੇਂ ਪੁਰਾਤਨ ਇਤਿਹਾਸਕ ਸ਼ਸਤਰ ਲੈ ਕੇ ਪੁੱਜੇ ਪਰਿਵਾਰਾਂ ਨੂੰ ਸਨਮਾਨ**

| ਲੜੀ ਨੰ. | ਸਨਮਾਨਿਤ ਹੋਣ ਵਾਲੇ ਦਾ ਨਾਮ | ਸਨਮਾਨ | ਸਨਮਾਨ ਦੀ ਮਿਤੀ |
|---|---|---|---|
| 1 | ਸ. ਸੁਖਮੰਦਰ ਸਿੰਘ ਸਪੁੱਤਰ ਸ.ਭਾਗ ਸਿੰਘ,ਪਿੰਡ ਡੋਡ, ਫਰੀਦਕੋਟ | **51,000/-** | 13-05-2010 |
| 2 | ਸ. ਬਲਜੀਤ ਸਿੰਘ ਸਪੁੱਤਰ ਸ. ਰਾਜਪਾਲ ਸਿੰਘ, ਪਿੰਡ ਨੰਗਲ, ਫਰੀਦਕੋਟ | **51,000/-** | 13-05-2010 |
| 3 | ਸ. ਜਸਬੀਰ ਸਿੰਘ ਸਪੁੱਤਰ ਸ. ਲਾਲ ਸਿੰਘ, ਚੱਕ ਫਤਹਿ ਸਿੰਘ ਵਾਲਾ, ਬਠਿੰਡਾ | **51,000/-** | 13-05-2010 |
| 4 | ਸ. ਰਤਨ ਸਿੰਘ ਸਪੁੱਤਰ ਸ. ਜੰਗ ਸਿੰਘ ਪਿੰਡ ਡਰੌਲੀ, ਮੋਗਾ | **51,000/-** | 13-05-2010 |
| 5 | ਸ. ਬੂਟਾ ਸਿੰਘ ਸਪੁੱਤਰ ਸ. ਗੁਰਚੇਤ ਸਿੰਘ, ਭਾਈਰੂਪਾ,ਬਠਿੰਡਾ | **51,000/-** | 13-05-2010 |

## 300 ਸਾਲਾ ਸਰਹਿੰਦ ਫ਼ਤਹਿ ਦਿਵਸ ਨੂੰ ਸਮਰਪਿਤ ਸਮਾਗਮ ਸਮੇਂ ਸਨਮਾਨ ਪ੍ਰਾਪਤ ਕਰਨ ਵਾਲੀਆਂ ਸ਼ਖ਼ਸੀਅਤਾਂ

| ਲੜੀ ਨੰ. | ਸਨਮਾਨਿਤ ਹੋਣ ਵਾਲੇ ਦਾ ਨਾਮ | ਸਨਮਾਨ | ਸਨਮਾਨ ਦੀ ਮਿਤੀ |
|---|---|---|---|
| 1 | ਸ. ਰੂਪ ਸਿੰਘ ਜੀ, ਐਡੀ: ਸਕੱਤਰ | **51,000/-** | 13-05-2010 |
| 2 | ਸ. ਹਰਵਿੰਦਰ ਸਿੰਘ ਜੀ ਖ਼ਾਲਸਾ | **51,000/-** | 13-05-2010 |
| 3 | ਡਾ. ਹਰਨਾਮ ਸਿੰਘ ਸ਼ਾਨ | **51,000/-** | 13-05-2010 |
| 4 | ਕੈਪਟਨ ਰਾਜਪਾਲ ਸਿੰਘ (ਹਾਕੀ) | **51,000/-** | 13-05-2010 |
| 5 | ਸਾਹਿਬ-ਏ-ਕਮਾਲ, ਸਰਬੰਸਦਾਨੀ, ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ੩੫੦ ਸਾਲਾ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਤਖ਼ਤ ਸ੍ਰੀ ਪਟਨਾ ਸਾਹਿਬ ਤੋਂ ਚੱਲੀ ਜਾਗ੍ਰਿਤੀ ਯਾਤਰਾ ਦਾ ੨੭ ਨਵੰਬਰ ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਪਹੁੰਚਣ 'ਤੇ ਨਿੱਘਾ ਸਵਾਗਤ ਕੀਤਾ ਗਿਆ | ਲੋਈ, ਸਿਰੋਪਾਓ, ਸ੍ਰੀ ਸਾਹਿਬ ਤੇ ਮੋਮੈਂਟੋ ਦੇ ਕੇ ਸਨਮਾਨਿਤ ਕੀਤਾ | 27-12-2016 |
| 6 | ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਜੀ ਜੱਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ੩੫੦ਸਾਲਾ ਪ੍ਰਕਾਸ਼ ਪੁਰਬ 'ਤੇ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਨਤਮਸਤਿਕ ਹੋਏ | ਲੋਈ ਅਤੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਅਤੇ ਜੀ ਆਇਆਂ ਕਿਹਾ | 03-01-2017 |
| 7 | ਸਾਹਿਬ-ਏ-ਕਮਾਲ, ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਆਯੋਜਿਤ ਕੀਤੇ ਗਏ ਸਮਾਗਮਾਂ ਵਿਚ ਜਿਥੇ ਬਿਹਾਰ ਦੇ ਮੁੱਖ ਮੰਤਰੀ ਸ੍ਰੀ ਨਿਤਿਸ਼ ਕੁਮਾਰ ਨੇ ਵਿਸ਼ੇਸ਼ ਭੂਮਿਕਾ ਨਿਭਾਈ | ਵਿਸ਼ੇਸ਼ ਤੌਰ 'ਤੇ ਸਨਮਿਨਤ ਕੀਤਾ | 08-01-2017 |

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਕੀਤੀ ਸਿਫ਼ਾਰਸ਼ ਦੇ ਆਧਾਰ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਨਮਾਨਿਤ ਸ਼ਖ਼ਸੀਅਤਾਂ ਦਾ ਵੇਰਵਾ ਹੇਠਾਂ ਲਿਕੇ ਅਨੁਸਾਰ ਹੈ:

| ਲੜੀ ਨੰ. | ਸਨਮਾਨਿਤ ਹੋਣ ਵਾਲੇ ਦਾ ਨਾਮ | ਸਨਮਾਨ | ਸਨਮਾਨ ਦੀ ਮਿਤੀ |
|---|---|---|---|
| 1 | ਭਾਈ ਸਾਹਿਬ ਸ. ਖੜਕ ਸਿੰਘ ਜੀ | ਸਿਰੋਪਾਓ, ਸ੍ਰੀ ਸਾਹਿਬ ਦੀ ਬਖ਼ਸ਼ਿਸ ਅਤੇ ਭਾਈ ਸਾਹਿਬ ਦੀ ਉਪਾਧੀ | 04-06-1927 |
| 2 | ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ | ਸਿਰੋਪਾਓ, ਸ੍ਰੀ ਸਾਹਿਬ ਦੀ ਬਖ਼ਸ਼ਿਸ ਅਤੇ ਭਾਈ ਸਾਹਿਬ ਦੀ ਉਪਾਧੀ | 15-09-1931 |
| 3 | ਸਿਰਦਾਰ ਕਪੂਰ ਸਿੰਘ ਜੀ | ਨੈਸ਼ਨਲ ਪ੍ਰੋਫੈਸਰ ਆਫ਼ ਸਿੱਖਇਜ਼ਮ | 13-10-1973 |

| | | | |
|---|---|---|---|
| 4 | ਭਾਈ ਸਾਹਿਬ ਸ. ਹਰਭਜਨ ਸਿੰਘ ਜੀ | ਸਿਰੋਪਾਓ, ਸ੍ਰੀ ਸਾਹਿਬ ਦੀ ਬਖ਼ਸ਼ਿਸ ਅਤੇ ਭਾਈ ਸਾਹਿਬ ਦੀ ਉਪਾਧੀ | 13-01-1974 |
| 5 | ਭਾਈ ਸਾਹਿਬ ਭਾਈ ਦੀਦਾਰ ਸਿੰਘ ਜੀ | ਭਾਈ ਸਾਹਿਬ ਦੀ ਉਪਾਧੀ | 18-01-1984 |
| 6 | ਜੱਥੇਦਾਰ ਗੁਰਚਰਨ ਸਿੰਘ ਜੀ ਟੌਹੜਾ | ਪੰਥ ਰਤਨ ਦੀ ਉਪਾਧੀ | 27-03-2005 |
| 7 | ਗਿਆਨੀ ਸੰਤ ਸਿੰਘ ਜੀ ਮਸਕੀਨ | ਗੁਰਮਤਿ ਵਿੱਦਿਆ ਮਾਰਤੰਡ ਦੀ ਉਪਾਧੀ | 27-03-2005 |
| 8 | ਡਾ. ਰਘਬੀਰ ਸਿੰਘ | ਸਿਰੋਪਾਓ, ਸ੍ਰੀ ਸਾਹਿਬ ਦੀ ਬਖ਼ਸ਼ਿਸ ਅਤੇ ਕੰਪਿਊਟਰ ਯੁੱਗ ਦੇ ਸਿੱਖ ਸਕਾਲਰ ਦੀ ਉਪਾਧੀ | 10-01-2006 |
| 9 | ਭਾਈ ਸਾਹਿਬ ਭਾਈ ਜਸਬੀਰ ਸਿੰਘ ਜੀ ਖ਼ਾਲਸਾ | ਪੰਥ ਰਤਨ ਦੀ ਉਪਾਧੀ | 04-08-2007 |
| 10 | ਬਾਬਾ ਨਿਹਾਲ ਸਿੰਘ ਜੀ | ਭਾਈ ਸਾਹਿਬ ਦੀ ਉਪਾਧੀ | 29-03-2008 |
| 11 | ਭਾਈ ਮਹਿੰਦਰ ਸਿੰਘ ਜੀ | ਸਿਰੋਪਾਓ, ਸ੍ਰੀ ਸਾਹਿਬ ਦੀ ਬਖ਼ਸ਼ਿਸ ਅਤੇ ਭਾਈ ਸਾਹਿਬ ਦੀ ਉਪਾਧੀ | 28-06-2010 |
| 12 | ਸ. ਰੂਪ ਸਿੰਘ ਜੀ | ਸਿਰੋਪਾਓ, ਸ੍ਰੀ ਸਾਹਿਬ ਦੀ ਬਖ਼ਸ਼ਿਸ ਅਤੇ ਭਾਈ ਸਾਹਿਬ ਦੀ ਉਪਾਧੀ | 11-04-2011 |
| 13 | ਸ. ਕਰਤਾਰ ਸਿੰਘ ਜੀ ਠਕੁਰਾਲ | ਸਿਰੋਪਾਓ, ਸ੍ਰੀ ਸਾਹਿਬ ਦੀ ਬਖ਼ਸ਼ਿਸ ਅਤੇ ਭਾਈ ਸਾਹਿਬ ਦੀ ਉਪਾਧੀ | 08-10-2011 |
| 14 | ਸ. ਸਰਨ ਸਿੰਘ ਜੀ | ਸਿਰੋਪਾਓ, ਸ੍ਰੀ ਸਾਹਿਬ ਦੀ ਬਖ਼ਸ਼ਿਸ ਅਤੇ ਭਾਈ ਸਾਹਿਬ ਦੀ ਉਪਾਧੀ | 08-10-2011 |
| 15 | ਸ. ਪਰਕਾਸ਼ ਸਿੰਘ ਬਾਦਲ | ਸਿਰੋਪਾਓ, ਸ੍ਰੀ ਸਾਹਿਬ ਦੀ ਬਖ਼ਸ਼ਿਸ ਅਤੇ ਪੰਥ ਰਤਨ, ਫ਼ਖਰ-ਏ-ਕੌਮ ਦੀ ਉਪਾਧੀ | 05-12-2011 |
| 16 | ਭਾਈ ਹਰਜਿੰਦਰ ਸਿੰਘ ਜੀ | ਸਿਰੋਪਾਓ, ਸ੍ਰੀ ਸਾਹਿਬ ਦੀ ਬਖ਼ਸ਼ਿਸ ਅਤੇ ਸ਼੍ਰੋਮਣੀ ਪੰਥਕ ਰਾਗੀ ਦੀ ਉਪਾਧੀ | 25-01-2013 |
| 17 | ਭਾਈ ਪਿੰਦਰਪਾਲ ਸਿੰਘ ਜੀ | ਸਿਰੋਪਾਓ, ਸ੍ਰੀ ਸਾਹਿਬ ਦੀ ਬਖ਼ਸ਼ਿਸ ਅਤੇ ਭਾਈ ਸਾਹਿਬ ਦੀ ਉਪਾਧੀ | 25-01-2013 |
| 18 | ਡਾ. ਕਿਰਪਾਲ ਸਿੰਘ ਜੀ | ਸਿਰੋਪਾਓ, ਸ੍ਰੀ ਸਾਹਿਬ ਦੀ ਬਖ਼ਸ਼ਿਸ ਅਤੇ ਪ੍ਰੋਫੈਸਰ ਆਫ਼ ਸਿੱਖਇਜ਼ਮ ਦੀ ਉਪਾਧੀ | 17-02-2014 |
| 19 | ਭਾਈ ਗੁਰਮੇਜ ਸਿੰਘ ਜੀ | ਸਿਰੋਪਾਓ, ਸ੍ਰੀ ਸਾਹਿਬ ਦੀ ਬਖ਼ਸ਼ਿਸ ਅਤੇ ਸਿੱਖ ਰਤਨ ਦੀ ਉਪਾਧੀ | 17-02-2014 |
| 20 | ਧਾਨ ਮੰਤਰੀ ਸ੍ਰੀ ਨਰਿੰਦਰ ਦਾਮੋਦਰ ਦਾਸ ਮੋਦੀ | ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਮਾਡਲ, ਲੋਈ, ਸਿਰੋਪਾਓ ਤੇ ਇਤਿਹਾਸਕ ਕਿਤਾਬਾਂ ਦਾ ਸੈਟ ਦੇ ਕੇ | 23-03-2015 |

| | | | |
|---|---|---|---|
| | | ਸਨਮਾਨਿਤ ਕੀਤਾ।ਉਨ੍ਹਾਂ ਦੇ ਨਾਲ ਆਏ ਮੰਤਰੀ ਮੰਡਲ ਦੇ ਸਾਥੀਆਂ ਨੂੰ ਵੀ ਲੋਈ ਤੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। | |
| 21 | ਭਾਜਪਾ ਦੇ ਕੌਮੀ ਪ੍ਰਧਾਨ ਸ੍ਰੀ ਅਮਿਤ ਸ਼ਾਹ | ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਾ ਮਾਡਲ, ਸਿਰੋਪਾਓ, ਲੋਈ ਤੇ ਧਾਰਮਿਕ ਕਿਤਾਬਾਂ ਦਾ ਸੈਟ ਦੇ ਕੇ ਅਤੇ ਉਨ੍ਹਾਂ ਨਾਲ ਆਏ ਸਾਥੀਆਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। | 02-05-2015 |
| 22 | ਦੇਸ਼ ਦੇ ਸਾਬਕਾ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਤੇ ਉਨ੍ਹਾਂ ਦੀ ਧਰਮ ਪਤਨੀ ਸ੍ਰੀ ਮਤੀ ਗੁਰਸ਼ਰਨ ਕੌਰ ਪੂਰੀ ਸ਼ਰਧਾ ਭਾਵਨਾ ਨਾਲ ਰੂਹਾਨੀਅਤ ਦੇ ਕੇਂਦਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਨਤਮਸਤਿਕ ਹੋਏ। | ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਾ ਮਾਡਲ, ਲੋਈ, ਸਿਰੋਪਾਓ ਅਤੇ ਧਾਰਮਿਕ ਪੁਸਤਕਾਂ ਦਾ ਸੈਟ ਦੇ ਕੇ ਜੱਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਨਮਾਨਿਤ ਕੀਤਾ | 11-07-2015 |
| 23 | ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ | ਸਿਰੋਪਾਓ,ਸ੍ਰੀ ਸਾਹਿਬ, ਲੋਈ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਤਸਵੀਰ ਅਤੇ ਧਾਰਮਿਕ ਪੁਸਤਕਾਂ ਦਾ ਸੈੱਟ ਦੇ ਕੇ ਸਨਮਾਨਿਤ ਕੀਤਾ | 08-05-2017 |
| 24 | ਜੰਮੂ ਕਸ਼ਮੀਰ ਦੇ ਜੰਗਲਾਤ ਮੰਤਰੀ ਚੌਧਰੀ ਲਾਲ ਸਿੰਘ | ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਤਸਵੀਰ ਅਤੇ ਧਾਰਮਿਕ ਪੁਸਤਕਾਂ ਦਾ ਸੈੱਟ ਦੇ ਕੇ ਸਨਮਾਨਿਤ ਕੀਤਾ | 22-06-2017 |
| 25 | ਪ੍ਰਸਿੱਧ ਕਥਾਵਾਚਕ ਭਾਈ ਸਾਹਿਬ ਭਾਈ ਪਿੰਦਰਪਾਲ ਸਿੰਘ | ਸਨਮਾਨ ਕੀਤਾ ਗਿਆ | 13-10-2017 |
| 26 | ਵਕੀਲ ਸਰਦਾਰ ਐਚ. ਐਸ. ਫੂਲਕਾ (ਨਵੰਬਰ ੧੯੮੪ ਸਿੱਖ ਕਤਲੇਆਮ ਦੇ ਦੋਸ਼ੀ ਸੱਜਣ ਕੁਮਾਰ ਨੂੰ ਉਮਰ ਕੈਦ ਦੀ ਸਜ਼ਾ ਮਿਲਣ) | ਗੁਰੂ ਬਖ਼ਸ਼ਿਸ਼ ਸਿਰੋਪਾਓ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਮਾਡਲ ਤੇ ਧਾਰਮਿਕ ਪੁਸਤਕਾਂ ਦਾ ਸੈੱਟ ਦੇ ਕੇ ਸਨਮਾਨਿਤ ਕੀਤਾ | 18-12-2018 |

ਧਰਮ ਪ੍ਰਚਾਰ ਕਮੇਟੀ ਵੱਲੋਂ ਭਗਤ ਪੂਰਨ ਸਿੰਘ ਅਵਾਰਡ ਹਰ ਸਾਲ ਉਹਨਾਂ ਵਿਅਕਤੀਆਂ ਨੂੰ ਦਿੱਤਾ ਜਾਂਦਾ ਹੈ, ਜਿਨ੍ਹਾਂ ਨੇ ਕੌਮ, ਅਤੇ ਦੀਰਘ ਰੋਗੀਆਂ ਦੀ ਸੇਵਾ ਕੀਤੀ ਹੋਵੇ। ਇਸ ਵਿਚ ਸਵਾ ਲੱਖ ਰੁਪਏ ਦੀ ਨਕਦ ਰਾਸ਼ੀ ਅਤੇ ਸਿਰੋਪਾਓ ਦਿੱਤਾ ਜਾਂਦਾ ਹੈ।

## 2.12 ਸਕੂਲਾਂ ਵਿਚ ਸਿੱਖ ਧਰਮ ਦੀ ਸਿੱਖਿਆ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਧਰਮ ਪ੍ਰਚਾਰ ਕਮੇਟੀ ਉੱਚ ਆਦਰਸ਼ ਨਾਲ ਧਾਰਮਿਕ ਪ੍ਰਚਾਰ ਦੀਆਂ ਵਹੀਰਾਂ ਘੱਤੀ ਰੱਖਦੀ ਹੈ। ਇਹ ਕਮੇਟੀ ਬੱਚਿਆਂ ਨੂੰ ਬਚਪਨ ਤੋਂ ਹੀ ਧਾਰਮਿਕ ਰੁਚੀਆਂ ਗ੍ਰਹਿਣ ਕਰਾਉਣ ਵਾਸਤੇ ਸਕੂਲਾਂ ਅਤੇ ਕਾਲਜਾਂ ਵਿਚ ਧਾਰਮ ਪ੍ਰਚਾਰ ਹਿੱਤ ਧਾਰਮਿਕ ਸਿੱਖਿਆ ਅਤੇ ਧਾਰਮਿਕ ਮੁਕਾਬਲੇ ਕਰਾਉਂਦੀ ਹੈ। ਸਕੂਲਾਂ ਵਿਚ ਸਿਲੇਬਸ ਤੋਂ ਵੱਖਰਾ ਇਕ ਧਾਰਮਿਕ ਪੇਪਰ ਰੱਖਿਆ ਜਾਂਦਾ ਹੈ ਤੇ ਜਿਹੜੇ ਵਿੱਦਿਆਰਥੀ ਇਸ ਪੇਪਰ ਵਿਚ ਤਸਲੀਬਖ਼ਸ਼ ਅੰਕ ਪ੍ਰਾਪਤ ਕਰਨ ਉਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਵਜ਼ੀਫੇ ਪ੍ਰਦਾਨ ਕੀਤੇ ਜਾਂਦੇ ਹਨ । ਧਾਰਮਿਕ ਸਿਲੇਬਸ ਦੀ ਪੂਰਤੀ ਵਾਸਤੇ ਸਿੱਖ ਧਰਮ ਨਾਲ ਸੰਬੰਧਿਤ ਅਤੇ ਮਨੁੱਖੀ ਸਾਂਝ ਪੈਦਾ ਕਰਨ ਵਾਲੀਆਂ ਪੁਸਤਕਾਂ ਛਾਪੀਆਂ ਜਾਂਦੀਆਂ ਹਨ ।

ਇਸ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਹਿਲੀ ਸ਼੍ਰੇਣੀ ਤੋਂ 10ਵੀਂ ਸ਼੍ਰੇਣੀ ਤਕ ਧਰਮ ਪੋਥੀਆਂ ਛਾਪੀਆਂ ਗਈਆਂ ਹਨ । ਪਹਿਲੀ ਜਮਾਤ ਦੇ ਵਿਦਿਆਰਥੀਆਂ ਲਈ ਜੋ ਪੁਸਤਕ ਹੈ ਉਹ 2007 ਵਿਚ ਪਹਿਲੀ ਵੇਰ ਛਪੀ ਸੀ ਤੇ ਇਸ ਦੀ ਤਦਾਦ ਪੰਝਾਹ ਹਜ਼ਾਰ ਕਾਪੀ ਸੀ । ਇਹ ਹਰ ਸਾਲ ਹੀ ਨਵੇਂ ਐਡੀਸ਼ਨ ਨਾਲ ਛਪਦੀ ਰਹੀ । ਇਸ ਦੀ ਕੀਮਤ ਕੇਵਲ 2 ਰੁਪਏ ਹੈ । ਇਸ ਵਿਚ ਗੁਰੂ ਤੇ ਸਿੱਖ, ਗੁਰੂ ਨਾਨਕ ਦੇਵ ਜੀ ਦੀ ਬਾਲ ਲੀਲਾ, ਖਰਾ ਸੌਦਾ, ਕਿਰਤ ਕਰਨੀ ਨਾਮ ਜੱਪਣਾ ਤੇ ਵੰਡ ਛਕਣਾ, ਉਂਚ ਨੀਚ ਤੇ ਭਰਮ ਦਾ ਨਾਸ਼ ਆਦਿ ਅਧਿਆਏ ਹਨ । ਏਸੇ ਤਰ੍ਹਾਂ 9ਵੀਂ ਤੇ ਦਸਵੀਂ ਸ਼੍ਰੇਣੀ ਦੀ 148 ਸਫ਼ਿਆਂ ਦੀ ਧਰਮ ਪੋਥੀ ਦੀ ਕੀਮਤ ਕੇਵਲ 20 ਰੁਪਏ ਹਨ। ਇਹ ਪੁਸਤਕਾਂ ਦਸਵੀਂ, ਗਿਆਰ੍ਹਵੀਂ ਤੇ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਲਈ ਧਾਰਮਿਕ ਸਿਖਿਆ ਵਾਸਤੇ ਨੀਯਤ ਹੈ । ਬਚਿਆਂ ਨੂੰ ਧਾਰਮਿਕ ਪ੍ਰੀਖਿਆ ਵਿਚ ਵਜੀਫੇ ਲੈਣ ਦੀ ਵਿਧੀ ਬਾਰੇ ਦੱਸਿਆ ਗਿਆ ਹੈ। ਇਸ ਵਿਚ ਸਿੱਖ ਇਤਿਹਾਸ ਤੋਂ ਬਿਨਾਂ ਸਿੱਖ ਫਤਿਹ, ਗੁਰਮਤਿ ਅਤੇ ਗੁਰਦੁਆਰਾ ਸੁਧਾਰ ਲਹਿਰ ਬਾਰੇ ਭਰਪੂਰ

ਗਿਆਨ ਦਿੱਤਾ ਗਿਆ ਹੈ । ਇਨ੍ਹਾਂ ਪੁਸਤਕਾਂ ਸਬੰਧੀ ਏਸੇ ਪੁਸਤਕ ਦੇ ਅਖੀਰ ਵਿਚ ਮੂੰਹ ਬੋਲਦਾ ਇਸ਼ਤਿਹਾਰ ਇਵੇਂ ਹੈ:

"ਧਰਮ ਪੋਥੀਆਂ"

"ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖ ਬਚਿਆਂ ਨੂੰ ਧਾਰਮਿਕ ਵਿੱਦਿਆ ਦੇਣ ਹਿੱਤ, ਵੱਖ ਵੱਖ ਜਮਾਤਾਂ ਦੇ ਵਿਦਿਆਰਥੀਆਂ ਲਈ ਧਰਮ ਪੋਥੀਆਂ ਲਿਖਵਾ ਕੇ ਆਪਣੀ ਪ੍ਰੈਸ ਵਿਚ ਛਪਵਾਉਣੀਆਂ ਹਨ । ਇਹ ਪੋਥੀਆਂ ਪਹਿਲੀ ਜਮਾਤ ਤੋਂ 6ਵੀਂ ਜਮਾਤ ਤੱਕ ਦੇ ਵਿੱਦਿਆਰਥੀਆਂ ਲਈ ਨੰ: 1 ਤੋਂ 6 ਤੱਕ ਲਾਗਤ ਕੀਮਤ ਉੱਤੇ ਥੋਹੜੇ ਪੈਸਿਆਂ ਵਿਚ ਮਿਲ ਸਕਦੀਆਂ ਹਨ।

"ਇਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਵੱਲੋਂ ਧਾਰਮਿਕ ਪ੍ਰੀਖਿਆ ਲੈ ਕੇ ਵਜ਼ੀਫੇ ਦੇਣ ਦੀ ਸਕੀਮ ਅਨੁਸਾਰ ਪਹਿਲੇ ਦਰਜੇ (ਅੱਠਵੀਂ ਸ਼੍ਰੇਣੀ ਤੱਕ) ਅਤੇ ਦੂਜੇ ਦਰਜੇ (ਨੌਵੀਂ ਦਸਵੀਂ ਅਤੇ ਹਾਈ ਸਕੈਂਡਰੀ) ਦੇ ਲਾਭ ਹਿੱਤ ਧਰਮ ਪੋਥੀਆਂ ਨਿਯਤ ਸਿਲੇਬਸ ਮੁਤਾਬਕ ਛਪੀਆਂ ਹਨ । ਲੋੜਵੰਦ ਸੱਜਣ ਮੰਗਵਾ ਕੇ ਲਾਭ ਉਠਾਉਣ । ਇਸ ਤੋਂ ਬਿਨਾਂ ਹਰ ਪ੍ਰਕਾਰ ਦੇ ਗੁਰਬਾਣੀ ਦੇ ਗੁਟਕੇ ਅਤੇ ਪੋਥੀਆਂ ਆਦਿ ਵੀ ਸ਼੍ਰੋਮਣੀ ਕਮੇਟੀ ਵੱਲੋਂ ਛਪੀਆਂ ਹਨ.........।"[72]

## 2.13 ਵਰਤਮਾਨ ਤਕਨੀਕਾਂ ਰਾਹੀਂ ਧਾਰਮਿਕ ਯੋਗਦਾਨ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਿਸ ਧਾਰਮਿਕ ਆਧਾਰਾਂ ਉੱਤੇ ਚਲਦੀ ਹੈ ਉਹ ਗੁਰਮਤਿ ਹੈ ਅਤੇ ਗੁਰਮਤਿ ਇਕ ਵਿਸ਼ਵ ਵਿਆਪੀ ਧਰਮ ਪੰਥ ਹੈ ਜਿਸ ਨੇ ਮਨੁੱਖਤਾ ਦੇ ਕਲਿਆਣ ਹਿਤ ਸੱਚ ਧਰਮ ਦਾ ਪ੍ਰਚਾਰ ਤੇ ਪ੍ਰਸਾਰ ਕੀਤਾ ਅਤੇ ਕਰ ਰਹੀ ਹੈ। ਅਜੋਕੇ ਤਕਨਾਲੋਜੀ ਯੁਗ ਵਿਚ ਸਿੱਖ ਧਰਮ ਦੇ ਪ੍ਰਚਾਰ ਤੇ ਪਾਸਾਰ ਲਈ ਸਿੱਖ ਪੰਥ ਨੂੰ ਸਮੇਂ ਦਾ ਹਾਣੀ ਬਣਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹਰ ਤਰ੍ਹਾਂ ਦਾ ਉਪਰਾਲਾ ਤੇ ਯਤਨ ਕਰ ਰਹੀ ਹੈ। ਅਜੋਕੇ ਸਮੇਂ ਵਿਚ ਕਮੇਟੀ ਇੰਟਰਨੈੱਟ ਨਾਲ ਵੀ ਜੁੜੀ ਹੋਈ ਹੈ ਅਤੇ ਇਸ ਦੀ ਵੈਬ ਸਾਇਟ www.sgpc.net <http://www.sgpc.net>

---

[72] ਸਕੱਤਰ, *ਧਰਮ ਪੋਥੀ, ਜਿਲਦ ਸੱਤਵੀਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ*, ਪੰਨਾ- 184

ਵੀ ਚਾਲੂ ਹੈ। ਅੱਜ ਸ਼੍ਰੋਮਣੀ ਕਮੇਟੀ ਇੰਟਰਨੈੱਟ ਰਾਹੀਂ ਵੀ, ਮਨੁੱਖੀ ਸਰਗਰਮੀਆਂ ਰਾਹੀਂ ਵੀ ਅਤੇ ਹਰ ਤਰ੍ਹਾਂ ਦੇ ਮੀਡੀਏ ਰਾਹੀਂ ਵੀ ਸੰਸਾਰ ਦੇ ਕੋਨੇ ਕੋਨੇ ਵਿਚ ਬੈਠੀਆਂ ਸੰਗਤਾਂ ਨੂੰ ਸਿੱਖ ਧਰਮ ਨਾਲ ਜੋੜਨ ਤੇ ਤੋਰਨ ਦੇ ਸਫਲ ਉਪਰਾਲੇ ਕਰ ਰਹੀ ਹੈ। ਆਸ ਹੈ ਕਿ 'ਸਭੈ ਸਾਂਝੀਵਾਲ ਸਦਾਇਨਿ' ਦੇ ਰਾਹ ਤੇ ਚਲਣ ਵਾਲੀ ਸੰਸਾਰ ਪੱਧਰੀ ਸੰਸਥਾ ਸ਼੍ਰੋਮਣੀ ਕਮੇਟੀ ਗੁਰਮਤਿ ਵਿਚਾਰਧਾਰਾ ਵੱਲੋਂ ਪ੍ਰਚਾਰਨ ਤੇ ਪ੍ਰਸਾਰਨ ਦੇ ਕੀਤੇ ਜਾ ਰਹੇ ਉਪਰਾਲੇ ਸੰਸਾਰ ਵਿਚ ਅਮਨ, ਭਾਈਚਾਰਾ ਅਤੇ 'ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ' ਦੀ ਮਨੁੱਖਤਾ ਨੂੰ ਭਲੇ ਦੀ ਸੋਚ ਤੇ ਧਰਮ ਨੂੰ ਹੋਰ ਅਗਾਂਹ ਤੱਕ ਲੈ ਜਾਵੇਗੀ।

ਕਮੇਟੀ ਵੱਲੋਂ ਹੋਰ ਟੈਕਨੀਕਲ ਮਹਿਕਮੀਆਂ ਵਾਂਗ ਆਪਣੇ ਸਟਾਫ ਨੂੰ ਨਵੀਂ ਟੈਕਨਾਲੋਜੀ ਅਤੇ ਨਵੀਂ ਸੋਚ ਨਾਲ ਜੋੜਨ ਵਾਸਤੇ 'ਸਟਾਫ ਸਿਖਲਾਈ ਕੈਂਪ ਲਾਏ ਜਾਂਦੇ ਹਨ ਅਤੇ ਗੁਰਦੁਆਰਿਆਂ ਦੀ ਸਾਂਭ ਸੰਭਾਲ ਤੋਂ ਬਿਨ੍ਹਾਂ ਲੰਗਰ ਬਣਾਉਣ ਦੀਆਂ ਆਧੁਨਿਕ ਮਸ਼ੀਨਾਂ ਅਤੇ ਤਕਨੀਕਾਂ ਦੀ ਸਿਖਲਾਈ ਦਿੱਤੀ ਜਾਂਦੀ ਹੈ। ਇਸ ਸਿਖਲਾਈ ਕੈਂਪ ਵਿਚ ਅਧਿਆਤਮਕ ਖੇਤਰ ਦੇ ਉੱਘੇ ਵਿਦਵਾਨਾਂ ਨੂੰ ਬੁਲਾ ਕੇ ਬੱਚਿਆਂ ਸਾਹਮਣੇ ਵਿਦਵਤਾ ਭਰਪੂਰ ਤਕਰੀਰਾਂ ਦਾ ਆਯੋਜਨ ਕੀਤਾ ਜਾਂਦਾ ਹੈ। ਇਨ੍ਹਾਂ ਸਿਖਲਾਈ ਕੈਂਪਾਂ ਵਿਚ ਵੱਖ ਵੱਖ ਗੁਰਦੁਆਰਿਆਂ ਦੇ ਸੇਵਾਦਾਰ ਬੁਲਾਏ ਜਾਂਦੇ ਹਨ । ਚੜ੍ਹਤ ਚੜ੍ਹਾਵੇ ਆਦਿ ਖਰਚੇ ਦੇ ਹਿਸਾਬ ਵਾਸਤੇ ਗੁਰਦੁਆਰਿਆਂ ਵਿਚ ਕੰਪਿਊਟਰਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ ਅਤੇ ਇਨ੍ਹਾਂ ਨੂੰ ਚਲਾਉਣ ਦੀ ਵੀ ਸਿਖਲਾਈ ਦਿੱਤੀ ਜਾਂਦੀ ਹੈ। ਇਨ੍ਹਾਂ ਧਾਰਮਿਕ  ਸਿਖਲਾਈ ਕੈਂਪਾਂ ਵਿਚ ਗੁਰਦੁਆਰਿਆਂ ਦੇ ਸੇਵਾਦਾਰਾਂ ਨੂੰ ਸੰਗਤਾਂ ਨਾਲ ਨਿਮਰਤਾ ਅਤੇ ਸਨਮਾਨ ਨਾਲ ਪੇਸ਼ ਆਉਣ ਦੀ ਸਿਖਲਾਈ ਦਿੱਤੀ ਜਾਂਦੀ ਹੈ । ਸ਼ਰਾਰਤੀ ਅਨਸਰਾਂ ਉੱਤੇ ਅੱਖ ਰੱਖਣ ਦਾ ਵੀ ਗਿਆਨ ਉਚੇਚੇ ਤੌਰ 'ਤੇ ਦਿੱਤਾ ਜਾਂਦਾ ਹੈ। ਸੇਵਾਦਾਰਾਂ ਨੂੰ ਗੁਰਦੁਆਰਿਆਂ ਦੀ ਸੇਵਾ ਦਾ ਮਹੱਤਵ ਸਮਝਾਇਆ ਜਾਂਦਾ ਹੈ। ਮਿਠਾਸ ਅਤੇ ਹਲੀਮੀ ਦੀ ਟ੍ਰੇਨਿੰਗ ਦਿੱਤੀ ਜਾਂਦੀ ਹੈ। ਗੁਰਦੁਆਰਿਆਂ ਵਿਚ ਆਈਆਂ ਧੀਆਂ ਭੈਣਾ ਦੀ ਇੱਜ਼ਤ ਅਤੇ ਮਰਯਾਦਾ ਕਾਇਮ ਰੱਖਣ ਲਈ ਵੀ ਸਿੱਖਿਆ ਦਿੱਤੀ ਜਾਂਦੀ ਹੈ।[73]

---

[73] ਸ਼੍ਰੋਮਣੀ ਕਮੇਟੀ ਵੱਲੋਂ ਸਟਾਫ ਸਿਖਲਾਈ ਕੈਂਪ, *ਗੁਰਦੁਆਰਾ ਗਜ਼ਟ ਜੂਨ* 2002, ਪੰਨਾ-29

## 2.14 ਸਿੱਖ-ਰਹਿਤ ਮਰਯਾਦਾ

ਰਹਿਤ ਤੋਂ ਭਾਵ ਸਿੱਖ ਆਚਾਰ ਹੈ। ਅਠਾਰ੍ਹਵੀਂ ਸਦੀ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤਿ ਸਮਾਉਣ ਤੋਂ ਬਾਅਦ ਸਿੱਖ ਰਵਾਇਤਾਂ ਅਤੇ ਰੀਤੀ-ਰਿਵਾਜਾਂ ਦੀ ਸਹੀ ਤਸਵੀਰ ਪੇਸ਼ ਕਰਨ ਲਈ ਕਈ ਕੋਸ਼ਿਸ਼ਾਂ ਕੀਤੀਆਂ ਗਈਆਂ। ਇਹ ਯਤਨ ਗੁਰੂਆਂ ਦੇ ਬਹੁਤ ਸਾਰੇ ਸਿਧਾਂਤਾਂ ਨਾਲ ਮੇਲ ਨਹੀਂ ਖਾਂਦੇ ਅਤੇ ਇਹਨਾਂ ਨੂੰ ਸਿੱਖਾਂ ਦੀ ਬਹੁਗਿਣਤੀ ਦੁਆਰਾ ਸਵੀਕਾਰ ਨਹੀਂ ਕੀਤਾ ਗਿਆ ਸੀ। ਇਸ ਸਦੀ ਦੇ ਸ਼ੁਰੂ ਵਿੱਚ 1931 ਵਿੱਚ ਸ਼ੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇੱਕ ਆਧੁਨਿਕ ਮਾਪਦੰਡ ਨਿਰੰਤਰ ਪੈਦਾ ਕਰਨ ਦਾ ਯਤਨ ਕੀਤਾ। ਇਸ ਯਤਨਾਂ ਵਿਚ ਇਸ ਸਦੀ ਦੇ ਸਭ ਤੋਂ ਵੱਡੇ ਸਿੱਖ ਵਿਦਵਾਨਾਂ ਅਤੇ ਧਰਮ ਸ਼ਾਸਤਰੀਆਂ ਨੇ ਮੌਜੂਦਾ ਰੂਪ ਨੂੰ ਤਿਆਰ ਕਰਨ ਵਿਚ ਯੋਗਦਾਨ ਪਾਇਆ। ਤਿਆਰ ਕੀਤੇ ਗਏ ਦਸਤਾਵੇਜ਼ ਨੂੰ ਸਰਕਾਰੀ ਰੂਪ ਵਜੋਂ ਸਵੀਕਾਰ ਕੀਤਾ ਗਿਆ ਹੈ ਜੋ ਦਿਸ਼ਾ-ਨਿਰਦੇਸ਼ ਦਿੰਦੀ ਹੈ, ਜਿਸ ਨਾਲ ਦੁਨੀਆਂ ਭਰ ਦੇ ਸਾਰੇ ਸਿੱਖ ਵਿਅਕਤੀਆਂ ਅਤੇ ਭਾਈਚਾਰਿਆਂ ਨੇ ਖੁਦ ਨੂੰ ਮਾਪਿਆ ਜਾ ਸਕਦਾ ਹੈ। ਰਹਿਤ ਮਰਯਾਦਾ ਕੇਵਲ ਇਕੋ ਇਕ ਸੰਸਕਰਣ ਹੈ ਜਿਸ ਨੂੰ ਅਕਾਲ ਤਖ਼ਤ ਦੁਆਰਾ ਪ੍ਰਮਾਣਿਤ ਕੀਤਾ ਗਿਆ ਹੈ। ਸਿੱਖਾਂ ਲਈ ਸਰਵਉੱਚ ਸਥਾਈ ਅਧਿਕਾਰ ਲਾਗੂ ਕੀਤਾ ਗਿਆ ਹੈ ਸਿੱਖੀ ਦੇ ਧਾਰਮਿਕ ਅਤੇ ਸਮਾਜਿਕ ਪ੍ਰਥਾਵਾਂ ਵਿੱਚ ਇਕਸਾਰਤਾ ਕੀਤੀ ਹੈ।

ਸਿੱਖ ਧਰਮ ਅਨੁਸਾਰ, ਮਨੁੱਖੀ ਜੀਵਨ ਦਾ ਮੰਤਵ ਪਰਮਾਤਮਾ ਦੀ ਪ੍ਰਾਪਤੀ ਹੈ ਅਤੇ ਸੱਚਾ ਸਿਧਾਂਤ ਉਹਨਾਂ ਦੇ ਸੱਚੀ ਆਤਮਾ ਵਿਚ ਦੇਖ ਕੇ ਸੰਭਵ ਹੈ। ਸਭ ਤੋਂ ਮਹੱਤਵਪੂਰਣ ਟੀਚਾ ਪ੍ਰਾਪਤ ਕਰਨ ਲਈ ਬਾਣੀ (ਨਾਮ ਸਿਮਰਨ) ਅਤੇ ਬਾਣਾ (ਪੰਜ ਕਾਕਾਰਾਂ ਦੀ ਪਹਿਚਾਣ ਅਤੇ ਨਜ਼ਰੀਏ ਦੀ ਦ੍ਰਿੜ੍ਹਤਾ) ਦੀ ਅਨੁਸ਼ਾਸ਼ਨ ਅਨੁਸਾਰ ਰਹਿਣਾ ਸਿੱਖ ਤੋਂ ਲੋਚਦਾ ਹੈ।

ਸਿੱਖ ਆਚਾਰ ਰਹਿਤਾਂ ਨੂੰ ਸਿੱਖ ਰਹਿਤ ਮਰਯਾਦਾ ਕਿਹਾ ਜਾਂਦਾ ਹੈ। ਇਹ ਸਮਾਜਿਕ, ਨੈਤਿਕ, ਧਾਰਮਿਕ, ਆਤਮਿਕ ਅਤੇ ਆਮ ਜੀਵਨ ਲਈ ਸਿੱਖ ਧਰਮ ਦੇ ਪੈਰੋਕਾਰਾਂ ਲਈ ਅਨੁਸ਼ਾਸਨ ਦਾ ਇਕ ਮੈਨੂਅਲ ਅਤੇ ਕੋਡ ਹੈ। 1945 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੁਆਰਾ ਪ੍ਰਕਾਸ਼ਿਤ ਸਿੱਖ ਆਚਾਰ ਜ਼ਾਬਤੇ ਅਨੁਸਾਰ ਇਕ ਸਿੱਖ ਨੂੰ ਬਾਣੀ (ਰੂਹਾਨੀ ਜੀਵਨ) ਅਤੇ ਬਾਣਾ (ਪੰਜ

ਕਾਕਾਰਾਂ ਨਾਲ ਵਰਦੀ) ਦੀ ਧਾਰਨਾ ਦਾ ਅਭਿਆਸ ਕਰਨਾ ਚਾਹੀਦਾ ਹੈ। ਉਸ ਨੂੰ ਅੰਦਰੂਨੀ ਅਤੇ ਬਾਹਰੀ ਆਚਾਰ ਜ਼ਾਬਤੇ ਤੱਕ ਜਿਊਣਾ ਚਾਹੀਦਾ ਹੈ।

ਅੰਦਰੂਨੀ ਰਹਿਤ ਮਰਯਾਦਾ ਦਾ ਭਾਵ ਹੈ ਇੱਕ ਸ਼ੁੱਧ, ਪਵਿੱਤਰ ਅਤੇ ਅਧਿਆਤਮਿਕ ਅੰਦਰਲੀ ਜਿੰਦਗੀ। ਬਾਹਰੀ ਰਹਿਤ ਮਰਯਾਦਾ ਦਾ ਅਰਥ ਹੈ ਬਾਹਰੀ ਰਹਿਤ ਮਰਯਾਦਾ ਅਤੇ ਨੇਕ ਜੀਵਨ ਦੀ ਦਿੱਖ ਰਹਿਤ ਰਹਿਤ ਮਰਯਾਦਾ ਦਾ ਸ਼ਾਬਦਿਕ ਮਤਲਬ ਹੈ "ਆਚਰਣ ਜਾਂ ਜੀਵਨ ਜੀਉਣ ਦਾ ਤਰੀਕਾ"। ਰਹਿਤ ਤੋਂ ਭਾਵ ਜੀਵਣ ਜਾਂ ਵਿਹਾਰ ਦਾ ਅਰਥ ਹੈ ਅਤੇ ਮਰਯਾਦਾ ਦਾ ਮਤਲਬ ਹੈ ਪਰੰਪਰਾ, ਵਿਸ਼ਵਾਸ ਜਾਂ ਕੋਡ ਜਾਂ ਜੀਵਨ ਦੇ ਅਨੁਸ਼ਾਸਨ ਦੀ ਅਭਿਆਸ। ਇਹ ਜ਼ਿੰਦਗੀ ਨੂੰ ਅਨੁਸ਼ਾਸਨ ਦੇ ਅਰਥਾਂ ਤਕ ਵਧਾਉਂਦਾ ਹੈ। ਇਹ ਨੈਤਿਕ, ਨੈਤਿਕ ਅਤੇ ਆਤਮਿਕ ਜੀਵਨ ਦੇ ਸਿਧਾਂਤਾਂ ਨੂੰ ਪੂਰਾ ਕਰਦਾ ਹੈ ਇਹ ਇਕ ਅਜਿਹਾ ਕੋਡ ਹੈ ਜਿਹੜਾ ਸਿੱਖਾਂ ਨੂੰ ਰਹਿਣ ਅਤੇ ਕਿਵੇਂ ਜੀਉਣਾ ਨਹੀਂ ਸਿਖਾਉਂਦਾ। ਇਹ ਸਿੱਖ ਲਈ ਇਕ ਮੈਨੂਅਲ ਹੈ ਜਿਸ ਵਿਚ ਉਸ ਨੂੰ ਇਕ ਲਾਟੂਸ ਦੀ ਤਰ੍ਹਾਂ ਰਹਿਣ ਦੀ ਸਲਾਹ ਦਿੱਤੀ ਗਈ ਹੈ ਜਿਸ ਵਿਚ ਗੰਦਗੀ ਵਾਲੇ ਪਾਣੀ ਵਿਚ ਜੜ੍ਹਾਂ ਦੀ ਜੜ੍ਹ ਹੈ ਪਰੰਤੂ ਇਸ ਦੇ ਫੁੱਲ ਦੇ ਫੁੱਲਾਂ ਵਿਚ ਚਿੱਕੜ ਭਰੇ ਬੇਸ ਉੱਪਰ ਸ਼ੁੱਧ ਅਤੇ ਬੇਦਾਗ ਤਰਦਾ ਹੈ। ਸਿੱਖ ਰਹਿਤ ਇਕ ਟੱਚ ਪਥਰ ਹੈ ਜੋ ਖ਼ਾਲਸਾ ਦੀ ਸ਼ੁੱਧਤਾ ਅਤੇ ਸੰਪੂਰਨਤਾ ਦਾ ਪ੍ਰਗਟਾਵਾ ਕਰਦਾ ਹੈ। ਰਹਿਤ ਮਰਯਾਦਾ ਇੱਛਾਵਾਨ ਅਨੁਸ਼ਾਸਨ ਹੈ।

ਸਿੱਖ ਧਰਮ ਵਿਸ਼ਵਾਸ ਕਰਦਾ ਹੈ ਕਿ ਸਰੀਰ ਅਤੇ ਮਨ ਦੀ ਇੱਛਾ ਅਨੁਸ਼ਾਸਨ ਹੈ। ਇਸ ਦਾ ਮੰਤਵ ਮਨੁੱਖਤਾ ਦੀ ਸੇਵਾ ਕਰਨਾ ਹੈ ਅਤੇ ਨਾਮ ਸਿਮਰਨ, ਸੱਚੀ ਕੀਰਤ ਅਤੇ ਵੰਡ ਛਕਣਾ ਦੁਆਰਾ ਅਖੀਰਲੀ ਅਸਲੀਅਤ ਪ੍ਰਾਪਤ ਕਰਨਾ ਹੈ। ਅਨੁਸ਼ਾਸਨ ਦੀ ਪਾਲਣਾ ਵਿਚ ਜ਼ਬਰਦਸਤੀ ਨਹੀਂ ਹੈ। ਇਹ ਦੰਡਿਤ ਨਹੀਂ ਹੈ। ਸਿੱਖ ਆਚਰਣ ਦਾ ਕੋਡ ਆਸ਼ਾਵਾਦੀ, ਸੁਧਾਰਾਤਮਕ ਹੈ ਅਤੇ ਭਗਵਾਨ ਨੂੰ ਪਰਮਾਤਮਾ ਦੀ ਇੱਛਾ ਨਾਲ ਪ੍ਰਵਿਸ਼ਟ ਹੋਣ ਦੀ ਲੋੜ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖ ਆਚਾਰ ਸੰਹਿਤਾ ਦਾ ਮੁਢਲਾ ਸਰੋਤ ਹੈ। ਇਹ ਦਸਮ ਗ੍ਰੰਥ, ਭਾਈ ਗੁਰਦਾਸ ਦੇ ਵਾਰਾਂ ਅਤੇ ਭਾਈ ਨੰਦ ਲਾਲ ਦੀਆਂ ਲਿਖਤਾਂ ਦੁਆਰਾ ਸਹਾਇਤਾ ਪ੍ਰਾਪਤ ਹੈ। ਭਾਈ ਨੰਦ

ਲਾਲ, ਭਾਈ ਦਯਾ ਸਿੰਘ, ਭਾਈ ਦੇਸਾ ਸਿੰਘ, ਭਾਈ ਚੰਪਾ ਸਿੰਘ ਅਤੇ ਹੋਰਾਂ ਦੇ ਰਹਿਤ ਨਮਾਜ਼ਾਂ ਰਾਹੀਂ ਰਹਿਤ ਨੂੰ ਹੋਰ ਮਜ਼ਬੂਤ ਕੀਤਾ ਗਿਆ ਹੈ।

ਗੁਰੂ ਗੋਬਿੰਦ ਸਿੰਘ ਦੁਆਰਾ ਤੋਹਫ਼ੇ ਦੇ ਪੰਜ ਕਾਕਾਰਾਂ ਦੇ ਸਿਧਾਂਤ ਨੇ ਸਿੱਖਾਂ ਨੂੰ ਪੂਰੀ ਤਰ੍ਹਾਂ ਜੀਵਨ ਜਿਊਣ ਅਤੇ ਸਰਬੱਤ ਦੀ ਮਦਦ ਕਰਨ ਦਾ ਸਿਧਾਂਤ ਦਿੱਤਾ ਹੈ। ਗੁਰੂ ਜੀ ਨੇ ਨਾ ਸਿਰਫ਼ ਖ਼ਾਲਸਾ ਰਹਿਣ ਦਿੱਤਾ ਬਲਕਿ ਕਿਸ ਤਰ੍ਹਾਂ ਜੀਉਣਾ ਹੈ, ਇਸ ਲਈ ਉਨ੍ਹਾਂ ਨੇ ਖ਼ਾਲਸਾ ਪੰਥ ਦੇ ਕੁੱਝ ਸਿਧਾਂਤ ਦਿੱਤੇ ਹਨ।

ਇਹ ਦਰਸਾਉਣਾ ਬਹੁਤ ਜ਼ਰੂਰੀ ਹੈ ਕਿ ਕਿਸੇ ਵਿਅਕਤੀ ਜਾਂ ਵਿਅਕਤੀਗਤ ਸੰਗਠਨ ਕੋਲ ਵਿਅਕਤੀਗਤ ਲੋੜਾਂ ਅਤੇ ਤਿੱਖੇ ਹੋਣ ਦੇ ਨਾਤੇ ਸਿੱਖ ਰਹਿਤ ਮਰਯਾਦਾ ਨੂੰ ਬਦਲਣ ਜਾਂ ਬਦਲਣ ਦਾ ਅਧਿਕਾਰ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪ੍ਰਕਾਸ਼ਿਤ ਸਿੱਖ ਰਹਿਤ ਮਰਯਾਦਾ ਅੱਗੇ ਹਰ ਸਿੱਖ ਨੂੰ ਸਿਰ ਝੁਕਾਉਣਾ ਪਵੇਗਾ। ਖ਼ਾਲਸਾ ਪੰਥ ਲਈ ਕੇਵਲ ਇਕ ਰਹਿਤ ਮਰਯਾਦਾ ਹੈ, ਸਿੱਖ ਰਹਿਤ ਮਰਯਾਦਾ ਦੇ ਮਹੱਤਵਪੂਰਣ ਸਿਧਾਂਤ

- ਧਰਮ-ਦੀ-ਕਿਰਤ ਕਰਨੀ (ਈਮਾਨਦਾਰ ਕਮਾਈ ਅਤੇ ਸੱਚੇ ਜੀਵਣ)
- ਵੰਡ ਕੇ ਛਕਨਾ (ਲੋੜਵੰਦਾਂ ਅਤੇ ਘੱਟ ਕਿਸਮਤ ਵਾਲੇ ਵਿਅਕਤੀਆਂ ਨਾਲ
  ਈਮਾਨਦਾਰੀ ਨਾਲ
  ਕਮਾਈ ਕਰਨਾ)
- ਨਾਮ ਜਪਣਾ (ਇਕ ਪਰਮਾਤਮਾ ਦੇ ਨਾਮ ਤੇ ਸਿਮਰਨ)
- ਪੂਜਾ ਅਕਾਲ ਕੀ (ਸਰਵਸ਼ਕਤੀਮਾਨ ਰੱਬ ਦੀ ਪੂਜਾ)
- ਪ੍ਰਭਾ ਸਬਦ ਕਾ (ਗੁਰਬਾਣੀ ਨੂੰ ਸਮਝਣਾ ਅਤੇ ਅਮਲ ਕਰਨਾ)
- ਦੀਦਾਰ ਖਾਲਸੇ ਕਾ (ਸਿੱਖ ਰਹਿਤ ਦੀ ਕਦਰ)
- ਪਵਿੱਤਰ ਸੰਗਤ ਦੀ ਸੰਗਤ ਵਿਚ ਸ਼ਾਮਲ ਹੋਣਾ ਅੰਮ੍ਰਿਤ ਛਕਣਾ, (ਅਮ੍ਰਿਤ ਪਾਹੁਲ ਦੀ ਸ਼ੁਰੂਆਤ ਅਤੇ ਤੰਬੂ ਤੋਂ ਦੂਰ ਰਹਿਣਾ)
- ਸਰਬਤ ਦਾ ਭਲਾ (ਸਾਰਿਆਂ ਦੀ ਭਲਾਈ)

- ਸੇਵਾ ਸੰਭਾਲ (ਮਨੁੱਖਤਾ ਦੀ ਭਲਾਈ ਲਈ ਨਿਸ਼ਕਾਮ ਸੇਵਾ)
- ਸੱਚਾ ਆਚਾਰ (ਜ਼ਿੰਦਗੀ ਵਿਚ ਚੰਗੇ ਨੈਤਿਕ ਚਰਿੱਤਰ ਨੂੰ ਰੱਖਣਾ)
- ਭਾਣਾ ਮੰਨਣਾ (ਪਰਮਾਤਮਾ ਦੀ ਇੱਛਾ ਤੋਂ ਪਹਿਲਾਂ ਸਮਰਪਣ)
- ਇੱਕ ਪਰਮਾਤਮਾ, ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਵਿੱਚ ਵਿਸ਼ਵਾਸ
- ਬਾਣੀ ਅਤੇ ਬਾਣਾ (ਨਾਰਮ ਅਤੇ ਫਾਰਮ) ਦੇ ਸਿਧਾਂਤਾਂ ਦੀ ਵਿਚਾਰ ਕਰਨਾ
- ਈਮਾਨਦਾਰੀ, ਉਦਾਰਤਾ, ਸਹਿਣਸ਼ੀਲਤਾ, ਦ੍ਰਿੜਤਾ ਅਤੇ ਨਿਮਰਤਾ ਆਦਿ ਅਪਣਾਓ ਅਤੇ ਅਭਿਆਸ ਕਰੋ। ਅੰਨ੍ਹੇ ਸੰਸਕਾਰ, ਰੀਤੀ ਰਿਵਾਜ ਅਤੇ ਅੰਧਵਿਸ਼ਵਾਸਾਂ ਦੀ ਪਾਲਣਾ ਮੂਰਤੀਆਂ ਅਤੇ ਚਿੱਤਰਾਂ ਦੀ ਪੂਜਾ ਨਹੀਂ ਕਰਨੀ।
- ਆਚਾਰ ਸੰਹਿਤਾ (ਸਿੱਖਾਂ ਲਈ ਸਖ਼ਤ ਸਮਾਜਿਕ-ਨੈਤਿਕ ਅਨੁਸ਼ਾਸਨ) ਦੇ ਤੌਰ ਤੇ ਤਜਵੀਜ਼ ਕੀਤੀ ਗਈ ਹੈ ਤਾਂ ਕਿ ਸਿੱਖਾਂ ਨੂੰ ਸ਼ੁੱਧ ਅਤੇ ਮੁਕਤ ਹੋਣਾ ਚਾਹੀਦਾ ਹੈ।

### 2.14.15 ਰਹੁ-ਰੀਤ ਕਮੇਟੀ ਅਤੇ ਸਿੱਖ ਰਹਿਤ ਮਰਯਾਦਾ ਦਾ ਪ੍ਰਕਾਸ਼ਨ

ਗੁਰਦੁਆਰਿਆਂ ਉੱਪਰ ਸਿੱਖਾਂ ਦੇ ਕਬਜੇ ਦੀ ਬਹਾਲੀ ਤੋਂ ਬਾਅਦ ਦੇਖਿਆ ਗਿਆ ਕਿ ਸਿੱਖਾਂ ਵਿਚ ਕਈ ਕਾਰਨਾਂ ਕਰਕੇ ਸਿੱਖ ਰਹਿਤ ਮਰਯਾਦਾ ਸਬੰਧੀ ਮੱਤਭੇਦ ਹਨ। ਇਸ ਲਈ ਜੱਥੇਦਾਰ ਤੇਜਾ ਸਿੰਘ ਅਤੇ ਰਵੇਲ ਸਿੰਘ ਨੇ 14 ਮਾਰਚ,1927 ਦੀ ਮੀਟਿੰਗ ਵਿਚ ਤਜਵੀਜ ਕੀਤਾ ਕਿ ਇਕ ਰਹੁ-ਰੀਤੀ ਕਮੇਟੀ ਬਣਾ ਕੇ ਰਹਿਤ ਮਰਯਾਦਾ ਦਾ ਲਿਖਤੀ ਖਰੜਾ ਤਿਆਰ ਕੀਤਾ ਜਾਵੇ।[74] ਫਿਰ ਰੁਹ-ਰੀਤਾਂ ਸਬ-ਕਮੇਟੀ ਦੇ ਕਨਵੀਨਰ ਪ੍ਰੋ. ਤੇਜਾ ਸਿੰਘ ਨੇ 30 ਦਸੰਬਰ,1933 ਈ: ਦੇ ਸਮਾਗਮ ਵਿਚ ਸਿੱਖ ਰਹਿਤ ਮਰਯਾਦਾ ਖਰੜਾ ਪੇਸ਼ ਕੀਤਾ[75] ਜੋ ਮੱਤ-ਭੇਦ ਹੋਣ ਕਾਰਨ ਪਾਸ ਨਾ ਹੋ ਸਕਿਆ। ਫਿਰ ਸਰਬ ਹਿੰਦ ਸਿੱਖ ਮਿਸ਼ਨ ਬੋਰਡ ਨੇ ਰਹੁ-ਰੀਤ ਸਬ-ਕਮੇਟੀ ਦੇ ਖਰੜੇ ਨੂੰ 1 ਅਗਸਤ, 1936 ਨੂੰ ਦਿੱਤੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਖਰੜੇ ਨੂੰ ਪ੍ਰਵਾਨਗੀ 12 ਅਕਤੂਬਰ, 1936 ਨੂੰ

---

[74] ਸ਼ਮਸ਼ੇਰ ਸਿੰਘ ਅਸ਼ੋਕ, *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ*, ਪੰਨਾ-64.

[75] ਸ਼ਮਸ਼ੇਰ ਸਿੰਘ ਅਸ਼ੋਕ, *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ*, ਪੰਨਾ-131.

ਦਿੱਤੀ।[76] ਸਿੱਖ ਰਹਿਤ ਮਰਯਾਦਾ ਨੂੰ ਆਖਿਰਕਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 3 ਫਰਵਰੀ, 1945 ਨੂੰ ਆਪਣੇ ਸੰਕਲਪ ਨੰਬਰ 97 'ਤੇ ਮਨਜ਼ੂਰੀ ਦੇ ਦਿੱਤੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੁਆਰਾ 1945 ਵਿਚ ਵੱਖ ਵੱਖ ਸਿੱਖ ਵਿਅਕਤੀਆਂ ਅਤੇ ਵੱਖ ਵੱਖ ਸੰਗਠਨਾਂ ਦੇ ਨੁਮਾਈਦਿਆਂ ਨਾਲ ਵਿਚਾਰ-ਵਟਾਂਦਰੇ ਤੋਂ ਬਾਅਦ ਇਹ ਪ੍ਰਕਾਸ਼ਿਤ ਕੀਤਾ ਗਿਆ ਸੀ। ਅਠਾਰ੍ਹਵੀਂ ਸਦੀ ਵਿਚ ਵੀ ਰਹਿਤ ਮਰਯਾਦਾ ਨਾਲ ਸੰਬੰਧਿਤ ਕੁਝ ਲਿਖਤਾਂ ਮਿਲਦੀਆਂ ਹਨ ਜਿਵੇਂ ਕਿ ਤਨਖ਼ਾਹਨਾਮਾ, ਪ੍ਰਹਿਲਾਦ ਰਾਇ ਰਹਿਤ ਨਾਮਾ, ਸਾਖੀ ਰਹਿਤ ਕੀ, ਚੌਪਾ ਸਿੰਘ ਰਹਿਤ ਨਾਮਾ, ਦੇਸ ਸਿੰਘ ਰਹਿਤ ਨਾਮਾ, ਦਯਾ ਸਿੰਘ ਰਹਿਤ ਨਾਮਾ ਆਦਿ। ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਮਾਣਿਤ ਜੋ ਰਹਿਤ ਨਾਮਾ ਪ੍ਰਚਲਿਤ ਹੈ ਉਸਦਾ ਸੰਖੇਪ ਇਸ ਤਰ੍ਹਾਂ ਹੈ।

### 2.14.16 ਰਹਿਤ ਮਰਯਾਦਾ

ਭਾਗ ਪਹਿਲਾ ਵਿਚ ਇਕੋ ਅਧਿਆਏ ਹੈ ਜਿਸਦੇ ਅਨੁਛੇਦ ਇਕ ਵਿਚ ਸਿੱਖ ਦੀ ਪਰਿਭਾਸ਼ਾ ਦਿੱਤੀ ਗਈ ਹੈ।[77] ਕੋਈ ਵੀ ਮਨੁੱਖ ਜੋ ਵਫ਼ਾਦਾਰੀ ਨਾਲ ਇਕ ਅਕਾਲ ਪੁਰਖ਼, ਦਸ ਗੁਰੂ ਸਾਹਿਬਾਨ, ਗੁਰੂ ਗ੍ਰੰਥ ਸਾਹਿਬ, ਦਸ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਅਤੇ ਸਿਖਿਆਵਾਂ, ਅੰਮ੍ਰਿਤਧਾਰੀ ਹੋਣ ਵਿਚ ਵਿਸ਼ਵਾਸ ਰੱਖਦਾ ਹੈ।[78] ਦੂਸਰੇ ਭਾਗ ਵਿਚ ਦੂਜਾ ਅਤੇ ਤੀਜਾ ਅਧਿਆਏ ਹੈ। ਦੂਸਰੇ ਅਧਿਆਏ ਅਨੁਛੇਦ ਦੋ ਵਿਚ ਸਿੱਖ ਦੀ ਰਹਿਣੀ ਸ਼ਖ਼ਸੀ ਅਤੇ ਪੰਥਕ ਦੱਸੀ ਗਈ ਹੈ।[79] **ਅਧਿਆਇ ਤੀਸਰੇ** ਅਨੁਛੇਦ 3-4 ਵਿਚ ਇਕ ਸਿੱਖ ਦੇ ਸਖ਼ਸ਼ੀ ਜੀਵਨ, ਨਾਮ ਸਿਮਰਨ ਅਤੇ ਬਾਣੀ ਫਾਠ ਬਾਰੇ ਦੱਸਿਆ ਗਿਆ ਹੈ। ਇਸੇ ਹਿੱਸੇ ਵਿਚ ਪੂਰੀ ਅਰਦਾਸ ਦਾ ਪਾਠ ਦਿੱਤਾ ਗਿਆ ਹੈ।[80] ਤੀਸਰੇ ਭਾਗ ਵਿਚ ਚਾਰ ਅਧਿਆਏ ਹਨ। ਚੌਥੇ ਅਧਿਆਇ ਦੇ ਅਨੁਛੇਦ ਪੰਜ ਵਿਚ ਗੁਰਦੁਆਰੇ ਵਿਚ ਸਾਧ-ਸੰਗਤ ਵਿਚ ਗੁਰਬਾਣੀ ਅਭਿਆਸ ਦੀ ਰਹਿਤ-ਮਰਯਾਦਾ ਦੱਸੀ ਗਈ ਹੈ।[81] ਪੰਜਵੇਂ ਅਧਿਆਇ ਦੇ ਅਨੁਛੇਦ 6 ਵਿਚ ਕੀਰਤਨ ਦੀ ਮਰਯਾਦਾ

---

[76] *ਸਿੱਖ ਰਹਿਤ ਮਰਯਾਦਾ*,1940, ਪੰਨਾ-3

[77] ਕੁਲਰਾਜ ਸਿੰਘ, *ਸਿੱਖ ਕੋਡ ਆਫ਼ ਕੰਡਕਟ ਐਂਡ ਕੰਨਵੈਨਸ਼ਨ,* ਪੰਨਾ: 10

[78] *ਸਿੱਖ ਰਹਿਤ ਮਰਯਾਦਾ*, ਸਿੱਖ ਮਿਸ਼ਨਰੀ ਕਾਲਜ, ਲੁਧਿਆਣਾ ਪੰਨਾ-9

[79] ਕੁਲਰਾਜ ਸਿੰਘ, *ਸਿੱਖ ਕੋਡ ਆਫ਼ ਕੰਡਕਟ ਐਂਡ ਕੰਨਵੈਨਸ਼ਨ*, ਪੰਨਾ: 12

[80] *ਸਿੱਖ ਰਹਿਤ ਮਰਯਾਦਾ*, ਸਿੱਖ ਮਿਸ਼ਨਰੀ ਕਾਲਜ, ਲੁਧਿਆਣਾ ਪੰਨਾ-11

[81] ਉਹੀ ਪੰਨਾ-13

ਬਾਰੇ ਜਾਣਕਾਰੀ ਦਿੱਤੀ ਗਈ ਹੈ। ਰਾਗ਼ ਵਿਚ ਗੁਰਬਾਣੀ ਗਾਉਣ ਨੂੰ ਕੀਰਤਨ ਕਿਹਾ ਜਾਂਦਾ ਹੈ ਅਤੇ ਕੀਰਤਨ ਸਿੱਖ ਹੀ ਕਰ ਸਕਦਾ ਹੈ।[82] ਛੇਵੇਂ ਅਧਿਆਇ ਦੇ ਅਨੁਛੇਦ 7 ਵਿਚ 'ਹੁਕਮ ਲੈਣ' ਦੀ ਰਹਿਤ ਮਰਯਾਦਾ ਬਾਰੇ ਦੱਸਿਆ ਗਿਆ ਹੈ। ਸੱਤਵੇਂ ਅਧਿਆਇ ਦੇ ਅਨੁਛੇਦ 8 ਵਿਚ ਸਾਧਾਰਨ ਪਾਠ ਜੋ ਕਿ ਹਰ ਸਿੱਖ ਆਪਣੇ ਘਰੋਂ ਖਾਸ ਥਾਂ ਨੀਯਤ ਕਰਕੇ, ਗੁਰਬਾਣੀ ਦਾ ਪਾਠ ਕਰੇ ਅਤੇ ਸਮਾਪਤੀ ਅਨੰਦ ਸਾਹਿਬ ਦੇ ਪਾਠ ਨਾਲ ਭੋਗ ਪਾਵੇ। ਅਰਦਾਸ ਤੋਂ ਬਾਅਦ ਹੁਕਮ ਲਵੇ ਅਤੇ ਜਾਪ ਸਾਹਿਬ ਦਾ ਪਾਠ ਕਰੇ।[83] ਅਨੁਛੇਦ 9 ਵਿਚ ਅਖੰਡ ਪਾਠ ਬਾਰੇ, ਅਨੁਛੇਦ 10 ਵਿਚ ਪਾਠ ਦੇ ਆਰੰਭ,ਅਨੁਛੇਦ 11 ਵਿਚ ਪਾਠ ਦੇ ਭੋਗ ਦੀ ਰਹਿਤ ਬਾਰੇ ਦੱਸਿਆ ਗਿਆ ਹੈ।[84] ਅੱਠਵੇਂ ਅਧਿਆਇ ਦੇ ਅਨੁਛੇਦ 12 ਵਿਚ ਕੜਾਹ ਪ੍ਰਸ਼ਾਦਿ ਤਿਆਰ ਕਰਨ ਅਤੇ ਵਰਤਾਉਣ ਦੀ ਵਿਧੀ ਦੱਸੀ ਗਈ ਹੈ। ਅਧਿਆਇ ਨੌਂ ਦੇ ਅਨੁਛੇਦ 13-14 ਵਿਚ ਗੁਰਮਤਿ ਵਿਖਿਆਨ ਬਾਰੇ ਹੈ। ਗੁਰੂ ਦੇ ਸਿਧਾਂਤਾਂ ਦੇ ਉਲਟ ਕੋਈ ਵਿਆਖਿਆ ਇਕ ਗੁਰਦੁਆਰੇ ਦੇ ਅੰਦਰ ਨਹੀਂ ਹੋਣੀ ਚਾਹੀਦੀ।[85] ਅਨੁਛੇਦ 15 ਵਿਚ ਗੁਰਦੁਆਰਾ ਸੇਵਾ, ਪ੍ਰਕਾਸ਼ ਕਰਨਾ, ਵਿਆਖਿਆ, ਪਾਠ, ਅਰਦਾਸ (ਅਨੁਛੇਦ-4(3)) ਜੈ ਕਾਰਾ ਲਾਉਣਾ ਹੈ।[86] ਚੌਥੇ ਭਾਗ ਵਿਚ ਅਧਿਆਇ ਦਸਵਾਂ ਅਤੇ ਗਿਆਰਵਾਂ ਹਨ ਅਤੇ ਅਨੁਛੇਦ 16-20 ਤੱਕ ਹਨ। ਅਨੁਛੇਦ 16 ਵਿਚ ਗੁਰਮਤਿ ਅਨੁਸਾਰ ਰਹਿਣੀ ਬਾਰੇ ਵਿਸਥਾਰ ਨਾਲ ਸਮਝਾਇਆ ਗਿਆ ਹੈ।[87] ਅਨੁਛੇਦ 17 ਵਿਚ ਬੱਚੇ ਦੇ ਜਨਮ ਅਤੇ ਨਾਮਕਰਣ ਦੇ ਸੰਸਕਾਰ ਦੱਸੇ ਗਏਹਨ। ਅਨੁਛੇਦ 18 ਵਿਚ ਸਿੱਖਾਂ ਦੇ ਅਨੰਦ-ਕਾਰਜ ਬਾਰੇ ਜਾਣਕਾਰੀ ਹੈ। ਅਨੁਛੇਦ 19 ਵਿਚ ਅੰਤਿਮ ਸੰਸਕਾਰ ਦੀਆਂ ਰਸਮਾਂ ਬਾਰੇ ਦੱਸਿਆ ਗਿਆ ਹੈ। ਅਨੁਛੇਦ 20 ਵਿਚ ਨਵਾਂ ਮਕਾਨ, ਬਾਲਕ ਸਕੂਲ ਪਾਉਣਾ, ਖ਼ੁਸ਼ੀ-ਗ਼ਮੀ ਲਈ ਅਰਦਾਸਾਂ ਸੋਧਣ ਬਾਰੇ ਕਿਹਾ

---

[82] ਉਹੀ ਪੰਨਾ-17

[83] ਕੁਲਰਾਜ ਸਿੰਘ, *ਸਿੱਖ ਕੋਡ ਆਫ਼ ਕੰਡਕਟ ਐਂਡ ਕੰਨਵੈਨਸ਼ਨ*, ਪੰਨਾ:21

[84] ਉਹੀ ਪੰਨਾ:21-23

[85] ਕੁਲਰਾਜ ਸਿੰਘ, *ਸਿੱਖ ਕੋਡ ਆਫ਼ ਕੰਡਕਟ ਐਂਡ ਕੰਨਵੈਨਸ਼ਨ*, ਪੰਨਾ:25-26

[86] ਉਹੀ ਪੰਨਾ:25

[87] ਉਹੀ ਪੰਨਾ:27

ਹੈ।[88] ਪੰਜਵੇਂ ਭਾਗ ਦੇ ਬਾਰਵੇਂ ਅਧਿਆਇ ਦੇ 21ਵੇਂ ਅਨੁਛੇਦ ਵਿੱਚ ਗੁਰਦੁਆਰੇ, ਲੰਗਰ ਆਦਿ ਦੀ ਸੇਵਾ ਬਾਰੇ ਲਿਖਿਆ ਹੈ।[89] ਛੇਵੇਂ ਭਾਗ ਦੇ ਤੇਰਵੇਂ ਅਧਿਆਇ ਦੇ ਅਨੁਛੇਦ 22 ਵਿਚ ਪੰਥਕ ਰਹਿਣੀ, ਅਨੁਛੇਦ 24 ਵਿਚ ਅੰਮ੍ਰਿਤ ਛਕਣ ਬਾਰੇ ਦੱਸਿਆ ਹੈ।[90] ਅਨੁਛੇਦ 25 ਅਨੁਸਾਰ ਕਿਸੇ ਸਿੱਖ ਤੋਂ ਜੇਕਰ ਕੋਈ ਭੁੱਲ ਹੋ ਜਾਵੇ ਤਾਂ ਤਨਖ਼ਾਹ ਲਗਾਉਣ ਬਾਰੇ ਦੱਸਿਆ ਹੈ।[91] ਅਨੁਛੇਦ 26 ਵਿਚ ਗੁਰਮਤਾ ਕਰਨ ਦੀ ਵਿਧੀ ਦੀ ਸੰਖੇਪ ਜਾਣਕਾਰੀ ਹੈ।[92] ਅਨੁਛੇਦ 27 ਅਨੁਸਾਰ ਸਥਾਨਕ ਗੁਰ ਸੰਗਤਾਂ ਸ੍ਰੀ ਅਕਾਲ ਤਖ਼ਤ ਨੂੰ ਅਪੀਲ ਕਰ ਸਕਦੀਆਂ ਹਨ।[93]

### 2.14.17 ਅਨੰਦ ਕਾਰਜ

ਕਿਸੇ ਸਿੱਖ ਵਿਅਕਤੀ ਦਾ ਵਿਆਹ ਬਿਨਾਂ ਜਾਤ-ਪਾਤ ਪਰ ਸਿੱਖ ਨਾਲ ਹੀ ਅਨੰਦ ਰੀਤੀ ਨਾਲ ਹੋਣਾ ਚਾਹੀਦਾ ਹੈ।[94] ਸਿੱਖਾਂ ਲਈ ਬਾਲ ਵਿਆਹ ਦੀ ਮਨਾਹੀ ਹੈ ਜਦੋਂ ਕੁੜੀ ਵਿਆਹਯੋਗ, ਸਰੀਰਕ ਤੌਰ ’ਤੇ, ਭਾਵਨਾਤਮਕ ਤੌਰ 'ਤੇ ਪਰਿਪੱਕ ਹੋ ਜਾਂਦੀ ਹੈ ਤਾਂ ਇੱਕ ਸਿੱਖ ਵਰ ਲੱਭਿਆ ਜਾਣਾ ਚਾਹੀਦਾ ਹੈ ਅਤੇ ਉਸ ਨਾਲ ਅਨੰਦ ਵਿਆਹ ਦੀ ਰਸਮ ਦੁਆਰਾ ਉਸ ਦਾ ਵਿਆਹ ਹੋ ਜਾਣਾ ਚਾਹੀਦਾ ਹੈ। ਵਿਆਹ ਤੋਂ ਪਹਿਲਾਂ ਇਕ ਕੁੜਮਾਈ ਦਾ ਸਮਾਗਮ ਕੀਤਾ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਦੇ ਅੱਗੇ ਅਰਦਾਸ ਦੀ ਪੇਸ਼ਕਸ਼ ਕਰਨ ਤੋਂ ਬਾਅਦ, ਇਕ ਕਿਰਪਾਨ ਅਤੇ ਕੁਝ ਮਿੱਠਾ ਪੇਸ਼ ਕੀਤਾ ਜਾ ਸਕਦਾ ਹੈ। ਦਿਨ ਦਾ ਸ਼ੁੱਭ-ਅਸ਼ੁੱਭ ਦੇਖਣਾ ਵਰਜਿਤ ਹੈ। ਹਾਰ-ਸ਼ਿੰਗਾਰ, ਵਹਿਮ-ਭਰਮ, ਵੇਸਵਾ ਨਾਚ, ਨਸ਼ੇ ਆਦਿ ਮਨ੍ਹਾ ਹਨ। ਵਿਆਹ ਲਈ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿਚ ਇਕੱਠੇ ਹੋਣਾ ਚਾਹੀਦਾ ਹੈ। ਰਾਗੀ ਦੁਆਰਾ ਜਾਂ ਸਮੁੱਚੀ ਸੰਗਤ ਦੁਆਰਾ ਸ਼ਬਦ ਗਾਉਣੇ ਚਾਹੀਦੇ ਹਨ। ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਾਹਮਣੇ ਬੈਠਣ ਲਈ ਕੁੜੀ ਅਤੇ

---

[88] ਕੁਲਰਾਜ ਸਿੰਘ, *ਸਿੱਖ ਕੋਡ ਆਫ਼ ਕੰਡਕਟ ਐਂਡ ਕੰਨਵੈਨਸ਼ਨ*, ਪੰਨਾ:35

[89] ਉਹੀ ਪੰਨਾ:36

[90] ਉਹੀ ਪੰਨਾ:37

[91] *ਸਿੱਖ ਰਹਿਤ ਮਰਯਾਦਾ*, ਪੰਨਾ-36

[92] ਉਹੀ -38

[93] ਉਹੀ ਪੰਨਾ-38

[94] ਉਹੀ ਪੰਨਾ:30

ਮੁੰਡੇ ਨੂੰ ਬੁਲਾਇਆ ਜਾਣਾ ਚਾਹੀਦਾ ਹੈ। ਕੁੜੀ ਨੂੰ ਮੁੰਡੇ ਦੇ ਖੱਬੇ ਪਾਸੇ ਬੈਠਣਾ ਚਾਹੀਦਾ ਹੈ। ਆਨੰਦ ਕਾਰਜ ਲਈ ਬੇਨਤੀ ਕਰਨ ਤੋਂ ਬਾਅਦ, ਵਿਆਹ ਦੀ ਰਸਮ ਲਈ ਮੁੰਡਾ-ਕੁੜੀ ਅਤੇ ਉਨ੍ਹਾਂ ਦੇ ਮਾਪਿਆਂ ਜਾਂ ਸਰਪ੍ਰਸਤਾਂ ਨੂੰ ਖੜ੍ਹੇ ਕਰਨਾ ਚਾਹੀਦਾ ਹੈ ਅਤੇ ਅਨੰਦ ਵਿਆਹ ਦੀ ਰਸਮ ਸ਼ੁਰੂ ਕਰਨ ਲਈ ਅਰਦਾਸ ਕਰਨੀ ਚਾਹੀਦੀ ਹੈ। ਗੁਰੂ ਦੇ ਸਿਧਾਂਤਾਂ ਅਨੁਸਾਰ ਕੁੜੀ ਅਤੇ ਮੁੰਡੇ ਨੂੰ ਵਿਆਹੁਤਾ ਜ਼ਿੰਦਗੀ ਦੀਆਂ ਜ਼ਿੰਮੇਵਾਰੀਆਂ ਦੱਸਣੀ ਚਾਹਿਦੀਆਂ ਹਨ। ਜੇਕਰ ਇਕ ਔਰਤ ਦੇ ਪਤੀ ਦੀ ਮੌਤ ਹੋ ਗਈ ਹੈ, ਤਾਂ ਉਹ, ਜੇ ਉਹ ਚਾਹੇ ਤਾਂ ਪੁਨਰ ਵਿਆਹ ਕਰਵਾ ਸਕਦੀ ਹੈ। ਇੱਕ ਸਿੱਖ ਵਿਅਕਤੀ ਵੀ ਜਿਸ ਦੀ ਪਤਨੀ ਦੀ ਮੌਤ ਹੋ ਗਈ ਹੈ ਤਾਂ ਉਹ ਪੁਨਰ-ਵਿਆਹ ਕਰਵਾ ਸਕਦਾ ਹੈ। ਅਨੰਦ ਵਿਆਹ ਦੇ ਤੌਰ ਤੇ ਪੁਨਰ-ਵਿਆਹ ਦੀ ਪ੍ਰਵਾਨਗੀ ਹੈ। ਜੇ ਪਹਿਲੀ ਪਤਨੀ ਜੀਉਂਦੀ ਹੈ ਤਾਂ ਕਿਸੇ ਸਿੱਖ ਨੂੰ ਦੂਜੀ ਪਤਨੀ ਨਾਲ ਵਿਆਹ ਨਹੀਂ ਕਰਨਾ ਚਾਹੀਦਾ। ਇਕ ਅੰਮ੍ਰਿਤਧਾਰੀ ਸਿੱਖ ਨੂੰ ਆਪਣੀ ਪਤਨੀ ਨੂੰ ਅੰਮ੍ਰਿਤ ਛਕਾਉਣਾ ਚਾਹੀਦਾ ਹੈ।

### 2.14.18 ਅੰਤਮ ਸੰਸਕਾਰ

ਅਨੁਛੇਦ 19 ਵਿਚ ਅੰਤਿਮ ਸੰਸਕਾਰ ਦੀਆਂ ਰਸਮਾਂ ਬਾਰੇ ਦੱਸਿਆ ਗਿਆ ਹੈ। ਮੁਰਦਾ ਵਿਅਕਤੀ ਮੰਜੇ ਤੋਂ ਨਹੀਂ ਉਤਾਰਨਾ, ਕੋਈ ਦੀਵਾ ਜਾਂ ਗਊ ਦਾਨ ਨਹੀਂ ਕਰਨਾ, ਸਿਰਫ਼ ਵਾਹਿਗੁਰੂ ਦਾ ਜਾਪ ਕਰਨਾ ਹੈ ਜਾਂ ਗੁਰਬਾਣੀ ਪੜ੍ਹਨੀ ਹੈ। ਪਿੱਟ ਸਿਆਪਾ ਨਹੀਂ ਕਰਨਾ, ਵਾਹਿਗੁਰੂ ਦੀ ਰਜ਼ਾ ’ਚ ਰਹਿਣਾ ਹੈ। ਦਿਨ-ਰਾਤ ਦਾ ਵਹਿਮ ਕਰੇ ਬਿਨ੍ਹਾਂ ਸੰਸਕਾਰ ਕਰਨਾ ਹੈ। ਜੇ ਸੰਸਕਾਰ ਕਿਸੇ ਮਜਬੂਰੀ ਕਾਰਨ ਸੰਭਵ ਨਾ ਹੋ ਸਕੇ ਤਾਂ ਜਲ ਪ੍ਰਵਾਹ ਜਾਂ ਕੋਈ ਹੋਰ ਤਰੀਕਾ ਵੀ ਵਰਤਿਆ ਜਾ ਸਕਦਾ ਹੈ। ਮੁਰਦੇ ਸਰੀਰ ਨੂੰ ਨਹਾਕੇ ਅਤੇ ਸਾਫ਼ ਕੱਪੜੇ ਪਹਿਨਾਏ ਜਾਣ ਅਤੇ ਪੰਜ ਕਕਾਰ ਵੱਖ ਨਾ ਕੀਤੇ ਜਾਣ। ਅਰਦਾਸ ਤੋਂ ਬਾਅਦ ਅਰਥੀ ਨੂੰ ਚੁੱਕ ਕੇ ਸ਼ਮਸ਼ਾਨ ਭੂਮੀ ਵੱਲ ਲਿਜਾਇਆ ਜਾਣਾ ਚਾਹੀਦਾ ਹੈ। ਵੈਰਾਗਮਈ ਸ਼ਬਦ ਗਾਉਣੇ ਚਾਹੀਦੇ ਹਨ। ਸ਼ਮਸ਼ਾਨ ਭੂਮੀ 'ਤੇ ਪਹੁੰਚਣ' ਤੇ, ਅਰਥੀ ਨੂੰ ਰੱਖ ਕੇ ਅਰਦਾਸ ਕੀਤੀ ਜਾਵੇ। ਫਿਰ ਲਾਸ਼ ਨੂੰ ਚਿਖਾ 'ਤੇ ਰੱਖਿਆ ਜਾਵੇ ਅਤੇ ਪੁੱਤਰ ਜਾਂ ਹੋਰ ਕੋਈ ਰਿਸ਼ਤੇਦਾਰ, ਦੋਸਤ ਚਿਖਾ ਨੂੰ ਅਗਨੀ ਦੇਵੇ। ਵਾਜਬ ਦੂਰੀ ਤੇ ਬੈਠ ਕੇ ਕੀਰਤਨ ਕਰੋ ਜਾਂ ਵੈਰਾਗਮਈ ਸ਼ਬਦ ਗਾਓ। ਜਦੋਂ ਚਿਖਾ ਪੂਰੀ ਤਰ੍ਹਾਂ ਨਾਲ ਬਲ ਪਵੇ ਤਾਂ ਕੀਰਤਨ ਸੋਹਿਲਾ ਦਾ ਪਾਠ ਕਰਨ ਉਪਰੰਤ ਅਰਦਾਸ ਕੀਤੀ ਜਾਵੇ। ਕਪਾਲ ਕ੍ਰਿਆ ਗੁਰਮਤਿ ਦੇ ਉਲਟ ਹੈ। ਘਰੇ ਆ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਘਰ ਜਾਂ ਨੇੜੇ ਦੇ ਗੁਰਦੁਆਰੇ ਵਿਚ

ਆਰੰਭ ਕਰਨਾ ਚਾਹੀਦਾ ਹੈ ਅਤੇ ਅਨੰਦ ਸਾਹਿਬ ਦੀ ਛੇ ਪਾਉੜੀਆਂ ਦਾ ਪਾਠ ਕਰਕੇ ਅਰਦਾਸ ਕਰਨ ਤੋਂ ਬਾਅਦ ਕੜਾਹ ਪ੍ਰਸ਼ਾਦ ਵੰਡਿਆ ਜਾਵੇ। ਗੁਰੂ ਗ੍ਰੰਥ ਸਾਹਿਬ ਦੇ ਪਾਠ ਨੂੰ ਦਸਵੇਂ ਦਿਨ ਮੁਕੰਮਲ ਕੀਤਾ ਜਾਣਾ ਚਾਹੀਦਾ ਹੈ। ਜੇ ਸਮਾਪਤੀ ਦਸਵੇਂ ਦਿਨ ਮੁਕੰਮਲ ਨਹੀਂ ਹੋ ਸਕਦੀ, ਤਾਂ ਰਿਸ਼ਤੇਦਾਰਾਂ ਦੀ ਸਹੂਲਤ ਅਨੁਸਾਰ ਦਿਨ ਨਿਯੁਕਤ ਕੀਤਾ ਜਾ ਸਕਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਕਰਨ/ਸੁਣਨ ਵਿਚ ਪਰਿਵਾਰ ਵਾਲੇ ਹਿੱਸਾ ਲੈਣ। ਜੇ ਸੰਭਵ ਹੋਵੇ ਤਾਂ ਹਰ ਰਾਤ ਕੀਰਤਨ ਹੋਵੇ। ਦਸਵੇਂ ਦਿਨ ਤੋਂ ਬਾਅਦ ਕੋਈ ਅੰਤਿਮ ਰਸਮ ਬਾਕੀ ਨਹੀਂ ਰਹਿੰਦੀ। ਚਿਖਾ ਠੰਡੀ ਹੋਵੇ ਤਾਂ ਭਸਮ ਅਸਥੀਆਂ ਸਮੇਤ ਉਠਾ ਕੇ ਜਲ ਪ੍ਰਵਾਹ ਕੀਤੀ ਜਾਵੇ ਜਾਂ ਦਬਾ ਦਿੱਤੀ ਜਾਵੇ। ਉਸੇ ਸਥਾਨ ’ਤੇ ਯਾਦਗਾਰ ਬਣਵਾਉਣਾ ਮਨ੍ਹਾਂ ਹੈ।[95] ਸਿਆਪਾ, ਫੂਹੜੀ, ਦੀਵਾ, ਕਿਰਿਆ, ਸ਼ਰਾਧ, ਬੁਢਾ ਮਰਨਾ, ਫੁੱਲ ਚੁਗਣਾ, ਫੁੱਲ ਪਾਉਣਾ (ਗੰਗਾ, ਪਤਾਲਪੁਰੀ, ਕਰਤਾਰਪੁਰ ਆਦਿ ਥਾਵਾਂ ’ਤੇ) ਮਨਮੱਤ ਹੈ।[96]

### 2.14.19 ਅੰਮ੍ਰਿਤ ਛਕਾਉਣਾ:

ਸ਼੍ਰੋਮਣੀ ਕਮੇਟੀ ਵੱਲੋਂ ਸਮੁੱਚੇ ਗੁਰਦੁਆਰਿਆਂ ਵਿਚ ਸਿੱਖਾਂ ਨੂੰ ਪੱਕੇ ਤੌਰ ਉੱਤੇ ਗੁਰ ਮਰਯਾਦਾ ਨਾਲ ਜੋੜਨ ਵਾਸਤੇ ਸਮੇਂ ਸਮੇਂ ਹਰ ਸੰਗ੍ਰਾਂਦ ਮੱਸਿਆ ਦੀਵਾਨ ਸਜਾਏ ਜਾਂਦੇ ਹਨ ਉੱਥੇ ਅੰਮ੍ਰਿਤ ਛਕਾਉਣ ਦਾ ਸੁਯੋਗ ਪ੍ਰਬੰਧ ਕੀਤਾ ਜਾਂਦਾ ਹੈ। ਜੋ ਵੀ ਸਿੱਖ ਅੰਮ੍ਰਿਤ ਪਾਨ ਕਰਦਾ ਹੈ ਉਹ ਪੰਜ ਕੱਕਾਰ ਗ੍ਰਹਿਣ ਕਰਦਾ ਹੈ। ਉਸਨੂੰ ਧਾਰਮਿਕ ਤੇ ਗੁਰੂ ਪ੍ਰਸ਼ਾਦਿ ਹਿਦਾਇਤ ਕੀਤੀ ਜਾਂਦੀ ਹੈ ਕਿ ਉਹ ਨਸ਼ਿਆਂ ਤੋਂ ਦੂਰ ਰਹੇਗਾ। ਤੰਬਾਕੂ, ਪੋਸਤ, ਸ਼ਰਾਬ, ਭੰਗ ਆਦਿ ਨਸ਼ਿਆਂ ਦਾ ਉਹ ਸੇਵਨ ਨਹੀਂ ਕਰੇਗਾ। ਇਸ ਤਰ੍ਹਾਂ ਧਾਰਮਿਕ ਅਧਾਰਾਂ ਵਾਲੇ ਕਾਰਜਕਰਮ ਵਿਚ ਸਖ਼ਤੀ ਨਾਲ ਮਨੁੱਖੀ ਜੀਵਨ ਨੂੰ ਨਿਰਵਿਕਾਰ ਕੀਤਾ ਜਾਂਦਾ ਹੈ। ਲੱਖਾਂ ਸਿੱਖ ਅੰਮ੍ਰਿਤ ਪਾਨ ਕਰਕੇ ਸਿੰਘ ਸਜਦੇ ਹਨ ਅਤੇ ਨਸ਼ਿਆਂ ਦੀ ਮਾਰੂ ਆਦਤ ਤੋਂ ਬਚੇ ਰਹਿੰਦੇ ਹਨ।

### 2.14.20 ਗੁਰਮਤਿ ਸਿਧਾਂਤਾਂ ਦੀ ਨਿਗਹਾਬਾਨੀ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਦੁਆਰਿਆਂ ਵਿਚ ਰਹਿਤ ਮਰਯਾਦਾ ਦੇ ਨਾਲ-ਨਾਲ ਗੁਰਮਤਿ ਸਿਧਾਂਤਾਂ ਦੀ ਨਿਗਹੇਬਾਨੀ ਵੀ ਸੁਚੇਤ ਪੱਧਰ ਤੇ ਕਰਦੀ ਹੈ। ਇਹ ਸੁਚੇਤ ਰਹਿੰਦੀ ਹੈ ਕਿ ਕੋਈ ਗੁਰਮਤਿ ਵਿਚਾਰਧਾਰਾ, ਸਿੱਖ ਸਿਧਾਂਤਾਂ, ਗੁਰਬਾਣੀ, ਸਿੱਖ ਇਤਿਹਾਸ ਦੇ ਵਿਰੁੱਧ ਕੂੜ-ਪ੍ਰਚਾਰ ਕਰਨ ਜਾਂ

---

[95] *ਸਿੱਖ ਰਹਿਤ ਮਰਯਾਦਾ*, ਪੰਨਾ-30

[96] ਕੁਲਰਾਜ ਸਿੰਘ, *ਸਿੱਖ ਕੋਡ ਆਫ ਕੰਡਕਟ ਐਂਡ ਕੰਨਵੈਨਸ਼ਨ*, ਪੰਨਾ 30-35

ਲਿਖਣ ਵਾਲਿਆਂ ਉੱਤੇ ਨਜ਼ਰ ਰੱਖਦੀ ਹੈ। ਕੁਤਾਹੀ ਕਰਨ ਵਾਲਿਆਂ ਖਿਲਾਫ਼ ਮਤਾ ਪਾਸ ਕਰਕੇ ਲੋੜੀਂਦਾ ਕਦਮ ਵੀ ਉਠਾਉਂਦੀ ਹੈ। ਇਸਦਾ ਹਵਾਲਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਸੌ ਸਾਲਾਂ ਦੇ ਇਤਿਹਾਸ ਦੌਰਾਨ ਸਮੇਂ-ਸਮੇਂ ਤੇ ਲਏ ਗਏ ਫ਼ੈਸਲਿਆਂ ਦੀ ਸੂਚੀ ਤੋਂ ਭਲੀ-ਭਾਂਤ ਲਗਦਾ ਹੈ। ਇਨ੍ਹਾਂ ਫ਼ੈਸਲਿਆਂ,ਆਦੇਸ਼ਾਂ, ਹੁਕਨਾਮਿਆਂ ਆਦਿ ਫ਼ਹਰਿਸਤ ਬੜੀ ਲੰਮੀ ਹੈ।

### 2.16.19 ਪਾਕਿਸਤਾਨ ਵਿਚਲੇ ਗੁਰਦੁਅਰਿਆਂ ਦੇ ਦਰਸ਼ਨ

ਸਿੱਖਾਂ ਦੀ ਅਰਦਾਸ ਵਿਚ ਪਾਕਿਸਤਾਨ ਵਿਚ ਰਹਿ ਗਏ ਗੁਰਦੁਆਰਿਆਂ ਦੇ ਦਰਸ਼ਨਾਂ ਦੀ ਅਰਜੋਈ ਦੇ ਅਨੁਸਾਰ ਸ਼੍ਰੋਮਣੀ ਕਮੇਟੀ ਹਰ ਸਾਲ ਪਾਕਿਸਤਾਨ ਵਿਚ ਰਹਿ ਗਏ ਗੁਰਦੁਆਰਿਆਂ ਦੇ ਹਜ਼ਾਰਾਂ ਦਰਸ਼ਨ ਅਭਿਲਾਸ਼ੀਆਂ ਨੂੰ ਪਾਕਿਸਤਾਨ ਦੇ ਵੀਜੇ ਲੁਆ ਕੇ ਜੱਥਿਆਂ ਵਿਚ ਪਾਕਿਸਤਾਨ ਦੇ ਗੁਰਦੁਆਰਿਆਂ ਦੇ ਦਰਸ਼ਨ ਲਈ ਭੇਜਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ, ਪੰਜਾ ਸਾਹਿਬ, ਕਰਤਾਰਪੁਰ ਸਾਹਿਬ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਸਥਾਨ ਆਦਿ ਗੁਰਦੁਆਰੇ ਪਾਕਿਸਤਾਨ ਵਿਚ ਹੀ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਜਾਦੀ ਅਤੇ ਦੇਸ ਵੰਡ ਮਗਰੋਂ ਕਾਫੀ ਸਾਲ ਪਾਕਿਸਤਾਨ ਦੇ ਗੁਰਦੁਆਰਿਆਂ ਦਾ ਪ੍ਰਬੰਧ ਵੀ ਕਰਦੀ ਰਹੀ। ਅੰਮ੍ਰਿਤਸਰ ਤੋਂ ਹੀ ਪਾਕਿਸਤਾਨ ਦੇ ਗੁਰਦੁਆਰਿਆਂ ਵਾਸਤੇ ਸੇਵਾਦਾਰ ਨਿਯੁਕਤ ਕੀਤੇ ਜਾਂਦੇ ਸਨ। ਪਿਛਲੇ ਕੁਝ ਸਮੇਂ ਤੋਂ ਪਾਕਿਸਤਾਨ ਦੇ ਗੁਰਦੁਆਰਿਆਂ ਦੇ ਪ੍ਰਬੰਧ ਲਈ ਪਾਕਿਸਤਾਨ ਸਰਕਾਰ ਨੇ 'ਪਾਕਿਸਤਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਬਣਾ ਦਿੱਤੀ ਹੈ।[97] ਸ਼੍ਰੋਮਣੀ ਕਮੇਟੀ ਭਾਵੇਂ ਪਾਕਿਸਤਾਨ ਦੇ ਗੁਰਦੁਆਰਿਆਂ ਦਾ ਹੁਣ ਸਿੱਧਾ ਪ੍ਰਬੰਧ ਨਹੀਂ ਕਰਦੀ ਪਰੰਤੂ ਓਥੋਂ ਦੇ ਗੁਰਦੁਆਰਾਂ ਦੀਆਂ ਜਾਇਦਾਦਾਂ ਅਤੇ ਇਮਾਰਤਾਂ ਦਾ ਹਮੇਸ਼ਾਂ ਖਿਆਲ ਰੱਖਦੀ ਹੈ ਅਤੇ ਕਿਸੇ ਵੀ ਗੁਰਦੁਆਰੇ ਦੀ ਜਾਇਦਾਦ ਜਾਂ ਇਮਾਰਤ ਨਾਲ ਛੇੜ ਛਾੜ ਦਾ ਪਾਕਿਸਤਾਨ ਸਰਕਾਰ ਕੋਲ ਪ੍ਰੋਟੈਸਟ ਕਰਦੀ ਹੈ।

### ਸਾਰ

ਇਸ ਅਧਿਆਇ ਦੇ ਨੂੰ ਵਾਚਦੇ ਹੋਏ ਜੋ ਤੱਥ ਸਪੱਸ਼ਟ ਹੁੰਦੇ ਹਨ ਉਹ ਸੰਖੇਪ ਰੂਪ ਵਿਚ ਇਸ ਤਰ੍ਹਾਂ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੰਘ ਸਭਾ ਲਹਿਰ ਅਤੇ ਗੁਰਦੁਆਰਾ ਸੁਧਾਰ ਲਹਿਰ ਦੇ ਅਗਲੇਰੇ ਪੜਾਵਾਂ ਵਜੋਂ ਸਥਾਪਤ ਹੋਈ ਜੋ ਕਿ ਸਿੱਖ ਪੰਥ ਦੀ ਸਿਰਮੌਰ ਅਤੇ ਪ੍ਰਤਿਨਿਧ ਸੰਸਥਾ ਬਣ ਉਭਰੀ ਹੈ। ਇਸ ਦਾ ਇਤਿਹਾਸ ਵੀ ਸਿੱਖ ਕੌਮ ਵਾਂਗ ਸ਼ਹਾਦਤਾਂ ਅਤੇ ਸੰਘਰਸ਼ਾਂ ਭਰਿਆ ਰਿਹਾ ਹੈ।

---

[97] ਸਰਹੱਦੀ, ਸੁਲੱਖਣ, *ਹੁਗਲੀ ਤੋਂ ਅਟਕ ਪਾਰ, ਗੰਗਾ ਤੋਂ ਸਿੰਧ ਦੇ ਮੈਦਾਨ ਦਾ ਸਫ਼ਰਨਾਮਾ*, ਪੰਨਾ-97

'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਦਾ ਗੁਰਦੁਆਰਿਆਂ ਦੇ ਪ੍ਰਬੰਧ ਅਤੇ ਉਹਨਾਂ ਵਿਚ ਗੁਰਸਿੱਖ ਮਰਯਾਦਾ ਕਾਇਮ ਕਰਨ ਦਾ ਵੱਡਮੁੱਲਾ ਯੋਗਦਾਨ ਤਾਂ ਹੈ ਹੀ। ਇਸ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਨਵੇਂ ਗੁਰਦੁਆਰੇ, ਸਿੱਖ ਸੰਸਥਾਵਾਂ, ਮਿਸ਼ਨਰੀ ਕਾਲਜ, ਹਸਪਤਾਲ, ਗੁਰਮਤਿ ਲਿਟਰੇਚਰ ਹਾਉਸ, ਆਦਿ ਵੀ ਉਸਾਰੇ ਹਨ।

ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਲਈ ਇਹ ਸੰਸਥਾ ਨਿਰੰਤਰ ਨਿਯਮਬੱਧ ਯਤਨ ਅਤੇ ਸਰਗਰਮੀਆਂ ਲਈ ਕਾਰਜਸ਼ੀਲ ਰਹਿੰਦੀ ਹੈ। ਸੰਸਥਾ ਵੱਲੋਂ ਬਕਾਇਦਾ 'ਧਰਮ ਪ੍ਰਚਾਰ ਕਮੇਟੀ' ਦਾ ਗਠਨ ਕੀਤਾ ਹੋਇਆ ਹੈ। ਸਿੱਖ ਧਰਮ ਨਾਲ ਸੰਬੰਧਿਤ ਪੁਸਤਕਾਂ, ਰਸਾਲੇ, ਪੈਂਫਲਿਟ ਆਦਿ ਦੀਆਂ ਪ੍ਰਕਾਸ਼ਨਾਵਾਂ ਵੀ ਇਸਦੇ ਧਾਰਮਿਕ ਯੋਗਦਾਨ ਦਾ ਅਹਿਮ ਹਿੱਸਾ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਿੱਖ ਧਰਮ ਵਿਚ ਕਈ ਪੱਖਾਂ ਤੋਂ ਵੱਡਮੁੱਲਾ ਯੋਗਦਾਨ ਹੈ। ਇਸ ਤੋਂ ਇਲਾਵਾ ਇਸ ਅਧਿਆਇ ਵਿਚ ਧਰਮ ਪ੍ਰਚਾਰ ਕਮੇਟੀ ਬਾਰੇ ਵਿਸਥਾਰਪੂਰਵਕ ਚਰਚਾ ਕਰਦੇ ਹੋਏ ਉਸਦੇ ਗਠਨ, ਜ਼ਰੂਰੀ ਕਾਰਜ, ਪ੍ਰਕਾਸ਼ਨਾਵਾਂ, ਸਮਾਗਮਾਂ ਆਦਿ ਬਾਰੇ ਦੱਸਿਆ ਗਿਆ ਹੈ। ਕਮੇਟੀ ਵੱਲੋਂ ਚਲਾਏ ਜਾ ਰਹੇ ਸਕੂਲਾਂ, ਕਾਲਜਾਂ, ਸਿੱਖ ਮਿਸ਼ਨਰੀ ਕਾਲਜਾਂ ਬਾਰੇ ਡਾਟਾ ਇਕੱਤਰਤ ਕਰਕੇ ਅਧਿਆਇ ਵਿਚ ਉਸਦੀ ਚਰਚਾ ਕੀਤੀ ਗਈ ਹੈ।

ਸੰਸਥਾ ਵੱਲੋਂ ਸਮੇਂ ਸਮੇਂ 'ਤੇ ਮਨਾਈਆਂ ਜਾਂਦੀਆਂ ਸ਼ਤਾਬਦੀਆਂ ਅਤੇ ਕੀਤੇ ਜਾਂਦੇ ਸਨਮਾਨਾਂ ਦਾ ਵੇਰਵਾ ਵੀ ਸੂਚੀਆਂ ਸਮੇਤ ਅਧਿਆਇ ਵਿਚ ਸ਼ਾਮਿਲ ਹੈ ਜੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਗਠਿਤ ਧਰਮ ਪ੍ਰਚਾਰ ਕਮੇਟੀ ਦੇ ਪ੍ਰਚਾਰ ਮਿਸ਼ਨ, ਧਾਰਮਿਕ ਯੋਗਦਾਨ ਅਤੇ ਵਰਤਮਾਨ ਤਕਨੀਕਾਂ ਤੋਂ ਇਲਾਵਾ ਸਿੱਖ ਰਹਿਤ ਮਰਯਾਦਾ 'ਤੇ ਵੀ ਵਿਸਥਾਰਪੂਰਵਕ ਚਰਚਾ ਅਧਿਆਇ ਵਿਚ ਦਰਜ ਹੈ।

## ਅਧਿਆਇ ਤੀਜਾ

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ: ਵਿੱਦਿਅਕ ਯੋਗਦਾਨ

ਅੰਗਰੇਜ਼ੀ ਹਕੂਮਤ ਨੇ ਵਿੱਦਿਆ ਦਾ ਸਾਰਾ ਤੰਤਰ ਤੇ ਢਾਂਚਾ ਆਪਣੇ ਫ਼ਾਇਦੇ ਅਨੁਸਾਰ ਹੀ ਤੈਅ ਕੀਤਾ। ਉਸ ਨੇ ਵਿੱਦਿਆ ਦਾ ਸਾਰਅੰਸ਼ ਅੰਗਰੇਜ਼ੀ ਬਾਬੂ ਪੈਦਾ ਕਰਨ ਵੱਲ ਹੀ ਸੇਧਤ ਰੱਖਿਆ। ਅੰਗਰੇਜ਼ ਸਰਕਾਰ ਅਧਿਆਤਮਿਕ ਸਿੱਖਿਆ ਦਾ ਮਤਲਬ ਵੀ ਇਸਾਈ ਮਤ ਦੀ ਸਿੱਖਿਆ ਤੋਂ ਲੈਂਦੀ ਸੀ। ਸਿੱਖ ਭਾਵਨਾਵਾਂ ਦੇ ਉਲਟ ਹੀ ਸਿੱਖਿਆ ਦਿੱਤੀ ਜਾ ਰਹੀ ਸੀ। ਮਾਨਯੋਗ ਸਿੱਖ ਲੀਡਰਾਂ ਨੇ ਮਹਿਸੂਸ ਕੀਤਾ ਕਿ ਵਿੱਦਿਆ ਦਾ ਕਾਰਜ ਸਿੱਖਾਂ ਨੂੰ ਆਪ ਸੰਭਾਲਣਾ ਚਾਹੀਦਾ ਹੈ। 1926 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿਚ ਆ ਚੁੱਕੀ ਸੀ। ਇਸ ਸਮੇਂ ਤੱਕ ਸਿੰਘ ਸਭਾ ਲਹਿਰ ਸ਼ੁਰੂ ਹੋ ਚੁੱਕੀ ਸੀ। ਸਿੰਘ ਸਭਾ ਲਹਿਰ ਨੇ ਸਕੂਲ ਖੋਲ੍ਹਣ, ਧਰਮ ਪ੍ਰਚਾਰ ਕਰਨ ਅਤੇ ਸਿੱਖ ਕਲਚਰ ਨੂੰ ਸੰਭਾਲਣ ਵਾਸਤੇ ਵਿਸ਼ੇਸ਼ ਧਿਆਨ ਦਿੱਤਾ। 5 ਮਾਰਚ 1892 ਦੇ ਦਿਨ ਖ਼ਾਲਸਾ ਕਾਲਜ ਅੰਮ੍ਰਿਤਸਰ ਦੀ ਨੀਂਹ ਰੱਖੀ ਗਈ। ਇਸ ਸੰਸਥਾ ਨੇ ਅਗਾਂਹ ਚੱਲ ਕੇ ਸਿੱਖਾਂ ਨੂੰ ਸਿੱਖਿਆ ਪੱਖੋਂ ਮਾਲਾਮਾਲ ਕਰ ਦਿੱਤਾ। ਇਹ ਕਾਲਜ ਸਿੱਖ ਲਹਿਰ ਦਾ ਇਕ ਤਰ੍ਹਾਂ ਨਾਲ ਕੇਂਦਰੀ ਟ੍ਰੇਨਿੰਗ ਸੈਂਟਰ ਬਣ ਗਿਆ ਅਤੇ ਅੱਗੋਂ ਜਾ ਕੇ ਉੱਚ ਪੜ੍ਹੇ ਲਿਖੇ ਵਿਦਿਆਰਥੀਆਂ ਅਤੇ ਪ੍ਰੋਫ਼ੈਸਰਾਂ ਨੇ ਸਿੱਖਾਂ ਦੀ ਲੀਡਰਸ਼ਿਪ ਵਿਚ ਅਹਿਮ ਰੋਲ ਅਦਾ ਕੀਤਾ। ਇਸ ਸਮੇਂ ਪੰਚ ਖ਼ਾਲਸਾ ਦੀਵਾਨ ਭਸੌੜ ਵੀ ਆਪਣਾ ਰੋਲ ਅਦਾ ਕਰ ਰਿਹਾ ਸੀ। ਪੰਚ ਖ਼ਾਲਸਾ ਨੇ ਵੀ ਸਿੰਘ ਸਭਾ ਲਹਿਰ ਦਾ ਪ੍ਰੋਗਰਾਮ ਅਪਣਾਈ ਰੱਖਿਆ। ਇਨ੍ਹਾਂ ਹੀ ਯਤਨਾਂ ਵਿਚ 'ਸਿੱਖ ਵਿੱਦਿਅਕ ਕਾਨਫ਼੍ਰੰਸ' ਦੀ ਲੜੀ ਵੀ ਤੋਰੀ ਗਈ ਅਤੇ ਸਿੱਖਾਂ ਨੂੰ ਸਿੱਖਿਆ ਦੁਆਰਾ ਹੱਕਾਂ ਦੀ ਪ੍ਰਾਪਤੀ ਕਰਣ ਹਿੱਤ ਜਾਗਰੂਕ ਕੀਤਾ ਜਾਂਦਾ ਰਿਹਾ। ਸਿੱਖ ਲੀਡਰਸ਼ਿਪ ਦੇ ਯਤਨਾਂ ਸਦਕਾ ਹਰ ਪਾਸੇ ਸਕੂਲ ਖੁਲ੍ਹਣੇ ਅਰੰਭ ਹੋ ਗਏ। ਖ਼ਾਲਸਾ ਕਾਲਜ ਅੰਮ੍ਰਿਤਸਰ ਅਤੇ ਸਿੱਖ ਸਕੂਲਾਂ ਨੇ ਸਿੱਖ ਆਗੂਆਂ ਦੀ ਇਕ ਵੱਡੀ ਗਿਣਤੀ ਪੈਦਾ ਕੀਤੀ। ਮਾਸਟਰ ਤਾਰਾ ਸਿੰਘ, ਮਾਸਟਰ ਮੋਤਾ ਸਿੰਘ, ਮਾਸਤਟਰ ਸੁੰਦਰ ਸਿੰਘ, ਡਾ. ਜੋਧ ਸਿੰਘ, ਬਾਵਾ ਹਰਕਿਸ਼ਨ ਸਿੰਘ, ਪ੍ਰੋ. ਨਿਰੰਜਣ ਸਿੰਘ, ਹੈਡ ਮਾਸਟਰ ਮਹਿਤਾਬ ਸਿੰਘ, ਗੋਪਾਲ ਸਿੰਘ ਪ੍ਰੇਮੀ, ਅਕਾਲੀ ਮੰਗਲ ਸਿੰਘ, ਗਿਆਨੀ ਕਰਤਾਰ ਸਿੰਘ, ਗਿਆਨੀ ਹੀਰਾ ਸਿੰਘ ਦਰਦ, ਸਰਦੂਲ ਸਿੰਘ ਕਵੀਸ਼ਰ ਅਤੇ

ਕਈ ਹੋਰ ਸਿੱਖਿਆ ਸ਼ਾਸਤਰੀ ਅਤੇ ਸਿੱਖ ਆਗੂ ਸਿੱਖਾਂ ਦੇ ਸਕੂਲਾਂ ਨੇ ਹੀ ਪੈਦਾ ਕੀਤੇ। ਵਿਦਿਆ ਦੇ ਖੇਤਰ ਵਿਚ ਇਸੇ ਸਮੇਂ ਹਰਚੰਦ ਸਿੰਘ ਲਾਇਲਪੁਰੀ, ਸ. ਤੇਜਾ ਸਿੰਘ ਸਮੁੰਦਰੀ, ਜ. ਕਰਤਾਰ ਸਿੰਘ ਜੀ ਬੱਬਰ, ਸ. ਦਾਨ ਸਿੰਘ ਵਿਛੋਆ, ਸ. ਗੁਰਮੁਖ ਸਿੰਘ, ਸ. ਜਸਵੰਤ ਸਿੰਘ ਝਬਾਲ, ਹਰਬੰਸ ਸਿੰਘ ਅਟਾਰੀ, ਸ. ਅਮਰ ਸਿੰਘ ਸ਼ੇਰੇ ਪੰਜਾਬ ਆਦਿ ਮਹਾਨ ਆਗੂਆਂ ਨੇ ਵੀ ਸਿੱਖਿਆ ਦੇ ਖੇਤਰ ਵਿਚ ਅਹਿਮ ਯੋਗਦਾਨ ਪਾਇਆ। 10 ਤੋਂ 12 ਅਪ੍ਰੈਲ ਤੱਕ ਸਿੱਖ ਵਿੱਦਿਅਕ ਕਾਨਫਰੰਸ ਜਲੰਧਰ ਵਿਖੇ ਅਯੋਜਤ ਕੀਤੀ ਗਈ। ਇਸ ਵਿਚ ਸਿੱਖਿਆ ਦਾ ਮਸਲਾ ਵਿਚਾਰਿਆ ਗਿਆ ਪਰ ਗੁਰਦੁਆਰਾ ਰਕਾਬ ਗੰਜ ਦੀ ਅੰਗਰੇਜ਼ਾਂ ਵੱਲੋਂ ਢਾਹੀ ਗਈ ਦੀਵਾਰ ਦਾ ਮਸਲਾ ਅਹਿਮ ਰਿਹਾ।

1919 ਵਿਚ ਗੁਰਦੁਆਰਾ ਸੁਧਾਰ ਲਹਿਰ ਕਾਇਮ ਹੋ ਗਈ। ਸਿੱਖਿਆ ਦੇ ਖੇਤਰ ਨੂੰ ਹੁਲਾਰਾ ਦੇਣ ਹਿੱਤ 1 ਮਈ 1920 ਦੇ ਦਿਨ ਮਾ. ਸੁੰਦਰ ਸਿੰਘ, ਸ. ਹਰਚੰਦ ਸਿੰਘ ਲਾਇਲਪੁਰੀ, ਸਰਦੂਲ ਸਿੰਘ ਕਵੀਸ਼ਰ, ਗਿ. ਹੀਰਾ ਸਿੰਘ ਦਰਦ ਅਤੇ ਕਈ ਹੋਰ ਸਿੱਖ ਨੇਤਾਵਾਂ ਨੇ ਲਾਹੌਰ ਵਿਖੇ ਮੀਟਿੰਗ ਕੀਤੀ ਅਤੇ 21 ਮਈ 1920 ਨੂੰ ਅਕਾਲੀ ਪਤ੍ਰਿਕਾ ਅਖ਼ਬਾਰ ਦਾ ਪਹਿਲਾ ਅੰਕ ਪ੍ਰਕਾਸ਼ਿਤ ਕੀਤਾ। [98]ਇਸ ਅਖ਼ਬਾਰ ਨੇ ਬਿਨਾ ਸ਼ੱਕ ਸਿੱਖਿਆ ਦੇ ਖੇਤਰ ਵਿਚ ਅਹਿਮ ਯੋਗਦਾਨ ਪਾਇਆ। ਸਾਰੇ ਪੰਜਾਬ ਦੇ ਸਿੱਖ ਇਕ ਦੂਜੇ ਦੇ ਨੇੜੇ ਆਏ। 18 ਜੂਨ 1926 ਦੇ ਦਿਨ ਸੈਂਟਰਲ ਬੋਰਡ ਹੋਂਦ ਵਿਚ ਆਇਆ ਜਿਸ ਦਾ ਅੱਗੋਂ ਜਾ ਕੇ ਨਾਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰੱਖਿਆ ਗਿਆ। ਇਸ ਇਤਿਹਾਸ ਕਮੇਟੀ ਨੇ ਭਾਵੇਂ ਮੁੱਖ ਤੌਰ `ਤੇ ਗੁਰਦੁਆਰਿਆਂ ਦੀ ਸਾਂਭ-ਸੰਭਾਲ ਦਾ ਕਾਰਜ ਹੀ ਆਪਣੇ ਜ਼ਿੰਮੇ ਲਿਆ ਪਰ ਜਲਦੀ ਹੀ ਇਸ ਦੁਆਰਾ ਸਿੱਖ ਸਿੱਖਿਆ ਸੰਸਥਾਵਾਂ ਦਾ ਕਾਰਜ ਭਾਰ ਆਪਣੇ ਮੋਢਿਆਂ ਉੱਤੇ ਲਿਆ ਗਿਆ। ਸਿੱਖ ਧਰਮ ਦੇ ਪ੍ਰਚਾਰ ਹਿੱਤ ਕਮੇਟੀ ਨੇ ਸਿੱਖ ਲਿਟਰੇਚਰ ਛਾਪਣਾ ਅਤੇ ਦੂਰ ਦੁਰਾਡੇ ਬੈਠੇ ਸਿੱਖਾਂ ਤੀਕ ਮੁਫ਼ਤ ਪਹੁੰਚਾਉਣਾ ਆਰੰਭ ਕੀਤਾ। ਇਹ ਲਿਟਰੇਚਰ ਗੁਰਮੁਖੀ ਅੱਖਰਾਂ ਵਿਚ ਹੋਣ ਕਰਕੇ ਆਮ ਸਿੱਖ ਵੀ ਆਸਾਨੀ ਨਾਲ ਪੜ੍ਹ ਸਕਦਾ ਸੀ। ਇਸ ਨਾਲ ਸਿੱਖਾਂ ਵਿਚ ਭਾਈਚਾਰਕ ਏਕਤਾ ਕਾਇਮ ਹੋਈ। ਸਿੱਖ

---

[98] ਹਰਜਿੰਦਰ ਸਿੰਘ ਦਿਲਗੀਰ, *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਿਵੇਂ ਬਣੀ ?* ਪੰਨਾ-13.

ਸਾਹਿਤ ਨੇ ਸਿੱਖਾਂ ਵਿਚੋਂ ਜੀਵਨ ਦੀਆਂ ਬੁਰਾਈਆਂ ਦੂਰ ਕੀਤੀਆਂ ਅਤੇ ਨਵੀਂ ਚੇਤਨਾ ਅਤੇ ਨੈਤਿਕਤਾ ਬਹਾਲ ਕੀਤੀ। ਭਾਵੇਂ ਆਮ ਲੋਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਗੁਰਦੁਆਰਿਆਂ ਦੀ ਸਾਂਭ-ਸੰਭਾਲ ਵਾਲੀ ਜੱਥੇਬੰਦੀ ਵਜੋਂ ਹੀ ਜਾਣਦੇ ਹਨ ਪਰ ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇਕ ਅਹਿਮ ਵਿੰਗ 'ਧਰਮ ਪ੍ਰਚਾਰ ਕਮੇਟੀ' ਵੀ ਸੁਚਾਰੂ ਢੰਗ ਨਾਲ ਚਲਾਈ ਜਾਂਦੀ ਹੈ। ਧਰਮ ਪ੍ਰਚਾਰ ਕਮੇਟੀ ਧਾਰਮਿਕ ਸਿੱਖਿਆ ਦੇ ਪਾਸਾਰ ਵਾਸਤੇ ਅਹਿਮ ਰੋਲ ਅਦਾ ਕਰਦੀ ਹੈ। ਇਹ ਕਮੇਟੀ ਵੱਖ-ਵੱਖ ਗੁਰਦੁਆਰਿਆਂ ਨੂੰ ਧਾਰਮਿਕ ਸਿੱਖਿਆ ਦੇ ਪਾਸਾਰ ਵਾਸਤੇ ਵੱਡੀ ਮਾਲੀ ਸਹਾਇਤਾ ਪ੍ਰਦਾਨ ਕਰਦੀ ਹੈ। ਫਰੀ ਧਾਰਮਿਕ ਪੁਸਤਕਾਂ ਪ੍ਰਦਾਨ ਕਰਦੀ ਹੈ। ਧਰਮ ਪ੍ਰਚਾਰ ਕਮੇਟੀ ਨੇ ਹੁਣ ਤੱਕ ਸੈਂਕੜੇ ਕਿਤਾਬਾਂ ਅਤੇ ਹਜ਼ਾਰ ਤੋਂ ਵਧੇਰੇ ਟਰੈਕਟ ਅਧਿਆਤਮਿਕ ਸਿੱਖਿਆ ਵਾਸਤੇ ਫਰੀ ਵੰਡੇ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖ ਇਤਿਹਾਸ ਰੀਸਰਚ ਬੋਰਡ ਦੀ ਸਥਾਪਨਾ ਕੀਤੀ ਅਤੇ ਸਿੱਖ ਧਰਮ ਬਾਰੇ ਰੀਸਰਚ ਕਰਵਾਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 'ਸਿੱਖ ਇਤਿਹਾਸ ਬੋਰਡ' ਅਤੇ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਵੀ ਕਾਇਮ ਕੀਤੀ। ਜਿਥੇ ਰੀਸਰਚ ਬੋਰਡ ਆਪਣੇ ਨਾਮ ਵਾਂਗੂੰ ਸਿੱਖ ਇਨਕਲਾਬ ਅਤੇ ਸਿੱਖ ਅੰਦੋਲਨ ਬਾਰੇ ਰੀਸਰਚਾਂ ਕਰਵਾਉਂਦਾ ਹੈ। ਉਥੇ ਸਿੱਖ ਰੈਫਰੈਂਸ ਲਾਇਬ੍ਰੇਰੀ ਵਿਚ ਹਜ਼ਾਰਾਂ ਐਸੀਆਂ ਨਾਯਾਬ ਪੁਸਤਕਾਂ ਅਤੇ ਖਰੜੇ ਮੌਜੂਦ ਹਨ ਜਿਨ੍ਹਾਂ ਵਿਚ ਸਿੱਖਾਂ ਬਾਰੇ ਅਤੇ ਸਿੱਖ ਧਰਮ ਬਾਰੇ ਹਵਾਲੇ ਦਰਜ ਹਨ। ਇਸ ਲਾਇਬ੍ਰੇਰੀ ਵਿਚ ਮੌਕੇ ਉੱਤੇ ਹੀ ਤੁਹਾਨੂੰ ਕੀਮਤੀ ਪੁਸਤਕਾਂ ਪੜ੍ਹਨ ਵਾਸਤੇ ਮਿਲ ਸਕਦੀਆਂ ਹਨ। ਜੇਕਰ ਕਿਸੇ ਸਕਾਲਰ ਨੂੰ ਕਿਸੇ ਪੁਸਤਕ ਦਾ ਕੋਈ ਭਾਗ ਘਰ ਲਿਜਾਣ ਵਾਸਤੇ ਲੋੜੀਂਦਾ ਹੋਵੇ ਤਾਂ ਉਸ ਦੀ ਤੁਰੰਤ ਤੇ ਫਰੀ ਫੋਟੋਸਟੇਟ ਕਾਪੀ ਉਪਲਬਧ ਕਰਵਾਈ ਜਾਂਦੀ ਹੈ ਪਰ ਕਿਤਾਬਾਂ ਘਰ ਲਿਜਾਣ ਦੀ ਕਿਸੇ ਨੂੰ ਵੀ ਇਜ਼ਾਜਤ ਨਹੀਂ ਹੈ। ਭਾਵੇਂ ਸਾਕਾ ਨੀਲਾ ਤਾਰਾ ਵਿਚ ਇਸ ਲਾਇਬ੍ਰੇਰੀ ਅਤੇ ਸਿੱਖ ਇਤਿਹਾਸ ਰੀਸਰਚ ਬੋਰਡ ਦਾ ਬੇਸ਼ਕੀਮਤੀ ਸਰਮਾਇਆ ਅਗਨ ਭੇਟ ਹੋ ਗਿਆ ਅਤੇ ਜਾਂ ਫਿਰ ਤਤਕਾਲੀ ਕੇਂਦਰੀ ਸਰਕਾਰ ਵੱਲੋਂ ਜ਼ਬਤ ਕਰ ਲਿਆ ਗਿਆ। ਪਰ ਵਿਦਵਾਨਾਂ ਦੇ ਸਿਦਮ ਅਤੇ ਸਿਰੜ ਸਾਹਮਣੇ ਕੋਈ ਵੀ ਮੁਸ਼ਕਿਲ ਖੜ੍ਹੀ ਨਹੀਂ ਹੋ ਸਕੀ। ਨਵੀਆਂ ਖੋਜਾਂ ਦੇ ਅਧਾਰ ਉੱਤੇ ਅੱਜ ਵੀ ਉਕਤ ਦੋਵੇਂ ਸੰਸਥਾਵਾਂ ਸਿੱਖ ਸਿੱਖਿਆ ਦੇ ਖੇਤਰ ਵਿਚ ਅਨਮੋਲ ਖ਼ਜ਼ਾਨਾ ਹਨ। ਕਮੇਟੀ ਵੱਲੋਂ ਲਾਹੌਰ

ਵਿਖੇ ਇਕ ਸ਼ਾਨਦਾਰ 'ਸਿੱਖ ਨੈਸ਼ਨਲ ਕਾਲਜ' ਖੋਲ੍ਹਿਆ ਗਿਆ ਸੀ। ਰਿਕਾਰਡ ਮੁਤਾਬਕ 10 ਮਾਰਚ 1937 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵਿਸ਼ੇਸ਼ ਇਕੱਤਰਤਾ ਮਾਸਟਰ ਤਾਰਾ ਸਿੰਘ ਜੀ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ 103 ਮੈਂਬਰ ਹਾਜ਼ਰ ਹੋਏ ਸਨ। ਇਸ ਇਕੱਤਰਤਾ ਵਿਚ ਸ੍ਰ. ਭਾਗ ਸਿੰਘ ਜੀ ਵਕੀਲ ਨੇ ਮਤਾ ਪੇਸ਼ ਕਰਨ ਉੱਤੇ ਪਾਸ ਹੋਇਆ ਕਿ ਸਿੱਖ ਨੈਸ਼ਨਲ ਕਾਲਜ ਲਾਹੌਰ ਦੀ ਆਰਥਿਕ ਮਦਦ ਕੀਤੀ ਜਾਵੇ ਅਤੇ ਇਸ ਕਾਲਜ ਨੂੰ ਬਾਕਾਇਦਾ ਚਲਾਉਣ ਵਾਸਤੇ ਹੋਰ ਵੀ ਸਹਾਇਤਾ ਕੀਤੀ ਜਾਵੇ। ਇਸੇ ਮੀਟਿੰਗ ਵਿਚ ਇਸ ਕਾਲਜ ਦੇ ਖੋਲ੍ਹਣ ਵਾਸਤੇ ਦਸ ਹਜ਼ਾਰ ਰੁਪਏ ਚੰਦੇ ਵਜੋਂ ਸਿੱਖ ਐਜੂਕੇਸ਼ਨ ਸੁਸਾਇਟੀ ਲਾਹੌਰ ਨੂੰ ਦਿੱਤੇ ਗਏ। ਦੇਸ਼ ਦੀ ਵੰਡ ਮਗਰੋਂ ਇਹ ਕਾਲਜ ਪਾਕਿਸਤਾਨ ਵਿਚ ਹੀ ਪਾਕਿਸਤਾਨੀ ਪੰਜਾਬ ਸਰਕਾਰ ਨੂੰ ਦੇ ਦਿੱਤਾ ਗਿਆ ਸੀ ਪਰ ਇਸ ਦੇ ਵਟਾਂਦਰੇ ਵਿਚ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ ਵਿਖੇ ਅਹਿਮਦੀ ਕਾਲਜ ਨੂੰ 'ਸਿੱਖ ਨੈਸ਼ਨਲ ਕਾਲਜ' ਵਜੋਂ ਚਲਾਇਆ ਗਿਆ ਸੀ। ਇਹ ਕਾਲਜ ਅੱਜ ਤੱਕ ਸ਼ਾਨਦਾਰ ਚੱਲ ਰਿਹਾ ਹੈ ਅਤੇ ਐਜੂਕੇਸ਼ਨ ਦੇ ਖੇਤਰ ਵਿਚ ਬਹੁਤ ਹੀ ਅਹਿਮ ਦੁਰਜਾ ਰੱਖਦਾ ਹੈ। ਇਸ ਵਿਚ ਪੋਸਟ ਗ੍ਰੈਜੂਏਟ ਕਲਾਸਾਂ ਅਤੇ ਉਚੇਰੇ ਤਕਨੀਕੀ ਕੋਰਸ ਵੀ ਚਲਾਏ ਜਾ ਰਹੇ ਹਨ। ਇਸੇ ਹੀ ਉਕਤ ਮੀਟਿੰਗ ਵਿਚ ਮਤਾ ਪਾਸ ਹੋਇਆ ਕਿ ਸਿੱਖ ਨੌਜੁਆਨ ਸਿੱਖੀ ਦੇ ਪਰਚਾਰ ਦੀ ਘਾਟ ਕਰਕੇ ਸਿੱਖ ਧਰਮ ਤੋਂ ਦੂਰ ਜਾ ਰਹੇ ਹਨ ਇਸ ਲਈ ਕਮੇਟੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਮਨਜ਼ੂਰੀ ਅਤੇ ਸੇਧ ਦਿੱਤੀ ਕਿ ਸ੍ਰੀ ਅਕਾਲ ਤਖ਼ਤ ਵੱਲੋਂ ਰੱਖੇ ਗਏ ਬੱਜਟ ਵਿਚ ਪਾਸ ਹੋਈ ਰਕਮ ਵਿਚੋਂ ਘੱਟੋ-ਘੱਟ 10 ਧਰਮ ਪ੍ਰਚਾਰਕ ਰੱਖ ਕੇ ਸਿੱਖ ਧਰਮ ਦਾ ਪ੍ਰਚਾਰ ਕੀਤਾ ਜਾਵੇ।[99]

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਫ਼ੈਸਲਾ ਲਿਆ ਕਿ ਗੁਰਬਾਣੀ ਦੀ ਸ਼ੁੱਧ ਛਪਵਾਈ ਕਰਵਾਈ ਜਾਵੇ ਅਤੇ ਇਹ ਬਹੁਤ ਸਸਤੇ ਤੇ ਲਾਗਤ ਤੋਂ ਵੀ ਘੱਟ ਮੁੱਲ ਉੱਤੇ ਤਲਬਗਾਰਾਂ ਨੂੰ ਮੁਹੱਈਆ ਕਰਵਾਈ ਜਾਵੇ। ਮਿਤੀ 10 ਮਾਰਚ 1938 ਦੀ ਮੀਟਿੰਗ ਵਿਚ ਸ਼੍ਰੋਮਣੀ ਕਮੇਟੀ ਨੇ ਇਹ ਵੀ ਪਾਸ ਕੀਤਾ ਕਿ ਸਿੱਖ ਨੈਸ਼ਨਲ ਕਾਲਜ ਲਾਹੌਰ ਦੇ ਅਛੂਤਾਂ ਨੂੰ ਮੁਫ਼ਤ ਸਿੱਖਿਆ ਪ੍ਰਦਾਨ ਕੀਤੀ ਜਾਵੇ ਅਤੇ ਇਹ ਨਿਯਮ ਇਸ ਕਾਲਜ ਵਿਚ ਹਮੇਸ਼ਾ ਵਾਸਤੇ ਲਾਗੂ ਰੱਖਿਆ ਜਾਵੇ ਕਿ ਕਿਸੇ ਵੀ ਅਛੂਤ ਤੋਂ ਕੋਈ ਵੀ

---

[99] ਗੁਰਦੁਆਰਾ ਗਜ਼ਟ, ਜਨਵਰੀ, 2005, ਪੰਨਾ-33.

ਪੜ੍ਹਾਈ ਦਾ ਖ਼ਰਚਾ ਨਹੀਂ ਲਿਆ ਜਾਵੇਗਾ। ਇਹ ਨਿਯਮ ਖ਼ਾਲਸਾ ਬਰਾਦਰੀ ਅਰਥਾਤ ਰਹਿਤੀਏ, ਮਜ਼ਹਬੀ ਆਦਿ ਵਿਦਿਆਰਥੀਆਂ ਦੀ ਪੜ੍ਹਾਈ ਫਰੀ ਹੋਵੇਗੀ। ਇਸ ਮੀਟਿੰਗ ਵਿਚ ਇਹ ਮਤਾ ਵੀ ਪਾਸ ਕੀਤਾ ਗਿਆ ਕਿ ਐਸਾ ਨਿਯਮ ਸਾਰੀਆਂ ਹੀ ਸਿੱਖ ਸਿੱਖਿਆ ਸੰਸਥਾਵਾਂ ਉੱਤੇ ਲਾਗੂ ਕੀਤਾ ਜਾਵੇ।

ਮਿਤੀ 11 ਜੂਨ 1939 ਨੂੰ ਹੋਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੀਟਿੰਗ ਵਿਚ ਖ਼ਾਲਸਾ ਕਾਲਜ ਲਾਹੌਰ ਦਾ ਪ੍ਰਬੰਧ ਪੱਕੇ ਪੈਰੀਂ ਕਰਨ ਹਿੱਤ ਕਾਲਜ ਦੀ ਮੈਨੇਜਮੈਂਟ ਨੂੰ ਬੇਨਤੀ ਕੀਤੀ ਕਿ ਇਸ ਕਾਲਜ ਨੂੰ ਆਰਥਿਕ ਮੰਦਵਾੜੇ ਚੋਂ ਕੱਢਣ ਲਈ, ਸਦਾ ਲਈ ਕਮੇਟੀ ਦੇ ਪ੍ਰਬੰਧਾਂ ਹੇਠ ਦੇ ਦਿੱਤਾ ਜਾਵੇ। ਇਸ ਕਾਲਜ ਨੂੰ ਉੱਚੀਆਂ ਮੰਜ਼ਲਾਂ ਤੀਕ ਪਹੁੰਚਾਉਣ ਹਿੱਤ ਕਮੇਟੀ ਨੇ ਸਾਰਾ ਖ਼ਰਚਾ ਆਪਣੇ ਵੱਲੋਂ ਹੀ ਕਰਨ ਦਾ ਮਤਾ ਪਾਸ ਕਰਕੇ ਕਾਲਜ ਦੀ ਮੈਨੇਜਮੈਂਟ ਨੂੰ ਭੇਜਿਆ।

## 3.1. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵਿੱਦਿਅਕ ਨੀਤੀ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣੇ ਜਨਮ ਤੋਂ ਵੀ ਪੂਰਬਲੇ ਸਮਿਆਂ ਵਿਚ ਜਿੱਥੇ ਸਿੱਖ ਗੁਰਦੁਆਰਿਆਂ ਦਾ ਪ੍ਰਬੰਧ ਸਿੱਖ ਸੰਗਤਾਂ ਦੇ ਹੱਥ ਵਿਚ ਦੇਣ ਲਈ ਗੰਭੀਰ ਸੀ ਉਥੇ ਵਿੱਦਿਆ ਨੀਤੀ ਪ੍ਰਤੀ ਵੀ ਸੰਜੀਦਾ ਸੀ। ਕਮੇਟੀ ਦੇ ਬਣਨ ਅਤੇ ਪੰਜਾਬ ਵਿਚ ਸਿੱਖਿਆ ਅੰਗਰੇਜ਼ੀ ਹਕੂਮਤ ਦੇ ਅਧੀਨ ਸੀ। ਅੰਗਰੇਜ਼ਾਂ ਨੇ ਆਪਣੇ ਹੱਕ ਵਿਚ ਭੁਗਤਦੀ ਸਿੱਖਿਆ ਨੀਤੀ ਚਲਾਈ। ਉਹ ਚਾਹੁੰਦੇ ਸਨ ਕਿ ਸਕੂਲਾਂ ਕਾਲਜਾਂ ਵਿਚੋਂ ਐਸੇ ਪੜ੍ਹੇ ਲਿਖੇ ਨਿਕਲਣ ਜੋ ਭਾਰਤੀ ਅਤੇ ਪੰਜਾਬੀ ਕਲਚਰ ਨੂੰ ਘਟੀਆ ਸਮਝਣ ਅਤੇ ਅੰਗਰੇਜ਼ੀ ਕਲਚਰ ਪ੍ਰਤੀ ਮੋਹ ਕਰਣ। ਮੈਕਾਲੇ ਨੇ ਕਹਿ ਦਿੱਤਾ ਸੀ ਕਿ ਭਾਰਤ ਕੋਲ ਜਿੰਨਾ ਕੁ ਗਿਆਨ ਹੈ ਉਸ ਬਾਰੇ ਕਿਤਾਬਾਂ ਅੰਗਰੇਜ਼ਾਂ ਦੀ ਇਕ ਲਾਇਬ੍ਰੇਰੀ ਵਿਚ ਆ ਸਕਦੀਆਂ ਹਨ। ਅੰਗਰੇਜ਼ ਭਾਰਤੀ ਭਾਸ਼ਾਵਾਂ ਨੂੰ ਪਿੱਛੇ ਸੁੱਟ ਕੇ ਅੰਗਰੇਜ਼ੀ ਨੂੰ ਹੀ ਤਰਜ਼ੀਹ ਦੇ ਰਹੇ ਸਨ। ਪੰਜਾਬ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਤੋਂ ਹੀ ਗੁਰਮੁਖੀ ਲਿਪੀ ਕਿੱਧਰੇ ਗਾਇਬ ਹੋ ਚੁੱਕੀ ਸੀ। ਸਾਰੇ ਪੰਜਾਬ ਵਿਚ ਫ਼ਾਰਸੀ ਤੇ ਉਰਦੂ ਦਾ ਬੋਲਬਾਲਾ ਸੀ। ਉਹੀ ਵਿਦਵਾਨ ਸੀ ਜੋ ਅੰਗਰੇਜ਼ੀ ਜਾਂ ਫ਼ਾਰਸੀ ਦਾ ਵਿਦਵਾਨ ਸੀ। ਪੰਜਾਬੀ ਜ਼ੁਬਾਨ ਅਤੇ ਗੁਰਮੁਖੀ ਲਿਪੀ ਨੂੰ ਅੰਗਰੇਜ਼ ਜਹਾਲਤ ਦੀ ਵਿੱਦਿਆ ਦਾ ਆਧਾਰ ਗਰਦਾਨਦੇ ਸਨ। ਕਿਧਰੇ ਵੀ ਧਾਰਮਿਕ ਵਿੱਦਿਆ ਨਹੀਂ ਸੀ ਦਿੱਤੀ ਜਾਂਦੀ। ਸਿੱਖ ਧਰਮ ਜੋ ਕਿ ਅਤਿ ਆਧੁਨਿਕ ਅਤੇ ਮਨੁੱਖਤਾ ਦੇ ਭਲੇ ਦਾ ਕਲਚਰ ਉਸਾਰ ਕੇ ਸਾਰੀ ਮਨੁੱਖਤਾ ਨੂੰ ਇਕ ਭਾਈਚਾਰੇ ਵਿਚ ਲਿਆਉਣਾ

ਚਾਹੁੰਦਾ ਸੀ, ਦੀਆਂ ਸਿੱਖਿਆਵਾਂ ਦਾ ਵੀ ਕਿਸੇ ਸਕੂਲ ਵਿਚ ਪ੍ਰਚਾਰ ਪ੍ਰਸਾਰ ਨਹੀਂ ਸੀ ਹੋਣ ਦਿੱਤਾ ਜਾਂਦਾ। ਸਕੂਲਾਂ ਵਿਚ ਜਾਂ ਤਾਂ ਇਸਲਾਮੀ ਵਿੱਦਿਆ ਦਾ ਪ੍ਰਚਾਰ ਸੀ ਜਾਂ ਫਿਰ ਕ੍ਰਿਸ਼ਚੀਅਨ ਧਰਮ ਦਾ। ਇਸ ਅਵਸਥਾ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮਹਿਸੂਸ ਕਰਦੀ ਸੀ ਕਿ ਅੰਗਰੇਜ਼ੀ ਹਕੂਮਤ ਦੀ ਵਿੱਦਿਆ ਨੀਤੀ ਬਦਲ ਕੇ ਲੋਕ ਪੱਖੀ ਕੀਤੀ ਜਾਣੀ ਚਾਹੀਦੀ ਹੈ ਅਤੇ ਜਦ ਤੱਕ ਇਹ ਤਬਦੀਲ ਨਹੀਂ ਹੁੰਦੀ ਸ਼੍ਰੋਮਣੀ ਕਮੇਟੀ ਨੂੰ ਆਪਣੇ ਖਰਚੇ ਉੱਤੇ ਅਤੇ ਆਪਣੇ ਪ੍ਰਬੰਧ ਹੇਠ ਨਵੇਂ ਵਿੱਦਿਅਕ ਅਦਾਰੇ ਉਸਾਰਨੇ ਚਾਹੀਦੇ ਹਨ। ਕਮੇਟੀ ਦੀਆਂ ਅਨੇਕਾਂ ਵਿਸ਼ੇਸ਼ ਮੀਟਿੰਗਾਂ ਵਿਚ ਇਸ ਤਰ੍ਹਾਂ ਦੇ ਮਤੇ ਪਾਸ ਕੀਤੇ ਗਏ ਅਤੇ ਉਨ੍ਹਾਂ ਉਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਵੀ ਮਾਨਤ ਮੋਹਰ ਲਗਵਾਹੀ ਗਈ ਤਾਂ ਕਿ ਇਨ੍ਹਾਂ ਅਦਾਰਿਆਂ ਵਿਚ ਦੂਰ ਦੁਰਾਡੇ ਪਿੰਡਾਂ ਤੇ ਸ਼ਹਿਰਾਂ ਵਿਚ ਮਾਨਵਤਾ ਦੇ ਭਲੇ ਵਾਲੀ ਸਿੱਖਿਆ ਸ਼ੁਰੂ ਕੀਤੀ ਜਾਵੇ। ਪੇਸ਼ ਹਨ ਐਸੇ ਮਤਿਆਂ ਦੇ ਕੁਝ ਅੰਸ਼:

## 3.2. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵਿੱਦਿਅਕ ਖੇਤਰ ਦਾ ਇਤਿਹਾਸ ਅਤੇ ਵਿਕਾਸ

### 3.2.1. ਖ਼ਾਲਸਾ ਕਾਲਜ ਅੰਮ੍ਰਿਤਸਰ ਸਿੱਖਾਂ ਦੀ ਵਿੱਦਿਅਕ ਪਛਾਣ

ਖ਼ਾਲਸਾ ਕਾਲਜ ਅੰਮ੍ਰਿਤਸਰ ਆਮ ਜਨਤਾ ਅਤੇ ਸਿੱਖ ਰਿਆਸਤਾਂ ਦੇ ਪੈਸੇ ਨਾਲ 1892 ਈ. ਵਿਚ ਬਣ ਕੇ ਸ਼ੁਰੂ ਹੋ ਗਿਆ ਸੀ।[100] ਸਿੱਖਾਂ ਦੇ ਕੌਮੀ ਲੀਡਰਾਂ ਨੇ ਇਸ ਸੰਸਥਾ ਨੂੰ ਸਿੱਖ ਵਿੱਦਿਆ ਨਾਲ ਜੋੜ ਕੇ ਕਿਆਸਿਆ ਸੀ ਪਰ ਅੰਗਰੇਜ਼ਾਂ ਨੇ ਆਪਣੀਆਂ ਸਾਜ਼ਿਸ਼ਾਂ ਨਾਲ ਇਸ ਉੱਤੇ ਮੁਕੰਮਲ ਕਬਜ਼ਾ ਕਰ ਲਿਆ ਸੀ। ਅੰਗਰੇਜ਼ ਹਕੂਮਤ ਆਪਣੇ ਪਿੱਠੂ ਪ੍ਰੋਫ਼ੈਸਰ ਰੱਖ ਕੇ ਇਸ ਕਾਲਜ ਵਿਚਲੀ ਵਿੱਦਿਆ ਨੂੰ ਆਪਣੀ ਨੀਤੀ ਮੁਤਾਬਕ ਚਲਾਉਣ ਵਿਚ ਸਫ਼ਲ ਹੋ ਗਏ ਸੀ। 1907 ਤੱਕ ਯਾਨਿ 15 ਸਾਲ ਤੱਕ ਤਾਂ ਅੰਗਰੇਜ਼ੀ ਹਕੂਮਤ ਦਾ ਇਸ ਉੱਤੇ ਕਬਜ਼ਾ ਰਿਹਾ ਪਰ ਹੁਣ ਇਸ ਬਾਰੇ ਸਿੱਖ ਸੰਗਤਾਂ ਅਤੇ ਸਿੱਖ ਲੀਡਰਾਂ ਵਿਚ ਚਰਚਾ ਛਿੜ ਪਈ ਸੀ। ਸਿੱਖ ਮਹਿਸੂਸ ਕਰਦੇ ਸਨ ਕਿ ਇਹ ਮਹਾਨ ਕਾਲਜ ਸਿੱਖਾਂ ਦੇ ਖ਼ੂਨ ਪਸੀਨੇ ਨਾਲ ਬਣਿਆ ਸੀ ਪਰ ਅੰਗਰੇਜ਼ ਹਕੂਮਤ ਨੇ ਇਸ ਉੱਤੇ ਕਬਜ਼ਾ ਕਰ ਲਿਆ ਹੈ। ਇਹ ਚਰਚਾ ਹੁਣ ਸ਼ਹਿਰਾਂ ਤੋਂ ਪਿੰਡਾਂ ਤੱਕ ਵੀ ਚਲੀ ਗਈ ਸੀ। 1909 ਵਿਚ ਮਾਸਟਰ ਸੁੰਦਰ ਸਿੰਘ ਲਾਇਲਪੁਰੀ ਨੇ ਇਕ

---

[100] ਭਾਈ ਕਾਨ੍ਹ ਸਿੰਘ ਨਾਭਾ, *ਗੁਰਸ਼ਬਦ ਰਤਨਾਕਰ ਮਹਾਨ ਕੋਸ਼*, ਪੰਨਾ-57.

ਪੈਂਫਲਟ ਵੀ ਪ੍ਰਕਾਸ਼ਿਤ ਕੀਤਾ ਜਿਸ ਦਾ ਨਾਮ ਸੀ 'ਕੀ ਖ਼ਾਲਸਾ ਕਾਲਜ ਅੰਮ੍ਰਿਤਸਰ ਸਿੱਖਾਂ ਦਾ ਹੈ' ਪਰ ਅੰਗਰੇਜ਼ ਹਕੂਮਤ ਪਹਿਲਾਂ ਤੋਂ ਹੀ ਸਤਰਕ ਸੀ ਅਤੇ ਇਹ ਪੈਂਫਲੈਟ

ਜ਼ਿਆਦਾ ਅਸਰ ਨਾ ਵਿਖਾ ਸਕਿਆ। ਪਰ ਜਦ 1920 ਵਿਚ ਅਕਾਲੀ ਅਖ਼ਬਾਰ ਛਪਣਾ ਅਰੰਭ ਹੋਇਆ ਤਾਂ ਸਿੱਖ ਲੀਡਰਾਂ ਨੇ ਖ਼ਾਲਸਾ ਕਾਲਜ ਦਾ ਮਸਲਾ ਵੀ ਉਸ ਵਿਚ ਉਭਾਰਨਾ ਆਰੰਭਿਆ। 1920 ਵਿਚ ਖ਼ਾਲਸਾ ਕਾਲਜ ਦੇ ਪ੍ਰੋਫ਼ੈਸਰ ਭਾਈ ਜੋਧ ਸਿੰਘ ਨੂੰ ਅੰਗਰੇਜ਼ ਹਕੂਮਤ ਦੇ ਖ਼ਿਲਾਫ਼ ਖ਼ਿਲਾਫ਼ਤ ਲਹਿਰ ਦਾ ਮੁੱਦਈ ਕਹਿ ਕੇ ਨੌਂਕਰੀ ਤੋਂ ਅਲੱਗ ਕਰ ਦਿੱਤਾ ਗਿਆ। ਪਰ ਮਾਮਲੇ ਨਾਲ ਸਿੱਖਾਂ ਵਿਚ ਰੋਸ ਜਾਗ ਪਿਆ ਸੀ। ਅਕਾਲੀ ਅਖ਼ਬਾਰ ਵਿਚ ਹੁਣ ਇਹ ਮਸਲਾ ਜ਼ੋਰ ਫੜ੍ਹ ਗਿਆ ਸੀ ਪਰ ਇਸੇ ਸਮੇਂ ਚੁਮਾਲਾ ਸਾਹਿਬ ਗੁਰਦੁਆਰੇ ਦਾ ਮਸਲਾ ਜ਼ਿਆਦਾ ਜ਼ੋਰ ਫੜਨ ਕਰਕੇ ਖ਼ਾਲਸਾ ਕਾਲਜ ਦੇ ਪ੍ਰਬੰਧ ਦਾ ਕਾਰਜ ਸਿੱਖਾਂ ਦੇ ਹੱਥ ਵਿਚ ਲੈਣ ਦਾ ਕਾਰਜ ਪਿੱਛੇ ਪੈ ਗਿਆ। ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਗਠਿਨ ਨਾਲ ਇਹ ਫੇਰ ਤੋਂ ਚਰਚਾ ਦਾ ਵਿਸ਼ਾ ਬਣ ਗਿਆ। ਹੁਣ ਬਾਕੀ ਗੁਰਦੁਆਰਿਆਂ ਦੇ ਕਬਜ਼ੇ ਲੈਣ ਦੇ ਨਾਲ-ਨਾਲ ਸ਼੍ਰੋਮਣੀ ਕਮੇਟੀ ਨੇ ਖ਼ਾਲਸਾ ਕਾਲਜ ਦਾ ਇੰਤਜ਼ਾਮ ਆਪਣੇ ਹੱਥਾਂ ਵਿਚ ਲੈਣ ਦੀ ਧਾਰਮਿਕ ਮੁਹਿੰਮ ਵਿੱਢ ਦਿੱਤੀ। 26-10-1920 ਨੂੰ ਸ਼੍ਰੋਮਣੀ ਕਮੇਟੀ ਦੇ ਨਿਰਦੇਸ਼ ਉੱਤੇ ਖ਼ਾਲਸਾ ਕਾਲਜ ਦੇ ਦਰਜਣ ਤੋਂ ਵਧੇਰੇ ਪ੍ਰੋਫ਼ੈਸਰਾਂ ਨੇ ਵਾਇਸਰਾਇ ਨੂੰ ਚਿੱਠੀ ਲਿਖ ਕੇ ਖ਼ਾਲਸਾ ਕਾਲਜ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪਣ ਲਈ ਆਖਿਆ। ਇਨ੍ਹਾਂ ਪ੍ਰੋਫ਼ੈਸਰਾਂ ਵਿਚ ਹੋਰਨਾਂ ਤੋਂ ਬਿਨਾਂ ਸ੍ਰੀ ਬੀ.ਆਰ. ਚੈਟਰਜੀ ਅਤੇ ਸ੍ਰੀ ਕੁੰਦਨ ਲਾਲ ਜੀ ਵੀ ਸਨ। ਇਨ੍ਹਾਂ ਪ੍ਰੋਫ਼ੈਸਰਾਂ ਨੇ ਵਾਇਸਰਾਇ ਨੂੰ ਇਹ ਨੋਟਿਸ ਵੀ ਦਿੱਤਾ ਕਿ ਜੇਕਰ 5 ਨਵੰਬਰ ਤੱਕ ਖ਼ਾਲਸਾ ਕਾਲਜ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਨਾ ਸੌਂਪਿਆ ਗਿਆ ਤਾਂ ਉਹ ਮੌਜੂਦਾ ਕਮੇਟੀ ਅਧੀਨ ਕੰਮ ਨਹੀਂ ਕਰਨਗੇ। ਸਭ ਦੀ ਸਲਾਹ ਨਾਲ ਇਕ ਨਵੀਂ ਆਰਜ਼ੀ ਬੰਦੋਬਸਤੀ ਕਮੇਟੀ ਦਾ ਐਲਾਨ ਵੀ ਕਰ ਦਿੱਤਾ ਗਿਆ। ਪਰ ਹਕੂਮਤ ਨੇ ਉਲਟਾ ਵਾਰ ਕਰਦਿਆਂ ਕਿਹਾ ਕਿ ਜੇਕਰ ਕੋਈ ਹੋਰ ਇੰਤਜ਼ਾਮੀਆ ਕਮੇਟੀ ਬਣਦੀ ਹੈ ਤਾਂ ਸਰਕਾਰ ਕਾਲਜ ਨੂੰ ਦਿੱਤੀ ਜਾਣ ਵਾਲੀ ਮਾਲੀ ਮਦਦ ਬੰਦ ਕਰ ਦੇਵੇਗੀ। ਪਰ ਦੂਜੇ ਪਾਸੇ ਸਿੱਖ ਲੀਡਰਾਂ ਨੇ ਐਲਾਨ ਕੀਤਾ ਕਿ ਜੇਕਰ ਹਕੂਮਤ ਮਾਲੀ ਮਦਦ ਬੰਦ ਕਰਦੀ ਹੈ ਤਾਂ ਇਹ

ਮਦਦ ਸਿੱਖ ਲੀਡਰ ਦੇਣਗੇ। ਹੁਣ ਇਹ ਐਜੀਟੇਸ਼ਨ ਜ਼ੋਰ ਫੜ੍ਹ ਗਈ ਅਤੇ ਆਖ਼ਰ ਅੰਗਰੇਜ਼ ਹਕੂਮਤ ਹਾਰ ਗਈ ਅਤੇ ਕਾਲਜ ਦਾ ਇੰਤਜ਼ਾਮ ਸਿੱਖਾਂ ਦੇ ਹੱਥ ਵਿਚ ਆ ਗਿਆ। ਇਸ ਕਾਲਜ ਉੱਤੇ ਸਿੱਖਾਂ ਦੇ ਇੰਤਜ਼ਾਮ ਦੀ ਖ਼ਬਰ ਨੇ ਕੁਝ ਸਿੱਖ ਹਲਕਿਆਂ ਵਿਚ ਖ਼ੁਸ਼ੀ ਦੀ ਲਹਿਰ ਜਗਾ ਦਿੱਤੀ ਅਤੇ ਥਾਂ-ਥਾਂ ਉੱਤੇ ਸਿੱਖ ਸਿੱਖਿਆ ਸੰਸਥਾਵਾਂ ਦਾ ਮੁੱਢ ਬੱਝਣਾ ਅਰੰਭ ਹੋ ਗਿਆ।

ਅਕਾਲੀ ਅਖ਼ਬਾਰ ਵਿਚ ਇਸੇ ਸਾਲ ਕਈ ਲੇਖ ਛਪੇ, ਜਿਨ੍ਹਾਂ ਦਾ ਵਿਸ਼ਾ ਸੀ ਸਿੱਖਾਂ ਦੀ ਸਿੱਖਿਆ ਨੀਤੀ ਕੀ ਹੈ। ਵਿੱਦਿਆ ਪ੍ਰਤੀ ਸਿੱਖਾਂ ਦੀ ਦੁਰਦਸ਼ਾ ਕਿਉਂ। ਆਮ ਸਿੱਖ ਇਹ ਮਹਿਸੂਸ ਕਰਨ ਲੱਗ ਪਏ ਸਨ ਕਿ ਉਨ੍ਹਾਂ ਦੇ ਬੱਚਿਆਂ ਨੂੰ ਸਿੱਖੀ ਦੀ ਸਿੱਖਿਆ ਮਿਲਣੀ ਚਾਹੀਦੀ ਹੈ। ਉਨ੍ਹਾਂ ਵਿਚ ਇਹ ਵੀ ਰੋਸ ਸੀ ਕਿ ਵਿੱਦਿਆ ਦਾ ਮਾਧਿਅਮ ਫ਼ਾਰਸੀ ਅਤੇ ਅੰਗਰੇਜ਼ੀ ਹੀ ਕਿਉਂ ਹੈ ਅਤੇ ਗੁਰਮੁਖੀ ਵਾਲੀ ਪੰਜਾਬੀ ਕਿਉਂ ਨਹੀਂ ਜਦੋਂ ਕਿ ਗੁਰਬਾਣੀ ਗੁਰਮੁਖੀ ਅੱਖਰਾਂ ਵਿਚ ਹੈ। ਇਸੇ ਸਮੇਂ ਸਿੱਖ ਗ੍ਰੈਜੂਏਟਾਂ ਦੀ ਇਕ ਜ਼ਬਰਦਸਤ ਜੱਥੇਬੰਦੀ ਹੋਂਦ ਵਿਚ ਆ ਗਈ। ਖ਼ਾਲਸਾ ਕਾਲਜ ਦੇ ਪ੍ਰੋਫ਼ੈਸਰਾਂ ਨੇ ਗ੍ਰੈਜੂਏਟਾਂ ਵਿਚ ਨਵੀਂ ਰੂਹ ਫੂਕੀ। ਇਕ ਇਤਿਹਾਸਕ ਮੀਟਿੰਗ ਇਸੇ ਜੱਥੇਬੰਦੀ ਦੇ ਪਲੇਟਫਾਰਮ ਤੋਂ 4 ਜੁਲਾਈ 1920 ਨੂੰ ਅਰੰਭ ਹੋਈ। ਗਰਮੀ ਦਾ ਮੌਸਮ ਹੁੰਦਿਆਂ ਵੀ ਲੋਕ ਦੂਰੋਂ-ਦੂਰੋਂ ਪੰਧ ਮਾਰ ਕੇ ਇਥੇ ਪਹੁੰਚੇ। ਲੀਡਰਾਂ ਨੇ ਸਰਬਸੰਮਤੀ ਨਾਲ ਮਤਾ ਪਾਸ ਕਰਕੇ ਸਿੱਖਿਆ ਨੀਤੀ ਤੈਅ ਕਰਨ ਹਿੱਤ ਇਕ ਗ੍ਰੈਜੂਏਟ ਐਸੋਸੀਏਸ਼ਨ ਬਣਾ ਦਿੱਤੀ ਜਿਸ ਦੇ ਮੈਂਬਰ ਡਾ. ਜੋਧ ਸਿੰਘ ਐਮ.ਏ. ਗੁਰੂ ਨਾਨਕ ਖ਼ਾਲਸਾ ਕਾਲਜ ਗੁਜਰਾਂਵਾਲਾ, ਪ੍ਰੋ. ਤੇਜਾ ਸਿੰਘ ਜੀ ਐਮ.ਏ., ਖ਼ਾਲਸਾ ਕਾਲਜ ਅੰਮ੍ਰਿਤਸਰ, ਸ੍ਰ. ਸੰਤ ਸਿੰਘ ਬੀ.ਏ., ਐਲ.ਐਲ.ਬੀ. ਵਕੀਲ ਲਾਇਲਪੁਰ, ਸ੍ਰੀ ਬੇਅੰਤ ਸਿੰਘ ਅਸਿਸਟੈਂਟ ਰਜਿਸਟਰਾਰ ਅੰਮ੍ਰਿਤਸਰ ਅਤੇ ਮੰਗਲ ਸਿੰਘ ਜੀ ਬੀ.ਏ. ਐਡੀਟਰ ਅਕਾਲੀ ਲਹਿਰ ਲਏ ਗਏ। ਇਸ ਕਨਵੋਕੇਸ਼ਨ ਵਿਚ ਅਪੀਲ ਕੀਤੀ ਗਈ ਕਿ ਗ੍ਰੈਜੂਏਟ ਭਾਵੇਂ ਕਿਸੇ ਵੀ ਯੂਨੀਵਰਸਿਟੀ ਦਾ ਹੋਵੇ ਉਹ ਇਸ ਐਸੋਸੀਏਸ਼ਨ ਦਾ ਮੈਂਬਰ ਬਣ ਸਕਦਾ ਹੈ। ਇਸ ਐਸੋਸੀਏਸ਼ਨ ਨੂੰ ਭਰਵਾਂ ਹੁੰਗਾਰਾ ਮਿਲਿਆ ਅਤੇ ਪੜ੍ਹੇ ਲਿਖੇ ਅਤੇ ਸਿਆਣੇ ਲੋਕਾਂ ਦਾ ਇਕ ਵੱਡਾ ਪਲੇਟਫਾਰਮ ਸਿੱਖਾਂ ਦੇ ਹੱਥ ਆ ਗਿਆ। ਇਸ ਦੀ ਹਿਮਾਇਤ ਸ਼੍ਰੋਮਣੀ ਕਮੇਟੀ ਦੀ ਮੁੱਢਲੀ ਬਣਤਰ

ਵਿਚਲੇ ਨਿਯਮਾਂ ਦੇ ਐਨ ਅਨੁਕੂਲ ਵੀ ਸੀ ਤੇ ਕਮੇਟੀ ਦੇ ਸਮਰਥਨ ਕਾਰਣ ਹੀ ਇਹ ਐਸੋਸੀਏਸ਼ਨ ਅਗਾਂਹ ਵਿੱਦਿਆ ਦੇ ਖੇਤਰ ਵਿਚ ਅਸਰ ਵਿਖਾ ਰਹੀ ਸੀ।

## 3.3. ਵਿੱਦਿਅਕ ਨੀਤੀ ਸੰਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹਿਮ ਮਤੇ

### 3.3.1. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ 11.06.1939 ਦੀ ਮੀਟਿੰਗ ਵਿਚ ਪਾਸ ਕੀਤਾ ਮਤਾ

- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਜਨਰਲ ਇਕੱਤਰਤਾ ਪਾਸ ਕਰਦੀ ਹੈ ਕਿ ਸਿੱਖ ਪੰਥ ਦੀ ਆਰਥਿਕ ਭਾਈਚਾਰਕ ਅਤੇ ਵਿੱਦਿਅਕ ਅਵਸਥਾ ਨੂੰ ਉਚਿਆਉਣ ਲਈ ਅੱਗੇ ਤੋਂ ਤਿੰਨ-ਤਿੰਨ ਸਾਲ ਲਈ ਪ੍ਰੋਗਰਾਮ ਬਣਾਏ ਜਾਣ।
- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਜਨਰਲ ਮੀਟਿੰਗ ਪਾਸ ਕਰਦੀ ਹੈ ਕਿ ਉਪਰੋਕਤ ਗੁਰਮਤੇ ਉੱਤੇ ਅਮਲ ਕਰਨ ਹਿੱਤ ਸਭ ਤੋਂ ਪਹਿਲਾਂ ਤਿੰਨ ਸਾਲਾ ਪ੍ਰੋਗਰਾਮ ਵਿਚ ਪੰਥ ਦੀ ਵਿੱਦਿਅਕ ਅਵਸਥਾ ਨੂੰ ਉੱਚੇ ਚੁੱਕਣ ਖ਼ਾਤਿਰ ਸਾਰੇ ਪੰਜਾਬ ਵਿਚ ਬਾਲਗ ਵਿੱਦਿਆ (ਅਡਲਟ ਐਜੂਕੇਸ਼ਨ) ਸ਼ੁਰੂ ਕੀਤੀ ਜਾਵੇ। ਸ਼੍ਰੋਮਣੀ ਕਮੇਟੀ ਆਉਣ ਵਾਲੀ ਮੀਟਿੰਗ ਵਿਚ ਬਾਲਗ ਵਿੱਦਿਆ ਦੀ ਸਕੀਮ ਦਾ ਖਰੜਾ ਪੇਸ਼ ਕਰੇ।

### 3.3.2. ਜਨਰਲ ਇਕੱਤਰਤਾ 7 ਮਾਰਚ 1942

- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇਹ ਜਨਰਲ ਇਜਲਾਸ ਪੰਜਾਬ ਸਰਕਾਰ ਦੇ ਵਿੱਦਿਅਕ ਮਹਿਕਮੇ ਵੱਲੋਂ ਅਗਲੇ ਸਾਲਾਂ ਲਈ ਚਾਲੂ ਕਰਨ ਲਈ ਤਜ਼ਵੀਜ਼ ਕੀਤੇ ਗਏ ਸਕੂਲਾਂ ਦੇ ਸਿਲੇਬਸ ਅਤੀ ਘ੍ਰਿਣਾ ਦੀ ਨਜ਼ਰ ਨਾਲ ਵੇਖਦਾ ਹੈ ਜਿਸ ਰਾਹੀਂ ਕਿ ਪੰਜਾਬ ਦੇ ਸਕੂਲਾਂ ਵਿਚੋਂ ਦੂਜੀ ਦੇਸੀ ਪੜ੍ਹਾਈ ਨੂੰ ਉੱਕਾ ਹੀ ਬੰਦ ਕਰ ਦਿੱਤਾ ਗਿਆ ਹੈ। ਜਿਸ ਦਾ ਸਾਫ਼ ਅਰਥ ਹੈ ਕਿ ਅਦਾਲਤੀ ਜ਼ੁਬਾਨ ਹੋਣ ਕਰਕੇ ਉਰਦੂ ਤਾਂ ਹਰ ਇਕ ਨੂੰ ਪੜ੍ਹਾਉਣੀ ਹੀ ਪੈਣੀ ਹੈ ਪਰ ਪੰਜਾਬੀ ਜਿਹੜੀ ਕਿ ਸੂਬੇ ਦੀ ਅਸਲੀ ਜ਼ੁਬਾਨ ਹੈ ਜਿਸ ਵਿਚ ਸਿੱਖਾਂ ਦੀਆਂ ਧਾਰਮਿਕ ਤੇ ਕਲਚਰਲ ਪੁਸਤਕਾਂ ਹਨ, ਕੋਈ ਨਾ ਪੜ੍ਹ ਸਕੇ। ਪੰਜਾਬ ਸਰਕਾਰ ਦਾ ਇਹ ਵਤੀਰਾ ਅਯੋਗ ਅਤੇ ਵੱਡੇ ਵਜ਼ੀਰ ਵੱਲੋਂ ਭਰੋਸਾ ਦਿਵਾਏ ਗਏ ਸਟੇਟਸ ਤੋਂ ਉੱਕਾ ਹੀ ਉਲਟ ਹੈ; ਇਸ ਲਈ ਇਹ ਇਜਲਾਸ

ਇਸ ਸਰਕਾਰੀ ਵਤੀਰੇ ਦੇ ਵਿਰੁੱਧ ਸਖ਼ਤ ਵਿਰੋਧ ਕਰਦਾ ਹੋਇਆ ਪਹਿਲਾਂ ਦੀ ਤਰ੍ਹਾਂ ਹੀ ਸਿਲੇਬਸ ਵਿਚ ਦੂਜੀ ਦੇਸੀ ਜ਼ੁਬਾਨ (ਪੰਜਾਬੀ) ਦੀ ਪੜ੍ਹਾਈ ਚਾਲੂ ਰੱਖਣ ਦੀ ਪੁਰਜ਼ੋਰ ਮੰਗ ਕਰਦਾ ਹੈ।

- ਇਹ ਇਜਲਾਸ ਗੁਰਦੁਆਰਾ ਕਮੇਟੀਆਂ, ਸਿੰਘ ਸਭਾਵਾਂ, ਸਕੂਲਾਂ, ਕਾਲਜਾਂ ਦੀਆਂ ਪ੍ਰਬੰਧਕ ਕਮੇਟੀਆਂ ਤੇ ਹੋਰ ਸਿੱਖ ਸੋਸਾਇਟੀਆਂ ਅਤੇ ਸਿੱਖ ਪ੍ਰੈਸ ਪਾਸ ਅਪੀਲ ਕਰਦਾ ਹੈ ਕਿ ਪੰਜਾਬ ਵਿੱਦਿਅਕ ਮਹਿਕਮੇ ਦੇ ਇਸ ਵਤੀਰੇ ਵਿਰੁੱਧ ਜਿਤਨਾ ਜ਼ੋਰਦਾਰ ਐਜੀਟੇਸ਼ਨ ਕਰਨ ਕਿ ਉਹ ਇਸ ਭੈੜੇ ਤੇ ਨਾ ਮੁਕੰਮਲ ਸਿਲੇਬਸ ਨੂੰ ਯੋਗ ਤਰਮੀਮਾਂ ਕੀਤੇ ਬਿਨਾ ਚਾਲੂ ਨਾ ਕਰ ਸਕੇ।

### 3.3.3. ਜਨਰਲ ਇਕੱਤਰਤਾ 10 ਮਾਰਚ 1945 ਅਤੇ ਪੰਜਾਬੀ ਯੂਨਾਨੀ ਕਾਲਜ ਦੀ ਤਜਵੀਜ਼[101]

- ਜੱਥੇਦਾਰ ਮੋਹਨ ਸਿੰਘ ਨੇ ਮਤਾ ਲਿਆਂਦਾ ਕਿ ਪੰਜਾਬ ਵਿਚ ਹਿਕਮਤ ਲਈ ਕਾਲਜ ਖੋਲ੍ਹਿਆ ਜਾਵੇ। ਪੰਜਾਬ ਸਰਕਾਰ ਇਕ ਕਾਨੂੰਨ ਬਣਾ ਰਹੀ ਹੈ ਕਿ ਪੰਜਾਬ ਵਿਚ ਯੂਨਾਨੀ ਇਲਾਜ ਸੰਬੰਧੀ ਕਾਲਜ ਖੋਲ੍ਹੇ ਜਾਣ ਪਰ ਇਨ੍ਹਾਂ ਵਿਚ ਪੰਜਾਬੀ ਪੜ੍ਹਿਆਂ ਲਈ ਕੋਈ ਥਾਂ ਨਹੀਂ ਰੱਖੀ ਗਈ। ਸਰਕਾਰ ਨੇ ਯੂਨਾਨੀ ਉਰਦੂ ਵਿਚ ਅਤੇ ਵੈਦਯਕ ਹਿੰਦੀ ਵਿਚ ਪੜ੍ਹਾਉਣ ਦੀ ਸਿਫ਼ਾਰਸ਼ ਕੀਤੀ ਹੈ। ਸਾਨੂੰ ਇਸ ਅਨਰਥ ਵਿਰੁੱਧ ਜ਼ਰੂਰ ਕੁਝ ਕਰਨਾ ਲੋੜੀਂਦਾ ਹੈ ਜਾਂ ਤਾਂ ਪਟਿਆਲੇ ਦੇ ਕਾਲਜ ਨਾਲ ਕੋਈ ਪ੍ਰਬੰਧ ਕਰ ਲੈਣਾ ਚਾਹੀਦਾ ਹੈ ਜਾਂ ਆਪਣਾ ਕਾਲਜ ਬਣਾ ਕੇ ਪੰਜਾਬੀ ਪੜ੍ਹਿਆਂ ਨੂੰ ਹਿਕਮਤ ਦੀ ਟ੍ਰੇਨਿੰਗ ਦੇਣੀ ਅਰੰਭ ਕੀਤੀ ਜਾਣੀ ਚਾਹੀਦੀ ਹੈ। ਇਸੇ ਹੀ ਇਜਲਾਸ ਵਿਚ ਵਿੱਦਿਆ ਬਾਰੇ ਇਹ ਮਤਾ ਪਾਸ ਕੀਤਾ ਗਿਆ: (ੳ) ਗੁਰਮੁਖੀ ਦੀ ਪੜ੍ਹਾਈ, ਖ਼ਾਸ ਕਰਕੇ ਬਾਲਗ ਵਿੱਦਿਆ ਲਈ ਉੱਦਮ ਵਿਚ ਵਾਧਾ ਕਰਨਾ। (ਅ) ਸਿੱਖ ਯੂਨੀਵਰਸਿਟੀ ਬਣਾਉਣੀ ਜਿਸ ਦੇ ਅਧੀਨ ਮੈਡੀਕਲ ਕਾਲਜ, ਐਜੂਕੇਸ਼ਨਲ, ਇਲੈਕਟ੍ਰੀਸ਼ੀਅਨ, ਇੰਜੀਨਿਅਰਿੰਗ, ਕੈਮਿਸਟਰੀ, ਮੈਡੀਕਲ ਸਾਇੰਸ ਆਦਿ ਕਾਰਜ ਹੋਣ।(ਸ) ਪਿੰਡਾਂ ਵਿਚ ਲਾਇਬ੍ਰੇਰੀਆਂ ਬਣਾਉਣੀਆਂ।

---

[101] ਸ਼ਮਸ਼ੇਰ ਸਿੰਘ ਅਸ਼ੋਕ, *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ,ਪੰਨਾ-228.*

### 3.3.4. ਜਨਰਲ ਇਜਲਾਸ 6 ਮਾਰਚ 1949

ਪੰਜਾਬੀ ਬੋਲੀ: ਦੇਸ਼ ਭਾਰਤ ਦੀ ਮੌਜੂਦਾ ਸਥਿਤੀ ਵਿਚ ਇਕ ਬੜਾ ਅਹਿਮ ਸਵਾਲ ਆਪੋ-ਆਪਣੇ ਸੂਬੇ ਦੀ ਬੋਲੀ ਦਾ ਬਣਿਆ ਹੋਇਆ ਹੈ ਤੇ ਪੰਜਾਬੀ ਬੋਲੀ ਨਾਲ ਕਦੀ ਰਾਜਨੀਤਿਕ ਕਰਨਾਂ ਕਰਕੇ ਕਈ ਲੋਕ ਬੇਇਨਸਾਫ਼ੀ ਕਰਨ ਉੱਤੇ ਤੁਲੇ ਹੋਏ ਹਨ। ਕਿਉਂਕਿ ਇਸ ਸਵਾਲ ਦਾ ਸਾਡੇ ਕਲਚਰ ਅਤੇ ਧਰਮ ਨਾਲ ਵੀ ਗੂੜ੍ਹਾ ਸੰਬੰਧ ਹੈ। ਸਾਡੇ ਧਰਮ ਗ੍ਰੰਥਾਂ ਦਾ ਵੱਡਾ ਹਿੱਸਾ ਇਸੇ ਪੰਜਾਬੀ (ਗੁਰਮੁਖੀ) ਵਿਚ ਹੈ। ਇਸ ਲਈ ਇਸ ਸੰਬੰਧੀ ਸਮੇਂ-ਸਮੇਂ ਸ਼੍ਰੋਮਣੀ ਕਮੇਟੀ ਦਾ ਧਿਆਨ ਸੰਗਤਾਂ ਵੱਲੋਂ ਦਿਵਾਇਆ ਜਾਂਦਾ ਰਿਹਾ ਹੈ ਤੇ ਸ਼੍ਰੋਮਣੀ ਕਮੇਟੀ ਨੇ ਇਸ ਜ਼ਰੂਰੀ ਮਾਮਲੇ ਲਈ ਆਪਣੇ ਪੰਥਕ ਭਲਾਈ ਫੰਡ ਵਿਚੋਂ ਪੰਜਾਬੀ ਬੋਲਦੇ ਲੋਕਾਂ ਦੀ ਸਭਾ ਨੂੰ 700 ਰੁਪਏ ਰਕਮ ਸਹਾਇਤਾ ਵਜੋਂ ਦੇਣੀ ਪ੍ਰਵਾਨ ਕੀਤੀ ਹੈ।

### 3.3.5. ਵਿੱਦਿਆ ਦੇ ਖ਼ਰਚੇ

ਇਸੇ ਇਜਲਾਸ ਵਿਚ ਹੀ ਵਿੱਦਿਆ ਸੰਬੰਧੀ ਹੇਠ ਲਿਖਿਆ ਮਤਾ ਪਾਸ ਕੀਤਾ ਗਿਆ ਜਿਸ ਨੂੰ ਬਾਅਦ ਵਿਚ ਅਮਲੀ ਜਾਮਾ ਪਹਿਨਾਇਆ ਗਿਆ:

"ਕਈ ਕਾਰਣਾਂ ਕਰਕੇ ਹੋਰ ਫੰਡਾਂ ਦੇ ਨਾਲ ਹੀ ਸ਼੍ਰੋਮਣੀ ਕਮੇਟੀ ਦੇ ਵਿੱਦਿਆ ਫੰਡ ਦੀ ਆਮਦਨ ਵੀ ਬਹੁਤ ਘੱਟ ਗਈ ਹੈ। ਫਿਰ ਵੀ ਇਸ ਸਾਲ 21,000 (ਇੱਕੀ ਹਜ਼ਾਰ) ਦੀ ਰਕਮ ਦੋ ਕਾਲਜਾਂ ਅਤੇ 54 ਸਕੂਲਾਂ ਨੂੰ ਵੰਡੀ ਗਈ।"[102]

ਇਹ ਵੀ ਫੈਸਲਾ ਹੋਇਆ ਕਿ ਰਿਸਾਲਾ ਗੁਰਦੁਆਰਾ ਗਜ਼ਟ ਵਿਚ ਸਾਹਿਤਕ ਸਮੱਗਰੀ ਅਤੇ ਗੁਰੂ ਸਾਹਿਬਾਨ ਸਮੇਤ ਹੋਰ ਸਿੱਖ ਲਿਟਰੇਚਰ ਛਾਪਿਆ ਜਾਵੇ ਅਤੇ ਇਹ ਪਰਚਾ ਦੂਰ-ਦੂਰ ਤੱਕ ਪਹੁੰਚਦਾ ਕੀਤਾ ਜਾਵੇ।

---

[102] ਸ਼ਮਸ਼ੇਰ ਸਿੰਘ ਅਸ਼ੋਕ, *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ, ਪੰਨਾ-250.*

### 3.3.6.ਜਨਰਲ ਇਜਲਾਸ 7 ਮਾਰਚ 1959

### ਸ਼੍ਰੋਮਣੀ ਕਮੇਟੀ ਦੇ ਵਿੱਦਿਅਕ ਆਸ਼ਰਮਾਂ ਦੀ ਆਮਦਨ ਤੇ ਖ਼ਰਚ

| ਲੜੀ ਨੰ. | ਸੰਸਥਾ ਦਾ ਨਾ | ਆਮਦਨ | ਖ਼ਰਚ |
|---|---|---|---|
| 1. | ਖ਼ਾਲਸਾ ਕਾਲਜ, ਬੰਬਈ | 8,16,751-00 | 7,69,748-87 |
| 2. | ਸ੍ਰੀ ਗੁਰੂ ਰਾਮਦਾਸ ਹਾਈ ਸਕੂਲ, ਅੰਮ੍ਰਿਤਸਰ | 69,000-00 | 10,3,590-00 |
| 3. | ਭੁਪਿੰਦਰ ਖ਼ਾਲਸਾ ਹਾਈ ਸਕੂਲ, ਮੋਗਾ | 26,000-00 | 48,000-00 |
| 4. | ਸ੍ਰੀ ਗੁਰੂ ਨਾਨਕ ਕੰਨਿਆ ਪਾਠਸ਼ਾਲਾ, ਅੰਮ੍ਰਿਤਸਰ | 30,000-00 | 42,000-00 |

### 3.3.7. ਮਾਤਾ ਗੁਜ਼ਰੀ ਕਾਲਜ, ਫਤਹਿਗੜ੍ਹ ਦੀ ਤਜਵੀਜ਼

ਇਸੇ ਹੀ ਇਜਲਾਸ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ਼ਹੀਦ ਮਾਤਾ ਗੁਜਰੀ ਜੀ ਦੇ ਨਾਂ ਉੱਤੇ ਇਕ ਕਾਲਜ ਫਤਹਿਗੜ੍ਹ (ਸਰਹਿੰਦ) ਵਿਖੇ ਬਣਾਉਣ ਵਾਸਤੇ ਪੰਜਾਹ ਹਜ਼ਾਰ (50,000) ਰੁਪਏ ਦੀ ਰਕਮ ਸ਼੍ਰੋਮਣੀ ਕਮੇਟੀ ਵੱਲੋਂ ਅਲੱਗ ਕੱਢੇ ਜਾਣ ਦੀ ਤਜ਼ਵੀਜ ਹੋਈ।

### 3.3.8. ਖ਼ਾਲਸਾ ਕਾਲਜ ਦਮਦਮਾ ਸਾਹਿਬ ਦੀ ਸਕੀਮ

ਉਪਰੋਕਤ 7 ਮਾਰਚ 1959 ਦੀ ਮੀਟਿੰਗ ਵਿਚ ਹੀ ਸ੍ਰ. ਧੰਨਾ ਸਿੰਘ ਗੁਲਸ਼ਨ ਨੇ ਮਤਾ ਪੇਸ਼ ਕੀਤਾ ਕਿ ਅੱਜ 7 ਮਾਰਚ 1959 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ ਇਹ ਜਨਰਲ ਇਜਲਾਸ ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ) ਜ਼ਿਲ੍ਹਾ ਬਠਿੰਡਾ ਦੀ ਮਹੱਤਤਾ ਨੂੰ ਮੁੱਖ ਰੱਖ ਕੇ ਅਤੇ ਗੁਰੂ ਕੀ ਕਾਸ਼ੀ ਹੋਣ ਨਾਤੇ ਇੱਥੇ ਖ਼ਾਲਸਾ ਕਾਲਜ ਦੀ ਲੋੜ ਨੂੰ ਅਨੁਭਵ ਕਰਦਾ ਹੋਇਆ ਸਿਫ਼ਾਰਸ਼ ਕਰਦਾ ਹੈ ਕਿ ਇੱਥੇ ਕਾਲਜ ਬਣਾਇਆ ਜਾਵੇ। ਇਹ ਤਜ਼ਵੀਜ ਸਰਬ ਸੰਮਤੀ ਨਾਲ ਪਾਸ ਹੋਈ।[103]

---

[103] ਸ਼ਮਸ਼ੇਰ ਸਿੰਘ ਅਸ਼ੋਕ, *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ, ਪੰਨਾ-297.*

### 3.3.9. ਜਨਰਲ ਇਜਲਾਸ 7 ਮਾਰਚ 1960 (ਪੰਜਾਬੀ ਬੋਲੀ, ਲਿਪੀ ਅਤੇ ਸੂਬੇ ਦੇ ਸਵਾਲ ਬਾਰੇ)

ਉਕਤ ਮਿਤੀ ਨੂੰ ਹੋਏ ਜਨਰਲ ਇਜਲਾਸ ਵਿਚ ਪੰਜਾਬ ਸਰਕਾਰ ਵੱਲੋਂ ਪੰਜਾਬ ਦੀ ਬੋਲੀ ਸਦਭਾਵਨਾ ਕਮੇਟੀ ਵੱਲੋਂ ਪੁੱਜੀ ਰੀਪੋਰਟ ਉੱਤੇ ਵਿਚਾਰ ਕਰਨ ਹਿਤ ਪੰਜਾਬ ਵਿਚਲੇ ਵੱਖੋ-ਵੱਖ ਫਿਰਕਿਆਂ ਦੇ 26 ਪ੍ਰਤੀਨਿਧਾਂ ਦੀ ਮਿਤੀ 15.03.60 ਨੂੰ ਸੱਦੀ ਗਈ[104] ਇਕੱਤਰਤਾ ਬਾਬਤ ਵਿਚਾਰ ਪ੍ਰਗਟ ਕਰਦਿਆਂ ਹੋਇਆਂ ਦੱਸਿਆ ਗਿਆ ਕਿ ਜਦੋਂ ਪੰਜਾਬ ਦੀ ਬੋਲੀ ਪੰਜਾਬੀ ਮੰਨੀ ਜਾ ਚੁੱਕੀ ਹੈ ਅਤੇ ਸਾਰੇ ਦੇਸ਼ ਵਿਚ ਇਕ ਬੋਲੀ ਦੀ ਇਕੋ ਲਿਪੀ ਨਿਯਤ ਹੈ ਤਾਂ ਪੰਜਾਬੀ ਬੋਲੀ ਦੀਆਂ ਦੋ ਲਿਪੀਆਂ ਨਿਯਤ ਕਰਣ ਸੰਬੰਧੀ ਵਿਚਾਰ ਕਰਨ ਦਾ ਭਾਵ ਸਮਝ ਨਹੀਂ ਆ ਸਕਦਾ। ਆਪ ਨੇ (ਹਰਨਾਮ ਸਿੰਘ ਰੀਟਾਇਰਡ ਜੱਜ ਹਾਈਕੋਰਟ) ਸ੍ਰੀ ਰਾਜ ਗੋਪਾਲ ਆਚਾਰੀਆ, ਪੰਡਿਤ ਜਵਾਹਰ ਲਾਲ ਨਹਿਰੂ, ਡਾਕਟਰ ਸੰਪੂਰਨਾ ਅਲੰਦ ਅਤੇ ਸਰ ਜਾਰਜ ਗ੍ਰਿਅਰਸਨ ਦੇ ਹਵਾਲਿਆਂ ਨਾਲ ਸਿੱਧ ਕੀਤਾ ਕਿ ਜਿਸ ਬੋਲੀ ਨੂੰ ਖ਼ਤਮ ਕਰਨਾ ਹੋਵੇ, ਪਹਿਲਾਂ ਉਸਦੀ ਲਿਪੀ ਖ਼ਤਮ ਕਰ ਦਿੱਤੀ ਜਾਵੇ। ਇੱਥੇ ਆਮ ਸਹਿਮਤੀ ਹੋਈ ਕਿ ਸਰਕਾਰ ਵੱਲੋਂ ਕਾਇਮ ਕੀਤੀ ਗਈ ਕਮੇਟੀ ਵਿਚ ਪੰਜਾਬੀ ਬੋਲੀ ਲਈ ਲਿਪੀ ਦਾ ਮਸਲਾ ਇਕ ਢਕਵੰਜ ਹੈ ਅਤੇ ਸਰਕਾਰ ਦੀ ਬਦਨੀਤੀ ਜ਼ਾਹਿਰ ਹੁੰਦੀ ਹੈ। ਇੱਥੇ ਜ਼ੋਰ ਦੇ ਕੇ ਕਿਹਾ ਕਿ ਮੁੱਢਲੀ ਸਿੱਖਿਆ ਮਾਂਦਰੀ ਜ਼ੁਬਾਨ ਵਿਚ ਹੀ ਹੋਣੀ ਚਾਹੀਦੀ ਹੈ। ਦੁਨੀਆਂ ਦੇ ਸਾਰੇ ਸਿੱਖਿਆ ਸ਼ਾਸਤਰੀ ਇਸ ਤੱਥ ਨੂੰ ਮੰਨਦੇ ਹਨ ਕਿ ਮੁੱਢਲੀ ਸਿੱਖਿਆ ਬੱਚੇ ਦੀ ਮਾਂ ਬੋਲੀ ਤੋਂ ਸਿਵਾ ਹੋਰ ਕਿਸੇ ਭਾਸ਼ਾ ਵਿਚ ਨਹੀਂ ਹੋਣੀ ਚਾਹੀਦੀ।ਫਿਰ ਪੰਜਾਬ ਦੀ ਸਿੱਖਿਆ ਪੰਜਾਬੀ ਵਿਚ ਕਿਉਂ ਨਾ ਹੋਵੇ। ਇਸ ਸੰਬੰਧ ਵਿਚ ਅੰਗਰੇਜ਼ੀ ਵਿਚ ਮਤਾ ਪਾਸ ਕੀਤਾ ਗਿਆ।[105]

ਸ੍ਰੀ ਗੁਰਨਾਮ ਸਿੰਘ ਜੀ ਰੀਟਾਇਰਡ ਜੱਜ ਹਾਈ ਕੋਰਟ ਨੇ ਦੱਸਿਆ ਕਿ ਕਾਂਗਰਸ ਨੇ ਜਦ ਬੋਲੀ ਦੇ ਆਧਾਰ `ਤੇ ਸੂਬੇ ਬਣਾਉਣੇ ਮੰਨ ਲਏ ਹਨ ਅਤੇ ਹਿੰਦ ਸਰਕਾਰ ਆਪਣੇ ਵਿਧਾਨ ਵਿਚ ਹਿੰਦ ਦੀਆਂ 26 ਬੋਲੀਆਂ ਵਿਚ ਨੰ.: 10 `ਤੇ ਪੰਜਾਬੀ ਬੋਲੀ ਵੀ ਪ੍ਰਵਾਨ ਕਰ ਚੁੱਕੀ ਹੈ ਅਤੇ ਬੋਲੀ ਦੇ ਆਧਾਰ

---

104 ਉਹੀ *ਪੰਨਾ-303*

105 ਸ਼ਮਸ਼ੇਰ ਸਿੰਘ ਅਸ਼ੋਕ, *ਸ਼੍ਰੋਮਣੀ ਗੁਰਦੁਆਰਾ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ, ਪੰਨਾ-312.*

`ਤੇ ਹੀ ਸੂਬਾ ਬੰਬਈ ਨੂੰ ਵੰਡ ਕੇ ਦੋ ਸੂਬੇ ਬਣਾਏ ਜਾ ਰਹੇ ਹਨ ਤਾਂ ਫਿਰ ਪਤਾ ਨਹੀਂ ਲਗਤਾ ਕਿ ਜਦ ਰਿਜ਼ਨਲ ਫਾਰਮੂਲੇ ਤਹਿਤ ਪੰਜਾਬ ਹਿੰਦੀ ਅਤੇ ਪੰਜਾਬੀ ਜ਼ੋਨ ਵਿਚ ਕਿਉਂ ਵੰਡਿਆ ਜਾ ਰਿਹਾ ਹੈ। ਇਸ ਸਟੇਜ਼ ਉੱਤੇ ਪੰਜਾਬੀ ਬੋਲੀ ਸੰਬੰਧੀ ਫੈਸਲਾ ਕਰਨ ਲਈ 15 ਮਾਰਚ ਦੀ ਇਕੱਤਰਤਾ ਦਾ ਕੀ ਭਾਵ ਹੈ? ਇਹਨਾਂ ਸ਼ਬਦਾਂ ਨਾਲ ਉਕਤ ਅੰਗਰੇਜ਼ੀ ਮਤੇ ਦੀ ਤਾਦੀਦ ਹੋਈ।

ਇਸੇ ਸਮੇਂ ਮਾਸਟਰ ਤਾਰਾ ਸਿੰਘ ਜੀ ਨੇ ਕਿਹਾ ਕਿ ਪੰਜਾਬ ਵਿਚ ਬੋਲੀ ਦਾ ਸਵਾਲ ਪਹਿਲਾਂ ਹੀ ਹੱਲ ਹੋ ਚੁੱਕਾ ਹੈ ਅਤੇ ਸਰਕਾਰ 'ਪੰਜਾਬ ਦੀ ਭਾਸ਼ਾ ਪੰਜਾਬੀ' ਤਸਲੀਮ ਕਰ ਚੁੱਕੀ ਹੈ। ਪਰ ਹੁਣ ਸਰਕਾਰ ਵੱਲੋਂ ਨਵਾਂ ਝਗੜਾ ਛੇੜਨਾ ਬਿਲਕੁਲ ਨਾ-ਵਾਜ਼ਿਬ ਹੈ।

### 3.3.10. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਨਰਲ ਸਮਾਗਮ 18 ਮਾਰਚ 1965 (ਪੰਜਾਬੀ ਬੋਲੀ ਨੂੰ ਅਦਾਲਤੀ ਭਾਸ਼ਾ ਬਣਾਉਣ ਬਾਰੇ ਮਤਾ)

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇਹ ਜਨਰਲ ਸਮਾਗਮ ਇਸ ਗੱਲ ਉੱਤੇ ਰੋਸ ਪ੍ਰਗਟ ਕਰਦਾ ਹੈ ਕਿ ਪੰਜਾਬੀ ਬੋਲੀ ਨੂੰ ਪੰਜਾਬ ਅੰਦਰ ਯੋਗ ਸਥਾਨ ਦੇਣ ਦੀ ਥਾਂ ਦਿਨੋ ਦਿਨ ਇਸ ਨੂੰ ਹੋਰ ਪਿੱਛੇ ਸੁੱਟਿਆ ਜਾ ਰਿਹਾ ਹੈ। ਜ਼ਿਲ੍ਹਾ ਪੱਧਰ ਤੱਕ ਇਸ ਨੂੰ ਲਾਗੂ ਕਰਨ ਦਾ ਫੈਸਲਾ ਹੋਇਆ ਸੀ ਪਰ ਸਚਿਆਈ ਇਹ ਹੈ ਕਿ ਅਮਲ ਵਿਚ ਇਹ ਕਿਧਰੇ ਵੀ ਲਾਗੂ ਨਹੀਂ ਕੀਤੀ ਗਈ। ਜਿੱਥੇ ਕਿਤੇ ਪੰਜਾਬੀ ਲਾਗੂ ਕੀਤੀ ਵੀ ਸੀ ਉਸ ਨੂੰ ਵੀ ਹੁਣ ਬਦਲਿਆ ਜਾ ਰਿਹਾ ਹੈ। ਜ਼ਿਲ੍ਹਾ ਦਫ਼ਤਰਾਂ ਅਤੇ ਜ਼ਿਲ੍ਹਾ ਕਚਹਿਰੀਆਂ ਵਿਚ ਵੀ ਪੰਜਾਬੀ ਦੀ ਥਾਂ ਹੋਰ ਭਾਸ਼ਾਵਾਂ ਵਿਚ ਹੀ ਕੰਮ ਕਰਨ ਅਰੰਭ ਕਰ ਦਿੱਤਾ ਗਿਆ ਹੈ।

ਇਹ ਸਮਾਗਮ ਪੰਜਾਬ ਅਤੇ ਭਾਰਤ ਸਰਕਾਰ ਉੱਤੇ ਜ਼ੋਰ ਦੇਂਦਾ ਹੈ ਕਿ ਤੁਰਤ ਹੀ ਪੰਜਾਬੀ ਬੋਲੀ (ਗੁਰਮੁਖੀ ਲਿਪੀ) ਦਾ ਰਾਜ ਪੱਧਰ ਤੱਕ ਸੰਪੂਰਨ ਪ੍ਰਯੋਗ ਨਿਸ਼ਚਿਤ ਕੀਤਾ ਜਾਵੇ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਆਪਣੇ ਕੀਤੇ ਬਚਨਾਂ ਤੋਂ ਮੁਕਰੇ ਨਾ ਅਤੇ ਪੰਜਾਬ ਅੰਦਰ ਹਰ ਪੱਧਰ ਉੱਤੇ ਪੰਜਾਬੀ ਲਾਗੂ ਕੀਤੀ ਜਾਵੇ। ਇਸ ਮਤੇ ਰਾਹੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਰਕਾਰ ਤੋਂ ਮੰਗ ਕਰਦੀ ਹੈ ਕਿ ਪੰਜਾਬ ਅੰਦਰ ਸਾਰੀਆਂ ਅਦਾਲਤਾਂ ਦਾ ਕੰਮ ਕਾਜ ਪੰਜਾਬੀ ਵਿਚ ਕੀਤਾ ਜਾਵੇ।

## 3.3.11. ਜਨਰਲ ਇਜਲਾਸ 12 ਫਰਵਰੀ 1968

### (ੳ) ਪੰਜਾਬੀ ਭਾਸ਼ਾ ਨੂੰ ਭਾਰਤੀ ਸੂਬਿਆਂ ਵਿਚ ਦੂਜੀ ਰਾਜ-ਭਾਸ਼ਾ ਦਾ ਦਰਜਾ ਦੇਣ ਸੰਬੰਧੀ ਮਤਾ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਅੱਜ ਦਾ ਇਜਲਾਸ ਅਨੁਭਵ ਕਰਦਾ ਹੈ ਕਿ ਦੇਸ਼ ਦੀ ਵੰਡ ਪਿੱਛੋਂ ਪੰਜਾਬੀਆਂ ਤੇ ਖ਼ਾਸ ਕਰਕੇ ਸਿੱਖਾਂ ਦੀ ਭਾਰੀ ਸੰਖਿਆ ਹਰਿਆਣਾ, ਦਿੱਲੀ, ਚੰਡੀਗੜ੍ਹ, ਹਿਮਾਚਲ ਪ੍ਰਦੇਸ, ਜੰਮੂ ਕਸ਼ਮੀਰ, ਰਾਜਸਥਾਨ ਅਤੇ ਯੂ.ਪੀ. ਦੇ ਇਲਾਕਿਆਂ ਵਿਚ ਆਬਾਦ ਹੈ ਜਿਨ੍ਹਾਂ ਕਿ ਇਸ ਪ੍ਰਾਂਤ ਦੀ ਤਰੱਕੀ ਲਈ ਵੱਧ ਚੜ੍ਹ ਕੇ ਹਿੱਸਾ ਪਾਇਆ ਹੈ। ਪਰ ਬੜੇ ਦੁੱਖ ਦੀ ਗੱਲ ਹੈ ਕਿ ਇਨ੍ਹਾਂ ਰਾਜ ਸਰਕਾਰਾਂ ਵੱਲੋਂ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਨੂੰ ਮਾਨਤਾ ਦੇਣ ਹਿੱਤ ਕੋਈ ਠੋਸ ਕਾਰਵਾਈ ਨਹੀਂ ਕੀਤੀ ਗਈ। ਜਿਸ ਕਾਰਨ ਪੰਜਾਬੀ ਪਰਿਵਾਰਾਂ ਤੇ ਬੱਚਿਆਂ ਨੂੰ ਵਿੱਦਿਅਕ ਖੇਤਰ ਵਿਚ ਮਹਾਨ ਔਂਕੜਾਂ ਆ ਰਹੀਆਂ ਹਨ ਅਤੇ ਉਹ ਆਪਣੇ ਸਭਿਆਚਾਰ ਦੇ ਸੋਮੇ ਤੋਂ ਟੁੱਟ ਰਹੇ ਹਨ। ਇਹ ਇਜਲਾਸ ਉਕਤ ਸੂਬਿਆਂ ਦੀਆਂ ਸਰਕਾਰਾਂ ਤੋਂ ਮੰਗ ਕਰਦਾ ਹੈ ਕਿ ਉਹ ਗੁਰਮੁਖੀ ਪੰਜਾਬੀ ਨੂੰ ਮਾਨਤਾ ਦੇਣ ਅਤੇ ਸਕੂਲਾਂ ਕਾਲਜਾਂ ਵਿਚ ਇਸ ਨੂੰ ਦੂਜੀ ਭਾਸ਼ਾ ਵਜੋਂ ਪੜ੍ਹਾਉਣ ਦਾ ਪ੍ਰਬੰਧ ਕਰਨ।

### (ਅ) ਆਲ ਇੰਡੀਆ ਰੇਡੀਓ ਜਲੰਧਰ ਨੂੰ ਪੰਜਾਬੀ ਪ੍ਰੋਗਰਾਮਾਂ ਤੇ ਜ਼ੋਰ ਦੇਣ ਲਈ ਮਤਾ

"ਆਲ ਇੰਡੀਆ ਰੇਡੀਓ ਜਲੰਧਰ ਜੋ ਕਿ ਪੰਜਾਬ ਦੇ ਲੋਕਾਂ ਦੀ ਆਵਾਜ਼ ਦਾ ਦਾਅਵਾ ਕਰਦਾ ਹੈ, ਉਸ ਵਿਚ ਆਮ ਕਰਕੇ ਪੰਜਾਬੀ ਭਾਸ਼ਾ ਦੇ ਪ੍ਰੋਗਰਾਮ ਬੜੇ ਘਟਾਂ ਕੇ ਪੇਸ਼ ਕੀਤੇ ਜਾਂਦੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਅੱਜ ਦਾ ਇਜਲਾਸ ਭਾਰਤ ਸਰਕਾਰ ਤੋਂ ਮੰਗ ਕਰਦਾ ਹੈ ਕਿ ਹੋਰਨਾਂ ਪ੍ਰਾਂਤਾਂ ਦੇ ਰੀਜ਼ਨਲ ਕੇਂਦਰਾਂ ਵਿਚ ਜੋ ਦਰਜਾ ਓਥੋਂ ਦੇ ਰੇਡੀਓ ਸਟੇਸ਼ਨਾਂ ਨੂੰ ਪ੍ਰਾਪਤ ਹੈ, ਉਹੀ ਦਰਜ਼ਾ ਜਲੰਧਰ ਰੇਡੀਓ ਤੋਂ ਪੰਜਾਬੀ ਨੂੰ ਦਿੱਤਾ ਜਾਵੇ ਅਤੇ ਪੰਜਾਬੀ ਬੋਲੀ, ਸਾਹਿਤ ਅਤੇ ਸਭਿਆਚਾਰ ਦੀ ਪ੍ਰਫੁੱਲਤਾ ਵਾਸਤੇ ਕਾਰਜ ਕੀਤਾ ਜਾਵੇ।"[106]

---

[106] ਸ਼ਮਸ਼ੇਰ ਸਿੰਘ ਅਸ਼ੋਕ, *ਸ਼੍ਰੋਮਣੀ ਗੁਰਦੁਆਰਾ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ,* ਪੰਨਾ-382

### (ੲ) ਪੰਜਾਬੀ ਬੋਲੀ ਨੂੰ ਠੇਠ ਬਣਾਈ ਰੱਖਣ ਦਾ ਮਤਾ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮਹਿਸੂਸ ਕਰਦੀ ਹੈ ਕਿ ਕੁਝ ਲੇਖਕ ਜੋ ਕਿ ਆਪਣੇ ਆਪ ਨੂੰ ਅਤਿ ਆਧੁਨਿਕ ਸਮਝਦੇ ਹਨ ਅਤੇ ਕੁਝ ਸੰਸਾਵਾਂ ਜਿਨ੍ਹਾਂ ਦੇ ਵਿਦਵਾਨ ਪੰਜਾਬੀ ਬੋਲੀ ਵਿਚ ਲਗਾਤਾਰ ਓਪਰੀਆਂ ਬੋਲੀਆਂ ਦੇ ਸ਼ਬਦ ਸ਼ਾਮਿਲ ਕਰ ਰਹੇ ਹਨ, ਖ਼ਾਸ ਕਰਕੇ ਅੰਗਰੇਜ਼ੀ ਅਤੇ ਹਿੰਦੀ ਦੀ ਸ਼ਬਦਾਵਲੀ ਦੀ ਹਦੋਂ ਵੱਧ ਮਿਲਾਵਟ ਪੰਜਾਬੀ ਭਾਸ਼ਾ ਦਾ ਚਿਹਰਾ ਵਿਗਾੜ ਰਹੀ ਹੈ। ਪੰਜਾਬੀ ਭਾਸ਼ਾ ਇਕ ਸਮਰੱਥ ਭਾਸ਼ਾ ਹੈ ਜਿਸ ਵਿਚ ਸਾਹਿਤ ਅਤੇ ਦਫ਼ਤਰੀ ਕੰਮ-ਕਾਜ ਸਹਿਜ ਨਾਲ ਹੋ ਸਕਦਾ ਹੈ। ਅੱਜ ਦਾ ਇਤਿਹਾਸ ਲੇਖਕਾਂ, ਵਿਦਵਾਨਾਂ ਅਤੇ ਹੋਰ ਸੰਸਥਾਵਾਂ ਤੋਂ ਮੰਗ ਕਰਦਾ ਹੈ ਕਿ ਉਹ ਪੰਜਾਬੀ ਭਾਸ਼ਾ ਦੀ ਠੇਠਤਾ ਨੂੰ ਬਣਾਈ ਰੱਖਣ ਵਿਚ ਸਹਾਇਤਾ ਕਰਨ ਅਤੇ ਇਸ ਦਾ ਮੂੰਹ ਮੁਹਾਂਦਰਾ ਨਾ ਵਿਗਾੜਨ। ਠੇਠ ਪੰਜਾਬੀ ਹੀ ਆਮ ਲੋਕਾਂ ਦੀ ਸਮਝ ਆ ਸਕਦੀ ਹੈ।

## 3.3.12. ਜਨਰਲ ਇਜਲਾਸ 23.03.69

### (ੳ) ਪੰਜਾਬੀ ਬੋਲੀ ਨੂੰ ਹਿੰਦੀ ਆਉਣ ਵਿਰੁੱਧ ਮਤਾ:

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਅੱਜ ਦਾ ਇਜਲਾਸ ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਤੇ ਪੰਜਾਬੀ ਸਾਹਿਤ ਅਕਾਦਮੀ ਲੁਧਿਅਣਾ ਵੱਲੋਂ ਸਵਾ ਕਰੋੜ ਪੰਜਾਬੀਆਂ ਦੀ ਮਾਤ ਭਾਸ਼ਾ ਨੂੰ ਹਿੰਦੀਆਉਣ ਤੇ ਸੰਸਕ੍ਰਿਤਾਉਣ ਦੇ ਕੋਝੇ ਤੇ ਹਾਨੀਕਾਰਕ ਯਤਨਾਂ ਪ੍ਰਤੀ ਚਿੰਤਾ ਪ੍ਰਗਟ ਕਰਦਾ ਹੋਇਆ ਬੜੇ ਜ਼ੋਰ ਨਾਲ ਮੰਗ ਕਰਦਾ ਹੈ ਕਿ ਪੰਜਾਬੀ ਨੂੰ ਇਸ ਦੇ ਵਰਤਮਾਨ ਰੂਪ ਵਿਚ ਅਤੇ ਇਸਦੇ ਅਸਲੀ ਸ਼ਬਦ ਜੋੜਾਂ ਅਤੇ ਲੋਕ ਸ਼ਬਦਾਵਲੀ ਵਿਚ ਰਹਿਣ ਦਿੱਤਾ ਜਾਵੇ। ਪੰਜਾਬੀ ਦਾ ਹੁਲੀਆ ਵਿਗਾੜ ਕੇ ਇਸ ਨੂੰ ਔਖੀ ਅਤੇ ਇਕ ਓਪਰੀ ਭਾਸ਼ਾ ਨਾ ਬਣਾਇਆ ਜਾਵੇ। ਅੱਜ ਦਾ ਇਜਲਾਸ ਮਹਿਸੂਸ ਕਰਦਾ ਹੈ ਕਿ ਕੇਵਲ ਪੰਜਾਬੀ ਭਾਸ਼ਾ ਉੱਤੇ ਹੀ ਨਹੀਂ ਬਲਕਿ ਸਰਬ ਪੰਜਾਬੀ ਕੌਮ ਉੱਤੇ ਵੀ ਘਿਣਾਉਣਾ ਹਮਲਾ ਹੈ। ਜਨਰਲ ਇਜਲਾਸ ਸਮੂਹ ਪੰਜਾਬੀ ਪਿਆਰਿਆਂ, ਪੰਜਾਬੀ ਲੇਖਕਾਂ, ਵਿਦਵਾਨਾਂ, ਸਾਹਿਤ ਅਕਾਦਮੀ ਅਤੇ

ਪੰਜਾਬੀ ਯੂਨੀਵਰਸਿਟੀ ਪਾਸ ਅਪੀਲ ਕਰਦਾ ਹੈ ਕਿ ਉਹ ਪੰਜਾਬੀ ਬੋਲੀ ਸਹੀ ਅਤੇ ਪ੍ਰਚਲਤ ਰੂਪ ਵਿਚ ਹੀ ਰਹਿਣ ਦੇਣ।[107]

**(ਅ) ਹੋਰ ਭਾਰਤੀ ਸੂਬਿਆਂ ਵਿਚ ਪੰਜਾਬੀ ਨੂੰ ਯੋਗ ਸਥਾਨ ਦਿਵਾਉਣ ਬਾਰੇ:**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਅੱਜ ਦਾ ਇਹ ਜਨਰਲ ਇਜਲਾਸ ਇਹ ਮਤਾ ਪਾਸ ਕਰ ਕੇ ਦਿੱਲੀ, ਜੰਮੂ-ਕਸ਼ਮੀਰ, ਹਰਿਆਣਾ, ਰਾਜਸਥਾਨ ਆਦਿ ਸਰਕਾਰਾਂ ਨੂੰ ਭੇਜ ਕੇ ਮੰਗ ਕਰਦਾ ਹੈ ਕਿ ਇਨ੍ਹਾਂ ਪ੍ਰਾਂਤਾਂ ਵਿਚ ਬਹੁਤ ਸਾਰੇ ਪੰਜਾਬੀ ਵਸਦੇ ਹਨ ਜਿਨ੍ਹਾਂ ਦੀ ਮਾਂ ਬੋਲੀ ਪੰਜਾਬੀ ਹੈ। ਇਨ੍ਹਾਂ ਦੀ ਗਿਣਤੀ ਲੱਖਾਂ ਵਿਚ ਹੈ। ਇਜਲਾਸ ਮੰਗ ਕਰਦਾ ਹੈ ਕਿ ਇਨ੍ਹਾਂ ਪ੍ਰਾਂਤਾਂ ਵਿਚ ਪੰਜਾਬੀ ਨੂੰ ਉਸਦਾ ਬਣਦਾ ਦਰਜ਼ਾ ਦੇਣ ਹਿੱਤ ਸਰਕਾਰੀ ਸਕੂਲਾਂ ਵਿਚ ਇਸ ਨੂੰ ਦੂਜੀ ਭਾਸ਼ਾ ਦਾ ਦਰਜ਼ਾ ਦਿੱਤਾ ਜਾਵੇ।

### 3.3.12.1. ਜਨਰਲ ਇਜਲਾਸ 29 ਮਾਰਚ 1970 (ਜਨ-ਗਣਨਾ ਸਮੇਂ ਪੰਜਾਬੀ ਆਪਣੀ ਮਾਂ-ਬੋਲੀ ਪੰਜਾਬੀ ਲਿਖਵਾਉਣ)

'ਅੱਜ ਦਾ ਜਨਰਲ ਇਜਲਾਸ ਸਮੂਹ ਪੰਜਾਬੀ ਪਿਆਰਿਆਂ ਨੂੰ ਬੇਨਤੀ ਕਰਦਾ ਹੈ ਕਿ ਉਹ 1971 ਵਿਚ ਹੋ ਰਹੀ ਜਨਗਣਨਾ ਵਿਚ ਫਿਰਕਾਪ੍ਰਸਤਾਂ ਦੀ ਸਾਜ਼ਿਸ਼ ਵਿਚ ਨਾ ਆਉਣ ਅਤੇ ਉਹ ਆਪਣੀ ਮਾਂ ਬੋਲੀ ਪੰਜਾਬੀ ਹੀ ਲਿਖਵਾਉਣ। ਲੋਕਾਂ ਨੂੰ ਅਪੀਲ ਹੈ ਕਿ ਉਹ ਉਨ੍ਹਾਂਲੋਕਾਂ ਤੋਂ ਖ਼ਬਰਦਾਰ ਰਹਿਣ ਜੋ ਬੋਲੀ ਨੂੰ ਧਰਮ ਨਾਲ ਜੋੜਦੇ ਹਨ। ਪੰਜਾਬੀ ਬੋਲੀ ਮੁਸਲਮਾਨਾਂ, ਸਿੱਖਾਂ, ਹਿੰਦੂਆਂ ਅਤੇ ਇਸਾਈਆਂ ਸਭਨਾਂ ਦੀ ਮਾਂ ਬੋਲੀ ਹੈ ਜੋ ਕਿ ਪੰਜਾਬ ਵਿਚ ਵਸਦੇ ਹਨ। ਆਪਣੀ ਮਾਂ ਬੋਲੀ ਤੋਂ ਮੁਨਕਰ ਹੋਣ ਵਾਲੇ ਕਿਸੇ ਤਰ੍ਹਾਂ ਵੀ ਦੇਸ਼ ਭਗਤ ਨਹੀਂ ਅਖਵਾ ਸਕਦੇ। ਆਜ਼ਾਦੀ ਤੋਂ 23 ਸਾਲ ਬਾਅਦ ਪਾਕਿਸਤਾਨੀ ਪੰਜਾਬ ਨੇ ਵੀ ਪੰਜਾਬੀ ਬੋਲੀ ਨੂੰ ਮਾਂ ਬੋਲੀ ਵੱਲੋਂ ਅਪਣਾ ਲਿਆ ਹੈ ਅਤੇ ਓਧਰ ਗੁਰਮੁਖੀ ਅੱਖਰਾਂ ਵਿਚ ਐਮ.ਏ. ਵੀ ਸ਼ੁਰੂ ਕਰ ਦਿੱਤੀ ਹੈ। ਸਾਨੂੰ ਅਫ਼ਸੋਸ ਹੈ ਕਿ ਭਾਰਤੀ ਪੰਜਾਬ ਵਿਚ ਕੁਝ ਅਜਿਹੇ ਅਨਸਰ ਸਰਗਰਮ ਹਨ ਜੋ ਆਪਣੇ ਆਪ ਨੂੰ ਕੌਮ ਪ੍ਰਸਤ ਵੀ ਦਸਦੇ ਹਨ ਪਰ ਖੁੱਲ੍ਹਮ-ਖੁੱਲ੍ਹਾ ਪੰਜਾਬੀ

---

[107] ਸ਼ਮਸ਼ੇਰ ਸਿੰਘ ਅਸ਼ੋਕ, *ਸ਼੍ਰੋਮਣੀ ਗੁਰਦੁਆਰਾ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ, ਪੰਨਾ-388*

ਵਿਰੋਧੀ ਪ੍ਰਚਾਰ ਵੀ ਕਰ ਰਹੇ ਹਨ। ਉਹ ਪੰਜਾਬੀਆਂ ਨੂੰ ਮਾਂ ਬੋਲੀ ਪੰਜਾਬੀ ਤੋਂ ਦੂਰ ਰੱਖ ਕੇ ਸਿਆਸੀ ਲਾਭ ਲੈਣ ਦੀ ਤਾਕ ਵਿਚ ਹਨ।ਇਸ ਲਈ ਪੰਜਾਬੀਆਂ ਨੂੰ ਅਜਿਹੇ ਅਨਸਰਾਂ ਤੋਂ ਖ਼ਬਰਦਾਰ ਰਹਿਣ ਦੀ ਅਪੀਲ ਕੀਤੀ ਜਾਂਦੀ ਹੈ ਕਿ ਉਹ ਆ ਰਹੀ ਜਨਗਣਨਾ ਵਿਚ ਆਪਣੀ ਮਾਤ ਭਾਸ਼ਾ ਪੰਜਾਬੀ ਹੀ ਲਿਖਵਾਉਣ ਤਾਕਿ ਪੰਜਾਬ ਦੀ ਵਿੱਦਿਆ ਨੂੰ ਸੁਚਾਰੂ ਤਰੀਕੇ ਨਾਲ ਚਲਾਇਆ ਜਾ ਸਕੇ।’[108]

## 3.3.13. ਜਨਰਲ ਇਜਲਾਸ 30 ਮਾਰਚ 1971 (ਗੁਰੂ ਨਾਨਕ ਦੇਵ ਯੂਨੀਵਰਸਿਟੀ ਨੂੰ ਟ੍ਰਾਫ਼ੀ)

“ਜਨਰਲ ਇਜਲਾਸ ਨੇ ਮਹਿਸੂਸ ਕੀਤਾ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਪੰਜਾਬ, ਪੰਜਾਬੀ, ਪੰਜਾਬੀ ਕਲਚਰ ਅਤੇ ਅਧਿਆਤਮਕ-ਨੈਤਿਕ ਸਿੱਖਿਆ ਦਾ ਦਰਸ਼ਨ ਚਲਨ ਹੈ। ਇਸ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਯੂਨੀਵਰਸਿਟੀ ਨੂੰ 2500 ਰੁਪਏ ਦੀ ਲਾਗਤ ਵਾਲੀਆਂ ਦੋ ਇਨਾਮੀ ਟ੍ਰਾਫ਼ੀਆਂ ਭੇਜੇਗੀ ਤਾਕਿ ਉਹ ਅੱਗੋਂ ਤੋਂ ਵੀ ਪੰਜਾਬੀ ਭਾਸ਼ਾ ਅਤੇ ਪੰਜਾਬੀ ਕਲਚਰ ਸੰਬੰਧੀ ਵਿੱਦਿਆ ਦਾ ਕਾਰਜ ਜਾਰੀ ਰੱਖੇ।”

## 3.3.14. ਜਨਰਲ ਇਜਲਾਸ 30 ਮਾਰਚ 1975 (ਸਿੱਖ ਇਤਿਹਾਸ ਦੀ ਪ੍ਰਕਾਸ਼ਨਾ ਦਾ ਵਿਭਾਗ ਸ਼ੁਰੂ)

(ੳ) “ਇਜਲਾਸ ਮਹਿਸੂਸ ਕਰਦਾ ਹੈ ਕਿ ਵਿੱਦਿਆ ਵਿਚ ਨੈਤਕ ਸਿੱਖਿਆ ਸ਼ਾਮਿਲ ਕਰਵਾਉਣ ਹਿਤ ਸਿੱਖ ਸਾਹਿਤ ਦੀ ਪ੍ਰਕਾਸ਼ਨਾ ਵਿਚ ਯੋਗ ਕਾਰਜ ਹੋਣਾ ਚਾਹੀਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਹ ਵਿਭਾਗ ਚਾਲੂ ਕਰਨ ਹਿਤ 5 ਲੱਖ ਰੁਪਏ ਜਾਰੀ ਕੀਤੇ ਗਏ। ਇਸ ਨਵੇਂ ਵਿਭਾਗ ਲਈ ਨਾਮਾਵਲੀ ਤਿਆਰ ਕਰਨ ਲਈ ਫੈਸਲਾ ਹੋਇਆ ਕਿ ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਹਿਤ ਇਹ ਸਾਹਿਤ ਸਸਤਾ ਅਤੇ ਆਮ ਲੋਕਾਂ ਦੀ ਪਹੁੰਚ ਵਿਚ ਕੀਤਾ ਜਾਵੇ। ਇਹ ਵੀ ਫ਼ੈਸਲਾ ਹੋਇਆ ਕਿ ਸਿੱਖ ਸਾਹਿਤ ਕਿਉਂਕਿ ਮਨੁੱਖਤਾ ਵਿਚ ਭਾਈਚਾਰਕ ਏਕਤਾ, ਸ਼ਾਂਤੀ ਅਤੇ ਵੰਡ ਕੇ ਛਕਣ ਦਾ ਧਾਰਨੀ ਹੈ, ਇਸ ਲਈ ਇਹ ਸਾਹਿਤ ਦੂਰ-ਦੁਰਾਡੇ

---

[108] ਸ਼ਮਸ਼ੇਰ ਸਿੰਘ ਅਸ਼ੋਕ, *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ, ਪੰਨਾ-401*

ਪਹੁੰਚਾਉਣ ਵਾਸਤੇ ਪੰਜਾਬੀ ਦੇ ਨਾਲ-ਨਾਲ ਹੋਰ ਰੀਜ਼ਨਲ ਭਾਸ਼ਾਵਾਂ ਆਦਿ ਵਿਚ ਵੀ ਛਾਪਿਆ ਜਾਵੇ।"

(ਅ) "ਸਿੱਖ ਧਰਮ ਦਰਸ਼ਨ, ਇਤਿਹਾਸ ਸਾਹਿਤ, ਜੀਵਨ ਤੇ ਜੀਵਨ-ਜਾਂਚ ਸੰਬੰਧੀ ਮੌਲਿਕ ਪੁਸਤਕਾਂ ਪੰਜਾਬੀ ਅਤੇ ਦੂਜੀਆਂ ਬੋਲੀਆਂ ਵਿਚ ਲਿਖਣ, ਪ੍ਰਕਾਸ਼ਤ ਕਰਣ ਅਤੇ ਵੇਚਣ ਦਾ ਪ੍ਰਬੰਧ ਕਰਨਾ, ਖ਼ਾਸ ਕਰਕੇ ਪੰਥ ਦੀ ਪਨੀਰੀ ਬੱਚੇ ਅਤੇ ਪਿੰਡਾਂ ਦੇ ਘੱਟ ਪੜ੍ਹੇ ਲਿਖੇ ਨੌਜੁਆਨਾਂ ਲਈ ਅਤੇ ਸਕੂਲਾਂ ਦੇ ਵਿਦਿਆਰਥੀਆਂ ਲਈ ਨੈਤਿਕ ਸਿੱਖਿਆਵਾਂ ਦੀਆਂ ਇਸ ਕਿਸਮ ਦੀਆਂ ਕਿਤਾਬਾਂ ਛਾਪਣਾ ਅਤੇ ਵੇਚਣ/ਵੰਡਣ ਦਾ ਕਾਰਜ ਸ਼੍ਰੋਮਣੀ ਕਮੇਟੀ ਦਾ ਅਹਿਮ ਕਾਰਜ ਹੋਵੇਗਾ।"

(ੲ) ਸਿੱਖ ਧਰਮ, ਇਤਿਹਾਸ ਅਤੇ ਗੁਰਬਾਣੀ ਨੂੰ ਪਰਚਾਰਨ-ਪਰਸਾਰਨ ਲਈ ਅਤੇ ਤੇ ਆ ਗਈਆਂ ਕੁਰੀਤੀਆਂ ਨੂੰ ਦੂਰ ਕਰਨ ਦੇ ਉਪਰਾਲੇ ਵਜੋਂ ਸਲਾਈਡਾਂ, ਨਕਸ਼ੇ, ਟੇਪ ਰਿਕਾਰਡ ਆਦਿ ਬਣਾਏ ਜਾਣਗੇ ਅਤੇ ਵਿੱਦਿਆ ਦੇ ਖੇਤਰ ਵਿਚ ਅਹਿਮ ਭੂਮਿਕਾ ਨਿਭਾਉਣ ਦਾ ਉਪਰਾਲਾ ਕੀਤਾ ਜਾਵੇਗਾ, ਜੋ ਕਿ ਸਾਹਿਤ ਪ੍ਰਕਾਸ਼ਨ ਵਿਭਾਗ ਕਰੇਗਾ।"

(ਸ) ਸਿੱਖ ਧਰਮ, ਦਰਸ਼ਨ ਇਤਿਹਾਸ ਤੇ ਜੀਵਨ-ਜਾਂਚ ਦੀ ਖੋਜ ਕਰਨ ਵਾਸਤੇ ਸਕਾਲਰਾਂ ਨੂੰ ਵਜ਼ੀਫ਼ੇ ਵੀ ਉਕਤ ਵਿਭਾਗ ਨਿਰਧਾਰਤ ਕਰੇਗਾ।

(ਹ) ਉਪਰੋਕਤ ਉਦੇਸ਼ਾਂ ਦੀ ਪੂਰਤੀ ਵਾਸਤੇ ਮਾਡਰਨ ਪ੍ਰੈਮ ਸਥਾਪਿਤ ਕਰਨਾ ਵੀ ਇਸੇ ਵਿਭਾਗ ਦੇ ਅਧੀਨ ਕਾਰਜ ਹੋਵੇਗਾ।

(ਕ) ਇਹ ਵਿਭਾਗ ਗੁਰਮਤਿ ਲਿਟਰੇਚਰ ਦਾ ਸਾਰਾ ਕਾਰਜ ਆਪਣੇ ਕੋਲ ਰੱਖੇਗਾ। ਵਿਭਾਗ ਪੰਜਾਬ ਦੇ ਸਮੂਹ ਸਕੂਲਾਂ ਵਿਚ ਨੈਤਿਕ ਸਿੱਖਿਆ ਸੰਬੰਧੀ ਪੁਸਤਕਾਂ ਵੰਡੇਗਾ। ਇਹ ਪੁਸਤਕਾਂ ਪਹਿਲੀ ਸ਼੍ਰੇਣੀ ਤੋਂ ਬਾਰਵੀਂ ਸ਼੍ਰੇਣੀ ਤੱਕ ਹੋਣਗੀਆਂ....।

ਉਪਰੋਕਤ ਫੈਸਲਿਆਂ ਦੀ ਰੌਸ਼ਨੀ ਵਿਚ ਅਸੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਕੁਝ ਵਿੱਦਿਅਕ ਅਦਾਰਿਆਂ ਦੀ ਜਾਣ-ਪਛਾਣ ਦੇ ਨਾਲ ਕੁਝ ਸਮਝਾਉਤਿਆਂ ਦਾ ਵੀ ਵਰਨਣ ਕਰਾਂਗੇ ਜੋ ਇਸ ਸੰਸਥਾ ਨੇ ਵਿਦੇਸ਼ੀ ਵਿੱਦਿਅਕ ਸੰਸਥਾਵਾਂ ਨਾਲ ਕੀਤੇ:

## 3.4. ਕੈਂਬਰਿਜ ਯੂਨੀਵਰਸਿਟੀ ਨਾਲ ਇਤਿਹਾਸਕ ਵਿੱਦਿਅਕ ਸਮਝੌਤਾ (2009)

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਲੋੜਵੰਦ ਅਤੇ ਉੱਚ ਮੈਰਿਟ ਵਾਲੇ ਸਿੱਖ ਵਿਦਿਆਰਥੀਆਂ ਨੂੰ ਯੂ.ਕੇ ਦੀ ਯੂਨੀਵਰਸਿਟੀ ਆਫ਼ ਕੈਂਬਰਿਜ ਵਿਖੇ ਵੱਖ-ਵੱਖ ਵਿਸ਼ਿਆਂ ਵਿਚ ਪੀਐੱਚ.ਡੀ ਅਤੇ ਐਮ.ਫਿਲ ਦੇ ਕੋਰਸ ਕਰਨ ਲਈ ਸਕਲਰਸ਼ਿਪ ਪ੍ਰਦਾਨ ਕਰਨ ਹਿਤ ਇਹ ਇਤਿਹਾਸਕ ਸਮਝੌਤੇ ਉੱਪਰ ਦਸਤਖ਼ਤ ਕੀਤੇ ਗਏ। ਇਹ ਸਮਝੌਤਾ 2009 ਵਿਚ ਲੰਡਨ ਵਿਚ ਹੋਇਆ। ਜਿਸ ਤਹਿਤ ਯੂਨੀਵਰਸਿਟੀ ਕੰਪੋਜੀਸ਼ਨ ਫੀਸ, ਸਾਇੰਸ, ਆਰਟਸ, ਕਾਲਜ ਫੀਸ ਅਤੇ ਰਹਿਣ-ਸਹਿਣ ਦੇ ਸਲਾਨਾ ਖ਼ਰਚੇ ਸ਼੍ਰੋਮਣੀ ਕਮੇਟੀ ਵੱਲੋਂ ਅਤੇ ਕੈਂਬਰਿਜ ਯੂਨੀਵਰਸਿਟੀ ਵੱਲੋਂ ਬਰਾਬਰ ਹਿੱਸਿਆਂ ਵਿਚ ਅਦਾ ਕੀਤੇ ਜਾਣਗੇ ਅਤੇ ਹਰ ਸਾਲ ਚੁਣਵੇਂ ਸਿੱਖ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਵਿਚ ਵਜ਼ੀਫ਼ਿਆਂ ਦੇ ਅਧਾਰ `ਤੇ ਡਿਗਰੀਆਂ ਹਾਸਿਲ ਕਰ ਸਕਣਗੇ।

## 3.5. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵਾਇਕਾਟੋ ਇੰਸਟੀਚਿਊਟ ਆਫ਼ ਟੈਕਨਾਲੋਜੀ ਨਿਊਜ਼ੀਲੈਂਡ ਨਾਲ ਇਕ ਅਹਿਮ ਸਿੱਖਿਆ ਸਮਝੌਤਾ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਿਊਜ਼ੀਲੈਂਡ ਹੈਮਿਲਟਨ ਸ਼ਹਿਰ ਵਿਚ ਸਥਿਤੀ ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਵਾਇਕਾਟੋ ਇੰਸਟੀਚਿਊਟ ਆਫ਼ ਟੈਕਨਾਲੋਜੀ (ਵਿਨਟਕ) ਨਾਲ ਸਮਝੌਤੇ ਉੱਤੇ ਦਸਤਖ਼ਤ ਕੀਤੇ ਗਏ। ਇਸ ਸਮਝੌਤੇ ਅਧੀਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਚੱਲ ਰਹੇ ਸਿੱਖਿਆ ਅਦਾਰਿਆਂ ਦੇ ਵਿਦਿਆਰਥੀਆਂ ਨੂੰ ਵਿਸ਼ਵ ਪੱਧਰ ਦੀ ਸਿੱਖਿਆ ਦੇ ਮੌਕੇ ਪ੍ਰਦਾਨ ਕੀਤੇ ਜਾਣਗੇ। ਇਸ ਸਮਝੌਤੇ ਨਾਲ ਭਾਰਤੀ ਵਿਦਿਆਰਥੀਆਂ ਨੂੰ ਵਧੇਰੇ ਰੁਜ਼ਗਾਰ ਦੇ ਮੌਕੇ ਪ੍ਰਦਾਨ ਹੋਣਗੇ ਅਤੇ ਨਾਲ ਹੀ ਭਾਰਤ ਅਤੇ ਨਿਊਜ਼ੀਲੈਂਡ ਦੇ ਸਭਿਆਚਾਰਕ ਰਿਸ਼ਤੇ ਜੁੜਨਗੇ। ਇਸ

ਸਮਝੌਤੇ ਨਾਲ ਪੰਜਾਬ ਦੇ ਵਿਦਿਆਰਥੀ ਵਿਦੇਸ਼ਾਂ ਵਿਚਲੀਆਂ ਨਾਮਵਰ ਯੂਨੀਵਰਸਿਟੀਆਂ ਤੋਂ ਮਿਆਰੀ ਕੋਰਸ ਕਰਕੇ ਰੁਜ਼ਗਾਰ ਵੀ ਪ੍ਰਾਪਤ ਕਰਨਗੇ ਅਤੇ ਭਾਰਤ ਵਿਚ ਯੋਗ ਅਧਿਆਪਕ ਵੀ ਬਣਨਗੇ।

### 3.6. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ, ਸ੍ਰੀ ਫ਼ਤਿਹਗੜ੍ਹ ਸਾਹਿਬ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ਼ਤਾਬਦੀਆਂ ਰਾਹੀਂ ਸਿੱਖ ਧਰਮ ਫਿਲਾਸਫ਼ੀ ਨੂੰ ਦੁਨੀਆਂ ਵਿਚ ਫੈਲਾਉਣ ਦੇ ਨਾਲ-ਨਾਲ, ਵਿੱਦਿਆ ਦੇ ਖੇਤਰ ਵਿਚ ਵੀ ਅਹਿਮ ਭੂਮਿਕਾ ਨਿਭਾਈ ਹੈ। ਇਸੇ ਹੀ ਸੰਦਰਭ ਵਿਚ ਸ੍ਰੀ ਫਤਿਗੜ੍ਹ ਸਾਹਿਬ ਵਿਖੇ 100 ਏਕੜ ਰਕਬੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਦੀ ਸਥਾਪਨਾ ਕਰਕੇ ਇਸ ਖੇਤਰ ਵਿਚ ਇਕ ਇਤਿਹਾਸ ਸਿਰਜਿਆ ਹੈ।[109] ਇਸ ਦੀ ਸਥਾਪਨਾ ਦਾ ਮੁੱਖ ਉਦੇਸ਼ ਅਕਾਦਮਿਕ ਪੱਧਰ ਤੇ ਸਿੱਖ ਇਤਿਹਾਸ ਅਤੇ ਸਿੱਖ ਦਰਸ਼ਨ ਸਬੰਧੀ ਉਲਝਣਾਂ ਨੂੰ ਤਾਰਕਿਕ ਤਰੀਕੇ ਨਾਲ ਦੂਰ ਕਰਨਾ, ਸਿੱਖ ਪੰਥ ਨਾਲ ਸਬੰਧਿਤ ਸਿਧਾਂਤਿਕ ਮੁਸ਼ਕਿਲਾਂ ਨੂੰ ਦੂਰ ਕਰਨ ਦੇ ਨਾਲ-ਨਾਲ ਗੁਰਮਤਿ ਸਿੱਖਿਆ ਅਤੇ ਤਕਨੀਕੀ ਸਿੱਖਿਆ ਦੇਣਾ।

ਅਜਿਹਾ ਹੀ ਨਹੀਂ ਹੈ ਕਿ ਇਸ ਯੂਨੀਵਰਸਿਟੀ ਵਿਖੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹੀ ਪੜ੍ਹਾਈ ਹੁੰਦੀ ਹੈ, ਸਗੋਂ ਇੱਥੇ ਮਾਡਰਨ ਤਕਨੀਕੀ ਸਿੱਖਿਆਵਾਂ ਦੇ ਨਾਲ-ਨਾਲ ਬੀ.ਏ. ਅਤੇ ਉਚੇਰੀ ਵਿੱਦਿਆ ਦਾ ਪ੍ਰਬੰਧ ਕੀਤਾ ਗਿਆ ਹੈ। ਇਸ ਸਮੇਂ ਇੱਥੇ ਲਗਪਗ ਪੱਚੀ ਵਿਭਾਗ ਹਨ ਜਿਨ੍ਹਾਂ ਧਾਰਮਿਕ ਅਤੇ ਸੰਸਕ੍ਰਿਤਿਕ ਅਧਿਐਨ ਵਿਭਾਗ ਮੁੱਖ ਰੂਪ ਵਿਚ ਸਿਖਿਆ ਅਤੇ ਖੋਜ ਦਾ ਕਾਰਜ ਕਰ ਰਿਹਾ ਹੈ। ਇਸ ਤੋਂ ਇਲਾਵਾ ਇਸ ਦੇ, 1. ਗੁਰੂ ਅਰਜਨ ਦੇਵ ਸੈਂਟਰ ਫ਼ਾਰ ਸਿੱਖ ਸਟੱਡੀਜ਼ 2. ਗੁਰੂ ਨਾਨਕ ਸੈਂਟਰ ਫ਼ਾਰ ਸਿੱਖ ਸੰਗੀਤ 3. ਭਾਈ ਗੁਰਦਾਸ ਸੈਂਟਰ ਫ਼ਾਰ ਸਿੱਖ ਸਟੱਡੀਜ਼, ਤਿੰਨ ਖੋਜ ਕੇਂਦਰ ਹਨ ਜੋ ਸਿੱਖ ਸਿਧਾਂਤਾ, ਦਰਸ਼ਨ, ਇਤਿਹਾਸ ਅਤੇ ਗੁਰਬਾਣੀ ਸੰਗੀਤ ਦਾ ਕਾਰਜ ਅੱਗੇ ਵਧਾ ਰਹੇ ਹਨ। ਇਸ ਯੂਨੀਵਰਸਿਟੀ ਵਿਚ ਰਿਲੀਜਸ ਸਟੱਡੀ ਦੇ ਨਾਲ-ਨਾਲ ਨੇਨੋ ਟੈਕਨਾਲੋਜੀ, ਸਾਇੰਸ ਟੈਕਨਾਲੋਜੀ, ਆਈ.ਟੀ. ਅਤੇ ਮੈਨੇਜਮੈਂਟ ਕੋਰਸਾਂ ਦੀ ਸਕੀਮ ਉਲੀਕੀ ਗਈ ਸੀ। ਇਸ ਉਪਰੰਤ ਸ਼ੋਸ਼ਲ ਸਾਇੰਸ,

---

[109] ਦਿਲਜੀਤ ਸਿੰਘ ਬੇਦੀ (ਸੰਪਾ.), *ਸੇਵਾ ਸਰਗਰਮੀਆਂ* (2005-2012), ਪੰਨਾ-68.

ਲੈਂਗੁਏਜ਼ਜ, ਮੈਡੀਕਲ ਸਾਇੰਸ, ਪੋਲੀਟੈਕਨੀਕਲ, ਮਕੈਨੀਕਲ ਇੰਜੀਨੀਰਿੰਗ, ਇਲੈੱਕਟ੍ਰੋਨਿਕਸ ਇੰਜੀਨੀਰਿੰਗ, ਕੰਪਿਊਟਰ ਇੰਜੀਨੀਰਿੰਗ, ਫਿਜਿਕਸ, ਮੈਥ, ਕੈਮਿਸਟਰੀ, ਬਾਇਓਲੋਜੀ, ਜ਼ੂਅਲੋਜੀ, ਇਨਵਾਇਰਨਮੈਂਟਲ ਸਟੱਡੀਜ਼, ਸਕੂਲ ਆਫ਼ ਕੱਮਰਸ ਐਂਡ ਬਿਜ਼ਨਸ, ਇਤਿਹਾਸ, ਰਾਜਨੀਤੀ ਵਿਗਿਆਨ, ਸਮਾਜ ਵਿਗਿਆਨ ਆਦਿ ਵਿਸ਼ਿਆਂ ਦੇ ਖੋਜ ਕਾਰਜ ਅਤੇ ਸਿੱਖਿਆ ਦਿੱਤੀ ਜਾਂਦੀ ਹੈ।[110] ਇਸ ਯੂਨੀਵਰਸਿਟੀ ਵਿਚ ਬਾਕਾਇਦਾ ਸੰਸਾਰ ਪੱਧਰੀ ਕਲਾਸਾਂ ਲਗਦੀਆਂ ਹਨ ਅਤੇ ਸੰਸਾਰ ਪੱਧਰ ਡਿਗਰੀਆਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ ਜਿਨ੍ਹਾਂ ਦੀ ਮਾਨਤਾ ਸੰਸਾਰ ਦੇ ਹਰ ਮੁਲਕ ਵਿਚ ਹੈ। ਯੂਨੀਵਰਸਿਟੀ ਸ੍ਰੀ ਫਤਿਹਗੜ੍ਹ ਸਾਹਿਬ ਚੰਡੀਗੜ੍ਹ ਰੋਡ ਉੱਤੇ ਗੁਰਦੁਆਰਾ ਜੋਤੀ ਸਰੂਪ ਦੇ ਸਾਹਮਣੇ ਸਥਿਤ ਹੈ। ਇੱਥੇ ਅਸਮਾਨ ਛੂੰਹਦੇ 'ਮੀਨਾਰ-ਏ-ਸਿੱਖੀ' ਦੇ ਦੂਰੋਂ ਹੀ ਦਰਸ਼ਨ ਹੁੰਦੇ ਹਨ ਤਾਂ ਫਤਹਿਗੜ੍ਹ ਸਾਹਿਬ ਦਾ ਲਾਸਾਨੀ ਸਿੱਖ ਇਤਿਹਾਸ ਆਪਣੇ ਆਪ ਅੱਖਾਂ ਸਾਹਮਣੇ ਆ ਜਾਂਦਾ ਹੈ। ਇਸ ਯੂਨੀਵਰਸਿਟੀ ਦਾ ਚਾਂਸਲਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਚਾਂਸਲਰ ਹੋਇਆ ਕਰੇਗਾ। ਜਿਸ ਨਾਲ ਇਸ ਦੀ ਸੇਧ ਸਦਾ ਮਨੁੱਖਤਾ ਦੀ ਭਲਾਈ ਵਾਲੀ ਰਹੇਗੀ। ਇਸ ਯੂਨੀਵਰਸਿਟੀ ਦੇ ਅਮਰੀਕਾ, ਕਨੈਡਾ, ਜਰਮਨੀ ਅਤੇ ਹੋਰ ਕਈ ਦੇਸ਼ਾਂ ਵਿਚ ਰੀਜ਼ਨਲ ਕੇਂਦਰ ਸਥਾਪਿਤ ਕੀਤੇ ਜਾਣਗੇ।[111]

## 3.7. ਡਾਇਰੈਕਟੋਰੇਟ ਆਫ਼ ਐਜੂਕੇਸ਼ਨ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੁਚੱਜੇ ਪ੍ਰਬੰਧਾਂ ਦੀ ਬਦੌਲਤ ਵਿੱਦਿਅਕ ਦੇ ਖੇਤਰ ਵਿਚ ਅਹਿਮ ਪੈੜਾਂ ਪਾਈਆਂ ਜਾ ਰਹੀਆਂ ਹਨ। ਕਮੇਟੀ ਦੇ ਪ੍ਰਬੰਧ ਅਧੀਨ ਕਈ ਡਿਗਰੀ ਕਾਲਜ, ਸੀਨੀਅਰ ਸੈਕੰਡਰੀ ਸਕੂਲ, ਪਬਲਿਕ ਸਕੂਲਾਂ ਤੋਂ ਇਲਾਵਾ ਮੈਡੀਕਲ ਕਾਲਜ, ਡੈਂਟਲ ਕਾਲਜ ਅਤੇ ਇੰਜੀਨਿਅਰਿੰਗ ਕਾਲਜ ਸਫ਼ਲਤਾ ਪੂਰਵਕ ਚਲਾਏ ਜਾ ਰਹੇ ਹਨ। ਅਜੋਕੇ ਸਮੇਂ ਵਿਚ ਵਿੱਦਿਆ ਦੀਆਂ ਨਵੀਆਂ ਜ਼ਰੂਰਤਾਂ ਦੇ ਮੱਦੇਨਜ਼ਰ ਵੱਖ-ਵੱਖ ਜ਼ਿਲ੍ਹਿਆਂ ਵਿਚ ਸੀ.ਬੀ.ਐਸ.ਸੀ. ਨਾਲ ਸੰਬੰਧਿਤ ਕਈ ਸਕੂਲ ਸਥਾਪਿਤ ਕੀਤੇ ਹਨ। ਸ਼੍ਰੋਮਣੀ ਕਮੇਟੀ ਦੇ ਪ੍ਰਬੰਧਾਂ ਅਧੀਨ ਵਿੱਦਿਆਕ ਅਦਾਰਿਆਂ ਲਈ

---

[110] http://sggswu.edu.in/welcome

[111] ਦਿਲਜੀਤ ਸਿੰਘ ਬੇਦੀ (ਸੰਪਾ.), *ਸੇਵਾ ਸਰਗਰਮੀਆਂ* (2005-2012), ਪੰਨਾ-69.

ਡਾਇਰੈਕਟੋਰੇਟ ਆਫ਼ ਐਜੂਕੇਸ਼ਨ ਸਥਾਪਿਤ ਕੀਤਾ ਗਿਆ ਹੈ। ਸਕੂਲਾਂ ਦੇ ਦਾਖਲੇ ਅਤੇ ਟਿਊਸ਼ਨ ਫੀਸਾਂ ਦੂਜੇ ਸਕੂਲਾਂ ਦੇ ਮੁਕਾਬਲੇ ਘੱਟ ਰੱਖੀਆਂ ਗਈਆਂ ਹਨ। ਇੰਗਲਿਸ਼ ਮੀਡੀਅਮ ਤੋਂ ਇਲਾਵਾ ਬਿਨ੍ਹਾਂ ਇਹਨਾਂ ਸਕੂਲਾਂ ਵਿਚ ਸਿੱਖ ਧਰਮ ਸੰਬੰਧੀ ਐਜੂਕੇਸ਼ਨ ਦਿੱਤੀ ਜਾ ਰਹੀ ਹੈ ਅਤੇ ਪੰਜਾਬੀ ਦਾ ਵਿਸ਼ਾ ਲਾਜ਼ਮੀ ਰੱਖਿਆ ਗਿਆ ਹੈ। ਵਿਦਿਆਰਥੀਆਂ ਨੂੰ ਸਰਕਾਰ ਵੱਲੋਂ ਸਿੱਖ ਘੱਟ ਗਿਣਤੀ (ਸਾਬਤ ਸੂਰਤ) ਵਿਦਿਆਰਥੀਆਂ ਨੂੰ ਮਿਲਣ ਵਾਲੀਆਂ ਮਾਲੀ ਸਹੂਲਤਾਂ ਬਾਰੇ ਵੀ ਜਾਗਰੂਕਤਾ ਪ੍ਰਦਾਨ ਕੀਤੀ ਜਾਂਦੀ ਹੈ ਤਾਕਿ ਵਿਦਿਆਰਥੀਆਂ ਨੂੰ ਵਿੱਤੀ ਲਾਭ ਹੋ ਸਕੇ।

### 3.8. ਸ੍ਰੀ ਗੁਰੂ ਰਾਮ ਦਾਸ ਇੰਸਟੀਚਿਊਟ ਆਫ ਡੈਂਟਲ ਸਾਇੰਸਜ਼ ਐਂਡ ਰਿਸਰਚ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅੰਮ੍ਰਿਤਸਰ ਵਿਖੇ 1992 ਵਿਚ ਸ੍ਰੀ ਗੁਰੂ ਰਾਮ ਦਾਸ ਚੈਰੀਟੇਬਲ ਹਸਪਤਾਲ ਟਰੱਸਟ ਦੀ ਸਥਾਪਨਾ ਕੀਤੀ ਜਿਸ ਤਹਿਤ ਸ੍ਰੀ ਗੁਰੂ ਰਾਮ ਦਾਸ ਇੰਸਟੀਚਿਊਟ ਆਫ ਡੈਂਟਲ ਸਾਇੰਸਜ਼ ਐਂਡ ਰਿਸਰਚ ਸ਼ੁਰੂ ਕੀਤਾ ਗਿਆ।[112] ਇਸ ਇੰਸਟੀਚਿਊਟ ਵਿਚ ਬੀ.ਡੀ.ਐਸ. ਕੋਰਸ ਲਈ 60 ਸੀਟਾਂ ਹਨ। ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨੇ ਇਸ ਨੂੰ ਮਾਨਤਾ ਦਿੱਤੀ ਹੈ। 1992 ਵਿਚ 60 ਵਿਦਿਆਰਥੀਆਂ ਦੇ ਪਹਿਲੇ ਬੈਚ ਦਾ ਦਾਖਲਾ ਕੀਤਾ ਗਿਆ ਸੀ।

### 3.9. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਕਾਲਜ

#### 3.9.1. ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹ ਸ਼ੰਕਰ (ਹਸ਼ਿਆਰਪੁਰ)

ਇਸ ਸ਼ਾਨਦਾਰ ਕਾਲਜ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣੇ ਪ੍ਰਬੰਧਾਂ ਅਧੀਨ ਵਧੀਆ ਤਰੀਕੇ ਨਾਲ ਚਲਾ ਰਹੀ ਹੈ। ਇੱਥੇ ਇਕ ਸੀਨੀਅਰ ਸੈਕੰਡਰ ਸਕੂਲ ਵਿਚ +1, +2 ਦੀਆਂ ਸ਼੍ਰੇਣੀਆਂ ਵਿਚ ਆਰਟਸ, ਸਾਇੰਸ (ਮੈਡੀਕਲ, ਨਾਨ ਮੈਡੀਕਲ) ਅਤੇ ਕਾਮਰਸ ਗਰੁੱਪ ਚਲਾਏ ਜਾ ਰਹੇ ਹਨ। ਬੀ.ਏ, ਬੀ.ਐਸਸੀ ਵਿਚ ਇਨਵਾਇਰਮੈਂਟ ਕੰਜ਼ਰਵੇਸ਼ਨ ਦਾ ਚੋਣਵਾਂ ਵਿਸ਼ਾ ਵੀ ਚਲਾਇਆ ਗਿਆ ਹੈ। ਇਹ ਵਿਸ਼ਾ ਯੂ.ਜੀ.ਸੀ ਦੀ ਸਕੀਮ ਅਧੀਨ ਚਾਲੂ ਕੀਤਾ ਗਿਆ ਸੀ।[113] ਇੱਥੇ ਮਾਣਯੋਗ ਸ੍ਰੀ ਜਰਨੈਲ

---

[112] http://sgrddental.org/history/

[113] ਦਿਲਜੀਤ ਸਿੰਘ ਬੇਦੀ (ਸੰਪਾ.), *ਸੇਵਾ ਸਰਗਰਮੀਆਂ* (2005-2012), ਪੰਨਾ-72.

ਸਿੰਘ ਉਲੰਪੀਅਨ ਦੀ ਯਾਦ ਨੂੰ ਸਮਰਪਿਤ ਫੁੱਟਬਾਲ ਸਟੇਡੀਅਮ ਸਥਾਪਿਤ ਕੀਤਾ ਗਿਆ ਹੈ ਜਿਥੇ ਵਿਦਿਆਰਥੀ ਖੇਡਾਂ ਵਿਚ ਵਿਸ਼ੇਸ਼ ਉਤਸ਼ਾਹ ਵਿਖਾ ਕੇ ਮਾਅਰਕੇ ਮਾਰ ਰਹੇ ਹਨ। ਸਟੇਡੀਅਮ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਲੱਖਾਂ ਰੁਪਏ ਲਾ ਕੇ ਆਪਣੀ ਦੇਖ-ਰੇਖ ਵਿਚ ਬਣਵਾਇਆ।

### 3.9.2. ਸੰਤ ਬਾਬਾ ਦਲੀਪ ਸਿੰਘ ਮੈਮੋਰੀਅਲ ਖ਼ਾਲਸਾ ਕਾਲਜ ਡੁਮੇਲੀ (ਕਪੂਰਥਲਾ)

ਇਸ ਵਿੱਦਿਅਕ ਅਦਾਰੇ ਨੂੰ ਸ਼੍ਰੋਮਣੀ ਕਮੇਟੀ ਪ੍ਰਬੰਧਾਂ ਹੇਠ ਅਤੇ ਯੋਗ ਮਾਲੀ ਮੱਦਦ ਨਾਲ ਸਫ਼ਲਤਾ ਪੂਰਬਕ ਚਲਾ ਰਹੀ ਹੈ। ਇਹ ਕਾਲਜ ਵਿੱਦਿਆ ਦੇ ਖੇਤਰ ਵਿਚ ਨਸ਼ਕਾਮ ਭਾਵਨਾ ਨਾਲ 1972 ਤੋਂ ਚੱਲ ਰਿਹਾ ਹੈ।[114] ਸੰਨ 1996 ਵਿਚ ਇਸ ਕਾਲਜ ਦੀ ਵਾਗਡੋਰ ਕਮੇਟੀ ਨੇ ਆਪਣੇ ਹੱਥਾਂ ਵਿਚ ਲਈ ਸੀ। ਪਹਿਲਾਂ ਇਸ ਕਾਲਜ ਦੀ ਇਮਾਰਤ ਘੱਟ ਸੀ ਪਰ ਕਮੇਟੀ ਨੇ ਹੁਣ 16 ਕਮਰਿਆਂ ਦੀ ਡਬਲ ਸਟੋਰੀ ਬਿਲਡਿੰਗ ਤਿਆਰ ਕਰਵਾਈ ਹੈ। ਇਹ ਪੇਂਡੂ ਖੇਤਰ ਦੇ ਵਿਦਿਆਰਥੀਆਂ ਨੂੰ ਬਾਖ਼ੂਬੀ ਸਿੱਖਿਆ ਪ੍ਰਦਾਨ ਕਰ ਰਿਹਾ ਹੈ। ਇੱਥੇ ਬੀ.ਐਸ.ਸੀ. ਇਕਨਾਮਿਕਸ, ਬੀ.ਸੀ.ਏ., ਪੀ.ਜੀ.ਡੀ.ਸੀ.ਏ. ਅਤੇ ਡੀ.ਸੀ.ਏ. ਦੇ ਕੋਰਸ ਚੱਲ ਰਹੇ ਹਨ। ਕਮੇਟੀ ਨੇ ਤਿੰਨ ਬੱਸਾਂ ਦਾ ਪ੍ਰਬੰਧ ਕਰ ਦਿੱਤਾ ਹੈ। ਇਸ ਕਾਲਜ ਵਿਚ ਸੰਗੀਤ ਅਤੇ ਸਭਿਆਚਾਰਕ ਸਰਗਰਮੀਆਂ ਚਾਲੂ ਰੱਖੀਆਂ ਗਈਆਂ ਹਨ।

### 3.9.3. ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਖ਼ਾਲਸਾ ਕਾਲਜ ਸ੍ਰੀ ਅਨੰਦਪੁਰ ਸਾਹਿਬ (ਰੋਪੜ)

ਇਹ ਕਾਲਜ ਵਿੱਦਿਆ ਦੇ ਖੇਤਰ ਵਿਚ ਆਪਣੀ ਵੱਖਰੀ ਅਹਿਮੀਅਤ ਰੱਖਦਾ ਹੈ। ਇਸ ਵਿਚ ਆਮ ਵਿਸ਼ਿਆਂ ਦੇ ਨਾਲ-ਨਾਲ ਵਿਸ਼ੇਸ਼ ਕੋਰਸ ਵੀ ਕਰਵਾਏ ਜਾਂਦੇ ਹਨ। ਇਸ ਦੀ ਵਿਸ਼ੇਸਤਾ ਇਹ ਹੈ ਕਿ ਇੱਥੇ ਲੈਂਗੂਏਜ਼ ਲੈਬ ਵੀ ਚੱਲ ਰਹੀ ਹੈ ਜਿਸ ਨਾਲ ਪੰਜਾਬੀ ਜ਼ੁਬਾਨ ਦੇ ਨਾਲ-ਨਾਲ ਹੋਰ ਭਾਸ਼ਾਵਾਂ ਬਾਰੇ ਵੀ ਉਚਾਰਣ ਪੱਖ ਦੇ ਨੁਕਤੇ ਸਮਝਣ ਵਿਚ ਸਹਾਇਤਾ ਪ੍ਰਦਾਨ ਹੁੰਦੀ ਹੈ।[115] 2010 ਵਿਚ ਇਸ ਕਾਲਜ ਦੇ ਨਾਲ ਹੀ ਲੜਕੀਆਂ ਵਾਸਤੇ ਸ਼ਾਨਦਾਰ ਹੋਸਟਲ (ਮਾਤਾ ਜੀਤੋ ਗਰਲਜ਼ ਹੋਸਟਲ) ਦਾ ਵੀ

---

[114] ਉਹੀ ਪੰਨਾ-74.

[115] ਦਿਲਜੀਤ ਸਿੰਘ ਬੇਦੀ (ਸੰਪਾ.), *ਸੇਵਾ ਸਰਗਰਮੀਆਂ* (2005-2012), ਪੰਨਾ-75.

ਉਦਘਾਟਨ ਹੋ ਚੁੱਕਾ ਹੈ ਜੋ ਕਿ ਦੂਰੋਂ-ਦੂਰੋਂ ਪੜ੍ਹਾਈ ਹਿੱਤ ਆਉਂਦੀਆਂ ਵਿਦਿਆਰਥਣਾਂ ਵਾਸਤੇ ਇਕ ਵਰਦਾਨ ਹੈ।

### 3.9.4. ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਾ ਫ਼ਾਰ ਵੂਮੈਨ ਝਾੜ ਸਾਹਿਬ (ਲੁਧਿਆਣਾ)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਨਮਾਨਤ ਯਾਦ ਨੂੰ ਤਾਜ਼ਿਆਂ ਰੱਖਣ ਲਈ ਮਾਛੀਵਾੜੇ ਲਾਗੇ ਇਹ ਕਾਲਜ ਸ਼੍ਰੋਮਣੀ ਕਮੇਟੀ ਦੀ ਦੇਖ-ਰੇਖ ਹੇਠ ਚੱਲ ਰਿਹਾ ਹੈ। ਇਹ ਸ਼ਾਨਦਾਰ ਕਾਲਜ 1975 ਵਿਚ ਖੁੱਲ੍ਹਾ ਸੀ। ਪਿੱਛੋਂ ਇਹ ਆਰਥਕ ਹਾਲਤ ਵਿਚ ਕਮਜ਼ੋਰ ਪੈ ਗਿਆ। ਸੰਨ 2003 ਵਿਚ ਇਸ ਕਾਲਜ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਹੱਥਾਂ ਵਿਚ ਲੈ ਲਿਆ। ਕਮੇਟੀ ਦੀ ਸਰਪ੍ਰਸਤੀ ਅਧੀਨ ਇਸ ਕਾਲਜ ਨੇ ਦਿਨ ਦੂਣੀ ਰਾਤ ਚੌਗੁਣੀ ਤਰੱਕੀ ਕੀਤੀ। ਇਥੇ 10+2 ਮੈਡੀਕਲ, ਨਾਨ ਮੈਡੀਕਲ, ਬੀ.ਏ., ਬੀ.ਸੀ.ਏ., ਪੀ.ਜੀ.ਡੀ.ਸੀ.ਏ., ਐਮ.ਐਸਸੀ. (ਆਈ.ਟੀ), ਐਮ.ਏ ਪੰਜਾਬੀ ਅਤੇ ਬੀ.ਕਾਮ ਦੀ ਪੜ੍ਹਾਈ ਸਫ਼ਲਤਾ ਪੂਰਬਕ ਚੱਲ ਰਹੀ ਹੈ।[116] ਇਸ ਕਾਲਜ ਵਿਚ ਕਮੇਟੀ ਨੇ 40 ਲੱਖ ਦੀ ਲਾਗਤ ਨਾਲ ਕੰਪਿਊਟਰ ਲੈਬ ਖੋਲੀ ਗਈ ਅਤੇ ਮੁੜ ਸ਼ਾਨਦਾਰ ਬਿਲਡਿੰਗ ਉਸਾਰੀ ਗਈ।

### 3.9.5. ਖ਼ਾਲਸਾ ਕਾਲਜ (ਪਟਿਆਲਾ)

ਉਕਤ ਕਾਲਜ ਸ਼ਹਿਰ ਪਟਿਆਲਾ ਵਰਗੇ ਵਿੱਦਿਅਕ ਪੱਖੋਂ ਉੱਨਤ ਸ਼ਹਿਰ ਵਿਚ ਮੋਹਰੀ ਕਾਲਜ ਹੈ। ਇਹ ਆਧੁਨਿਕ ਸਹੂਲਤਾਂ ਵਾਲਾ ਐਸਾ ਵਿੱਦਿਅਕ ਅਦਾਰਾ ਹੈ, ਜੋ ਕਿ ਪੰਜਾਬ ਭਰ ਦੀਆਂ ਵਿੱਦਿਅਕ ਸੰਸਥਾਵਾਂ ਵਿਚੋਂ ਪਹਿਲਿਆਂ ਦਰਜ਼ਿਆਂ ਵਿਚ ਸ਼ੁਮਾਰ ਹੈ। ਇਸ ਨੂੰ ਸ੍ਰੀ ਗੁਰੂ ਸਿੰਘ ਸਭਾ ਨੇ 1960 ਵਿਚ ਚਲਾਇਆ ਸੀ ਅਤੇ 1991 ਨੂੰ ਸ਼੍ਰੋਮਣੀ ਕਮੇਟੀ ਨੇ ਇਸ ਨੂੰ ਆਪਣੇ ਹੱਥਾਂ ਵਿਚ ਲਿਆ।[117] ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਰਹਿਨੁਮਾਈ ਵਿਚ ਇਸ ਕਾਲਜ ਨੇ ਉਚੇਰੀ ਸਿੱਖਿਆ ਵਿਚ ਬਹੁਤ ਹੀ ਅਹਿਮ ਕਾਰਜ ਕੀਤੇ ਹਨ।

---

[116] ਉਹੀ, ਪੰਨਾ-76.

[117] ਉਹੀ, ਪੰਨਾ-77.

ਮੌਜੂਦਾ ਸਮੇਂ ਵਿਚ ਵਿਦਿਆਰਥੀਆਂ ਦੀ ਬਹੁਤ ਗਿਣਤੀ ਨੂੰ ਮੱਦੇ ਨਜ਼ਰ ਰੱਖਦਿਆਂ ਇਸ ਨੂੰ ਸਵੇਰੇ ਤੇ ਸ਼ਾਮ ਦੋ ਸ਼ਿਫ਼ਟਾਂ ਵਿਚ ਚਲਾਇਆ ਜਾ ਰਿਹਾ ਹੈ ਤਾਕਿ ਵੱਧ ਤੋਂ ਵੱਧ ਵਿਦਿਆਰਥੀ ਸਿੱਖਿਆ ਦਾ ਲਾਭ ਪ੍ਰਾਪਤ ਕਰ ਸਕਣ। ਸਵੇਰ ਦੀ ਸ਼ਿਫ਼ਟ ਵਿਚ ਏਥੋਂ ਆਰਟਸ ਫ਼ੈਕਲਟੀ ਵਿਚ ਬੀ.ਏ (ਸਾਈਕਾਲੋਜੀ, ਡੀਫੈਂਸ ਸਟੱਡੀਜ਼, ਗੁਰਮਤਿ ਸੰਗੀਤ, ਫੰਕਸ਼ਨਲ ਇੰਗਲਿਸ਼ ਅਤੇ ਡੇਢ ਦਰਜਨ ਹੋਰ ਚੋਣਵੇ ਵਿਸ਼ਿਆਂ), ਐਮ.ਏ ਪੰਜਾਬੀ, ਬੀ.ਕਾਮ (ਪ੍ਰੋਰਫੈਸ਼ਨਲ), ਬੀ.ਬੀ.ਏ, ਐਮ.ਬੀ.ਏ, ਬੈਚੂਲਰ ਆਫ਼ ਅਕਾਊਂਟਸ ਐਂਡ ਫਾਇਨੈਂਸ, ਬੀ.ਐਸਸੀ (ਬਾਇਓਟੈਕਨਾਲੋਜੀ, ਮੈਡੀਕਲ, ਨਾਨ ਮੈਡੀਕਲ, ਐਮ.ਐਸਸੀ (ਮੈਥੇਮੈਟਿਕਸ ਆਈ.ਟੀ), ਬੀ.ਸੀ.ਏ, ਪੀ.ਜੀ.ਡੀ.ਸੀ.ਏ, ਅਤੇ ਹੋਰ ਕੋਰਸ (ਟ੍ਰਾਂਸਲੇਸ਼ਨ ਪ੍ਰੋਫੀਸੈਂਸੀ ਇਨ ਹਿੰਦੀ, ਟੂਰਿਜ਼ਮ, ਫੈਸ਼ਨ ਡੀਜ਼ਾਈਨਿੰਗ,
ਕੰਪਿਊਟਰਾਈਜ਼ਡ ਅਕਾਊਂਟਿੰਗ) ਆਦਿ ਵਿਸ਼ੇ ਪੜ੍ਹਾਏ ਜਾਂਦੇ ਹਨ।[118]

ਸ਼ਾਮ ਦੀ ਸ਼ਿਫ਼ਟ ਵਿਚ ਚੱਲ ਰਹੇ ਕੋਰਸ ਐਮ.ਐਸਸੀ (ਮੈਥ+ਆਈ.ਟੀ), ਪੀ.ਜੀ. ਡਿਪਲੋਮਾ ਇਨ ਬਿਜ਼ਨੈਸ ਜਰਨਲਿਜ਼ਮ ਐਂਡ ਕਾਰਪੋਰੇਟ ਕਮਿਊਨੀਕੇਸ਼ਨ, ਡਿਪਲੋਮਾ ਇਨ ਬੀ.ਪੀ.ਓ, ਵਨ ਯੀਅਰ ਇਨਟੈਂਸਿਵ ਡਿਪਲੋਮਾ ਇਨ ਫਰੈਂਚ, ਪੀ.ਜੀ ਡਿਪਲੋਮਾ ਇਨ ਐਡਵਾਂਸ ਵੈਬ ਟੈਕਨਾਲੋਜੀ ਅਤੇ ਪੀ.ਡੀ.ਸੀ.ਏ. ਆਦਿ ਕੋਰਸ ਚਲਾਏ ਜਾ ਰਹੇ ਹਨ।

2011-12 ਤੋਂ ਉਕਤ ਸੰਸਥਾ ਵਿਚ ਚਾਰ ਪੋਸਟ ਗ੍ਰੈਜੂਏਟ ਕੋਰਸ - ਐਮ.ਏ. ਇੰਗਲਿਸ਼, ਐਮ.ਐਸਸੀ. (ਕੈਮਿਸਟਰੀ ਅਤੇ ਫ਼ਿਜ਼ਿਕਸ) ਅਤੇ ਐਮ.ਕਾਮ ਸ਼ੁਰੂ ਕੀਤੇ ਜਾ ਚੁੱਕੇ ਹਨ ਜਿਨ੍ਹਾਂ ਵਿਚ ਹਜ਼ਾਰਾਂ ਵਿਦਿਆਰਥੀ ਵਿੱਦਿਅਕ ਲਾਭ ਉਠਾ ਚੁੱਕੇ ਹਨ/ਰਹੇ ਹਨ। ਇਸ ਕਾਲਜ ਨੂੰ ਹੋਰ ਵੀ ਆਧੁਨਿਕ ਸਹੂਲਤਾਂ ਨਾਲ ਜੋੜਨ ਇੱਥੇ ਮੀਡੀਆ ਸੈਂਟਰ, ਇਨਟਰਨਲ ਕੁਆਲਟੀ ਇੰਸ਼ੋਰੈਂਸ ਸੈੱਲ ਐਂਡ ਯੂ.ਜੀ.ਸੀ

---

[118] ਦਿਲਜੀਤ ਸਿੰਘ ਬੇਦੀ (ਸੰਪਾ.), *ਸੇਵਾ ਸਰਗਰਮੀਆਂ* (2005-2012), ਪੰਨਾ-78.

ਨੈਟਵਰਕ ਰਿਸੋਰਸ ਸੈਂਟਰ ਵੀ ਖੋਲ੍ਹ ਦਿੱਤੇ ਗਏ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਚਲਾਏ ਜਾ ਰਹੇ ਇਸ ਕਾਲਜ ਦਾ ਸ਼ੁਮਾਰ ਸੰਸਾਰ ਦੇ ਉਮਦਾ ਤੇ ਐਡਵਾਂਸ ਕਾਲਜਾਂ ਵਿਚ ਹੁੰਦਾ ਹੈ।

### 3.9.6.ਮਾਤਾ ਸਾਹਿਬ ਕੌਰ ਗਰਲਜ਼ ਕਾਲਜ ਤਲਵੰਡੀ ਸਾਬੋ (ਬਠਿੰਡਾ)

ਮਾਤਾ ਸਾਹਿਬ ਕੌਰ ਜੀ ਦੀ ਯਾਦ ਨੂੰ ਸਮਰਪਿਤ ਇਹ ਕਾਲਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 1997 ਵਿਚ ਖੋਲ੍ਹਿਆ ਗਿਆ ਸੀ।[119] ਗੁ. ਜੰਡਸਰ ਸਾਹਿਬ ਦੇ ਨੇੜੇ 14 ਏਕੜ ਭੋਇੰ ਵਿਚ ਸ਼੍ਰੋਮਣੀ ਕਮੇਟੀ ਨੇ ਲੱਖਾਂ ਰੁਪਏ ਖ਼ਰਚ ਕੇ ਕਾਲਜ ਦੀ ਖੁੱਲ੍ਹੀ-ਡੁੱਲ੍ਹੀ ਤੇ ਸ਼ਾਨਦਾਰ ਇਮਾਰਤ ਤਿਆਰ ਕਰਵਾਈ। ਇੱਥੇ ਇਕ ਸ਼ਾਨਦਾਰ ਹੋਸਟਲ ਚੱਲ ਰਿਹਾ ਹੈ ਤਾਕਿ ਦੂਰ ਦੁਰਾਡੇ ਤੋਂ ਪੜ੍ਹ ਰਹੇ ਵਿਦਿਆਰਥੀ ਇੱਥੇ ਰਹਿ ਕੇ ਪੜ੍ਹਾਈ ਕਰ ਸਕਣ। ਹਰ ਸਾਲ ਸ਼੍ਰੋਮਣੀ ਕਮੇਟੀ ਸਸਤੀ ਵਿੱਦਿਆ ਦਿਵਾਉਣ ਹਿਤ ਇਸ ਕਾਲਜ ਨੂੰ ਆਰਥਿਕ ਮਦਦ ਕਰਦੀ ਹੈ ਮਿਸਾਲ ਲਈ 2010-11 ਦੌਰਾਨ ਇਸ ਕਾਲਜ ਨੂੰ 5 ਲੱਖ ਰੁਪਏ ਦੀ ਸਹਾਇਤਾ ਦਿੱਤੀ ਗਈ। ਇੱਥੇ ਸ਼੍ਰੋਮਣੀ ਕਮੇਟੀ ਨੇ ਲੱਖਾਂ ਰੁਪਏ ਦੀ ਲਾਗਤ ਨਾਲ ਲੜਕੀਆਂ ਦਾ ਹੋਸਟਲ ਉਸਾਰ ਦਿੱਤਾ ਹੈ। 10+1, 10+2 ਆਰਟ ਐਂਡ ਸਾਇੰਸ+ਕਾਮਰਸ ਦੇ ਨਾਲ ਕਾਲਜ ਵਿਖੇ ਬੀ.ਏ. ਐਮ.ਐਸਸੀ (ਆਈ.ਟੀ) ਅਤੇ ਲੇਟਰਲ ਐਂਡਰੀ ਪੀ.ਜੀ.ਡੀ.ਸੀ.ਏ, ਬੀ.ਬੀ.ਏ ਅਤੇ ਬੀ.ਸੀ.ਏ ਡਿਪਲੋਮਾ ਕੋਰਸ ਚੱਲ ਰਹੇ ਹਨ।[120] ਪਿਛਲੇ ਪੰਜ ਸਾਲ ਤੋਂ ਇੱਥੇ ਬੀ.ਐਸਸੀ ਨਾਨ ਮੈਡੀਕਲ ਅਤੇ ਬੀ.ਕਾਮ ਕੋਰਸ ਸ਼ੁਰੂ ਕਹੋ ਚੁੱਕੇ ਹਨ। ਪੀ.ਜੀ ਡਿਪਲੋਮਾ ਇਨ ਡਰੈੱਸ ਡੀਜ਼ਾਇਨਿੰਗ ਅਤੇ ਟੇਲਰਿੰਗ ਕੋਰਸ ਦੀ ਪੰਜਾਬੀ ਯੂਨੀਵਰਸਿਟੀ ਵੱਲੋਂ ਮਾਨਤਾ ਮਿਲ ਚੁੱਕੀ ਹੈ ਅਤੇ ਸਫ਼ਲਤਾ ਸਹਿਤ ਚੱਲ ਰਿਹਾ ਹੈ। ਇਸ ਕਾਲਜ ਵਿਖੇ ਵਿਦਿਆਰਥੀਆਂ ਨੂੰ ਖੇਡਾਂ ਵਿਚ ਜੌਹਰ ਵਿਖਾਉਣ ਹਿਤ ਇਕ ਵਿਸ਼ਾਲ ਸਟੇਡੀਅਮ ਹੈ ਜਿੱਕੇ ਕਿ ਵਾਲੀਵਾਲ, ਅਥਲੈਟਿਕਸ ਅਤੇ ਸਪੋਰਟ ਵਿੰਗ ਸਫ਼ਲਤਾ ਪੂਰਬਕ ਚਲਾਏ ਜਾ ਰਹੇ ਹਨ। ਇੱਥੇ ਇਕ ਕੈਰੀਅਰ ਗਾਈਡੈਂਸ ਸੈੱਲ ਵੀ ਬਣਾਇਆ ਗਿਆ ਹੈ ਤਾਕਿ ਵਿਦਿਆਰਥੀ ਆਪਣੇ ਭਵਿੱਖ

---

119 ਉਹੀ, ਪੰਨਾ-79.

120 ਦਿਲਜੀਤ ਸਿੰਘ ਬੇਦੀ (ਸੰਪਾ.), *ਸੇਵਾ ਸਰਗਰਮੀਆਂ* (2005-2012), ਪੰਨਾ-79.

ਬਾਰੇ ਸਹੀ ਸੇਧ ਲੈ ਸਕਣ। ਕਾਲਜ ਕੋਲ ਵਿਦਿਆਰਥੀਆਂ ਨੂੰ ਲਿਆਉਣ-ਲਿਜਾਣ ਲਈ ਸ਼ਾਨਦਾਰ 10 ਬੱਸਾ ਆਪਣੀਆਂ ਹਨ।

### 3.9.7. ਮਾਤਾ ਗੰਗਾ ਖ਼ਾਲਸਾ ਕਾਲਜ ਫ਼ਾਰ ਗਰਲਜ਼, ਕੋਟਾਂ (ਲੁਧਿਆਣਾ)

ਸ਼੍ਰੋਮਣੀ ਕਮੇਟੀ ਵੱਲੋਂ ਚਲਾਏ ਜਾਂਦੇ ਵਿੱਦਿਅਕ ਅਦਾਰਿਆਂ ਦੀ ਲੜੀ ਵਿਚ ਇਹ ਕਾਲਜ ਕਮੇਟੀ ਨੇ ਆਪਣੇ ਖ਼ਰਚੇ ਉੱਤੇ ਮਾਤਾ ਗੰਗਾ ਦੀ ਯਾਦ ਵਿਚ 1997 ਵਿਚ ਉਸਾਰਨਾ ਅਰੰਭਿਆ।[121] ਇਸ ਵਕਤ ਇਹ ਕਾਲਜ ਉੱਨਤ ਪੜ੍ਹਾਈ ਕਰਵਾ ਰਿਹਾ ਹੈ। ਇੱਥੇ ਬੀ.ਏ, ਬੀ.ਕਾਮ, ਬੀ.ਸੀ.ਏ, ਬੀ.ਐਸਸੀ. (ਨਾਨ ਮੈਡੀਕਲ), ਬੀ.ਏ ਆਨਰਜ਼ ਇਨ ਪੰਜਾਬੀ, ਇਕਨਾਮਿਕਸ, ਅੰਗਰੇਜ਼ੀ, ਐਮ.ਏ (ਪੰਜਾਬੀ, ਹਿਸਟਰੀ, ਰਾਜਨੀਤੀ ਸ਼ਾਸਤਰ, ਇਕਨਾਮਿਕਸ), ਡੀ.ਜੀ.ਡੀ.ਸੀ.ਏ ਅਤੇ ਡਿਪਲੋਮਾ ਇਨ ਫੈਸ਼ਨ ਡੀਜ਼ਾਇਨਿੰਗ ਆਦਿ ਕੋਰਸ ਸਫ਼ਲਤਾ ਪੂਰਬਕ ਚਲਾਏ ਜਾ ਰਹੇ ਹਨ। ਕਾਲਜ ਕੈਂਪਸ ਵਿਚ ਚੱਲ ਰਹੇ ਮਾਤਾ ਗੰਗਾ ਖ਼ਾਲਸਾ ਗਰਲਜ਼ ਕਾਲਜੀਏਟ ਸੀ.ਸੈ. ਸਕੂਲ ਵਿਚ +1, +2 (ਮੈਡੀਕਲ, ਨਾਨ ਮੈਡੀਕਲ, ਆਰਟਸ ਅਤੇ ਕਾਮਰਸ) ਦੀ ਪੜ੍ਹਾਈ ਹੋ ਰਹੀ ਹੈ। ਇਹ ਕਾਲਜ ਵਿੱਦਿਆ ਦੇ ਖੇਤਰ ਵਿਚ ਉਮਦਾ ਕਾਰਗੁਜ਼ਾਰੀ ਵਿਖਾ ਰਿਹਾ ਹੈ।

### 3.9.8.ਮਾਤਾ ਸਾਹਿਬ ਕੌਰ ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, (ਪਟਿਆਲਾ)

ਸਿੱਖਿਆ ਦੇ ਖੇਤਰ ਵਿਚ ਲੜਕੀਆਂ ਨੂੰ ਘੱਟ ਮੌਕੇ ਪ੍ਰਦਾਨ ਹੁੰਦੇ ਸਨ। ਇਸ ਲੋੜ ਨੂੰ ਮੁੱਖ ਰੱਖ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪਟਿਆਲਾ ਵਿਖੇ ਉਕਤ ਕਾਲਜ ਲੜਕੀਆਂ ਵਾਸਤੇ ਸਥਾਪਿਤ ਕੀਤਾ। ਇਹ ਕਾਲਜ ਖੁੱਲ੍ਹਾ-ਡੁੱਲ੍ਹਾ ਵਾਤਾਵਰਣ ਮੁਹੱਈਆ ਕਰਦਾ ਹੈ। ਇਸ ਕਰਕੇ ਇਸਦਾ ਸਮੁੱਚਾ ਵਾਤਾਵਰਣ ਪ੍ਰਦੂਸ਼ਣ ਰਹਿਤ ਗਿਣਿਆ ਜਾਂਦਾ ਹੈ। ਇਸ ਦੀ ਇਮਾਰਤ ਬੇਹੱਦ ਪ੍ਰਭਾਵਸ਼ਾਲੀ ਹੈ। ਲਾਇਬ੍ਰੇਰੀ, ਸਾਇੰਸ ਲੈਬਾਰਟਰੀ, ਕੰਪਿਊਟਰ ਲੈਬਾਰਟਰੀ, ਮਨੋਵਿਗਿਆਨ ਲੈਬਾਰਟਰੀ, ਭਾਸ਼ਾ ਲੈਬਾਰਟੀ, ਸੈਮੀਨਾਰ ਹਾਲ ਅਤੇ ਹਵਾਦਾਰ ਖੁੱਲ੍ਹੇ ਕਮਰੇ ਇਸ ਕਾਲਜ ਦੀ ਸ਼ਾਨ ਹਨ। ਇਸ ਕਾਲਜ

---

[121] ਉਹੀ, ਪੰਨਾ-80.

ਵਿਚ ਵਿਦਿਆਰਥਣਾਂ ਵਾਸਤੇ ਬੈਡਮਿੰਟਨ, ਵਾਲੀਵਾਲ, ਚੈਸ, ਟੇਬਲ ਟੈਨਿਸ ਅਤੇ ਕੈਰਮ ਵਰਗੀਆਂ ਖੇਡਾਂ ਵਾਸਤੇ ਵਿਸ਼ੇਸ ਸਹੂਲਤਾਂ ਹਨ।[122] ਇੱਥੇ ਬੀ.ਐਡ ਕਲਾਸਾਂ ਵੀ ਚਲਦੀਆਂਹਨ ਜਿਨ੍ਹਾਂ ਦੇ ਹਰ ਸਾਲ ਵਧੀਆ ਨਤੀਜੇ ਆਉਂਦੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਦੀ ਬਿਹਤਰੀ ਦਾ ਹਰ ਸਮੇਂ ਖ਼ਿਆਲ ਰੱਖਦੀ ਹੈ ਅਤੇ ਆਰਥਿਕ ਮਦਦ ਦਾ ਪ੍ਰਬੰਧ ਕਰਦੀ ਹੈ।

ਕਾਲਜ ਦੀ ਇਕ ਹੋਰ ਵਿਲੱਖਣਤਾ ਇਹ ਹੈ ਕਿ ਇੱਥੇ ਹਰਬਲ ਗਾਰਡਨ ਦਾ ਵੀ ਅਰੰਭ ਕੀਤਾ ਗਿਆ ਜਿੱਥੇ ਮੈਡੀਸਾਈਨ ਪੌਦੇ ਲਗਾ ਕੇ ਵਿਦਿਆਥੀਆਂ ਨੂੰ ਉਨ੍ਹਾਂ ਬਾਰੇ ਗਿਆਨ ਪ੍ਰਦਾਨ ਕਰਾਇਆ ਜਾਂਦਾ ਹੈ।

### 3.9.9. ਸਿੱਖ ਨੈਸ਼ਨਲ ਕਾਲਜ ਕਾਦੀਆਂ, (ਗੁਰਦਾਸਪੁਰ)

ਇਹ ਕਾਲਜ ਵਿੱਦਿਆ ਦੇ ਖੇਤਰ ਵਿਚ ਇਕ ਉੱਘਾ ਵਿੱਦਿਅਕ ਅਦਾਰਾ ਹੈ। ਦੇਸ਼ ਦੀ ਵੰਡ ਤੋਂ ਪਹਿਲਾਂ ਲਾਹੌਰ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਨੈਸ਼ਨਲ ਕਾਲਜ ਆਪਣੀ ਦੇਖ-ਰੇਖ ਅਧੀਨ ਚਲਾਇਆ ਜਾਂਦਾ ਸੀ। ਦੇਸ਼ ਵੰਡ ਤੋਂ ਬਾਅਦ ਇਹ ਕਾਲਜ ਪੱਛਮੀ ਪੰਜਾਬ ਦੇ ਵਿੱਦਿਆ ਵਿਭਾਗ ਕੋਲ ਚਲਾ ਗਿਆ। ਕਾਦੀਆਂ ਜ਼ਿਲ੍ਹਾ ਗੁਰਦਾਸਪੁਰ ਅਹਿਮਦੀ ਮੁਸਲਮਾਲਾਂ ਦਾ ਖਾਸ ਕੇਂਦਰ ਸੀ। ਇੱਥੇ ਇਸਲਾਮੀ ਕਾਲਜ ਚੱਲਦਾ ਸੀ ਜੋ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਹੋ ਗਿਆ। ਇਹ ਕਾਲਜ 1947 ਤੋਂ ਬਾਅਦ ਜਲਦੀ ਹੀ ਚੱਲ ਪਿਆ ਸੀ ਜ਼ਿਲ੍ਹਾ ਗੁਰਦਾਸਪੁਰ ਵਿਚ ਇਹੀ ਇਕ ਯੋਗ ਕਾਲਜ ਸੀ ਜਿਸ ਵਿਚ ਸਾਰੇ ਜ਼ਿਲ੍ਹੇ ਦੇ ਵਿਦਿਆਰਥੀ ਸਿੱਖਿਆ ਪ੍ਰਾਪਤ ਕਰਦੇ ਸਨ।[123] ਪਹਿਲਾਂ ਇੱਥੇ ਬੀ.ਏ ਆਰਟਸ ਦੀ ਹੀ ਪੜ੍ਹਾਈ ਸੀ ਪਰ ਪਿੱਛੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਵਿਚ ਐਮ.ਏ. ਪੰਜਾਬੀ ਦੀਆਂ ਕਲਾਸਾਂ ਵੀ ਚਲਾਈਆਂ। ਇਸ ਕਾਲਜ ਦੀ ਸ਼ਾਨਦਾਰ ਬਿਲਡਿੰਗ ਹੈ। ਇਸ ਅਧੀਨ ਕਾਲਜੀਏਟ ਸੀ.ਸੈਕੰ. ਸਕੂਲ ਵੀ ਚਲਦਾ ਹੈ ਜਿਸ ਵਿਚ ਆਰਟਸ ਤੋਂ ਬਿਨਾਂ ਮੈਡੀਕਲ ਅਤੇ ਨਾਨ ਮੈਡੀਕਲ ਦੀਆਂ ਕਲਾਸਾਂ ਵੀ ਚਲਦੀਆਂ ਹਨ। ਖੇਡਾਂ ਲਈ ਵਧੀਆ ਅਤੇ ਖੁੱਲ੍ਹਾ

---

[122] ਦਿਲਜੀਤ ਸਿੰਘ ਬੇਦੀ (ਸੰਪਾ.), *ਸੇਵਾ ਸਰਗਰਮੀਆਂ* (2005-2012), ਪੰਨਾ-81.

[123] ਸਿੱਖ ਨੈਸ਼ਨਲ ਕਾਲਜ ਦਾ ਇਤਿਹਾਸ, ਪ੍ਰਕਾਸ਼ਕ ਸਿੱਖ ਨੈਸ਼ਨਲ ਕਾਲਜ, ਕਾਦੀਆਂ, ਪੰਨਾ-7.

ਸਟੇਡੀਅਮ ਹੈ। ਅੱਜਕਲ ਇੱਥੇ ਬੀ.ਏ, ਬੀ.ਐਸਸੀ, ਪੀ.ਜੀ.ਡੀ.ਸੀ.ਏ, ਐਸ.ਸੀ ਆਈ.ਟੀ. ਦੀਆਂ ਕਲਾਸਾਂ ਚਲਦੀਆਂ ਹਨ। ਇਸ ਇਤਿਹਾਸਕ ਕਾਲਜ ਵਿਚ ਮੁਸਲਮਾਨਾਂ ਸਮੇਤ ਹਰ ਜਾਤੀ ਅਤੇ ਧਰਮ ਦੇ ਹਜ਼ਾਰਾਂ ਵਿਦਿਆਰਥੀ ਵਿੱਦਿਆ ਗ੍ਰਹਿਣ ਕਰ ਚੁੱਕੇ ਹਨ। ਸਮੇਂ ਸਮੇਂ ਇਸ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਤੀ ਸਹਾਇਦਾ ਪ੍ਰਦਾਨ ਕਰਦੀ ਹੈ।

### 3.9.10 ਗੁਰੂ ਅਰਜਨ ਦੇਵ ਖ਼ਾਲਸਾ ਕਾਲਜ, ਚੋਹਲਾ ਸਾਹਿਬ (ਤਰਨਤਾਰਨ)

ਇਸ ਕਾਲਜ ਦਾ ਉਦਘਾਟਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜੱਥੇਦਾਰ ਅਵਤਾਰ ਸਿੰਘ ਜੀ ਨੇ 2010 ਵਿਚ ਪੰਜਾਬ ਦੇ ਮਾਣਯੋਗ ਮੁੱਖ ਮੰਤਰੀ ਸ੍ਰ. ਪ੍ਰਕਾਸ਼ ਸਿੰਘ ਬਾਦਲ ਜੀ ਕੋਲੋਂ ਕਰਵਾਇਆ। ਇਸ ਕਾਲਜ ਵਿਚ ਬੀ.ਸੀ.ਏ., ਬੀ.ਐਸਸੀ., ਕੰਪਿਊਟਰ, ਬੀ.ਐਸ.ਸੀ. ਨਾਨ ਮੈਡੀਕਲ, ਬੀ.ਐਸਸੀ. ਇਕਨਾਮਿਕਸ, ਬੀ.ਕਾਮ, ਬੀ.ਏ ਅਤੇ ਪੀ.ਜੀ.ਡੀ.ਸੀ.ਏ ਦੀ ਪੜ੍ਹਾਈ ਕਰਾਈ ਜਾਂਦੀ ਹੈ।[124]

### 3.9.11 ਖ਼ਾਲਸਾ ਕਾਲਜ, (ਗੜ੍ਹਦੀਵਾਲਾ)

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧਾਂ ਹੇਠ ਚਲਦੇ ਇਸ ਕਾਲਜ ਨੂੰ ਪੰਜਾਬ ਦੇ ਸਪੂਤ ਮਹਿੰਦਰ ਸਿੰਘ ਰੰਧਾਵਾ ਨੇ ਇਲਾਕੇ ਦੇ ਲੋਕਾਂ ਦੀ ਮਦਦ ਨਾਲ 1966 ਵਿਚ ਚਾਲੂ ਕੀਤਾ ਸੀ ਪਰ ਆਰਥਿਕਤਾ ਦੇ ਕਾਰਨ 1996 ਵਿਚ ਇਹ ਕਾਲਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਬੰਧਾਂ ਹੇਠ ਆ ਗਿਆ। ਇੱਥੇ ਸ਼ਾਨਦਾਰ ਲਾਇਬ੍ਰੇਰੀ, ਆਰ.ਓ ਸਿਸਟਮ 70 ਕੇ.ਬੀ ਦਾ ਜਨਰੇਟਰ ਅਤੇ ਪੋਸਟ ਗ੍ਰੈਜੂਏਟ ਦੀਆਂ ਕਲਾਸਾਂ ਲਗਦੀਆਂ ਹਨ। ਪਿਛਲੇ ਸਾਲ ਪੋਸਟ ਗ੍ਰੈਜੂਏਟ ਬਲਾਕ ਵਾਸਤੇ ਕਮੇਟੀ ਨੇ 75 ਲੱਖ ਅਤੇ NAAC ਕਰਾਉਣ ਲਈ 5 ਲੱਖ ਰੁਪਏ ਦੀ ਰਾਸ਼ੀ ਕਮੇਟੀ ਨੇ ਪ੍ਰਦਾਨ ਕਰਾਈ।

### 3.9.12 ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਖ਼ਾਲਸਾ ਕਾਲਜ, ਪੰਜੋਖਰਾ (ਹਰਿਆਣਾ)

---

124 ਦਿਲਜੀਤ ਸਿੰਘ ਬੇਦੀ (ਸੰਪਾ.), *ਸੇਵਾ ਸਰਗਰਮੀਆਂ* (2005-2012), ਪੰਨਾ-84.

ਗੁ: ਸਾਹਿਬ ਪਾਤਸ਼ਾਹੀ ਅੱਠਵੀਂ ਜੀ ਦੀ ਯਾਦ ਨੂੰ ਸਮਰਪਿਤ ਇਹ ਕਾਲਜ ਵਿੱਤੀ ਅਤੇ ਪ੍ਰਬੰਧੀ ਕਾਰਣਾਂ ਕਰਕੇ ਕਈ ਸਾਲਾਂ ਤੋਂ ਬੰਦ ਪਿਆ ਸੀ ਕਮੇਟੀ ਦੀ ਦੂਰ ਅੰਦੇਸ਼ੀ ਦੇ ਕਾਰਨ ਇਹ ਕਾਲਜ ਮੁੜ ਕੇ ਚਾਲੂ ਕੀਤਾ ਗਿਆ ਹੈ। ਬੱਚਿਆਂ ਵਾਸਤੇ ਕਮੇਟੀ ਨੇ ਬੱਸਾਂ ਦਾ ਪ੍ਰਬੰਧ ਕੀਤਾ। ਵਾਟਰ ਕੂਲਰ ਲਗਵਾਏ ਅਤੇ ਜਨਰੇਟਰ ਤੋਂ ਇਲਾਵਾ ਬੱਚਿਆਂ ਲਈ ਸਿਹਤ ਸਹੂਲਤਾਂ ਫਰੀ ਦਿੱਤੀਆਂ ਗਈਆਂ ਹਨ।

### 3.9.13 ਮਾਤਾ ਸੁੰਦਰੀ ਕਾਲਜ, ਕਰਨਾਲ (ਹਰਿਆਣਾ)

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹਰਿਆਣਾ ਦੇ ਪੱਛੜੇ ਪਿੰਡਾਂ ਵਿਚ ਕਈ ਕਾਲਜ ਖੋਲ੍ ਕੇ ਵਿੱਦਿਆ ਦਾ ਚਾਨਣ ਫੈਲਾਇਆ ਹੈ। ਕਰਨਾਲ ਦੇ ਕਸਬੇ ਨੀਸਿੰਘ ਵਿਖੇ ਲੜਕੀਆਂ ਦੀ ਵਿੱਦਿਆ ਲਈ ਮਾਤਾ ਸੁੰਦਰੀ ਕਾਲਜ ਜ਼ਿਲ੍ਹੇ ਦੇ ਮੋਹਰੀ ਕਾਲਜਾਂ ਵਿਚੋਂ ਵੀ ਮੋਹਰੀ ਬਣ ਕੇ ਚੱਲ ਰਿਹਾ ਹੈ।

## 3.10. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਬੰਧ ਅਧੀਨ ਸਕੂਲ

### 3.10.1. ਦਸ਼ਮੇਸ਼ ਸੀਨੀਅਰ ਸੈਕੰਡਰੀ ਸਕੂਲ, ਕਪਾਲ ਮੋਚਣ (ਹਰਿਆਣਾ)

ਸ਼ਿਵਾਲਕ ਦੀਆਂ ਪਹਾੜੀਆਂ ਦੇ ਪੈਰਾਂ ਵਿਚ ਸਥਾਪਿਤ ਇਹ ਸਕੂਲ ਇਲਾਕੇ ਦੀ ਭਾਰੀ ਵਿੱਦਿਆ ਸੇਵਾ ਕਰ ਰਿਹਾ ਹੈ। ਇਸ ਤੋਂ ਪਹਿਲਾਂ ਇਸ ਸਥਾਨ ਦੇ 30 ਕਿਲੋਮੀਟਰ ਏਰੀਏ ਵਿਚ ਕੋਈ ਸਕੂਲ ਨਹੀਂ ਸੀ। ਕਮੇਟੀ ਨੇ ਲੋਕਾਂ ਦੀ ਭਲਾਈ ਵਾਸਤੇ ਇੱਥੇ ਸ਼ਾਨਦਾਰ ਸਕੂਲ ਖੋਲ੍ਹਿਆ ਜੋ ਕਿ ਅੱਜ ਤਰੱਕੀ ਦੀਆਂ ਰਾਹਾਂ ਉੱਤੇ ਕਾਬਜ ਹੈ, ਇਸ ਸਕੂਲ ਨੇ ਇਲਾਕਾ ਜਮੁਨਾਨਗਰ ਵਿਚ ਵਿੱਦਿਆ ਦਾ ਚਾਨਣ ਫੈਲਾ ਕੇ ਗੁਰਬਾਣੀ ਦਾ ਸੱਚ ਸਾਬਤ ਕਰ ਦਿੱਤਾ ਹੈ ਕਿ 'ਵਿੱਦਿਆ ਫੈਲੇ ਚਾਨਣ ਹੋਇ'। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਸਕੂਲ ਦੀ ਚੜ੍ਹਦੀ ਕਲਾ ਵਾਸਤੇ ਕਦੇ ਵੀ ਫੰਡਾਂ ਦੀ ਘਾਟ ਨਹੀਂ ਆਉਣ ਦਿੱਤੀ। ਸੰਨ 2010 ਵਿਚ ਇਸ ਸਕੂਲ ਨੂੰ ਕਮੇਟੀ ਨੇ 7 ਬੱਸਾਂ ਮੁਹੱਈਆ ਕਰਾਈਆਂ ਹਨ।[125] ਬਿਲਡਿੰਗ ਵਾਸਤੇ ਵਿਸ਼ੇਸ਼ ਫੰਡ ਜਾਰੀ ਕੀਤੇ ਗਏ ਹਨ।

ਇਸੇ ਹੀ ਸਕੂਲ ਦੇ ਇਕ ਹਿੱਸੇ ਨੂੰ ਕੁੜੀਆਂ ਦੇ ਕਾਲਜ ਵਜੋਂ ਸਥਾਪਿਤ ਕੀਤਾ ਗਿਆ ਹੈ ਜਿਥੇ ਕਿ ਇਲਾਕੇ ਦੀਆਂ ਬੱਚੀਆਂ ਉਚੇਰੀ ਸਿੱਖਿਆ ਗ੍ਰਹਿਣ ਕਰਦੀਆਂ ਹਨ।

---

[125] ਦਿਲਜੀਤ ਸਿੰਘ ਬੇਦੀ (ਸੰਪਾ.), *ਸੇਵਾ ਸਰਗਰਮੀਆਂ* (2005-2012), ਪੰਨਾ-85.

### 3.10.2. ਮਹਾਰਾਜਾ ਰਣਜੀਤ ਸਿੰਘ ਪਬਲਿਕ ਸਕੂਲ, ਦਿਆਲਪੁਰ, (ਤਰਨਤਾਰਨ)

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਬੰਧਾਂ ਹੇਠ ਚੱਲ ਰਹੇ ਇਸ ਸਕੂਲ ਦੀ ਸੋਧ ਸੁਧਾਈ ਵਾਸਤੇ ਹੁਣੇ-ਹੁਣੇ 15 ਲੱਖ ਰੁਪਏ ਨਾਲ ਨਵੀਂ ਬਿਲਡਿੰਗ ਤਿਆਰ ਕੀਤੀ ਗਈ ਹੈ। ਕੰਪਿਊਟਰ ਲੈਬ. ਲਈ 5 ਨਵੇਂ ਕੰਪਿਊਟਰ ਅਤੇ ਇਕ ਆਰ.ਓ ਸਿਸਟਮ ਵੀ ਖ੍ਰੀਦ ਕੇ ਦਿੱਤਾ ਗਿਆ ਹੈ। ਹਰ ਸਾਲ ਕਮੇਟੀ ਸਟਾਫ਼ ਦੀਆਂ ਤਨਖ਼ਾਖਾਂ ਲਈ 7 ਲੱਖ ਰੁਪਏ ਪ੍ਰਦਾਨ ਕਰਦੀ ਰਹੀ ਹੈ। ਹੁਣੇ-ਹੁਣੇ ਸਕੂਲ ਵਾਸਤੇ ਸਾਰੇ ਦਾ ਸਾਰਾ ਫਰਨੀਚਰ ਨਵਾਂ ਲੈ ਕੇ ਦਿੱਤਾ ਗਿਆ ਹੈ।

### 3.10.3. ਬਾਬਾ ਗੁਰਦਿਤਾ ਜੀ ਪਬਲਿਕ ਸਕੂਲ, (ਜਿੰਦਵੜੀ)

ਇਹ ਸਕੂਲ ਵੀ ਕਮੇਟੀ ਵੱਲੋਂ ਅਤੇ ਕਮੇਟੀ ਦੇ ਹੀ ਫੰਡਾਂ ਨਾਲ ਚਲਾਇਆ ਜਾ ਰਿਹਾ ਹੈ। ਇਸ ਸਕੂਲ ਨੂੰ ਕਮੇਟੀ ਨੇ ਬੱਚਿਆਂ ਦੇ ਸਕੂਲ ਆਉਣ ਜਾਣ ਲਈ 32 ਸੀਟਰ ਬੱਸਾਂ ਲੈ ਕੇ ਦਿੱਤੀਆਂ ਹਨ।

### 3.10.4. ਸ੍ਰੀ ਗੁਰੂ ਰਾਮਦਾਸ ਪਬਲਿਕ ਸਕੂਲ, (ਸ੍ਰੀ ਅੰਮ੍ਰਿਤਸਰ)

ਇਹ ਸਕੂਲ ਲੋੜਵੰਦ ਗ਼ਰੀਬ ਬੱਚਿਆ ਦੀ ਫਰੀ ਪੜ੍ਹਾਈ ਦਾ ਸਕੂਲ ਹੈ। 2005 ਵਿਚ ਇਹ ਸਕੂਲ ਬੜੇ ਥੋੜ੍ਹੇ ਬੱਚਿਆਂ ਉੱਤੇ ਭਾਵ 50 ਕੁ ਵਿਦਿਆਰਥੀਆਂ ਨਾਲ ਚਲਦਾ ਸੀ।[126] ਘੁੱਗ ਵਸਦੇ ਸ਼ਹਿਰ ਦੇ ਟਾਊਨ ਹਾਲ ਵਿਖੇ ਇਸ ਸਕੂਲ ਵਿਚ ਅੱਜ 300 ਤੋਂ ਵਧੇਰੇ ਵਿਦਿਆਰਥੀ ਪੜ੍ਹ ਰਹੇ ਹਨ। ਯੋਗ ਤੇ ਮਿਹਨਤੀ ਸਟਾਫ਼ ਇਸ ਸਕੂਲ ਨੂੰ ਤਰੱਕੀਆਂ ਵੱਲ ਲਿਜਾ ਰਹੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧਾਂ ਅਧੀਨ ਚੱਲ ਰਿਹਾ ਇਹ ਸਕੂਲ ਅੰਮ੍ਰਿਤਸਰ ਵਿਚ ਹੋਣ ਕਰਕੇ ਕਮੇਟੀ ਦੀ ਯੋਗ ਨਿਗਰਾਨੀ ਵਿਚ ਵੀ ਹੈ। ਇਸ ਲਈ ਇਹ ਸਕੂਲ ਲਗਾਤਾਰ ਨਵੀਆਂ ਵਿੱਦਿਅਕ ਮੰਜ਼ਲਾਂ ਤੈਅ ਕਰ ਰਿਹਾ ਹੈ। ਕਮੇਟੀ ਨੇ ਸਾਰੇ ਬੱਚਿਆਂ ਲਈ ਨਵੇਂ ਡੈਕਸ ਅਤੇ ਕੰਪਿਊਟਰ ਖ੍ਰੀਦ ਕੇ ਇਸ ਨੂੰ ਹੋਰ ਵੀ ਆਧੁਨਿਕ ਬਣਾਇਆ ਹੈ। ਇੱਥੇ ਨਵੇਂ ਜ਼ਮਾਨੇ ਦੀਆਂ ਲੋੜਾਂ ਨੂੰ ਮੁੱਖ ਰੱਖਕੇ ਹਰ ਬੱਚੇ ਵਾਸਤੇ ਕੰਪਿਊਟਰ ਸਿੱਖਿਆ ਲਾਜ਼ਮੀ ਕਰ ਦਿੱਤੀ ਗਈ ਹੈ। ਪੰਜਾਬੀ ਭਾਸ਼ਾ ਨੂੰ ਉਸਦੇ ਦਰਜ਼ੇ ਮੁਤਾਬਕ ਰੱਖ ਕੇ ਅਠਵੀਂ

---

[126] ਦਿਲਜੀਤ ਸਿੰਘ ਬੇਦੀ (ਸੰਪਾ.), *ਸੇਵਾ ਸਰਗਰਮੀਆਂ* (2005-2012), ਪੰਨਾ-82.

ਜਮਾਤ ਇੰਗਲਿਸ਼ ਮੀਡੀਅਮ ਵੀ ਸ਼ੁਰੂ ਕੀਤੀ ਗਈ ਹੈ ਤਾਕਿ ਵਿਦਿਆਰਥੀ ਬਾਹਰਲੇ ਦੇਸ਼ਾਂ ਵਿਚ ਰੁਜ਼ਗਾਰ ਪ੍ਰਾਪਤ ਕਰ ਸਕਣ।

ਇਸ ਸਕੂਲ ਦੀ ਵਿਸ਼ੇਸਤਾ ਇਹ ਹੈ ਕਿ ਇੱਥੇ ਆਤਮ ਰੱਖਿਆ ਲਈ ਗੱਤਕੇ ਦੀ ਸਿਖਲਾਈ ਦਿੱਤੀ ਜਾਂਦੀ ਹੈ ਅਤੇ ਗੱਤਕੇ ਦੇ ਮੁਕਾਬਲਿਆਂ ਵਿਚ ਇਸ ਸਕੂਲ ਦੇ ਵਿਦਿਆਰਥੀ ਮੱਲਾਂ ਮਾਰਦੇ ਹਨ।

### 3.10.5. ਸ੍ਰੀ ਗੁਰੂ ਨਾਨਕ ਗਰਲਜ਼ ਸੀਨੀ.ਸੈਕੰ. ਸਕੂਲ (ਸ੍ਰੀ ਅੰਮ੍ਰਿਤਸਰ)

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਬੰਧਾਂ ਅਤੇ ਖਰਚਿਆਂ ਨਾਲ ਚਲਦਾ ਇਹ ਸਕੂਲ ਅਪਗ੍ਰੇਡ ਕਰਕੇ ਅੱਜ ਕੱਲ ਬਾਰ੍ਹਵੀਂ ਤੱਕ ਕੀਤਾ ਗਿਆ ਹੈ। ਅੰਮ੍ਰਿਤਸਰ ਵਿਚ ਬੱਚੀਆਂ ਵਾਸਤੇ ਇਹ ਇਕ ਵਧੀਆ ਸਕੂਲ ਹੈ। ਸਕੂਲ ਨੂੰ ਯੂਨੀਅਰ ਰੈੱਡ ਕ੍ਰਾਸ ਮਾਡਲ ਸਕੂਲ ਬਣਾਇਆ ਗਿਆ ਹੈ। ਇੱਥੇ ਐੱਨ.ਐੱਸ.ਐੱਸ ਦਾ ਯੂਨਿਟ ਵੀ ਅਰੰਭ ਕੀਤਾ ਗਿਆ। ਸਕੂਲ ਵਿਚ ਮੈਡੀਕਲ, ਨਾਨ ਮੈਡੀਕਲ, ਆਰਟਸ ਤੋਂ ਬਿਨਾਂ ਹੁਣ ਕਾਮਰਸ ਗਰੁੱਪ ਵੀ ਚਾਲੂ ਹੋ ਗਿਆ ਹੈ।[127] ਇੱਥੇ ਵਧੀਆ ਲਾਇਬ੍ਰੇਰੀ ਹੈ ਜਿਸ ਵਿਚ ਬੱਚਿਆਂ ਨੂੰ ਹਰ ਤਰ੍ਹਾਂ ਦੀਆਂ ਪੁਸਤਕਾਂ ਮੁਹੱਈਆ ਕਰਵਾਈਆਂ ਜਾਂਦੀਆਂ ਹਨ। ਬੱਚੀਆਂ ਨੂੰ ਅਧਿਆਪਕ ਸਿੱਖਿਆ ਅਤੇ ਸਿੱਖ ਇਤਿਹਾਸ ਨਾਲ ਜੋੜ ਕੇ ਨੈਤਿਕ ਸਿੱਖਿਆ ਪ੍ਰਦਾਨ ਕਰਵਾਈ ਜਾਂਦੀ ਹੈ। ਹੁਣ ਇਹ ਸਕੂਲ ਘਿਉ ਮੰਡੀ ਨਜ਼ਦੀਕ ਤਬਦੀਲ ਕੀਤਾ ਜਾ ਰਿਹਾ ਹੈ ਤਾਕਿ ਸੰਘਣੀ ਆਬਾਦੀ ਦੀਆਂ ਲੜਕੀਆਂ ਯੋਗ ਵਿੱਦਿਆ ਪ੍ਰਾਪਤ ਕਰ ਸਕਣ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਿੱਦਿਆ ਦੇ ਪ੍ਰਚਾਰ ਤੇ ਪ੍ਰਸਾਰ ਲਈ ਹੁਣ ਤੱਕ ਜੋ ਵੀ ਅਦਾਰੇ ਖੋਲ੍ਹੇ ਹਨ ਅਤੇ ਉਹਨਾਂ ਨੂੰ ਆਪਣੀ ਦੇਖ-ਰੇਖ ਹੇਠ ਚਲਾ ਰਹੀ ਹੈ।

## 3.11. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਲਜਾਂ ਦੀ ਸੂਚੀ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਬਹੁਤ ਸਾਰੇ ਸਕੂਲ ਅਤੇ ਕਾਲਜ ਵਿਦਿਆ ਪ੍ਰਦਾਨ ਕਰ ਰਹੇ ਹਨ ਜਿਨ੍ਹਾਂ ਦੀ ਸੂਚੀ ਹੇਠਾਂ ਦਿੱਤੀ ਗਈ ਹੈ।

---

[127] ਉਹੀ ਪੰਨਾ-83.

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਰਲਡ ਯੂਨੀਵਰਸਿਟੀ

| ਲੜੀ ਨੰ. | **ਯੂਨੀਵਰਸਿਟੀ ਨਾਮ** | **ਸ਼ਹਿਰ** |
|---|---|---|
| | ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ | ਫ਼ਤਿਹਗੜ੍ਹ ਸਾਹਿਬ, ਪੰਜਾਬ |

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਡੀਕਲ ਕਾਲਜ

| ਲੜੀ ਨੰ. | ਕਾਲਜ ਨਾਮ | **ਸ਼ਹਿਰ** |
|---|---|---|
| | ਸ੍ਰੀ ਗੁਰੂ ਰਾਮ ਦਾਸ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸ ਐਂਡ ਰਿਸਰਚ | ਅੰਮ੍ਰਿਤਸਰ, ਪੰਜਾਬ |

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਡੈਂਟਲ ਕਾਲਜ

| ਲੜੀ ਨੰ. | ਕਾਲਜ ਨਾਮ | ਸ਼ਹਿਰ |
|---|---|---|
| | ਸ੍ਰੀ ਗੁਰੂ ਰਾਮ ਦਾਸ ਇੰਸਟੀਚਿਊਟ ਆਫ ਡੈਂਨਟਲ ਸਾਇੰਸ ਐਂਡ ਰਿਸਰਚ (ਅੰਮ੍ਰਿਤਸਰ ) | ਅੰਮ੍ਰਿਤਸਰ, ਪੰਜਾਬ |
| | ਨਰਸਿੰਗ ਕਾਲਜ | |

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਾਲਜ (ਪੰਜਾਬ ਵਿਚ ਏਡਿਡ)

| ਲੜੀ ਨੰ. | ਕਾਲਜ ਨਾਮ | ਸ਼ਹਿਰ |
|---|---|---|
| | ਸ੍ਰੀ ਗੁਰੂ ਤੇਗ਼ ਬਹਾਦਰ ਖ਼ਾਲਸਾ ਕਾਲਜ, | ਸ੍ਰੀ ਅਨੰਦਪੁਰ ਸਾਹਿਬ (ਰੋਪੜ), ਪੰਜਾਬ |
| | ਮਾਤਾ ਗੁਜਰੀ ਕਾਲਜ | ਫ਼ਤਿਹਗੜ੍ਹ ਸਾਹਿਬ, ਪੰਜਾਬ |
| | ਜਨਰਲ ਸ਼ਿਵਦੇਵ ਸਿੰਘ ਦੀਵਾਨ ਗੁਰਬਚਨ ਸਿੰਘ ਖ਼ਾਲਸਾ ਕਾਲਜ, | ਪਟਿਆਲਾ, ਪੰਜਾਬ |
| | ਗੁਰੂ ਨਾਨਕ ਕਾਲਜ | ਬੁਢਲਾਡਾ (ਮਾਨਸਾ), ਪੰਜਾਬ |

| | | |
|---|---|---|
| | ਸੰਤ ਬਾਬਾ ਦਲੀਪ ਸਿੰਘ ਮੈਮੋਰੀਅਲ ਖ਼ਾਲਸਾ ਕਾਲਜ | ਡੋਮੈਲੀ, ਜਿਲ੍ਹਾ ਕਪੂਰਥਲਾ, ਪੰਜਾਬ |
| | ਗੁਰੂ ਨਾਨਕ ਖ਼ਾਲਸਾ ਕਾਲਜ | ਡਰੋਲੀ ਕਲਾਂ, ਜਿਲ੍ਹਾ ਜਲੰਧਰ, ਪੰਜਾਬ |
| | ਗੁਰੂ ਨਾਨਕ ਕਾਲਜ | ਮੋਗਾ ,ਪੰਜਾਬ |
| | ਗੁਰੂ ਨਾਨਕ ਫ਼ਾੱਰ ਗਰਲਜ਼ ਕਾਲਜ | ਮੁਕਤਸਰ ,ਪੰਜਾਬ |
| | ਬੱਬਰ ਅਕਾਲੀ ਯਾਦਗਾਰੀ ਖ਼ਾਲਸਾ ਕਾਲਜ | ਗੜ੍ਹਸ਼ੰਕਰ ਜਿਲ੍ਹਾ(ਹੁਸ਼ਿਆਰਪੁਰ) ਪੰਜਾਬ |
| | ਖ਼ਾਲਸਾ ਕਾਲਜ | ਗੜਦੀਵਾਲਾ, ਹੁਸ਼ਿਆਰਪੁਰ,ਪੰਜਾਬ |
| | ਗੁਰੂ ਨਾਨਕ ਕਾਲਜ | ਬਟਾਲਾ (ਗੁਰਦਾਸਪੁਰ),ਪੰਜਾਬ |

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਾਲਜ (ਹੋਰ ਰਾਜਾਂ ਵਿਚ ਏਡਿਡ )

| ਲੜੀ ਨੰ. | ਕਾਲਜ ਨਾਮ | ਸ਼ਹਿਰ |
|---|---|---|
| | ਗੁਰੂ ਨਾਨਕ ਇੰਸਟੀਚਿਊਟ ਆਫ ਮੈਨੇਜਮੈਂਟ ਸਟੱਡੀਜ਼ | ਮਾਟੁੱਗਾ, ਮੁੰਬਈ |
| | ਗੁਰੂ ਨਾਨਕ ਇੰਸਟੀਚਿਊਟ ਆਫ਼ ਰਿਸਰਚ ਐਂਡ ਡਿਵੈਲਪਮੈਂਟ | ਮਾਟੁੱਗਾ, ਮੁੰਬਈ |
| | ਗੁਰੂ ਨਾਨਕ ਕਾਲਜ ਆਫ਼ ਆਰਟਸ, ਸਾਇੰਸ ਅਤੇ ਕਾਮਰਸ | ਮਾਟੁੱਗਾ, ਮੁੰਬਈ |
| | ਗੁਰੂ ਨਾਨਕ ਗਰਲਜ਼ ਇੰਟਰਮੀਡੀਅਟ ਕਾਲਜ | ਕਾਨਕਖੇੜਾ, ਮੇਰਠ ਕੈਂਟ, ਯੂ.ਪੀ. |
| | ਸਿੱਖ ਇੰਟਰਮੀਡੀਏਟ ਕਾਲਜ | ਨਾਰੰਗਪੁਰ, ਜੋਆ, ਜੇਨਗਰ.ਪੀ., (ਯੂ.ਪੀ.) |

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਾਲਜ (ਪੰਜਾਬ ਵਿਚ ਅਨ-ਏਡਿਡ)

| ਲੜੀ ਨੰ. | ਕਾਲਜ ਨਾਮ | ਸ਼ਹਿਰ |
|---|---|---|
| | ਤ੍ਰੈ ਸ਼ਤਾਬਦੀ ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ, | ਅੰਮ੍ਰਿਤਸਰ, ਪੰਜਾਬ |
| | ਸ਼ਹੀਦ ਬਾਬਾ ਜੀਵਨ ਸਿੰਘ ਖ਼ਾਲਸਾ ਕਾਲਜ ਲੜਕੀਆਂ | ਸਤਲਾਨੀ ਸਾਹਿਬ, ਜ਼ਿਲਾ ਅੰਮ੍ਰਿਤਸਰ ,ਪੰਜਾਬ |

| | | |
|---|---|---|
| | ਗੁਰੂ ਅਰਜਨ ਦੇਵ ਖ਼ਾਲਸਾ ਕਾਲਜ | ਚੋਹਲਾ ਸਾਹਿਬ ਜ਼ਿਲਾ (ਤਰਨਤਾਰਨ),ਪੰਜਾਬ |
| | ਮਾਤਾ ਸਾਹਿਬ ਕੌਰ ਗਰਲਜ਼ ਕਾਲਜ | ਤਲਵੰਡੀ ਸਾਬੋ,(ਬਠਿੰਡਾ),ਪੰਜਾਬ |
| | ਗੁਰੂ ਕਾਸ਼ੀ ਕਾਲਜ ਆਫ ਸਿੱਖ ਸਟੱਡੀਜ | ਦਮਦਮਾ ਸਾਹਿਬ, ਤਲਵੰਡੀ ਸਾਬੋ,(ਬਠਿੰਡਾ),ਪੰਜਾਬ |
| | ਮਾਤਾ ਸਾਹਿਬ ਕੌਰ ਗਰਲਜ਼ ਕਾਲਜ, | ਤਲਵੰਡੀ ਭਾਈ( ਫਿਰੋਜ਼ਪੁਰ)ਪੰਜਾਬ |
| | ਮਾਤਾ ਦਮੋਦਰੀ ਕਾਂਜੀ ਮਹਾਵਿਦਿਆਲਾ | ਦਰੋਲੀ ਭਾਈ, (ਮੋਗਾ),ਪੰਜਾਬ |
| | ਮੀਰੀ ਪੀਰੀ ਖ਼ਾਲਸਾ ਕਾਲਜ | ਭਦੌੜ (ਬਰਨਾਲਾ),ਪੰਜਾਬ |
| | ਮਾਤਾ ਸਾਹਿਬ ਕੌਰ ਗਰਲਜ਼ ਕਾਲਜ | ਗਹਿਲ, (ਬਰਨਾਲਾ),ਪੰਜਾਬ |
| | ਸ੍ਰੀ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ | ਪਿੰਡ ਆਕੜ (ਪਟਿਆਲਾ),ਪੰਜਾਬ |
| | ਮਾਤਾ ਸਾਹਿਬ ਕੌਰ ਖ਼ਾਲਸਾ ਗਰਲਜ਼ ਕਾਲਜ ਆਫ ਐਜੂਕੇਸ਼ਨ | ਧਾਮੋਮਾਜਰਾ, (ਪਟਿਆਲਾ) ਪੰਜਾਬ |
| | ਗੁਰੂ ਹਰਗੋਬਿੰਦ ਸਾਹਿਬ ਖ਼ਾਲਸਾ ਗਰਲਜ਼ ਕਾਲਜ | ਕਰਹਾਲੀ ਸਾਹਿਬ, (ਪਟਿਆਲਾ) ,ਪੰਜਾਬ |
| | ਮਾਤਾ ਗੰਗਾ ਖ਼ਾਲਸਾ ਕਾਲਜ ਫ਼ਾਰ ਗਰਲਜ਼ | ਕੋਟਾਂ, (ਲੁਧਿਆਣਾ),ਪੰਜਾਬ |
| | ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ ਫ਼ਾਰ ਵਿਮੈਨ | ਝਾੜ ਸਾਹਿਬ,(ਲੁਧਿਆਣਾ),ਪੰਜਾਬ |
| | ਭਾਈ ਬਹਿਲੋ ਖ਼ਾਲਸਾ ਗਰਲਜ਼ ਕਾਲਜ | ਫੱਫੜੇ ਭਾਈ ਕੇ, (ਮਾਨਸਾ), ਪੰਜਾਬ |

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਾਲਜ (ਹੋਰ ਰਾਜਾਂ ਵਿਚ ਅਨ-ਏਡਿਡ)

| ਲੜੀ ਨੰ. | ਕਾਲਜ ਨਾਮ | ਸ਼ਹਿਰ |
|---|---|---|
| **1.** | ਮਾਤਾ ਸੁੰਦਰੀ ਖ਼ਾਲਸਾ ਕਾਲਜ, ਫ਼ਾਰ ਵੋਮੈਨ, ਨੀਸਿੰਗ, | ਕਰਨਾਲ (ਹਰਿਆਣਾ) |

| | | |
|---|---|---|
| **2.** | ਸ੍ਰੀ ਗੁਰੂ ਹਰਿਕਿਸ਼ਨ ਸਾਹਿਬ ਖ਼ਾਲਸਾ ਕਾਲਜ | ਪੰਜੋਖਰਾ ਸਾਹਿਬ (ਅੰਬਾਲਾ) (ਹਰਿਆਣਾ) |

## 3.12. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਬੰਧ ਅਧੀਨ ਸਕੂਲ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪੰਜਾਬ ਵਿਚ ਸੀਨੀਅਰ ਸੈਕੰਡਰੀ ਸਕੂਲ ਅਤੇ ਹਾਈ ਸਕੂਲ

| ਲੜੀ ਨੰ. | ਕਾਲਜ ਨਾਮ | ਸ਼ਹਿਰ |
|---|---|---|
| **1.** | ਸ੍ਰੀ ਗੁਰੂ ਰਾਮਦਾਸ ਪਬਲਿਕ ਸਕੂਲ | ਸੁਲਤਾਨਵਿੰਡ ਰੋਡ ,ਸ੍ਰੀ ਅਮ੍ਰਿਤਸਰ ,ਪੰਜਾਬ |
| **2.** | ਮਹਾਰਾਜਾ ਰਣਜੀਤ ਸਿੰਘ ਪਬਲਿਕ ਸੀਨੀਅਰ ਸੈਕੰਡਰੀ ਸਕੂਲ | ਤਰਨਤਾਰਨ, ਪੰਜਾਬ |
| **3.** | ਮਹਾਰਾਜਾ ਰਣਜੀਤ ਸਿੰਘ ਪਬਲਿਕ ਸਕੂਲ | ਰੱਤੋਕੇ, ਵਾਇਆ ਖੇਮਕਰਨ ਤਹਿ. ਪੱਟੀ (ਤਰਨਤਾਰਨ) ਪੰਜਾਬ |
| **4.** | ਮਹਾਰਾਜਾ ਰਣਜੀਤ ਸਿੰਘ ਪਬਲਿਕ ਸਕੂਲ | ਦਿਆਲਪੁਰਾ,ਤਹਿ.ਪੱਟੀ (ਤਰਨਤਾਰਨ), ਪੰਜਾਬ |
| **5.** | ਬਾਬਾ ਬੁੱਢਾ ਜੀ ਪਬਲਿਕ ਸੀਨੀਅਰ ਸੈਕੰਡਰੀ ਸਕੂਲ | ਬੀੜ ਸਾਹਿਬ ,ਠੱਠਾ ਵਾਇਆ ,ਝਬਾਲ (ਤਰਨਤਾਰਨ),ਪੰਜਾਬ |
| **6.** | ਸ੍ਰੀ ਗੁਰੂ ਹਰਗੋਬਿੰਦ ਸਾਹਿਬ ਸੀਨੀਅਰ ਸੈਕੰਡਰੀ ਸਕੂਲ | ਰਮਦਾਸ ਤਹਿ. ਅਜਨਾਲਾ(ਅੰਮ੍ਰਿਤਸਰ), ਪੰਜਾਬ |
| **7.** | ਸ੍ਰੀ ਗੁਰੂ ਹਰਗੋਬਿੰਦ ਸਾਹਿਬ ਖ਼ਾਲਸਾ ਗਰਲਜ਼ ਹਾਈ ਸਕੂਲ | ਛੇਹਰਟਾ ਸਾਹਿਬ(ਅੰਮ੍ਰਿਤਸਰ),ਪੰਜਾਬ |
| **8.** | ਗੁਰੂ ਨਾਨਕ ਦੇਵ ਅਕੈਡਮੀ | ਜਲੰਧਰ ਰੋਡ ਬਟਾਲਾ (ਗੁਰਦਾਸਪੁਰ), ਪੰਜਾਬ |
| **9.** | ਗੁਰੂ ਅਰਜਨ ਦੇਵ ਪਬਲਿਕ ਸਕੂਲ | ਬਾਰਠ ਲਾੜੀ, ਡਾ: ਸਰਨਾ,ਤਹਿ ਪਠਾਨਕੋਟ (ਗੁਰਦਾਸਪੁਰ),ਪੰਜਾਬ |
| **10.** | ਸਾਹਿਬਜ਼ਾਦਾ ਅਜੀਤ ਸਿੰਘ ਪਬਲਿਕ ਸਕੂਲ | ਮਾਹਿਲਪੁਰ, ਲੱਧੇਵਾਲ (ਹੁਸ਼ਿਆਰਪੁਰ), ਪੰਜਾਬ |
| **11.** | ਬਾਬਾ ਮੱਖਣ ਸ਼ਾਹ ਪਬਲਿਕ ਸਕੂਲ | ਟਾਂਡਾ ,ਰਾਮ ਸਹਾਇ, ਮੁਕੇਰੀਆਂ (ਹੁਸ਼ਿਆਰਪੁਰ),ਪੰਜਾਬ |

| | | |
|---|---|---|
| **12.** | ਸ੍ਰੀ ਗੁਰੂ ਤੇਗ਼ ਬਹਾਦਰ ਖ਼ਾਲਸਾ ਹਾਈ ਸਕੂਲ, | ਗੜ੍ਹਸ਼ੰਕਰ (ਹੁਸ਼ਿਆਰਪੁਰ),ਪੰਜਾਬ |
| **13.** | ਭਾਈ ਨੰਦ ਲਾਲ ਪਬਲਿਕ ਸੀਨੀਅਰ ਸੈਕੰਡਰੀ ਸਕੂਲ | ਸ੍ਰੀ ਅਨੰਦਪੁਰ ਸਾਹਿਬ(ਰੋਪੜ), ਪੰਜਾਬ |
| **14.** | ਪਰਿਵਾਰ ਵਿਛੋੜਾ ਪਬਲਿਕ ਸਕੂਲ | ਸਰਸਾ, ਨੰਗਲ (ਰੋਪੜ)ਪੰਜਾਬ |
| **15.** | ਖ਼ਾਲਸਾ ਪਬਲਿਕ ਸਕੂਲ | ਹਾਫਿਜਾਬਾਦ ,ਗੁਰੂ ਬੀੜ ਜੰਡ ਸਾਹਿਬ (ਰੋਪੜ),ਪੰਜਾਬ |
| **16.** | ਦਸਮੇਸ਼ ਪਬਲਿਕ ਸਕੂਲ | ਟਾਹਲੀਆਣਾ ਸਾਹਿਬ, ਰਾਏਕੋਟ (ਲੁਧਿਆਣਾ),ਪੰਜਾਬ |
| **17.** | ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ | ਖੰਨਾ, (ਲੁਧਿਆਣਾ),ਪੰਜਾਬ |
| **18.** | ਗੁਰੂ ਨਾਨਕ ਦੇਵ ਅਕੈਡਮੀ | ਓਠੀਆਂ, ਬਟਾਲਾ (ਗੁਰਦਾਸਪੁਰ), ਪੰਜਾਬ |
| **19.** | ਬਾਬਾ ਗੁਰਦਿੱਤਾ ਜੀ ਪਬਲਿਕ ਸਕੂਲ | ਜਿੰਦਵੜੀ,(ਰੋਪੜ),ਪੰਜਾਬ |
| **20.** | ਬੀਬੀ ਰਜਨੀ ਪਬਲਿਕ ਸੀਨੀਅਰ ਸੈਕੰਡਰੀ ਸਕੂਲ | ਪੱਟੀ (ਤਰਨਤਾਰਨ), ਪੰਜਾਬ |

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਰ ਰਾਜਾਂ ਵਿਚ ਸੀਨੀਅਰ ਸੈਕੰਡਰੀ ਸਕੂਲ ਅਤੇ ਹਾਈ ਸਕੂਲ**

| ਲੜੀ ਨੰ. | ਸਕੂਲ ਨਾਮ | ਸ਼ਹਿਰ |
|---|---|---|
| **1.** | ਦਸਮੇਸ਼ ਸੀਨੀਅਰ ਸੈਕੰਡਰੀ ਸਕੂਲ | ਕਪਾਲ ਮੋਚਨ, ਯਮੁਨਾਨਗਰ (ਹਰਿਆਣਾ) |
| **2.** | ਦਸਮੇਸ਼ ਪਬਲਿਕ ਸਕੂਲ, ਗੁਰਪਲਾਹ ਸਾਹਿਬ | ਊਨਾ,(ਹਿਮਾਚਲ ਪ੍ਰਦੇਸ਼) |

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸੀਨੀਅਰ ਸੈਕੰਡਰੀ ਸਕੂਲ ਅਤੇ ਹਾਈ ਸਕੂਲ (95% ਗ੍ਰਾਂਟ ਇਨ-ਏਡਿਡ)**

| ਲੜੀ ਨੰ. | ਸਕੂਲ ਨਾਮ | ਸ਼ਹਿਰ |
|---|---|---|
| 1. | ਸ੍ਰੀ ਗੁਰੂ ਰਾਮਦਾਸ ਖ਼ਾਲਸਾ, ਸੀਨੀਅਰ ਸੈਕੰਡਰੀ | ਸ੍ਰੀ ਅਮ੍ਰਿਤਸਰ,ਪੰਜਾਬ |

| | | |
|---|---|---|
| | ਸਕੂਲ | |
| 2. | ਸ੍ਰੀ ਗੁਰੂ ਨਾਨਕ ਗਰਲਜ਼ ਸੀਨੀਅਰ ਸੈਕੰਡਰੀ ਸਕੂਲ | ਸ੍ਰੀ ਅਮ੍ਰਿੰਤਸਰ,ਪੰਜਾਬ |
| 3. | ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ | ਬੀੜ ਸਾਹਿਬ, ਠੱਠਾ (ਤਰਨਤਾਰਨ) ਪੰਜਾਬ |
| 4. | ਭੁਪਿੰਦਰ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ | ਮੋਗਾ, ਪੰਜਾਬ |
| 5. | ਗੁਰੂ ਗੋਬਿੰਦ ਸਿੰਘ ਸੀਨੀਅਰ ਸੈਕੰਡਰੀ ਸਕੂਲ | ਖੰਨਾ,ਪੰਜਾਬ |
| 6. | ਕੱਲਰ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ | ਹਰਿਆਣਾ, (ਹੁਸ਼ਿਆਰਪੁਰ) ,ਪੰਜਾਬ |
| 7. | ਗੁਰੂ ਨਾਨਕ ਹਾਈ ਸਕੂਲ | ਤਖਤੂਪੁਰਾ,(ਮੋਗਾ),ਪੰਜਾਬ |
| 8. | ਸ੍ਰੀ ਮਾਤਾ ਗੰਗਾ ਗਰਲਜ਼ ਹਾਈ ਸਕੂਲ | ਬਾਬਾ ਬਕਾਲਾ ,(ਅਮ੍ਰਿੰਤਸਰ) ਪੰਜਾਬ |
| 9. | ਸ੍ਰੀ ਗੁਰੂ ਤੇਗ ਬਹਾਦਰ ਖ਼ਾਲਸਾ ਹਾਈ ਸਕੂਲ | ਬਾਬਾ ਬਕਾਲਾ ,(ਅਮ੍ਰਿੰਤਸਰ) ਪੰਜਾਬ |
| 10. | ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ | ਗੁਰੂ ਕਾ ਬਾਗ ,(ਸ੍ਰੀ ਅਮ੍ਰਿੰਤਸਰ) ਪੰਜਾਬ |

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪੰਜਾਬ ਵਿਚ ਨਿਊ ਸੀ.ਬੀ.ਐਸ.ਈ (CBSE) ਸਕੂਲ**

| ਲੜੀ ਨੰ. | ਸਕੂਲ ਨਾਮ | ਸ਼ਹਿਰ |
|---|---|---|
| 1. | ਸਾਹਿਬਜ਼ਾਦਾ ਬਾਬਾ ਫ਼ਤਿਹ ਸਿੰਘ ਪਬਲਿਕ ਸਕੂਲ | ਗੁਰੂ ਕਾ ਬਾਗ, ਤਹਿ ਅਜਨਾਲਾ, ਅਮ੍ਰਿੰਤਸਰ ,ਪੰਜਾਬ |
| 2. | ਸਾਹਿਬਜ਼ਾਦਾ ਜ਼ੋਰਾਵਰ ਸਿੰਘ ਪਬਲਿਕ ਸਕੂਲ | ਨਡਾਲਾ, ਕਪੂਰਥਲਾ, ਪੰਜਾਬ |

| | | |
|---|---|---|
| 3. | ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ | ਮਲੂਕਾ,ਤਹਿ ਰਾਮਪੁਰਾਫੂਲ, ਬਠਿੰਡਾ,ਪੰਜਾਬ |
| 4. | ਮਾਤਾ ਸੁੰਦਰੀ ਪਬਲਿਕ ਸਕੂਲ | ਕੋਟ ਸ਼ਮੀਰ, ਬਠਿੰਡਾ,ਪੰਜਾਬ |
| 5. | ਸੰਤ ਫਤਿਹ ਸਿੰਘ ਪਬਲਿਕ ਸਕੂਲ | ਬੱਲੋ ਬਦਿਆਲਾ, ਬਠਿੰਡਾ,ਪੰਜਾਬ |
| 6. | ਸਾਹਿਬਜ਼ਾਦਾ ਜੁਝਾਰ ਸਿੰਘ | ਕੋਟ ਧਰਮ, ਮਾਨਸਾ,ਪੰਜਾਬ |
| 7. | ਭਾਈ ਬਹਿਲੋ ਜੀ ਮਾਡਲ ਸਕੂਲ | ਫਫੜੇ ਭਾਈ ਕੇ, ਮਾਨਸਾ,ਪੰਜਾਬ |
| 8. | ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ | ਗੰਗਸਰ –ਜੈਤੋ ,ਫਰੀਦਕੋਟ, ਪੰਜਾਬ |
| 9. | ਮਾਤਾ ਗੁਜਰੀ ਪਬਲਿਕ ਸਕੂਲ | ਥੇੜੀ ਸਾਹਿਬ , ਤਹਿਸੀਲ ਗਿੱਦੜਬਾਹਾ, ਮੁਕਤਸਰ, ਪੰਜਾਬ |
| 10. | ਸਾਹਿਬਜ਼ਾਦਾ ਅਜੀਤ ਸਿੰਘ ਪਬਲਿਕ ਸਕੂਲ | ਬਜੀਦਪੁਰ, ਫਿਰੋਜਪੁਰ,ਪੰਜਾਬ |

### ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਰ ਰਾਜਾਂ ਵਿਚ ਨਿਊ ਸੀ.ਬੀ.ਐਸ.ਈ ਸਕੂਲ

| ਲੜੀ ਨੰ. | ਸਕੂਲ ਨਾਮ | ਸ਼ਹਿਰ |
|---|---|---|
| 1. | ਸੰਤ ਮੋਹਨ ਸਿੰਘ ਮਤਵਾਲਾ ਪਬਲਿਕ ਸਕੂਲ | ਤਿਰਲੋਕੇਵਾਲਾ, ਤਹਿ ਕਾਲਿਆਂਵਾਲੀ ਮੰਡੀ, ਸਿਰਸਾ, ਹਰਿਆਣਾ |
| 2. | ਸ੍ਰੀ ਗੁਰੂ ਤੇਗ਼ ਬਹਾਦਰ ਪਬਲਿਕ ਸਕੂਲ | ਕੈਂਥਲ, ਹਰਿਆਣਾ |

### ਸਾਰ

ਇਸ ਅਧਿਆਇ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਜਾਬ ਅਤੇ ਭਾਰਤ ਦੇ ਹੋਰ ਸੂਬਿਆਂ ਵਿਚ ਪਾਏ ਜਾ ਵਿੱਦਿਅਕ ਯੋਗਦਾਨ ਸਬੰਧੀ ਅਧਿਐਨ ਕਰਕੇ ਅਤੇ ਖੇਤਰੀ ਪੱਧਰ ਤੇ ਵਿਚਰ ਕੇ ਕੁਝ ਤੱਥ ਇਕੱਤਰ ਕੀਤੇ ਹਨ। ਜਿਨ੍ਹਾਂ ਨੂੰ ਵਿਸਥਾਰ ਸਹਿਤ ਅਧਿਆਇ ਵਿਚ ਵਿਚਾਰਿਆ ਗਿਆ ਹੈ ਜਿਨ੍ਹਾਂ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ।

ਇਸ ਭਾਗ ਦੇ ਸ਼ੁਰੂ ਵਿਚ ਸਿੱਖਿਆ ਦੀ ਮਹੱਤਤਾ ਉੱਤੇ ਵਿਚਾਰ ਕੀਤਾ ਸੀ ਕਿ ਵਿੱਦਿਆ ਕੇਵਲ ਅੱਖਰੀ ਗਿਆਨ ਨਹੀਂ ਹੈ, ਸਗੋਂ ਇਹ ਆਮ ਗਿਆਨ ਦੇ ਨਾਲ-ਨਾਲ ਨੈਤਿਕ ਸਿੱਖਿਆ ਦਾ ਵੀ ਪ੍ਰਾਵਧਾਨ ਹੋਣਾ

ਚਾਹੀਦਾ ਹੈ। ਇਸ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇਤਿਹਾਸ ਨੂੰ ਵਾਚਦੇ ਹੋਏ ਵੱਖ-ਵੱਖ ਮਤਿਆਂ ਰਾਹੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵਿੱਦਿਅਕ ਨੀਤੀ ਨੂੰ ਸਮਝਣ ਅਤੇ ਇਸਦੇ ਉਦੇਸ਼ਾਂ ਨੂੰ ਸਪੱਸ਼ਟ ਕੀਤਾ ਗਿਆ ਹੈ। ਉਂਝ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵਿੱਦਿਅਕ ਨੀਤੀ ਅਤੇ ਇਸਦੇ ਉਦੇਸ਼ ਕਿਤੇ ਵੀ ਲਿਖਤੀ ਰੂਪ ਵਿਚ ਉਪਲਬਧ ਨਹੀਂ ਹਨ।

ਉਪਰੋਕਤ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਵੱਖ-ਵੱਖ ਸਮਿਆਂ ਤੇ ਖੋਲ੍ਹੇ ਗਏ ਕਾਲਜਾਂ ਸਬੰਧੀ ਪਾਸ ਕੀਤੇ ਗਏ ਗੁਰਮਤਿਆਂ ਰਾਹੀਂ ਹਵਾਲੇ ਦੇ ਕੇ ਇਤਿਹਾਸਕ ਵਿਵਰਣ ਦਿੱਤਾ ਗਿਆ ਹੈ। ਸ਼੍ਰੋਮਣੀ ਕਮੇਟੀ ਮਹਿਸੂਸ ਕਰਦੀ ਹੈ ਕਿ ਹਰ ਹਾਲਤ ਵਿਚ ਵਿਵਸਾਇਕ ਸਿੱਖਿਆ ਜ਼ਰੂਰੀ ਹੈ ਪਰ ਵਿਵਸਾਏ ਵਿਚ ਵੀ ਮਨੁੱਖਵਾਦੀ ਭਲਾਈ ਸ਼ਾਮਿਲ ਬਹੁਤ ਜ਼ਰੂਰੀ ਹੈ । ਕੰਮ ਕਰਦਿਆਂ ਵੀ ਪ੍ਰਮਾਤਮਾ ਨੂੰ ਯਾਦ ਰੱਖਣਾ ਅਤੇ ਹਰ ਫ਼ਸਲ ਤੋਂ ਨੇਕੀ ਦੇ ਸਿੱਟੇ ਪ੍ਰਾਪਤ ਕਰਨਾ ਵਿੱਦਿਆ ਦਾ ਕਾਰਜ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਚਲਾਏ ਜਾ ਰਹੇ ਸਕੂਲਾਂ ਅਤੇ ਕਾਲਜਾ ਵਿਚ ਪੜ੍ਹਾਏ ਜਾ ਰਹੇ ਵਿਸ਼ਿਆਂ ਅਤੇ ਕੋਰਸਾਂ ਦਾ ਵੇਰਵਾ ਦਿੱਤਾ ਗਿਆ ਹੈ। ਕੁਝ ਵਿੱਦਿਅਕ ਸੰਸਥਾਵਾਂ ਵਿਚ ਖੁਦ ਜਾ ਕੇ ਹੀ ਡਾਟਾ ਇਕੱਤਰ ਕੀਤਾ ਗਿਆ, ਜਿਨ੍ਹਾ ਦਾ ਲਿਖਤੀ ਰੂਪ ਵਿਚ ਜਾਂ ਇੰਟਰਨੈਟ ਤੇ ਉਪਲਬਧ ਨਹੀਂ ਸੀ। ਅੰਤ ਵਿਚ ਇਹਨਾਂ ਸੰਸਥਾਵਾਂ ਦੀ ਸੂਚੀ ਦਿੱਤੀ ਗਈ ਹੈ।

ਸੋ ਉਪਰੋਕਤ ਵਿਚਾਰ ਇਹ ਦਰਸਾਉਂਦਾ ਹੈ ਕਿ ਸ਼੍ਰੋਮਣੀ ਕਮੇਟੀ ਨੇ ਹਰ ਸਮੇਂ ਤੇ ਹਰ ਇਜਲਾਸ ਵਿਚ ਇਸ ਗੱਲ ਨੂੰ ਯਾਦ ਰੱਖਿਆ ਕਿ ਵਿੱਦਿਆ ਦਾ ਦਾਇਰਾ ਵਧਾ ਕੇ ਇਸ ਵਿਚ ਨੈਤਿਕ ਸਿੱਖਿਆ ਬਹਾਲ ਕਰਾਈ ਜਾਵੇ। ਕਮੇਟੀ ਵੱਲੋਂ ਸੰਸਾਰ ਭਰ ਵਿਚ ਆਪਣੀਆਂ ਸਿੱਖਿਆ ਸੰਸਥਾਵਾਂ ਦਾ ਜਾਲ ਵਿਛਾਇਆ ਗਿਆ। ਇਨ੍ਹਾਂ ਸਕੂਲਾਂ ਅਤੇ ਕਾਲਜਾਂ ਵਿਚ ਮਿਆਰੀ ਸਿੱਖਿਆ ਦੇ ਨਾਲ-ਨਾਲ ਮਨੁੱਖੀ ਭਲੇ ਅਤੇ ਸੰਸਾਰਿਕ ਭਾਈਚਾਰੇ ਦੇ ਗੁਣ ਵੀ ਸਿੱਖਿਆ ਵਿਚ ਸ਼ਾਮਿਲ ਕੀਤੇ ਗਏ। ਹੋਰ ਵੀ ਮਹਾਨ ਗੱਲ ਇਹ ਹੈ ਕਿ ਇਨ੍ਹਾਂ ਸਕੂਲਾਂ ਅਤੇ ਕਾਲਜਾਂ ਨੂੰ ਕਮੇਟੀ ਹਰ ਸਾਲ ਵਿੱਤੀ ਸਹਾਇਤਾ ਪ੍ਰਦਾਨ ਕਰਵਾਉਂਦੀ ਹੈ ਤਾਕਿ ਲੋੜਵੰਦ ਵਿਦਿਆਰਥੀਆਂ ਨੂੰ ਵਿੱਦਿਆ ਸਸਤੀ ਅਤੇ ਜੇ ਹੋ ਸਕੇ ਤਾਂ ਫਰੀ ਮਿਲ ਸਕੇ।

## ਅਧਿਆਇ ਚੌਥਾ

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ: ਪ੍ਰਬੰਧਕੀ ਯੋਗਦਾਨ

ਪ੍ਰਬੰਧ ਤੋਂ ਭਾਵ ਕਿਸੇ ਪ੍ਰਨਾਲੀ/ਸੰਸਥਾ ਨੂੰ ਨਿਸ਼ਚਿਤ ਉਦੇਸ਼ਾਂ ਲਈ ਜਥੇਬੰਦ ਕਰਕੇ ਨਿਯੰਤਰਤ ਢੰਗ ਨਾਲ ਚਲਾਉਣਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਾਮਕਰਣ ਵਿਚ ਹੀ ਸ਼ਬਦ ਪ੍ਰਬੰਧਕ ਦਾ ਇਹੀ ਅਰਥ ਹੈ ਕਿ ਗੁਰਦੁਆਰਿਆਂ ਵਿਚ ਹਰ ਤਰ੍ਹਾਂ ਦੇ ਯੋਗ ਪ੍ਰਬੰਧਾਂ ਦੀ ਜ਼ਿੰਮੇਵਾਰੀ ਨੂੰ ਨਿਭਾਉਣਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸੰਸਾਰ ਭਰ ਦੇ ਸਿੱਖਾਂ ਦੀ ਸਭ ਤੋਂ ਉੱਚੀ ਧਾਰਮਿਕ ਸੰਸਥਾ ਹੈ ਜਿਸ ਦੇ ਜਿੰਮੇ ਗੁਰਦੁਆਰਿਆਂ ਦਾ ਯੋਗ ਪ੍ਰਬੰਧ, ਉਨ੍ਹਾਂ ਦਾ ਰੱਖ-ਰਖਾਉ ਤੇ ਸਾਂਭ-ਸੰਭਾਲ ਉਸਦੀ ਹੋਂਦ ਤੋਂ ਹੀ ਲੱਗੀ ਹੋਈ ਹੈ ਅਤੇ ਕਮੇਟੀ ਇਸ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਅਤੇ ਯੋਗਤਾ ਨਾਲ ਨਿਭਾਅ ਰਹੀ ਹੈ। ਸਿੱਖ ਗੁਰਦੁਆਰਿਆਂ ਦੀਆਂ ਇਮਾਰਤਾਂ ਬਣਾਉਣਾ, ਗੁਰਦੁਆਰਿਆਂ ਵਿਚ ਸੰਗਤਾਂ ਦੇ ਵਿਚਰਨ, ਰਾਤਾਂ ਕੱਟਣ ਅਤੇ ਲੰਗਰਾਂ ਦਾ ਪ੍ਰਬੰਧ ਵੀ ਬਹੁਤ ਜ਼ਰੂਰੀ ਸੀ, ਕਿਉਂਕਿ ਸਾਰੇ ਇਤਿਹਾਸਕ ਗੁਰਦੁਆਰਿਆਂ ਵਿਚ ਸਿੱਖ ਸੰਗਤਾਂ ਦੂਰੋਂ-ਦੂਰੋਂ ਪਹੁੰਚਦੀਆਂ ਸਨ। ਇਨ੍ਹਾਂ ਸੰਗਤਾਂ ਵਿਚ ਪੂਰੇ-ਪੂਰੇ ਪਰਿਵਾਰ ਵੀ ਆਉਂਦੇ ਹਨ। ਬੱਚੇ, ਮਾਵਾਂ ਅਤੇ ਬਜ਼ੁਰਗਾਂ ਦੇ ਰਾਤ ਠਹਿਰਨ ਅਤੇ ਉਨ੍ਹਾਂ ਦੀਆਂ ਹੋਰ ਸੁੱਖ ਸਹੂਲਤਾਂ ਤੋਂ ਬਿਨਾਂ ਲੰਗਰਾਂ ਦੇ ਪ੍ਰਬੰਧ ਵਿਆਪਕ ਜ਼ਿੰਮੇਵਾਰੀ ਦਾ ਕਾਰਜ ਬਣਦਾ ਸੀ ਜਿਸ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੂਰਨ ਯੋਗਤਾ ਨਾਲ ਨਿਭਾ ਕੇ ਸਿੱਖਾਂ ਵਿਚ ਅਮਨ ਤੇ ਸ਼ਾਂਤੀ ਨਾਲ ਤੀਰਥਾਂ ਦੀ ਯਾਤਰਾ ਸੌਖੀ ਬਣਾਈ ਹੈ। ਅਸੀਂ ਵੇਖਦੇ ਹਾਂ ਸੰਸਾਰ ਦੇ ਵੱਡੇ ਧਰਮਾਂ ਦੇ ਧਾਰਮਿਕ ਸਥਾਨਾਂ ਉੱਤੇ ਵੀ ਸੰਗਤਾਂ ਵਾਸਤੇ ਪ੍ਰਬੰਧ ਨਹੀਂ ਜਿਨ੍ਹਾਂ ਦੀ ਜ਼ਰੂਰਤ ਹੁੰਦੀ ਹੈ। ਵੱਡੇ-ਵੱਡੇ ਹਿੰਦੂ ਧਾਰਮਿਕ ਸਥਾਨਾਂ ਉੱਤੇ ਯਾਤਰੀਆਂ ਦੇ ਲੰਗਰ ਅਤੇ ਸਰਾਵਾਂ ਦਾ ਪ੍ਰਬੰਧ ਇਕ ਉਲਝਿਆ ਤੇ ਜ਼ੋਖਮ ਭਰਪੂਰ ਕਾਰਜ ਰਿਹਾ ਹੈ। ਸੰਸਾਰ ਦੇ ਅਨੇਕਾਂ ਵੱਡੇ ਧਾਰਮਿਕ ਸਥਾਨਾਂ ਉੱਤੇ ਐਨੀ ਭਾਰੀ ਸੰਗਤ ਵਾਸਤੇ ਰਿਹਾਇਸ਼ ਅਤੇ ਲੰਗਰ ਦੇ ਪ੍ਰਬੰਧ ਦੀ ਅਣਹੋਂਦ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਉਕਤ ਪ੍ਰਬੰਧ ਐਨੀ ਸੰਜੀਦਗੀ ਨਾਲ ਸੁਚਾਰੂ ਕੀਤੇ ਕਿ ਸਿੱਖ ਟੈਂਪਲਾਂ ਵਿਚ ਪਹੁੰਚਣ ਵਾਲੇ ਲੱਖਾਂ ਯਾਤਰੀਆਂ ਦੀ ਧਾਰਮਿਕ ਯਾਤਰਾ ਕਾਫੀ ਸੌਖੀ ਹੋ ਗਈ। ਅੱਜ ਅਸੀਂ ਵੇਖਦੇ ਹਾਂ ਕਿ ਕਮੇਟੀ ਅਧੀਨ ਆਉਂਦੇ ਸਾਰੇ ਹੀ ਗੁਰੂ ਘਰਾਂ ਵਿਚ ਉਕਤ ਪ੍ਰਬੰਧ ਪੂਰੀ ਤਰ੍ਹਾਂ ਹੋ ਚੁੱਕੇ ਹਨ। ਹਰ ਗੁਰਦੁਆਰੇ ਵਿਚ ਕਮੇਟੀ ਵੱਲੋਂ ਨਿਰਧਾਰਤ ਅਤੇ ਤਨਖ਼ਾਹਦਾਰ ਅਮਲਾ ਹੈ ਜਿਸਨੂੰ ਬਕਾਇਦਾ

ਸਿੱਖਿਆ ਦਿੱਤੀ ਜਾਂਦੀ ਹੈ ਕਿ ਉਹ ਸਿੱਖ ਸੰਗਤਾਂ ਦਾ ਹਰ ਤਰ੍ਹਾਂ ਨਾਲ ਧਾਰਮਿਕ ਅਕੀਦਾ ਬਣਾਉਣ ਵਿਚ ਮਦਦ ਕਰਨ ਅਤੇ ਬਾਲਾਂ, ਮਾਵਾਂ, ਬਜ਼ੁਰਗਾਂ ਅਤੇ ਜਿਸਮਾਨੀ ਤੌਰ ਉੱਤੇ ਆਰੀ ਮੁਸਾਫ਼ਿਰਾਂ ਦੇ ਸੁਖ ਸਹੂਲਤ ਵਾਸਤੇ ਕਾਰਜਸ਼ੀਲ ਰਹਿਣ। ਧਾਰਮਿਕ ਸਥਾਨਾਂ ਤੇ ਗਲਤ ਹਰਕਤਾਂ ਕਰਨ ਵਾਲਿਆਂ ਦੀ ਰੋਕ ਥਾਮ ਵਾਸਤੇ ਕਮੇਟੀ ਨੇ ਵਿਆਪਕ ਪ੍ਰਬੰਧ ਕੀਤੇ ਹੋਏ ਹਨ। ਧਾਰਮਿਕ ਯਾਤਰੂਆਂ ਦੇ ਸਾਮਾਨ ਸਾਂਭਣ ਵਾਸਤੇ ਗਠੜੀ ਘਰ ਬਣਾਏ ਗਏ। ਗੁਰੂ ਘਰਾਂ ਵਿਚ ਮੱਥਾ ਟੇਕਣ ਸਮੇਂ ਯਾਤਰੂਆਂ ਦੀ ਜੁੱਤੀਆਂ ਉਤਾਰਨ ਦੀ ਲੋੜ ਵਾਸਤੇ ਹਰ ਗੁਰੂ ਘਰ ਦੇ ਬਾਹਰ ਹੀ ਜੋੜਾ-ਘਰ ਉਸਾਰੇ ਗਏ ਹਨ। ਇਨ੍ਹਾਂ ਜੋੜਾ ਘਰਾਂ ਵਿਚ ਕਿਸੇ ਤੋਂ ਵੀ ਜੋੜੇ ਜਮ੍ਹਾਂ ਕਰਵਾਉਣ ਸਮੇਂ ਨਾ ਤਾਂ ਕੋਈ ਪੈਸੇ ਜਮ੍ਹਾਂ ਕਰਵਾਏ ਜਾਂਦੇ ਹਨ ਅਤੇ ਨਾ ਹੀ ਕਿਸੇ ਪ੍ਰਕਾਰ ਦੀ ਫੀਸ ਲਈ ਜਾਂਦੀ ਹੈ। ਇਹ ਮੁਫ਼ਤ ਕਾਰਜ ਨੂੰ ਸੇਵਕ ਲੋਕ ਅਤੇ ਤਨਖ਼ਾਹਦਾਰ ਅਮਲਾ ਵੀ ਪੂਰੇ ਧਿਆਨ ਤੇ ਜ਼ਿੰਮੇਵਾਰੀ ਨਾਲ ਰਾਤ ਦਿਨ ਕਾਰਜ ਕਰਦੇ ਹਨ।

### 4.1. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਬੰਧਕੀ ਬਣਤਰ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖ ਗੁਰਦੁਆਰਾ ਐਕਟ 1925 ਅਧੀਨ ਕਾਰਜ ਕਰਨ ਲਈ ਪ੍ਰਤੀਬੱਧ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਿੱਖ ਗੁਰਦੁਆਰਾ ਐਕਟ 1925 ਦੇ ਭਾਗ ਤੀਜਾ ਕਾਂਡ ਛੇਵਾਂ ਅਤੇ ਧਾਰਾ 43 ਅਨੁਸਾਰ ਮੂਲ ਬਣਤਰ ਵਿਚ ਪੰਜਾਬ ’ਚੋਂ ਚੁਣੇ ਹੋਏ 132 ਮੈਂਬਰ, ਚਾਰ ਤਖ਼ਤਾਂ ਦੇ ਹੈੱਡ ਗ੍ਰੰਥੀ (ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਤਖ਼ਤ ਪਟਨਾ ਸਾਹਿਬ ਅਤੇ ਸ੍ਰੀ ਤਖ਼ਤ ਹਜ਼ੂਰ ਸਾਹਿਬ) ਅਤੇ ਪੰਜਾਬੋਂ ਬਾਹਰ ਭਾਰਤ ਦੇ 25 ਮੈਂਬਰ ਸ਼ਾਮਿਲ ਸਨ।[128] ਬਾਅਦ ਵਿਚ ਹੋਈ ਸੋਧ ਦੀ ਧਾਰਾ 43 (ੳ) ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਦੀ ਗਿਣਤੀ 140 ਹੋ ਗਈ। ਇਸ ਵਿਚ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਅਤੇ ਚਾਰ ਤਖ਼ਤਾਂ ਦੇ ਹੈੱਡ ਗ੍ਰੰਥੀ (ਕੁੱਲ 5) ਅਤੇ 15 ਨਾਮਜ਼ਦ ਮੈਂਬਰ ਵੀ ਸ਼ਾਮਿਲ ਕੀਤੇ ਗਏ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕਾਰਜਕਾਲ ਪੰਜ ਸਾਲ ਦਾ ਹੁੰਦਾ ਹੈ।[129]

---

[128] *ਸਿੱਖ ਗੁਰਦੁਆਰਾ ਐਕਟ* 1925, 1966, ਪੰਨਾ-36

[129] ਉਹੀ, ਪੰਨਾ-37

ਹਰ ਸਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਹਾਊਸ ਦੁਆਰਾ ਇਸਦੇ ਪ੍ਰਧਾਨ, ਅਹੁਦੇਦਾਰਾਂ, ਮੈਂਬਰਾਂ, ਕਮੇਟੀਆਂ ਅਤੇ ਉਪ-ਕਮੇਟੀਆਂ ਦੀ ਚੋਣ ਕਰਦੀ ਹੈ, ਜੋ ਸਮੁੱਚੇ ਪ੍ਰਬੰਧ ਨੂੰ ਚਲਾਉਣ ਲਈ ਪਾਬੰਦ ਹੈ।

## 4.2. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧਕੀ ਉਦੇਸ਼

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੁੱਖ ਪ੍ਰਬੰਧਕੀ ਉਦੇਸ਼ ਗੁਰਦੁਆਰਿਆਂ ਦੇ ਪ੍ਰਬੰਧ, ਕਮੇਟੀ ਅਧੀਨ ਆਉਂਦੇ ਸਮੁੱਚੇ ਅਦਾਰਿਆਂ ਦੇ ਪ੍ਰਬੰਧ ਨੂੰ ਸੁਚਾਰੂ ਢੰਗ ਨਾਲ ਚਲਾਉਣ ਤੋਂ ਹੈ।

- ਸਿੱਖ ਗੁਰਦੁਆਰਾ ਐਕਟ 1925 ਦੀ ਧਾਰਾ 106 (1) ਵਿਚ ਗੁਰਦੁਆਰਾ ਪ੍ਰਬੰਧ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਕਮੇਟੀਆਂ ਦੇ ਅਖਤਿਆਰ ਅਤੇ ਡਿਊਟੀਆਂ ਨਿਰਧਾਰਿਤ ਕੀਤੇ ਹੋਏ ਹਨ। ਉਹ ਮੰਤਵ ਜਿਨ੍ਹਾਂ ਲਈ ਗੁਰਦੁਆਰਿਆਂ ਦੇ ਫ਼ੰਡ ਵਰਤੇ ਜਾ ਸਕਦੇ ਸਕਦੇ ਹਨ, ਐਕਟ ਦੇ ਵਿਤੀ ਪ੍ਰਬੰਧ ਅਧੀਨ ਇਸੇ ਧਾਰਾ ਵਿਚ ਦਰਜ ਕੀਤੇ ਗਏ ਹਨ।
- ਇਸ ਐਕਟ ਦੇ ਅਨੁਸਾਰ ਕਿਸੇ ਵੀ ਗੁਰਦੁਆਰੇ ਦੀ ਸਾਰੀ ਜਾਇਦਾਦ ਅਤੇ ਆਮਦਨ ਦੀ ਵਰਤੋਂ ਸਭ ਤੋਂ ਪਹਿਲਾਂ ਗੁਰਦੁਆਰੇ ਦੀ ਸੰਭਾਲ ਜਾਂ ਸੁਧਾਰ ਲਈ ਵਰਤੀ ਜਾਵੇਗੀ ਅਤੇ ਫਿਰ ਧਾਰਮਿਕ ਉਪਾਸ਼ਨਾ ਅਤੇ ਧਾਰਮਿਕ ਤੇ ਖੈਰਾਤੀ ਕਾਰਜ ਚਲਾਉਣ ਲਈ ਅਤੇ ਇਸ ਨਾਲ ਸੰਬੰਧਿਤ ਹੋਰ ਰਸਮਾਂ ਅਤੇ ਰੀਤਾਂ ਦੀ ਪੂਰਤੀ ਲਈ, ਗੁਰਦੁਆਰੇ 'ਤੇ ਆਸ਼ਰਿਤਾਂ, ਅਫ਼ਸਰਾਂ ਅਤੇ ਕਰਮਚਾਰੀਆਂ ਦੇ ਭੱਤਿਆਂ ਜਾਂ ਤਨਖ਼ਾਹ ਦੀ ਅਦਾਇਗੀ ਲਈ ਆਪਣੇ ਧਰਮ ਦੇ ਮਨੋਰਥਾਂ ਦੀ ਪੂਰਤੀ ਲਈ, ਲੰਗਰ ਅਤੇ ਸਿੱਖਿਆ ਮਨੋਰਥਾਂ ਲਈ, ਕਾਨੂੰਨੀ ਤੌਰ 'ਤੇ ਬਣਦੀਆਂ ਜਿੰਮੇਵਾਰੀਆਂ ਦੀ ਪੂਰਤੀ ਲਈ।

## 4.3. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਲਿਖਤੀ ਪ੍ਰਬੰਧ ਨਿਯਮ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਬੰਧ ਚਲਾਉਣ ਦੇ ਸਾਰੇ ਨਿਯਮ ਲਿਖਤੀ ਰੂਪ ਵਿਚ ਮਿਲਦੇ ਹਨ। ਲਿਖਤੀ ਪ੍ਰਬੰਧ ਨਿਯਮਾਂ ਦਾ ਸਭ ਤੋਂ ਪ੍ਰਮੁੱਖ ਅਤੇ ਮੁਢਲਾ ਸਰੋਤ 'ਸਿੱਖ ਗੁਰਦੁਆਰਾ ਐਕਟ' ਹੈ ਜੋ 1925 ਵਿਚ ਹੋਂਦ ਵਿਚ ਆਇਆ। ਲਿਖਤੀ ਪ੍ਰਬੰਧ ਨਿਯਮਾਂ ਸਬੰਧੀ 'ਪ੍ਰਬੰਧ ਸਕੀਮ' ਦੂਸਰਾ ਕਿਤਾਬਚਾ ਹੈ, ਜੋ ਪਹਿਲੀ ਵਾਰ 1976 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਕਾਸ਼ਿਤ ਕੀਤਾ ਗਿਆ। ਲਿਖਤੀ ਪ੍ਰਬੰਧ ਨਿਯਮਾਂ ਸਬੰਧੀ 'ਸਰਵਿਸ਼ ਰੂਲਜ਼' ਤੀਸਰਾ ਕਿਤਾਬਚਾ ਹੈ ਜੋ

ਪਹਿਲੀ ਵਾਰ 1955 ਵਿਚ ਛਪਿਆ। ਇਸ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹਰ ਸਾਲ ਦੀ ਆਮਦਨ-ਖਰਚ ਦਾ ਹਿਸਾਬ ਕਿਤਾਬ ਬਾਕਾਇਦਾ ਪੁਸਤਕ ਰੂਪ ਵਿਚ 'ਚ ਪ੍ਰਕਾਸ਼ਿਤ ਕਰਵਾਉਂਦੀ ਹੈ। ਜਿਸਨੂੰ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਜਟ' ਕਿਹਾ ਜਾਂਦਾ ਹੈ। ਉਪਰੋਕਤ ਲਿਖਤੀ ਪ੍ਰਬੰਧ ਨਿਯਮਾਂ ਦੀਆਂ ਪੁਸਤਕਾਂ ਬਾਰੇ ਅੱਗੇ ਵਿਸਥਾਰ ਵਿੱਚ ਲਿਖਿਆ ਹੈ।

### 4.3.1.ਸਿੱਖ ਗੁਰਦੁਆਰਾ ਐਕਟ 1925

ਅਠਾਰ੍ਹਵੀਂ ਸਦੀ ਵਿਚ ਗੁਰਦੁਆਰਿਆਂ ਦੀ ਸੇਵਾ ਸੰਭਾਲ ਦਾ ਕੰਮ ਇਹਨਾਂ ਮਹੰਤਾਂ ਦੇ ਹੱਥ ਸੀ। ਜਦੋਂ ਖ਼ਾਲਸੇ ਨੇ ਪੰਜਾਬ ਵਿਚ ਆਪਣਾ ਦਬਦਬਾ ਕਾਇਮ ਕਰ ਲਿਆ ਤਦ ਸਿੱਖਾਂ ਨੇ ਵੱਡੀਆਂ ਵੱਡੀਆਂ ਜਗੀਰਾਂ ਅਤੇ ਜਾਇਦਾਦਾਂ ਗੁਰਦੁਆਰਿਆਂ ਦੇ ਨਾਂ ਲਗਾ ਦਿੱਤੀਆਂ ਅਤੇ ਗੁਰਦੁਆਰਿਆਂ ਦਾ ਪੁਨਰ ਨਿਰਮਾਣ ਕੀਤਾ ਪਰ ਪ੍ਰਬੰਧ ਪੁਜਾਰੀਆਂ ਕੋਲ ਹੀ ਰਿਹਾ । **1849** ਈ. ਵਿਚ ਅੰਗਰੇਜ਼ਾਂ ਦੇ ਪੰਜਾਬ ਵਿਚ ਆਕੇ ਗੁਰਦੁਆਰਿਆਂ ਅਤੇ ਇਹਨਾਂ ਨਾਲ ਲਗਦੀਆਂ ਜਮੀਨਾਂ ਨੂੰ ਆਪਣੀ ਨਿੱਜੀ ਜਾਇਦਾਦ ਸਮਝਣ ਲੱਗ ਪਏ। ਇਹਨਾਂ ਤੋਂ ਆਉਂਦੀ ਆਮਦਨ ਨੂੰ ਵੀ ਆਪਣੇ ਨਿੱਜੀ ਕੰਮਾਂ ਲਈ ਵਰਤਣ ਲਗ ਪਏ। ਅੰਗਰੇਜ਼ਾਂ ਕਈ ਗੁਰਦੁਆਰਿਆਂ ਦੀ ਜਾਇਦਾਦ ਨੂੰ ਆਪਣੀ ਮਰਜ਼ੀ ਨਾਲ ਵੇਚ ਦਿੱਤਾ ਸੀ। ਮਹੰਤਾਂ ਵੱਲੋਂ ਗੁਰਦੁਆਰਿਆਂ ਵਿਚ ਕੁਝ ਅਜਿਹੀਆਂ ਰਸਮਾਂ ਅਰੰਭ ਕਰ ਦਿੱਤੀਆਂ ਗਈਆਂ ਜਿਹੜੀਆਂ ਕੱਟੜ ਸਿੱਖਾਂ ਲਈ ਵਿਵਰਜਿਤ ਸਨ। ਇਹਨਾਂ ਸਾਰੇ ਤੱਥਾਂ ਨੇ ਗੁਰਦੁਆਰਾ ਸੁਧਾਰ ਲਹਿਰ ਨੂੰ ਜਨਮ ਦਿੱਤਾ ਜਿਸ ਵਿਚ ਸਿੱਖ ਵੱਡੀ ਗਿਣਤੀ ਵਿਚ ਜੇਲਾਂ ਵਿਚ ਜਾਂਦੇ, ਅਤਿਆਚਾਰ ਸਹਿਨ ਕਰਦੇ ਅਤੇ ਮੌਤ ਦਾ ਵੀ ਸਾਮ੍ਹਣਾ ਕਰਦੇ ਸਨ ।

ਅੰਤ ਅੰਗਰੇਜ਼ ਸਰਕਾਰ ਨੂੰ ਜਨਤਿਕ ਦਬਾਉ ਹੇਠ ਝੁਕਣਾ ਪਇਆ ਅਤੇ ਪਹਿਲੀ ਵਾਰੀ **1922** ਈ. ਵਿਚ ਸਿੱਖ ਗੁਰਦੁਆਰਾ ਅਤੇ ਸ਼ਰਾਇਨਸ ਐਕਟ,**1922** ਪਾਸ ਕੀਤਾ ਗਿਆ ਜਿਸ ਵਿਚ ਸਰਕਾਰ ਵੱਲੋਂ ਨਾਮਜ਼ਦ ਇਕ ਕਮੇਟੀ ਦਾ ਪ੍ਰਬੰਧ ਕੀਤਾ ਗਿਆ ਜਿਸਨੇ ਗੁਰਦੁਆਰਿਆਂ ਦਾ ਕੰਟਰੋਲ ਆਪਣੇ ਹੱਥ ਵਿਚ ਲੈਣਾ ਸੀ। ਪਰ ਅਕਾਲੀ ਲੀਡਰਾਂ ਨੇ ਇਸ ਨੂੰ ਨਾ-ਮੰਨਜ਼ੂਰ ਕੀਤਾ ਅਤੇ ਇਹ ਖ਼ਤਮ ਹੋ ਗਿਆ। ਗੁਰਦੁਆਰਾ ਸੁਧਾਰ ਅੰਦੋਲਨ ਚਲਦਾ ਰਿਹਾ ਅਤੇ ਸਰਕਾਰ ਨੇ ਇਕ ਹੋਰ ਡਰਾਫਟ ਤਿਆਰ ਕੀਤਾ।

ਇਸ ਵਾਰੀ ਅਕਾਲੀਆਂ ਦੀ ਸਲਾਹ ਲਈ ਗਈ ਅਤੇ ਸਿੱਖਾਂ ਦੀ ਗੁਰਦੁਆਰਿਆਂ ਦਾ ਪ੍ਰਬੰਧ ਸਿੱਖਾਂ ਦੇ ਹੱਥਾਂ ਵਿਚ ਦੇਣ ਦੀ ਮੰਗ ਨੂੰ ਪਰਵਾਨ ਕਰ ਲਿਆ ਗਿਆ। ਇਸ ਸੰਬੰਧੀ 7 ਮਈ, 1925 ਨੂੰ ਸਰਦਾਰ ਤਾਰਾ ਸਿੰਘ ਮੋਗਾ ਨੇ ਪੰਜਾਬ ਵਿਧਾਨਿਕ ਕੌਂਸਲ ਵਿਚ ਬਿੱਲ ਪੇਸ਼ ਕੀਤਾ ਅਤੇ ਇਸ ਦਾ ਸਮਰਥਨ ਇਕ ਹੋਰ ਸਿੱਖ ਮੈਂਬਰ ਪ੍ਰਸਿੱਧ ਵਿਦਿਆ ਸ਼ਾਸਤਰੀ ਅਤੇ ਧਰਮ-ਸ਼ਾਸਤਰੀ ਭਾਈ ਜੋਧ ਸਿੰਘ ਦੁਆਰਾ ਕੀਤਾ ਗਿਆ। ਪਹਿਲੀ ਵਾਰੀ ਇਹ ਬਿੱਲ ਇਕ ਚੋਣਵੀਂ ਕਮੇਟੀ ਨੂੰ ਭੇਜਿਆ ਗਿਆ ਜਿਸ ਨੇ ਆਪਣੀ ਰਿਪੋਰਟ 20 ਜੂਨ ਨੂੰ ਪੇਸ਼ ਕੀਤੀ। ਕੌਂਸਲ ਨੇ 7 ਜੁਲਾਈ ਨੂੰ ਇਹ ਬਿੱਲ ਪਾਸ ਕਰ ਦਿੱਤਾ। 7 ਅਗਸਤ ਨੂੰ ਪੰਜਾਬ ਸਰਕਾਰ ਦੇ ਗਜ਼ਟ ਵਿਚ ਇਸ ਨੂੰ ਛਾਪਿਆ ਗਿਆ ਅਤੇ 1 ਨਵੰਬਰ , 1925 ਨੂੰ ਇਹ ਸਿੱਖ ਗੁਰਦੁਆਰਾ ਐਕਟ 1925 (1925 ਦੇ ਪੰਜਾਬ ਐਕਟ VIII ) ਦੇ ਤੌਰ ਤੇ ਲਾਗੂ ਹੋ ਗਿਆ।[130]

ਇਸ ਐਕਟ ਦੀ ਪ੍ਰਸਤਾਵਨਾ ਵਿਚ ਹੀ ਲਿਖਿਆ ਹੋਇਆ ਹੈ ਕਿ ਕੁਝ ਵਿਸ਼ੇਸ਼ ਗੁਰਦੁਆਰਿਆਂ ਦੇ ਚੰਗੇ ਪ੍ਰਬੰਧ ਲਈ ਅਤੇ ਉਸ ਨਾਲ ਸੰਬੰਧਿਤ ਝਗੜਿਆਂ ਦੀ ਜਾਂਚ ਪੜਤਾਲ ਅਤੇ ਨਿਪਟਾਰੇ ਲਈ ਕੰਮ ਕਰਨਾ ਸੀ। ਇਸ ਐਕਟ ਦੇ ਤਿੰਨ ਭਾਗ ਹਨ।

- ਪਹਿਲੇ ਭਾਗ ਵਿਚ ਮੁਢਲੇ ਮਸਲੇ ਜਿਵੇਂ ਸਿਰਲੇਖ, ਪਹੁੰਚ ਅਤੇ ਪਰਿਭਾਸ਼ਾ, ਇਸ ਐਕਟ ਅਧੀਨ ਆਉਂਦੇ ਗੁਰਦੁਆਰਿਆਂ ਦਾ ਪ੍ਰਬੰਧ ਆਦਿ ਸ਼ਾਮਿਲ ਹਨ। ਇਸ ਤੋਂ ਇਲਾਵਾ ਉਸ ਵਿਧੀ ਵਿਧਾਨ ਦਾ ਜ਼ਿਕਰ ਹੈ ਜਿਸ ਰਾਹੀਂ ਹੋਰ ਗੁਰਦੁਆਰੇ ਇਸ ਦੇ ਅਧੀਨ ਲਿਆਏ ਜਾ ਸਕਦੇ ਹਨ ਅਤੇ ਗੁਰਦੁਆਰਾ ਟ੍ਰਿਬਿਊਨਲ ਦੀ ਨਿਯੁਕਤੀ ਅਤੇ ਵਿਧੀ ਬਾਰੇ ਵਿਚਾਰ ਹੈ। ਦਿਲਚਸਪ ਗੱਲ ਇਹ ਹੈ ਕਿ ਪਰਿਭਾਸ਼ਾ ਵਾਲੀ ਧਾਰਾ ਵਿਚ ਸਿੱਖ ਗੁਰਦੁਆਰੇ ਦੀ ਪਰਿਭਾਸ਼ਾ ਹੀ ਨਹੀਂ ਦਿੱਤੀ ਗਈ ਪਰੰਤੂ ਇਸ ਤੋਂ ਅਗਲੀ ਧਾਰਾ ਦੇ ਇਕ ਭਾਗ 2-10 ਵਿਚ "ਇਕ ਸੁਨਿਸਚਿਤ ਸਿੱਖ ਗੁਰਦੁਆਰਾ" ਜਿਹੜਾ ਸਥਾਨਕ ਸਰਕਾਰ ਨੇ ਨੋਟੀਫਿਕੇਸ਼ਨ ਰਾਹੀਂ ਘੋਸ਼ਿਤ ਕੀਤਾ ਹੈ ਸਿੱਖ ਗੁਰਦੁਆਰਾ ਕਿਹਾ ਗਿਆ ਹੈ"। ਇਸ ਹਿੱਸੇ ਦਾ ਚੈਪਟਰ 2 (ਸੈਕਸ਼ਨ 3 ਤੋਂ

---

[130] *ਸਿੱਖ ਗੁਰਦੁਆਰਾ ਐਕਟ* 1925, 1966, ਪੰਨਾ-1

11 ) ਅਤੇ ਸੂਚੀਆਂ ਜਿਨ੍ਹਾਂ ਦਾ ਇਸ ਵਿਚ ਜ਼ਿਕਰ ਕੀਤਾ ਗਿਆ ਹੈ ਇਸ ਐਕਟ ਦੇ ਮਹੱਤਵਪੂਰਨ ਭਾਗ ਹਨ । ਇਸ ਵਿਚ ਸੂਚੀ ਬੱਧ ਅਤੇ ਅਸੂਚੀ ਬੱਧ ਦੋ ਕਿਸਮ ਦੇ ਗੁਰਦੁਆਰਿਆਂ ਦਾ ਪ੍ਰਬੰਧ ਕੀਤਾ ਗਿਆ ਹੈ। ਮਹੱਤਵਪੂਰਨ ਇਤਿਹਾਸਿਕ ਗੁਰਦੁਆਰੇ ਜਿਨ੍ਹਾਂ ਬਾਰੇ ਕੋਈ ਸੰਦੇਹ ਹੀ ਨਹੀਂ ਸੀ ਐਕਟ ਦੀ ਅਨੁਸੂਚੀ ਵਿਚ ਸ਼ਾਮਿਲ ਕੀਤੇ ਗਏ ਹਨ। ਮੂਲ ਰੂਪ ਵਿਚ ਇਸ ਅਨੁਸੂਚੀ ਵਿਚ 241 ਗੁਰਦੁਆਰੇ ਸ਼ਾਮਿਲ ਕੀਤੇ ਗਏ ਸਨ ਜਿਨ੍ਹਾਂ ਵਿਚੋਂ 65 ਪੰਜਾਬ ਦੀ ਵੰਡ ਬਾਅਦ ਪਾਕਿਸਤਾਨ ਵਿਚ ਰਹਿ ਗਏ ਹਨ। ਇਸ ਤੋਂ ਇਲਾਵਾ, 173 ਗੁਰਦੁਆਰੇ ਪਟਿਆਲਾ ਰਿਆਸਤ ਵਿਚ ਅਤੇ ਈਸਟ ਪੰਜਾਬ ਸਟੇਟਸ ਯੂਨੀਅਨ ਵਿਚ ਐਕਟ 1959 ਵਿਚ ਸੋਧ ਕਰਕੇ ਸ਼ਾਮਿਲ ਕਰ ਲਏ ਗਏ ਸਨ। ਅਨੁਸੂਚੀ II ਵਿਚ ਉਹਨਾਂ ਸੰਸਥਾਵਾਂ ਦਾ ਬਿਓਰਾ ਹੈ ਜਿਹੜੀਆਂ ਸਿੱਖ ਗੁਰਦੁਆਰੇ ਨਹੀਂ ਸਨ ਅਤੇ ਜਿਨ੍ਹਾਂ ਦੇ ਕੰਟਰੋਲ ਬਾਰੇ ਕਿਸੇ ਕਿਸਮ ਦਾ ਕੋਈ ਝਗੜਾ ਨਹੀਂ ਸੀ । ਇਹਨਾਂ ਗੁਰਦੁਆਰਿਆਂ ਦੇ ਸੰਬੰਧ ਵਿਚ ਜੋ ਇਥੇ ਦਰਜ ਹਨ ਅਤੇ ਜਿਨ੍ਹਾਂ ਨੂੰ ਅਨੁਸੂਚੀ ਦਰਜ ਗੁਰਦੁਆਰੇ ਕਿਹਾ ਜਾਂਦਾ ਹੈ, ਰਾਜ ਸਰਕਾਰ ਨੇ ਸਰਕਾਰੀ ਗਜ਼ਟ ਵਿਚ ਇਕ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਜਿਸ ਵਿੱਚ ਇਹਨਾਂ ਨੂੰ ਸਿੱਖ ਗੁਰਦੁਆਰੇ ਐਲਾਨ ਕੀਤਾ ਗਿਆ ਸੀ। ਇਸ ਨੋਟੀਫਿਕੇਸ਼ਨ ਵਿਚ ਇਹਨਾਂ ਗੁਰਦੁਆਰਿਆਂ ਨਾਲ ਲੱਗੀ ਜਾਇਦਾਦ ਦਾ ਵੇਰਵਾ ਵੀ ਅੰਕਿਤ ਸੀ।

- ਦੂਸਰੀ ਕਿਸਮ ਦੀ ਸੂਚੀ ਸਿੱਖ ਗੁਰਦੁਆਰਾ ਐਕਟ 1925 ਦੇ ਸ਼ਡਿਊਲ 1, ਸੈਕਸ਼ਨ 7 ਵਿਚ ਦਰਜ ਅਨੁਸੂਚਿਤ ਗੁਰਦੁਆਰਿਆਂ ਦੀ ਸੂਚੀ ਤੋਂ ਵੱਖਰੇ ਗੁਰਦੁਆਰੇ ਹਨ ਇਹ ਦਰਜ ਹੈ ਕਿ ਪੰਜਾਹ ਜਾਂ ਇਸਤੋਂ ਵੱਧ ਦੀ ਗਿਣਤੀ ਦੇ ਸਿੱਖ ਜਿਨ੍ਹਾਂ ਦੀ 21 ਸਾਲ ਉਮਰ ਹੋਣੀ ਚਾਹੀਦੀ ਹੈ ਅਤੇ ਜੋ ਗੁਰਦੁਆਰੇ ਵਾਲੇ ਪੁਲਿਸ ਥਾਣੇ ਦੀ ਹੱਦ ਅੰਦਰ ਰਹਿੰਦੇ ਹੋਣ ਨਿਰਧਾਰਿਤ ਸਮੇਂ ਵਿਚ ਗੁਰਦੁਆਰੇ ਦੀ ਜਾਇਦਾਦ ਬਾਰੇ ਰਾਜ ਸਰਕਾਰ ਨੂੰ ਇਕ ਦਰਖ਼ਾਸਤ ਦੇ ਸਕਦੇ ਹਨ । ਰਾਜ ਸਰਕਾਰ ਇਕ ਨੋਟੀਫਿਕੇਸ਼ਨ ਰਾਹੀਂ ਇਸ ਦਰਖ਼ਾਸਤ ਨੂੰ ਛਾਪਦੀ ਹੈ ਅਤੇ ਸੰਭਾਵੀ ਇਤਰਾਜ਼ ਜੱਦੀ ਕਮੇਟੀ ਮੈਬਰਾਂ ਵੱਲੋਂ ਜਾਂ ਵੀਹ ਸ਼ਰਧਾਲੂਆਂ ਵੱਲੋਂ ਮੰਗੇ ਜਾਂਦੇ ਹਨ ਜੋ ਨੋਟੀਫਿਕੇਸ਼ਨ ਦੇ

ਛਪਣ ਉਪਰੰਤ ਨੱਬੇ ਦਿਨਾਂ ਦੇ ਅੰਦਰ ਦੇਣੇ ਹੁੰਦੇ ਹਨ। ਜੇਕਰ ਕੋਈ ਅਜਿਹੇ ਇਤਰਾਜ਼ ਨਹੀਂ ਭੇਜੇ ਜਾਂਦੇ ਤਾਂ ਸਰਕਾਰ ਅਜਿਹੇ ਗੁਰਦੁਆਰੇ ਨੂੰ ਇਕ ਸਿੱਖ ਗੁਰਦੁਆਰਾ ਐਲਾਨ ਕਰ ਦਿੰਦੀ ਹੈ ਪਰ ਜੇਕਰ ਕੋਈ ਇਤਰਾਜ਼ ਦੀ ਦਰਖ਼ਾਸਤ ਆਉਂਦੀ ਹੈ ਤਾਂ ਇਸ ਕੇਸ ਨੂੰ ਅਦਾਲਤੀ ਫ਼ੈਸਲੇ ਲਈ ਸਿੱਖ ਗੁਰਦੁਆਰਾ ਟ੍ਰਿਬਿਊਨਲ ਕੋਲ ਭੇਜਿਆ ਜਾਂਦਾ ਹੈ। ਸਿੱਖ ਗੁਰਦੁਆਰਾ ਟ੍ਰਿਬਿਊਨਲ ਇਕ ਉੱਚ ਪੱਧਰਾ ਟ੍ਰਿਬਿਊਨਲ ਹੈ ਜਿਸ ਦਾ ਚੇਅਰਮੈਨ ਹਾਈਕੋਰਟ ਦਾ ਸੇਵਾ ਮੁਕਤ ਜੱਜ ਹੁੰਦਾ ਹੈ । ਇਸ ਦਾ ਵਿਧਾਨ ਐਕਟ **(** ਸੈਕਸ਼ਨ **12-37 )** ਦੇ ਅਧਿਆਇ**-3** ਭਾਗ **1** ਵਿਚ ਉਪਲਬਧ ਹੈ। ਟ੍ਰਿਬਿਊਨਲ ਦੇ ਫ਼ੈਸਲੇ ਵਿਰੁੱਧ ਅਪੀਲ ਕੇਵਲ ਹਾਈਕੋਰਟ ਵਿਚ ਹੀ ਹੋ ਸਕਦੀ ਹੈ ਅਤੇ ਇਸਦੀ ਸੁਣਵਾਈ ਦੋ ਜੱਜਾਂ ਦਾ ਬੈਂਚ ਕਰਦਾ ਹੈ । ਇਸ ਗੱਲ ਦਾ ਫ਼ੈਸਲਾ ਕਰਨ ਲਈ ਇਹ ਵੇਖਿਆ ਜਾਂਦਾ ਹੈ ਕਿ ਵਿਵਾਦ ਵਾਲੀ ਸੰਸਥਾ ਸਿੱਖ ਗੁਰਦੁਆਰਾ ਹੈ ਜਾਂ ਨਹੀਂ ਅਤੇ ਕੀ ਦਰਖ਼ਾਸਤ ਦੇਣ ਤੋਂ ਪਹਿਲਾਂ ਜਾਂ ਉਸ ਸਮੇਂ ਉਥੇ ਸਿੱਖਾਂ ਦਾ ਸੰਗਤ ਇਕੱਠੀ ਹੁੰਦੀ ਸੀ ਜਾਂ ਨਹੀਂ ਅਤੇ ਇਸ ਦੇ ਨਾਲ ਇਹ ਵੀ ਦੇਖਿਆ ਜਾਂਦਾ ਹੈ ਕਿ ਕੀ ਗੁਰਦੁਆਰਾ ਦਸ ਗੁਰੂਆਂ ਦੀ ਯਾਦ ਵਿਚ ਸਥਾਪਿਤ ਕੀਤਾ ਗਿਆ ਸੀ ਜਾਂ ਸਿੱਖ ਗੁਰੂਆਂ ਨਾਲ ਸੰਬੰਧਿਤ ਕਿਸੇ ਪਰੰਪਰਾ ਨਾਲ ਸੰਬੰਧਿਤ ਹੈ ਜਾਂ ਦਸ ਗੁਰੂਆਂ ਦੇ ਜੀਵਨ ਦੀ ਕਿਸੇ ਘਟਨਾ ਨਾਲ ਸੰਬੰਧਿਤ ਹੈ ਜਾਂ ਇਹ ਕਿਸੇ ਸਿੱਖ ਸ਼ਹੀਦ ਸੰਤ ਜਾਂ ਇਤਿਹਾਸਿਕ ਵਿਅਕਤੀ ਨਾਲ ਸੰਬੰਧਿਤ ਹੈ ਜਾਂ ਸਿੱਖਾਂ ਦੁਆਰਾ ਇਸ ਦੀ ਵਰਤੋਂ ਸੰਗਤੀ ਰੂਪ ਵਿਚ ਕੀਤੀ ਜਾਂਦੀ ਹੋਵੇ ਆਦਿ ।

- ਸਿੱਖ ਗੁਰਦੁਆਰਾ ਐਕਟ **1925** ਦੇ ਭਾਗ**-II** ਦੇ ਇਕੋ ਇਕ ਸੈਕਸ਼ਨ **38** ਦੇ ਅਨੁਸਾਰ ਜੇ ਭਾਗ**-I** ਦਾ ਫਾਇਦਾ ਨਾ ਲਿਆ ਜਾਵੇ ਤਾਂ ਫਿਰ ਇਹ ਐਲਾਨ ਨਾਮਾ ਪ੍ਰਾਪਤ ਕਰਨ ਲਈ ਕਿ ਕੋਈ ਵਿਸ਼ੇਸ਼ ਸੰਸਥਾ ਸਿੱਖ ਗੁਰਦੁਆਰਾ ਹੈ**,** ਆਮ ਸਿਵਲ ਕੋਰਟ ਦੀ ਸਹਾਇਤਾ ਪ੍ਰਾਪਤ ਕੀਤੀ ਜਾ ਸਕਦੀ ਹੈ। ਕੋਈ ਗੁਰਦੁਆਰਾ ਸਿੱਖ ਗੁਰਦੁਆਰਾ ਸੁਨਿਸ਼ਚਿਤ ਹੋ ਜਾਣ ਬਾਅਦ ਰਾਜ ਸਰਕਾਰ ਅੰਤਿਮ ਨਿਰਨਾ ਲੈ ਕੇ ਇਸ ਬਾਰੇ ਲੋੜੀਂਦਾ ਸੂਚਨਾ ਪੱਤਰ ਜਾਰੀ ਕਰਦੀ ਹੈ ਅਤੇ

ਹੁਣ ਗੁਰਦੁਆਰੇ ਦੇ ਪ੍ਰਬੰਧ ਸੰਬੰਧੀ ਐਕਟ ਦੇ ਭਾਗ-**III** ਦੇ ਨਿਯਮ ਲਾਗੂ ਹੋ ਜਾਂਦੇ ਹਨ । ਇਸ ਐਕਟ ਵਿਚ ਗੁਰਦੁਆਰੇ ਦੀ ਜਾਇਦਾਦ ਨਾਲ ਸੰਬੰਧਿਤ ਝਗੜਿਆਂ ਨੂੰ ਨਿਪਟਾਉਣ ਲਈ ਵੀ ਪ੍ਰਬੰਧ ਕੀਤਾ ਗਿਆ ਹੈ ।

- ਗੁਰਦੁਆਰਾ ਐਕਟ **1925** ਦੇ ਭਾਗ-**III** ਵਿਚ ਸਿੱਖ ਗੁਰਦੁਆਰਿਆਂ ਦਾ ਪ੍ਰਬੰਧ ਕਰਨ ਲਈ ਕੇਂਦਰੀ ਸੰਸਥਾ ਦਾ ਪ੍ਰਬੰਧ ਹੈ ਜਿਸ ਨੂੰ ਗੁਰਦੁਆਰਾ ਸੈਂਟਰਲ ਬੋਰਡ ਕਿਹਾ ਜਾਂਦਾ ਹੈ। ਇਸਨੇ ਆਪਣੀ ਪਹਿਲੀ ਮੀਟਿੰਗ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ **(**ਐਸ.ਜੀ.ਪੀ.ਸੀ**)** ਦੇ ਨਾਂ 'ਤੇ ਅਪਣਾ ਨਾਂ ਰੱਖਿਆ। ਨਾਂ ਦੀ ਇਸ ਤਬਦੀਲੀ ਨੂੰ ਸਰਕਾਰ ਨੇ ਪਰਵਾਨ ਕਰ ਲਿਆ ਅਤੇ **17** ਜਨਵਰੀ **1927** ਦੇ ਸੂਚਨਾ ਪੱਤਰ ਰਾਹੀਂ ਇਸਨੂੰ ਪ੍ਰਕਾਸ਼ਿਤ ਕਰ ਦਿੱਤਾ ਗਿਆ। ਕਮੇਟੀ ਸਿੱਧੇ ਤੌਰ ਤੇ ਕੁਝ ਪ੍ਰਮੁਖ ਗੁਰਦਆਰਿਆਂ ਦਾ ਪ੍ਰਬੰਧ ਕਰਦੀ ਹੈ ਅਤੇ ਬਾਕੀ ਗੁਰਦੁਆਰਿਆਂ ਦੀਆਂ ਕਮੇਟੀਆਂ ਦੇ ਕੰਮ ਦੀ ਦੇਖ ਭਾਲ ਕਰਦੀ ਹੈ ਜਿਨ੍ਹਾਂ ਵਿਚੋਂ ਕੁਝ ਵਿਅਕਤੀ ਤਾਂ ਕਮੇਟੀ ਨਾਮਜ਼ਦ ਕਰਦੀ ਹੈ ਅਤੇ ਕੁਝ ਇਕ ਨੂੰ ਜ਼ਿਲੇ ਦੇ ਵੋਟਰਾਂ ਰਾਹੀਂ ਚੁਣਿਆਂ ਜਾਂਦਾ ਹੈ ਜਿਸ ਜ਼ਿਲੇ ਵਿਚ ਇਹ ਗੁਰਦੁਆਰਾ ਹੁੰਦਾ ਹੈ । **1987** ਈ**.** ਵਿਚ ਇਸ ਐਕਟ ਵਿਚ ਸੋਧ ਕੀਤੀ ਗਈ ਜਿਸ ਤਹਿਤ **25 , 000** ਰੁਪਏ ਤੋਂ ਜ਼ਿਆਦਾ ਆਮਦਨ ਵਾਲੇ ਗੁਰਦੁਆਰਿਆਂ ਦਾ ਪ੍ਰਬੰਧ ਸਿੱਧੇ ਤੌਰ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਕੀਤਾ ਜਾਂਦਾ ਹੈ।
- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ, ਨਾਮਜ਼ਦ ਮੈਂਬਰ, ਮੁਖ ਗ੍ਰੰਥੀ, ਗ੍ਰੰਥੀ, ਜੱਥੇਦਾਰ, ਤਨਖ਼ਾਹਦਾਰ, ਸੇਵਾਦਾਰ, ਕਮੇਟੀਆਂ**,** ਸਬ-ਕਮੇਟੀਆਂ, ਜੁਡੀਸ਼ੀਅਲ ਕਮਿਸ਼ਨ ਆਦਿ ਬਾਰੇ ਸਾਰੇ ਨਿਯਮ ਅਤੇ ਯੋਗਤਾਵਾਂ ਵੀ ਗੁਰਦੁਆਰਾ ਐਕਟ **1925** ਸ਼ਾਮਿਲ ਹਨ**।**
- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਆਮ ਕਾਰਜਕਾਲ ਪੰਜ ਸਾਲ ਹੈ ਪਰ ਐਕਟ ਅਨੁਸਾਰ ਕਮੇਟੀ ਉਨੀ ਦੇਰ ਤਕ ਕੰਮ ਕਰਦੀ ਰਹਿੰਦੀ ਹੈ ਜਿਤਨੀ ਦੇਰ ਤਕ ਨਵੀਂ ਕਮੇਟੀ ਦੀ ਚੋਣ ਨਹੀਂ ਹੋ ਜਾਂਦੀ।

- ਇਸ ਐਕਟ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਇਸ ਦੀਆਂ ਕਮੇਟੀਆਂ ਬਾਰੇ ਵਿਸਤਾਰਪੂਰਨ ਨਿਯਮ ਬਣੇ ਹੋਏ ਹਨ। ਇਸਦੇ ਨਾਲ ਹੀ ਕਮੇਟੀ ਦਾ ਬਜਟ ਵੀ ਐਕਟ ਦੇ ਨਿਯਮਾਂ ਮੁਤਾਬਕ ਹੀ ਵਰਤਿਆ ਜਾਂਦਾ ਹੈ। ਕੁੱਲ ਆਮਦਨ ਦਾ ਵਧ ਤੋਂ ਵਧ ਦਸ ਪ੍ਰਤੀਸ਼ਤ ਘੱਟ ਆਮਦਨ ਵਾਲੇ ਗੁਰਦੁਆਰਿਆਂ ਦੀ ਦੇਖ-ਭਾਲ ਲਈ ਰੱਖਿਆ ਜਾਂਦਾ ਹੈ। ਜੇਕਰ ਕੋਈ ਵਾਧੂ ਫੰਡ ਹੋਵੇ ਤਾਂ ਉਸਨੂੰ ਧਾਰਮਿਕ ਜਾਂ ਖੈਰਾਤੀ ਮੰਤਵ ਜਾਂ ਸਮਾਜਿਕ ਜਾਂ ਪੰਥ ਦੇ ਆਮ ਭਲੇ ਲਈ ਵਰਤਿਆ ਜਾਂਦਾ ਹੈ । ਧਾਰਮਿਕ ਫੰਡ ਸਿੱਖ ਧਰਮਅਤੇ ਉਸ ਨਾਲ ਸੰਬੰਧਿਤ ਕੰਮਾਂ ਤੇ ਖਰਚ ਕਰਨਾ ਹੁੰਦਾ ਹੈ । ਖੋਜ ਲਈ ਧਨ ਰਾਸ਼ੀ ਦੀ ਵਰਤੋਂ ਜਿਸ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਾਲਾਨਾ ਘੱਟੋ ਘੱਟ **20 , 000** ਰੁਪਿਆ ਦੇਣਾ ਹੁੰਦਾ ਹੈ ਸਿੱਖ ਇਤਿਹਾਸ ਦੀ ਖੋਜ **,** ਕਿਤਾਬਾਂ ਦੀ ਛਪਾਈ ਲਈ ਕੀਤੀ ਜਾਂਦੀ ਹੈ । ਕਮੇਟੀ ਕੌਮ ਦੀ ਸਨਅਤੀ ਜਾਂ ਵਿੱਦਿਅਕ ਤਰੱਕੀ ਵਰਗੇ ਵਿਸ਼ੇਸ਼ ਉਦੇਸ਼ਾਂ ਲਈ ਫੰਡ ਪੈਦਾ ਕਰ ਸਕਦੀ ਹੈ ਅਤੇ ਇਹਨਾਂ ਦਾ ਪ੍ਰਬੰਧ ਕਰ ਸਕਦੀ ਹੈ ।
- ਇਸ ਐਕਟ ਵਿਚ ਮਿਲੇ ਕੁਝ ਨੁਕਸਾਂ ਨੂੰ ਸਮੇਂ ਸਮੇਂ ਤੇ ਸੋਧਕ ਐਕਟਾਂ ਰਾਹੀਂ ਸੁਧਾਰਿਆ ਗਿਆ ਹੈ। ਸਭ ਤੋਂ ਵੱਡੀ ਸੋਧ ਇਸ ਵਿਚ **1944** ਦੇ ਐਕਟ **XI** ਦੁਆਰਾ ਕੀਤੀ ਗਈ ਸੀ। ਇਸ ਸੋਧ ਨੂੰ ਪੇਸ਼ ਕਰਨ ਵਾਲਾ ਪੰਜਾਬ ਦੀ ਲੇਜਿਸਲੇਟਿਵ ਅਸੈਂਬਲੀ ਦਾ ਮੈਂਬਰ ਗਿਆਨੀ ਕਰਤਾਰ ਸਿੰਘ ਸੀ। ਇਸ ਤਹਿਤ ਕੁਝ ਮਹੱਤਵਪੂਰਨ ਧਾਰਾਵਾਂ ਸਨ **:**
- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਬਾਰਾਂ ਸੀਟਾਂ ਮਜ਼੍ਹਬੀ ਅਤੇ ਰਮਦਾਸੀ ਸਿੱਖਾਂ ਲਈ ਰਾਖਵੀਆਂ ਰੱਖੀਆਂ ਗਈਆਂ ਸਨ
- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਮਾਂ **3** ਤੋਂ **5** ਸਾਲਾਂ ਤਕ ਕੀਤਾ ਗਿਆ ਸੀ
- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਰਮਚਾਰੀਆਂ ਨੂੰ ਆਪਣੀ ਪੱਦਵੀ ਦੀ ਦੁਰਵਰਤੋਂ ਕਰਨ ਤੇ ਸਜ਼ਾ ਦਿੱਤੀ ਜਾ ਸਕਦੀ ਹੈ **(** ਪਹਿਲਾਂ ਕੇਵਲ ਇਹ ਮੈਂਬਰਾਂ ਤਕ ਹੀ ਸੀਮਤ ਸੀ **)**

- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦੋਹਰੇ ਚੋਣ ਖੇਤਰਰੱਦ ਕੀਤੇ ਗਏ ਅਤੇ ਇਹਨਾਂ ਦੀ ਥਾਂ ਤੇ ਕੇਵਲ ਇਕ ਮੈਂਬਰ ਇਕ ਚੋਣ ਖੇਤਰ ਦੀ ਵਿਵਸਥਾ ਕੀਤੀ ਗਈ
- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਤਹਿਤ ਆਉਂਦੇ ਗੁਰਦੁਆਰਿਆਂ ਦੇ ਦਸਵੰਧ ਦੀ ਪ੍ਰਤੀਸ਼ਤ ਵਿਚ ਤਬਦੀਲੀ ਕਰਨ ਦੀ ਅਧਿਕਾਰੀ ਹੈ
- ਸਰਕਾਰ ਕਿਸੇ ਕਿਸਮ ਦੀ ਦਖਲ ਅੰਦਾਜ਼ੀ ਨਹੀਂ ਕਰ ਸਕਦੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਧਾਰਮਿਕ ਪ੍ਰਚਾਰ , ਦਾਨ , ਵਿੱਦਿਆ , ਉਦਯੋਗ ਆਦਿ ਲਈ ਬਜਟ ਦੀ ਵੰਡ ਕਰਨ ਲਈ ਸੁਤੰਤਰ ਅਤੇ ਸਮਰੱਥ ਹੈ ।

ਇਸ ਐਕਟ ਦੀ ਵਿਹਾਰਿਕ ਵਰਤੋਂ ਦੇ ਲਿਹਾਜ਼ ਨਾਲ ਇਸ ਦੀਆਂ ਧਾਰਾਵਾਂ ਦੇ ਨੁਕਸ ਅਤੇ ਦੋਸ਼ਾਂ ਬਾਰੇ ਆਲੋਚਨਾ ਦੇ ਬਾਵਜੂਦ ਇਹ ਐਕਟ ਇਸ ਲਈ ਇਤਿਹਾਸਿਕ ਪੱਧਰ ਦਾ ਹੈ ਕਿਉਂਕਿ ਵਿਸ਼ੇਸ਼ ਕਰਕੇ ਸਰਕਾਰ ਗੁਰਦੁਆਰਾ ਪ੍ਰਬੰਧ ਵਿਚ ਦਖਲ ਅੰਦਾਜ਼ੀ ਨਹੀਂ ਕਰ ਸਕਦੀ ਅਤੇ ਇਸ ਵਿਚ ਸਿੱਖਾਂ ਦੇ ਗੁਰਦੁਆਰਿਆਂ ਦੇ ਪ੍ਰਬੰਧ ਲਈ ਨੁਮਾਇਦਿਆਂ ਦੀ ਚੋਣ ਨੂੰ ਸਰਕਾਰ ਨੇ ਮਾਨਤਾ ਦਿੱਤੀ ਸੀ। ਇਸ ਐਕਟ ਦੇ **1925** ਵਿਚ ਪਾਸ ਹੋਣ ਤੋਂ ਪਹਿਲਾਂ ਦੇ ਰੀਤੀ ਰਿਵਾਜ਼ਾਂ ਅਤੇ ਕਰਮਕਾਂਡਾਂ ਨੂੰ ਇਕ ਪਾਸੇ ਰੱਖਿਆ ਗਿਆ ਹੈ। ਸਾਰੇ ਹਿੰਦੁਸਤਾਨ ਦੇ ਗੁਰਦੁਆਰਿਆਂ ਦੇ ਪ੍ਰਬੰਧ ਲਈ ਇਕ ਵੱਡਾ ਐਕਟ ਬਣਾਉਣ ਦੀ ਮੰਗ ਕਾਫ਼ੀ ਦੇਰ ਤੋਂ ਚਲ ਰਹੀ ਹੈ। ਸਿੱਖਾਂ ਦੇ ਗੁਰਦੁਆਰਿਆਂ ਦੇ ਪ੍ਰਬੰਧ ਲਈ ਆਲ ਇੰਡੀਆਂ ਗੁਰਦੁਆਰਾ ਬਿੱਲ ਪੰਜਾਬ ਦੇ ਚੀਫ਼ ਜਸਟਿਸ ਸਰਦਾਰ ਹਰਬੰਸ ਸਿੰਘ ਨੇ ਜੋ ਐਡਵਾਈਜ਼ਰੀ ਕਮੇਟੀ ਦੇ ਚੇਅਰਮੈਨ ਸਨ ਸਿੱਖ ਨੁਮਾਇੰਦਿਆਂ ਨਾਲ ਸਲਾਹ ਕਰਕੇ ਤਿਆਰ ਕੀਤਾ ਸੀ ਅਤੇ ਇਸ ਨੂੰ **1979** ਵਿਚ ਕੇਂਦਰੀ ਸਰਕਾਰ ਨੂੰ ਭੇਜ ਦਿੱਤਾ ਗਿਆ ਸੀ।

### 4.3.2.ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ 'ਪ੍ਰਬੰਧ ਸਕੀਮ'

'ਪ੍ਰਬੰਧ ਸਕੀਮ' ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ 1976 ਅਤੇ 1997 ਵਿਚ ਦੋ ਵਾਰ ਪ੍ਰਕਾਸ਼ਿਤ ਹੋ ਚੁੱਕੀ ਹੈ। ਇਹ 30 ਪੰਨਿਆਂ ਕਿਤਾਬਚਾ ਹੈ। ਇਸ ਵਿਚ ਪ੍ਰਬੰਧ

ਸਬੰਧੀ ਸੰਖੇਪ ਚਰਚਾ ਕੀਤੀ ਗਈ ਹੈ। ਮੁੱਖ ਰੂਪ ਵਿਚ ਇਸ ਵਿਚ ਪ੍ਰਬੰਧ ਸਕੀਮ ਵਿਚ 72 ਧਾਰਾਵਾਂ ਸ਼ਾਮਿਲ ਹਨ ਜਿਨ੍ਹਾਂ ਵਿਚ ਗੁਰਦੁਆਰਾ ਪ੍ਰਬੰਧ ਨੂੰ ਚਲਾਉਣ ਸਬੰਧੀ ਦਿਸ਼ਾ ਨਿਰਦੇਸ਼ ਜਾਰੀ ਕੀਏ ਗਏ ਹਨ। ਪ੍ਰਬੰਧ ਸਕੀਮ ਦੀ ਧਾਰਾ (1) ਪ੍ਰੀਭਾਸ਼ਕ ਸ਼ਬਦਾਵਲੀ ਨਾਲ ਸੰਬੰਧਿਤ ਹੈ ਜਿਸ ਵਿਚ 11 ਨੁਕਤੇ ਵਿਆਖਿਆ ਸਮੇਤ ਦਰਜ ਕੀਤੇ ਗਏ ਹਨ। ਇਸ ਵਿਚ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਚਲਾਉਣ ਲਈ ਜੋ ਪ੍ਰਬੰਧ ਸਕੀਮ ਜਨਰਲ ਹਾਊਸ ਅਤੇ ਅੰਤ੍ਰਿਗ ਕਮੇਟੀ ਨੇ (1952, 1959, 1974, 1997) ਵੱਖ-ਵੱਖ ਸਮੇਂ 'ਤੇ ਹੋਇਆਂ ਸੋਧਾਂ ਰਾਹੀਂ ਪਾਸ ਕੀਤੀ ਗਈ ਸੀ, ਉਹ ਦਿੱਤੀ ਹੈ। ਇਹ ਪ੍ਰਬੰਧ ਸਕੀਮ ਦਾ ਉਲੇਖ ਸਿੱਖ ਗੁਰਦੁਆਰਾ ਐਕਟ ਦੀ ਧਾਰਾ 85 (1) ਅਤੇ (2) ਤਹਿਤ ਕੀਤਾ ਗਿਆ ਹੈ। ਇਸ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੀ ਗੁਰਦੁਆਰਿਆਂ ਦੀ ਜਾਇਦਾਦ, ਫ਼ੰਡਾਂ, ਆਮਦਨ ਖਰਚ ਦਾ ਪ੍ਰਬੰਧ ਸੰਭਾਲੇਗੀ। ਇਸ ਸਕੀਮ ਵਿਚ ਪ੍ਰਬੰਧ ਸਕੀਮ ਦੀ ਵਿਆਖਿਆ, ਪ੍ਰਧਾਨ, ਸਕੱਤਰ, ਮੈਨੇਜਰ, ਮੈਨੇਜਰ ਦੇ ਫ਼ਰਜ਼ ਅਤੇ ਅਧਿਕਾਰ, ਹੈੱਡ ਮਨੀਸਟਰ ਅਤੇ ਉਹਨਾਂ ਦੇ ਫ਼ਰਜ਼, ਆਮਦਨ, ਚੜ੍ਹਾਵਾ,ਗੋਲਕ, ਜਲੌ, ਤੋਸ਼ਾ ਖਾਨਾ, ਬਜਟ, ਹਿਸਾਬ-ਕਿਤਾਬ, ਹਿਸਾਬ-ਕਿਤਾਬ ਦੀ ਪੜਤਾਲ, ਨਕਦੀ ਦੀ ਰਾਖੀ, ਖਰਚ, ਪੇਸ਼ਗਿਆਂ, ਜੋੜ-ਮੇਲੇ, ਜਾਇਦਾਦ, ਮੁਰੰਮਤਾਂ ਅਤੇ ਉਸਾਰੀ, ਅਮਲਾ, ਜਮਾਨਤਾਂ, ਰਿਕਾਰਡ ਦੀ ਸੰਭਾਲ, ਜਨਰਲ, ਰਿਟਾਇਰਮੈਂਟ ਦੀ ਉਮਰ ਬਾਰੇ ਦੱਸਿਆ ਗਿਆ ਹੈ।[131]

### 4.3.3.ਸਰਵਿਸ ਰੂਲਜ਼

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਸੰਨ ਜਨਵਰੀ 1955 ਵਿਚ ਪਹਿਲੀ ਵਾਰ ਕਮੇਟੀ ਅਧੀਨ ਕਾਰਜ ਕਰਦੇ ਕਰਮਚਾਰੀਆਂ ਲਈ ਨਿਯਤ ਸਰਵਿਸ ਰੂਲਜ਼ ਨੂੰ ਇਕ ਕਿਤਾਬਚੇ ਦੇ ਰੂਪ ਵਿਚ ਛਾਪਿਆ ਗਿਆ। ਇਹ 30 ਪੰਨਿਆਂ ਦੀ ਕਿਤਾਬ ਹੈ ਅਤੇ ਇਸ ਵਿਚ 41 ਮੁੱਖ ਮੱਦਾਂ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹਰ ਕਰਮਚਾਰੀ ਜਾਂ ਅਹੁਦੇ ਸਬੰਧੀ ਲਿਖਤੀ ਨਿਯਮ ਇਸ ਵਿਚ ਦਰਜ ਹਨ। ਇਸਨੂੰ ਸਮੇਂ ਸਮੇਂ 'ਤੇ ਹੋਈ ਸੋਧ ਤਹਿਤ ਹੁਣ ਤੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਛੇ ਵਾਰ ਛਪਵਾਇਆ ਜਾ ਚੁਕਾ ਹੈ। ਇਸ ਨੂੰ ਅਖ਼ੀਰ ਨਵੰਬਰ

---

[131] *ਪ੍ਰਬੰਧ ਸਕੀਮ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਪੰਨਾ-1-30

2005 ਵਿਚ ਛਪਵਾਇਆ ਗਿਆ ਸੀ। ਇਸ ਨੂੰ ਦੋ ਭਾਸ਼ਾਵਾਂ ਪੰਜਾਬੀ ਅਤੇ ਅੰਗਰੇਜ਼ੀ ਵਿਚ ਛਪਾਇਆ ਜਾਂਦਾ ਹੈ। ਇਸ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਅਧੀਨ ਕੰਮ ਕਰਦੇ ਕਰਮਚਾਰੀਆਂ ਨਾਲ ਸੰਬੰਧਿਤ ਨਿਯਮ ਜਿਵੇਂ ਕਿ ਨਿਯੁਕਤੀ, ਤਰੱਕੀ, ਤਬਦੀਲੀ, ਮੁਅੱਤਲੀ, ਮੌਕੂਫ਼ੀ, ਟਰਮੀਨੇਸ਼ਨ, ਪਨਿਸ਼ਮੈਂਟ, ਅਸਤੀਫ਼ਾ, ਵੱਖ-ਵੱਖ ਤਰ੍ਹਾਂ ਦੀਆਂ ਛੁੱਟੀਆਂ, ਕਰਮਚਾਰੀਆਂ ਦੇ ਪ੍ਰੌਵੀਡੈਂਟ ਫ਼ੰਡ, ਰੀਟਾਇਰਮੈਂਟ, ਵੱਖ-ਵੱਖ ਤਰ੍ਹਾਂ ਦੀਆਂ ਅਦਾਇਗੀਆਂ, ਭੱਤੇ, ਆਦਿ ਸਾਰੀ ਜਾਣਕਾਰੀ ਸ਼ਾਮਿਲ ਹੈ।[132]

## 4.4. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੰਸਥਾਗਤ ਪ੍ਰਬੰਧ

### 4.4.1. ਪ੍ਰਧਾਨ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧਕੀ ਢਾਂਚੇ ਵਿਚ ਸਭ ਤੋਂ ਵੱਡਾ ਪ੍ਰਬੰਧਕ ਪ੍ਰਧਾਨ ਹੁੰਦਾ ਹੈ। ਪ੍ਰਧਾਨ ਦੀ ਚੋਣ ਗੁਰਦੁਆਰਾ ਐਕਟ 1925 ਦੀ ਧਾਰਾ 62 ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪਹਿਲੀ ਜਨਰਲ ਇਕੱਤਰਤਾ ਵਿਚ ਬੈਲਟ ਦੁਆਰਾ ਚੁਣੇ ਹੋਏ ਮੈਂਬਰਾਂ ਚੋਂ ਹੁੰਦੀ ਹੈ।[133] ਪ੍ਰਧਾਨ ਸਾਰੇ ਕਾਰਜਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਲਿਖਤੀ ਵਿਧੀ-ਵਿਧਾਨ ਅਨੁਸਾਰ ਕਰਵਾਉਣ ਲਈ ਪ੍ਰਤੀਬੱਧ ਹੁੰਦਾ ਹੈ। ਲਿਖਤੀ ਵਿਧੀ-ਵਿਧਾਨ ਤੋਂ ਭਾਵ ਸਿੱਖ ਗੁਰਦੁਆਰਾ ਐਕਟ, ਪ੍ਰਬੰਧ ਸਕੀਮ, ਸਰਵਿਸ ਰੂਲਜ਼, ਨਿਯਮਾਂ-ਉਪਨਿਯਮਾਂ ਅਤੇ ਵੱਖ-ਵੱਖ ਸਮਿਆਂ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਲਏ ਗਏ ਮਤਿਆਂ ਤੋਂ ਹੈ।

#### 4.4.1.1. ਪ੍ਰਧਾਨ ਦੇ ਕਾਰਜ ਅਤੇ ਹੱਕ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਕਮੇਟੀ ਦੇ ਮੁਖੀ ਵੱਜੋਂ ਸੇਵਾ ਨਿਭਾਉਂਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਰੇ ਕੰਮ ਕਮੇਟੀ ਦੇ ਪ੍ਰਧਾਨ ਦੇ ਨਾਂ 'ਤੇ ਕਮੇਟੀ ਦੇ ਸਕੱਤਰ ਦੁਆਰਾ ਕੀਤੇ ਜਾਂਦੇ ਹਨ। ਸਕੱਤਰ ਤੋਂ ਲੈ ਕੇ ਸੇਵਾਦਾਰ ਤੱਕ ਸਾਰੇ ਕਰਮਚਾਰੀ ਸ਼੍ਰੋਮਣੀ ਗੁਰਦੁਆਰਾ

---

[132] *ਸਰਵਿਸ ਰੂਲਜ਼*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਪੰਨਾ-1-30

[133] *ਸਿੱਖ ਗੁਰਦੁਆਰਾ ਐਕਟ* 1925, 1966, ਪੰਨਾ-43

ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੂੰ ਜਵਾਬਦੇਹ ਹੁੰਦੇ ਹਨ। ਪ੍ਰਧਾਨ ਦੇ ਮੁੱਖ ਕਾਰਜ ਅਤੇ ਹੱਕ ਹੇਠ ਲਿਖੇ ਅਨੁਸਾਰ ਹੈ:

- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਕਾਰਜਕਾਰਨੀ ਕਮੇਟੀ ਦੇ ਅਧਿਕਾਰਾਂ ਦੀ ਵਰਤੋਂ ਕਰ ਸਕਦਾ ਹੈ, ਪਰ ਉਸ ਦੁਆਰਾ ਕੀਤੇ ਗਏ ਕਾਰਜਾਂ ਲਈ ਉਹ ਕਾਰਜਕਾਰਨੀ ਕਮੇਟੀ ਨੂੰ ਜਵਾਬਦੇਹ ਹੁੰਦਾ ਹੈ।
- ਸਿੱਖ ਗੁਰਦੁਆਰਾ ਐਕਟ 1925 ਦੀ ਧਾਰਾ 60 ਅਨੁਸਾਰ ਕਾਰਜਕਾਰਨੀ ਕਮੇਟੀ ਦਾ ਪ੍ਰਧਾਨ, ਬੋਰਡ ਅਤੇ ਇਸਦੀ ਪ੍ਰਮੁੱਖ ਕਮੇਟੀਆਂ ਦੀ ਇੱਕਤਰਤਾਵਾਂ ਦਾ ਚੇਅਰਮੈਨ ਹੋਵੇਗਾ। ਪ੍ਰਧਾਨ ਦੇ ਗ਼ੈਰ-ਹਾਜ਼ਰ ਹੋਣ ’ਤੇ ਉਪ-ਪ੍ਰਧਾਨ ਇਕੱਤਰਤਾਵਾਂ ਦਾ ਚੇਅਰਮੈਨ ਹੋਵੇਗਾ। ਦੋਵਾਂ ਦੇ ਗ਼ੈਰ-ਹਾਜ਼ਰ ਹੋਣ ਦੀ ਸੂਰਤ ਵਿਚ ਬੈਠਕ ਵਿਚ ਹਾਜ਼ਰ ਮੈਂਬਰ ਇਕੱਤਰਤਾ ਦੇ ਮਨੋਰਥਾਂ ਲਈ ਆਪਣੇ ਵਿਚੋਂ ਕਿਸੇ ਇਕ ਨੂੰ ਚੇਅਰਮੈਨ ਚੁਣਨਗੇ।
- ਕਿਸੇ ਕਮੇਟੀ ਦੀ ਇਕੱਤਰਤਾ ਬੁਲਾਉਣ ਲਈ ਪਹਿਲਾਂ ਸੰਬੰਧਿਤ ਕਮੇਟੀ ਦੇ ਪ੍ਰਧਾਨ ਦੁਆਰਾ ਸੱਤ ਦਿਨਾਂ ਦਾ ਲਿਖਤੀ ਨੋਟਿਸ ਸਾਰੇ ਆਹੁਦੇਦਾਰਾਂ ਨੂੰ ਭੇਜਿਆ ਜਾਂਦਾ ਹੈ।
- ਜੇਕਰ ਪ੍ਰਧਾਨ ਦਾ ਅਹੁਦਾ ਖਾਲੀ ਹੋਵੇ ਤਾਂ ਉਪ-ਪ੍ਰਧਾਨ ਹੋਰ ਮੈਂਬਰਾਂ ਨੂੰ ਯੋਗ ਨੋਟਿਸ ਦੇ ਕੇ ਇਕੱਤਰਤਾ ਬੁਲਾਵੇਗਾ।
- ਜੇਕਰ ਪ੍ਰਧਾਨ ਅਤੇ ਉਪ-ਪ੍ਰਧਾਨ ਦੇ ਦੋਵੇਂ ਅਹੁਦੇ ਖਾਲੀ ਹੋਣ ਤਾਂ ਕਮੇਟੀ ਦੇ ਮੈਂਬਰਾਂ ’ਚੋਂ ਕੋਈ ਦੋ ਮੈਂਬਰ ਹੋਰ ਮੈਂਬਰਾਂ ਨੂੰ ਉਚਿਤ ਨੋਟਿਸ ਦੇ ਕੇ ਇੱਕਤਰਤਾ ਬੁਲਾ ਸਕਦੇ ਹਨ।
- ਸਿੱਖ ਗੁਰਦੁਆਰਾ ਐਕਟ 1925 ਦੀ ਧਾਰਾ 102 ਅਨੁਸਾਰ, ਕਮੇਟੀ ਸਾਹਮਣੇ ਪੇਸ਼ ਹੋਣ ਵਾਲੇ ਸਾਰੇ ਮਸਲਿਆਂ ਸਬੰਧੀ ਫ਼ੈਸਲਾ ਹਾਜ਼ਰ ਮੈਂਬਰ ਦੀ ਬਹੁ-ਸਮੰਤੀ ਅਨੁਸਾਰ ਵੋਟਾਂ ਪੁਆ ਕੇ ਲਿਆ ਜਾਂਦਾ ਹੈ।
- ਵੋਟਾਂ ਬਰਾਬਰ ਹੋਣ ਦੀ ਸੂਰਤ ਵਿਚ ਪ੍ਰਧਾਨ ਦੀ ਵੋਟ ਨਿਰਣਾਇਕ ਹੋਵੇਗੀ।

- ਸਿੱਖ ਗੁਰਦੁਆਰਾ ਐਕਟ 1925 ਦੀ ਧਾਰਾ 106 ਅਨੁਸਾਰ, ਕਮੇਟੀ ਦੇ ਸਾਰੇ ਮਤੇ ਅਤੇ ਹੁਕਮ, ਇਕ ਕਾਰਵਾਈ ਪੁਸਤਕ ਵਿਚ ਦਰਜ ਕੀਤੇ ਜਾਣਗੇ ਜਿਸ 'ਤੇ ਇਕੱਤਰਤਾ ਦੇ ਪ੍ਰਧਾਨ ਦੇ ਹਸਤਾਖ਼ਰ ਹੋਣਗੇ।
- ਕਮੇਟੀ ਦੇ ਹੁਣ ਤੱਕ ਰਹੇ ਪ੍ਰਧਾਨਾਂ ਦੀ ਸੂਚੀ ਅੰਤਿਕਾ ਵਿਚ ਦਿੱਤੀ ਗਈ ਹੈ।

### 4.4.2.ਸਕੱਤਰ

- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਦਾ ਅਹੁਦਾ ਵੀ ਪ੍ਰਮੁੱਖ ਹੈ। ਸਕੱਤਰ/ਮੀਤ ਸਕੱਤਰ/ ਐਡੀਸ਼ਨਲ ਸਕੱਤਰ ਮਿਲੇ ਅਧਿਕਾਰਾਂ ਅਨੁਸਾਰ ਪ੍ਰਬੰਧਕ ਕਮੇਟੀ ਦੇ ਨਿਯਮਾਂ, ਉਪਨਿਯਮਾਂ, ਸਰਵਿਸ ਰੂਲਜ਼ ਅਤੇ ਪ੍ਰਬੰਧ ਸਕੀਮ ਅਨੁਸਾਰ ਕਾਰਵਾਈ ਕਰਵਾਉਂਦੇ ਹਨ।[134] ਸਕੱਤਰ ਦਾ ਅਹੁਦਾ ਸਥਾਪਿਤ ਕਰਨ ਦਾ ਫ਼ੈਸਲਾ 14-3-1927 ਦੀ ਜਨਰਲ ਇਕੱਤਰਤਾ ਵਿਚ ਲਿਆ ਗਿਆ।[135] ਇਸ ਦੀ ਚੋਣ ਵੀ ਪ੍ਰਧਾਨ ਵਾਂਗ ਗੁਰਦੁਆਰਾ ਐਕਟ 1925 ਦੀ ਧਾਰਾ 62 ਅਨੁਸਾਰ ਹੁੰਦੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪਹਿਲੀ ਇਕੱਤਰਤਾ ਵਿਚ ਕੀਤੀ ਜਾਂਦੀ ਹੈ।[136] ਇਸ ਇਕੱਤਰਤਾ ਵਿਚ ਹੀ ਸਕੱਤਰ ਦੇ ਕਾਰਜਾਂ ਸਬੰਧੀ ਨਿਯਮ ਪਾਸ ਕੀਤੇ ਗਏ ਜੋ ਇਸ ਪ੍ਰਕਾਰ ਹਨ:
- ਸਕੱਤਰ ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀ ਆਗਿਆ ਅਨੁਸਾਰ ਜ਼ਿੰਮੇਵਾਰੀ ਨਿਭਾਏਗਾ।[137]
- ਸਕੱਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿਗ ਅਤੇ ਜਨਰਲ ਕਮੇਟੀ ਦੀ ਹਰ ਮੀਟਿੰਗ ਵਿਚ ਹਾਜ਼ਰ ਹੋਵੇਗਾ।
- ਪ੍ਰਧਾਨ ਤੋਂ ਪਹਿਲਾਂ ਸਕੱਤਰ ਮੀਟਿੰਗ ਦੀ ਕਾਰਵਾਈ ਰਜਿਸਟਰ 'ਤੇ ਚੜ੍ਹਾਵੇਗਾ ਅਤੇ ਹਸਤਾਖ਼ਰ ਕਰੇਗਾ।

---

[134] *ਪ੍ਰਬੰਧ ਸਕੀਮ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਪੰਨਾ-2

[135] ਸ਼ਮਸ਼ੇਰ ਸਿੰਘ ਅਸ਼ੋਕ, *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ*, ਪੰਨਾ-63

[136] *ਸਿੱਖ ਗੁਰਦੁਆਰਾ ਐਕਟ* 1925, 1966, ਪੰਨਾ-43

[137] ਉਹੀ ਪੰਨਾ-63

- ਸਕੱਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫ਼ਤਰ ਦਾ ਸਾਰਾ ਕੰਮ ਚਲਾਵੇਗਾ ਅਤੇ ਉਹ ਯੋਗ ਪ੍ਰਵਾਨਗੀ ਤਹਿਤ ਹੀ ਰਕਮ ਖਰਚੇਗਾ ਜਾਂ ਦੇਵੇਗਾ।[138]

### 4.4.3. ਮੁੱਖ ਗ੍ਰੰਥੀ

ਸਿੱਖ ਗੁਰਦੁਆਰਾ ਐਕਟ 1925 ਅਧੀਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਹ ਹੱਕ ਹੈ ਕਿ ਉਹ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਠੀਕ ਢੰਗ ਨਾਲ ਚਲਾਉਣ ਲਈ ਹਰ ਗੁਰਦੁਆਰੇ ਵਿਚ ਮੁੱਖ ਗ੍ਰੰਥੀ ਨਿਯੁਕਤ ਕਰ ਸਕਦੀ ਹੈ। ਸਿੱਖ ਗੁਰਦੁਆਰਾ ਐਕਟ ਅਨੁਸਾਰ ਗ੍ਰੰਥੀ ਦਾ ਅਰਥ ਉਹ ਪਦਵੀਧਾਰੀ ਇਨਸਾਨ ਹੈ ਜਿਸ ਨੂੰ ਇਕਲਿਆਂ ਜਾਂ ਕੁਝ ਹੋਰ ਵਿਅਕਤੀਆਂ ਜਾਂ ਗ੍ਰੰਥੀਆਂ ਨਾਲ ਰਲ ਕੇ ਕਿਸੇ ਗੁਰਦੁਆਰੇ ਦੇ ਪ੍ਰਬੰਧ ਨੂੰ ਕੰਟੋਲ ਕਰਨ ਅਤੇ ਸੰਬੰਧਿਤ ਗੁਰਦੁਆਰਾ ਸਾਹਿਬ ਵਿਚ ਸੰਗਤੀ ਉਪਾਸਨਾ ਅਤੇ ਇਸ ਨਾਲ ਸੰਬੰਧਿਤ ਰਹੁ-ਰੀਤਾਂ ਅਤੇ ਰਸਮਾਂ ਦੇ ਪ੍ਰਬੰਧ ਦਾ ਜ਼ਿੰਮਾਂ ਸੌਂਪਿਆ ਗਿਆ ਹੈ।[139] ਸੋ ਮੁੱਖ ਗ੍ਰੰਥੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਚੁਣਿਆ ਹੋਇਆ ਕਰਮਚਾਰੀ ਹੁੰਦਾ ਹੈ ਜੋ ਸੰਬੰਧਿਤ ਗੁਰਦੁਆਰੇ ਦੇ ਮੁਖੀ ਵਜੋਂ ਆਪਣੀ ਸੇਵਾ ਨਿਭਾਉਂਦਾ ਹੈ।

## 4.5. ਕਾਰਜਕਾਰੀ ਕਮੇਟੀ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਸਬ ਕਮੇਟੀਆਂ ਨੂੰ ਬਣਾਉਣ ਅਤੇ ਵਿਸ਼ੇਸ਼ ਤੌਰ ’ਤੇ ਕੰਮ ਕਰਨ ਦੀ ਪ੍ਰਵਾਨਗੀ ਵੀ ਦਿੱਤੀ ਗਈ ਹੈ। ਇਹ ਸਬ ਕਮੇਟੀਆਂ ਅਸਥਾਈ ਹੁੰਦੀਆਂ ਹਨ ਅਤੇ ਇਹ ਨੀਯਤ ਸਮੇਂ ਵਿਚ ਅੰਤ੍ਰਿੰਗ ਕਮੇਟੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਰਿਪੋਰਟ ਦੇਣ ਲਈ ਜ਼ਿੰਮੇਵਾਰ ਵੀ ਹੁੰਦੀਆਂ ਹਨ। ਇਹਨਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਕਦੇ ਵੀ ਚੁਣਿਆ ਜਾਂ ਭੰਗ ਕੀਤਾ ਜਾ ਸਕਦਾ ਹੈ। ਜਦ ਕਿ ਕਾਰਜਕਾਰੀ ਕਮੇਟੀ ਦੀ ਚੋਣ ਹਰ ਸਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤਾ ਜਾਂਦਾ ਹੈ ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੰਪੂਰਨ ਕੰਮ-ਕਾਜ ਲਈ  ਪ੍ਰਤੀਬੱਧ ਹੁੰਦੀਆਂ ਹਨ। ਇਹਨਾਂ ਤੋਂ ਇਲਾਵਾ ਸਿੱਖ ਗੁਰਦੁਆਰਾ ਐਕਟ ਦੀ ਧਾਰਾ

---

[138] ਉਹੀ ਪੰਨਾ-63

[139] *ਸਿੱਖ ਗੁਰਦੁਆਰਾ ਐਕਟ* 1925,  1966, ਪੰਨਾ-9

85 (1) ਅਧੀਨ  'ਪ੍ਰਬੰਧਕ ਕਮੇਟੀ' ਅਤੇ ਐਕਟ ਦੀ ਧਾਰਾ 83 (3) ਅਧੀਨ 'ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ', ਜਾਇਦਾਦ ਸਬ-ਕਮੇਟੀ ਅਦਿ ਪ੍ਰਮੁੱਖ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਹਾਊਸ ਦੁਆਰਾ ਸਿੱਖ ਗੁਰਦੁਆਰਾ ਐਕਟ 1925 ਅਨੁਸਾਰ ਹਰ ਸਾਲ ਕਾਰਜਕਾਰਨੀ ਕਮੇਟੀ ਦੀ ਚੋਣ ਕੀਤੀ ਜਾਂਦੀ ਹੈ। ਕਾਰਜਕਾਰੀ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇਕ ਮਹੱਤਵਪੂਰਣ ਕਮੇਟੀ ਹੈ। ਸਿੱਖ ਗੁਰਦੁਆਰਾ ਐਕਟ 1925 ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਬਣਾਈ ਗਈ ਕਾਰਜਕਾਰਨੀ ਕਮੇਟੀ ਹੀ ਸਮੁੱਚੇ ਪ੍ਰਬੰਧ ਨੂੰ ਚਲਾਉਣ ਲਈ ਪ੍ਰਬੰਧਕੀ ਸਕੀਮਾਂ, ਸਰਵਿਸ ਰੂਲਜ਼ ਅਤੇ ਨਿਯਮ-ਉਪਨਿਯਮ ਨਿਰਧਾਰਿਤ ਕਰਦੀ ਹੈ। ਇਨ੍ਹਾਂ ਨਿਯਮਾਂ ਦੇ ਅਨੁਸਾਰ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਰਮਚਾਰੀ ਕੰਮ ਕਰਦੇ ਹਨ। ਕਰਮਚਾਰੀਆਂ ਨੂੰ ਰੱਖਣ ਜਾਂ ਕੱਢਣ ਦਾ ਹੱਕ ਕਾਰਜਕਾਰਨੀ ਕਮੇਟੀ ਕੋਲ ਰਾਖਵਾਂ ਹੁੰਦਾ ਹੈ। ਸਿੱਖ ਗੁਰਦੁਆਰਾ ਐਕਟ 1925 ਦੀ ਧਾਰਾ 69 ਅਨੁਸਾਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਕਾਰਜਕਾਰਨੀ ਕਮੇਟੀ ਸਬੰਧੀ ਅਧਿਕਾਰ ਰਾਖਵੇਂ ਹਨ।

### 4.5.1.ਕਾਰਜਕਾਰੀ ਕਮੇਟੀ ਦੇ ਅਧਿਕਾਰ

ਕਾਰਜਕਾਰੀ ਕਮੇਟੀ ਕੋਲ ਹੇਠ ਲਿਖੇ ਅਧਿਕਾਰ ਰਾਖਵੇਂ ਹਨ:

- ਕਮੇਟੀ ਅਜਿਹੇ ਕਰਮਚਾਰੀ ਨਿਯੁਕਤ ਕਰਨ ਲਈ ਪ੍ਰਤੀਬੱਧ ਹੈ ਜੋ ਆਪਣੇ ਫ਼ਰਜ਼ਾਂ ਨੂੰ ਉਚਿੱਤ ਤੌਰ 'ਤੇ ਨਿਭਾਏ।
- ਕਮੇਟੀ ਸਮੇਂ-ਸਮੇਂ 'ਤੇ ਕਰਮਚਾਰੀਆਂ ਦੀ ਗਿਣਤੀ, ਪਦ, ਗ੍ਰੇਡ ਅਤੇ ਤਨਖ਼ਾਹ ਸਕੇਲ ਆਦਿ ਵਿਚ ਕਦੇ ਵੀ ਸੋਧ ਕਰ ਸਕਦੀ ਹੈ।
- ਕਿਸੇ ਕਰਮਚਾਰੀ ਨੂੰ ਨਿਯਮਾਂ ਦੀ ਉਲੰਘਣਾ ਕਰਨ ਦੇ ਦੋਸ਼ ਵਿਚ ਦੰਡ ਵੀ ਦੇ ਸਕਦੀ ਹੈ।
- ਕਿਸੇ ਕਰਮਚਾਰੀ ਨੂੰ ਜੁਰਮਾਨਾ ਕਰ ਸਕਦੀ ਹੈ, ਉਸਦਾ ਅਹੁਦਾ ਘਟਾ ਸਕਦੀ ਹੈ, ਮੁਅੱਤਲ ਕਰ ਸਕਦੀ ਹੈ ਜਾਂ ਨੌਕਰੀ ਤੋਂ ਹਟਾ ਸਕਦੀ ਹੈ।
- ਲੋੜ ਅਨੁਸਾਰ ਕਰਮਚਾਰੀ ਭਰਤੀ ਕਰ ਸਕਦੀ ਹੈ।
- ਸਾਰੇ ਕਰਮਚਾਰੀ ਸਿੱਧੇ ਰੂਪ ਵਿਚ ਕਾਰਜਕਾਰਨੀ ਕਮੇਟੀ ਨੂੰ ਜਵਾਬ ਦੇਹ ਹਨ।

## 4.5.2.ਮੈਂਬਰ ਅਤੇ ਉਨ੍ਹਾਂ ਦਾ ਯੋਗਦਾਨ

| ਲੜੀ ਨੰ. | ਨਾਮ | ਗਿਣਤੀ |
|---|---|---|
| 6. | ਪਦ-ਅਧਿਕਾਰੀ (ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਅਤੇ ਪੰਜ ਸਿੱਖ ਤਖਤਾਂ ਦੇ ਜਥੇਦਾਰਾਂ) | 6 |
| 7. | ਸਹਿ-ਚੁਣੀਆ ਮੈਂਬਰ | 15 (ਜਿਸ ਨੂੰ 5 ਤੋਂ ਵੱਧ ਪੰਜਾਬ ਤੋਂ ਨਹੀਂ ਹੋਣਾ ਚਾਹੀਦਾ)। |
| 8. | ਚੁਣੇ ਹੋਏ ਅਤੇ ਸਾਬਕਾ ਪਦ-ਅਧਿਕਾਰੀ ਮੈਂਬਰ ਸਹਿ-ਚੋਣ ਮੈਂਬਰ | 15 (ਭਾਰਤ ਦੇ ਨਿਵਾਸੀਆਂ ਵਿਚਕਾਰ ਜਿਨ੍ਹਾਂ ਵਿਚੋਂ ਘੱਟੋ ਘੱਟ 10 ਪੰਜਾਬ ਤੋਂ ਬਾਹਰ ਹੋਣਾ ਚਾਹੀਦਾ ਹੈ) |
| 9. | ਵਾਧੂ ਮੁੱਖ ਗ੍ਰੰਥੀ | 1 |
| 10. | ਗ੍ਰੰਥੀ | 6 |
| 11. | ਸਹਿ-ਚੋਣਾਂ ਦੇ ਬਾਅਦ, ਕੇਂਦਰ ਸਰਕਾਰ ਇਹ ਸੂਚਿਤ ਕਰਦੀ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਢੰਗ ਨਾਲ ਗਠਿਤ ਕੀਤਾ ਗਿਆ ਹੈ। ਪੰਜਾਬ ਤੋਂ ਬਾਹਰੋਂ 10 ਤੋਂ ਘੱਟ ਨਾ ਹੋਣ ਦਾ ਸਹਿ-ਚੋਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਘੱਟ ਤੋਂ ਘੱਟ ਸਾਰੇ ਭਾਰਤ ਦੇ ਚਰਿੱਤਰ ਦੀ ਝਲਕ ਦਿਖਾਉਂਦਾ ਹੈ। | |

### ਵਿਧਾਨ ਸਭਾ

| **ਲੜੀ ਨੰ** | **ਨਾਮ** | **ਗਿਣਤੀ** |
|---|---|---|
| **3** | ਅਨੁਸੂਚਿਤ ਜਾਤੀ ਸਿੱਖ | 20 |
| **4** | ਸਿੱਖ ਔਰਤਾਂ | 30 (5 ਅਨੁਸੂਚਿਤ ਜਾਤੀ ਦੀਆਂ ਔਰਤਾਂ) |
| **5** | ਖੁੱਲ੍ਹਾ ਜਾਂ ਨਿਰਪੱਖ ਸੀਟਾਂ | 120 |
| | ਕੁੱਲ | **170** |

## 4.6. ਜੱਥੇਦਾਰ

ਜੱਥੇਦਾਰ ਤੋਂ ਭਾਵ ਕਿਸੇ ਜਥੇ ਦਾ ਮੁਖੀ ਜਾਂ ਸਰਦਾਰ। ਜੱਥੇਦਾਰ ਸੰਕਲਪ ਮੁੱਖ ਤੌਰ ਤੇ ਖ਼ਾਲਸਾ ਜੱਥੇਬੰਦੀਆਂ ਵਿਚ ਉਭਰਿਆ।[140] ਸਿੱਖਾਂ ਵਿਚ ਜੱਥੇਦਾਰ ਦੇ ਅਹੁਦੇ ਦੇ ਇਤਿਹਾਸ ਦੀ ਇੱਕ ਝਲਕ ਦੇਖਦੇ ਹਾਂ। ਗੁਰੂ ਕਾਲ ਤੋਂ ਬਾਅਦ ਸਰਬੱਤ ਖ਼ਾਲਸਾ ਦਲ-ਖ਼ਾਲਸਾ ਫੌਜ ਦਾ ਆਗੂ ਚੁਣਦੀ ਸੀ ਜਿਸਨੂੰ ਜੱਥੇਦਾਰ ਕਿਹਾ ਜਾਂਦਾ ਸੀ। ਬਾਬਾ ਬੰਦਾ ਸਿੰਘ ਬਹਾਦਰ ਵੀ ਗੁਰੂ ਜੀ ਵੱਲੋਂ ਖ਼ਾਲਸਾ ਫੌਜ ਦੇ ਥਾਪੇ ਹੋਏ ਜੱਥੇਦਾਰ ਹੀ ਸਨ। ਜੱਸਾ ਸਿੰਘ ਆਹਲੂਵਾਲੀਆ, ਬਾਬਾ ਦਰਬਾਰਾ ਸਿੰਘ, ਨਵਾਬ ਕਪੂਰ ਸਿੰਘ ਆਦਿ ਵੀ ਖ਼ਾਲਸਾ ਫੌਜ ਦੇ ਜੱਥੇਦਾਰ ਰਹੇ ਹਨ। ਮਿਸਲਾਂ ਦੇ ਮੁਖੀ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਾਂਝੀ ਇਕੱਤ੍ਰਤਾ ਜਿਸਨੂੰ ਸਰਬੱਤ ਖ਼ਾਲਸਾ ਕਿਹਾ ਜਾਂਦਾ ਸੀ ਬੁਲਾਉਂਦੇ ਸਨ ਜਿਸ ਵਿਚ ਸਿੱਖ ਪੰਥ ਦੇ ਹਿੱਤਾਂ ਲਈ ਗੁਰਮਤਿ ਅਤੇ ਗੁਰੂ ਗ੍ਰੰਥ ਸਾਹਿਬ ਜੀ ਅਨੁਸਾਰ ਵੱਡੇ ਫੈਸਲੇ ਕਰਨ ਲਈ ਜੱਥੇਦਾਰ ਚੁਣਦੇ ਸਨ। ਜਦੋਂ ਮਤਾ ਸਰਬ ਸੰਮਤੀ ਨਾਲ ਪਾਸ ਹੋ ਜਾਂਦਾ ਉਸਨੂੰ ਗੁਰਮੱਤਾ ਕਿਹਾ ਜਾਂਦਾ ਸੀ ਅਤੇ ਉਸਨੂੰ ਜੱਥੇਦਾਰ ਜੋ ਉਸ ਇਕੱਠ ਲਈ ਚੁਣਿਆ ਹੁੰਦਾ ਸੀ ਅਕਾਲ ਤਖ਼ਤ ਦੀ ਫਸੀਲ ਤੋਂ ਪੰਥ ਦੇ ਨਾਮ ਸੰਦੇਸ਼ ਪੜ੍ਹਕੇ ਸੁਣਾਉਂਦਾ ਸੀ। ਜਿਸ ਨੂੰ ਅਕਾਲ ਤਖ਼ਤ ਦਾ ਹੁਕਨਾਮਾ ਕਿਹਾ ਜਾਣ ਲੱਗ ਪਿਆ। ਫਿਰ ਜਦ 1783 ਤੋਂ ਪਿੱਛੋਂ ਸਿੱਖ ਮਿਸਲਾਂ ਨੇ ਆਪਣੇ ਖੇਤਰਾਂ ਵਿਚ ਵੱਖਰੀਆਂ ਹਕੂਮਤਾਂ ਸਥਾਪਤ ਕਰ ਲਈਆਂ ਤਾਂ ਸਰਬੱਤ ਖ਼ਾਲਸਾ ਇਕੱਠ ਹੋਣੇ ਬੰਦ ਹੋ ਗਏ। 1799 ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਦਾ ਬੋਲਬਾਲਾ ਕਾਇਮ ਹੋ ਗਿਆ। 1805 ਵਿੱਚ ਲਾਰਡ ਲੇਕ ਅਤੇ ਹੋਲਕਰ ਦੇ ਝਗੜੇ ਬਾਰੇ ਇੱਕ ਸਰਬੱਤ ਖ਼ਾਲਸਾ ਬੁਲਾਉਣ ਮਗਰੋਂ ਉਸ ਨੇ ਅਜਿਹੇ ਇਕੱਠ ਬੁਲਾਉਣੇ ਬੰਦ ਕਰ ਦਿੱਤੇ ਸਨ ਕਿਉਂਕਿ ਉਹ ਨਹੀਂ ਸੀ ਚਾਹੁੰਦਾ ਕਿ ਕੋਈ ਉਸ ਨੂੰ ਸਰਬੱਤ ਖ਼ਾਲਸਾ ਦੇ ਨਾਮ 'ਤੇ ਸਲਾਹ ਦੇਵੇ। 1805 ਤੋਂ ਪਿੱਛੋਂ 15 ਨਵੰਬਰ 1920 ਤੱਕ ਕੋਈ ਸਰਬੱਤ ਖ਼ਾਲਸਾ ਇਕੱਠ ਨਹੀਂ ਹੋਇਆ। ਜੱਥੇਦਾਰ' ਲਫਜ਼ ਤਾਂ 1920 ਤੋਂ ਕਾਫੀ ਸਮਾਂ ਬਾਅਦ ਵਿੱਚ ਹੋਂਦ ਵਿੱਚ ਆਇਆ ਹੈ। 1920 ਅਕਤੂਬਰ ਚ ਸੰਗਤਾਂ ਝੱਬਰ ਜੀ ਦੇ ਲੈਕਚਰ ਤੋਂ

---

[140] ਕਾਨ੍ਹ ਸਿੰਘ ਨਾਭਾ, *ਗੁਰਸ਼ਬਦ ਰਤਨਾਕਰ ਮਹਾਨ ਕੋਸ਼*, ਪੰਨਾ-502

ਬਹੁਤ ਪ੍ਰਭਾਵਿਤ ਹੋਈਆਂ। ਏਸੇ ਸਮੇਂ ਉਨ੍ਹਾਂ ਅੱਗੇ ਕਿਹਾ ਕਿ ਹੁਣ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਪੂਰਣ ਪ੍ਰਬੰਧ ਇਨ੍ਹਾਂ ਪੁਜਰੀਆਂ ਕੋਲੋਂ ਖੋਹ ਕੇ ਸਿੱਖ ਸੰਗਤਾਂ ਨੂੰ ਸੌਂਪਿਆ ਜਾਵੇਗਾ। ਸੋ ਅੱਜ ਤੋਂ ਪ੍ਰਬੰਧ ਕਰਨ ਵਾਲੇ ਜਥੇ ਦਾ ਜੱਥੇਦਾਰ ਤੇਜਾ ਸਿੰਘ ਭੁੱਚਰ ਹੋਵੇਗਾ। ਸੰਗਤਾਂ ਦੇ ਜੈਕਾਰਿਆਂ ਵਿਚ ਭੁੱਚਰ ਨੇ ਸ੍ਰੀ ਅਕਾਲ ਤਖ਼ਤ ਦੀ ਸੇਵਾ ਕਰਨ ਦੀ ਕਮਾਨ ਸੰਭਾਲ ਲਈ। ਇਸ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਦਾ ਨਵਾਂ ਅਹੁਦਾ ਬਣ ਗਿਆ।[141] ਇਸ ਤੋਂ ਪਹਿਲਾਂ ਸਿੱਖ ਇਤਿਹਾਸ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਕੋਈ ਵੀ ਜੱਥੇਦਾਰ ਨਹੀਂ ਸੀ ਹੁੰਦਾ।

ਇਸ ਤਰ੍ਹਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪ੍ਰਬੰਧਕ ਕਾਰਜਸ਼ੀਲਤਾ ਵਿਚ ਇਕ ਨਵਾਂ ਅਧਿਆਇ ਜੁੜ ਗਿਆ ਜੋ ਹੁਣ ਤੱਕ ਵੀ ਕਾਇਮ ਹੈ।

## 4.7. ਸ੍ਰੀ ਅਕਾਲ ਤਖ਼ਤ ਸਾਹਿਬ ਦਾ ਪ੍ਰਬੰਧ ਅਤੇ ਜੱਥੇਦਾਰ

ਜਦ ਸਿੱਖ ਸੰਗਤਾਂ ਨੇ ਦਰਬਾਰ ਸਾਹਿਬ ਦਾ ਪ੍ਰਬੰਧ ਆਪਣੇ ਹੱਥਾਂ ਵਿਚ ਲੈ ਲਿਆ ਤਾਂ ਸਾਰੀ ਸੰਗਤ ਸ੍ਰੀ ਅਕਾਲ ਤਖ਼ਤ ਸਾਹਿਬ ਵੱਲ ਤੁਰ ਪਈ। ਇਸ ਦੌਰਾਨ ਸੰਗਤ ਐਨੀ ਵਧ ਚੁੱਕੀ ਸੀ ਕਿ ਤਿਲ ਮਾਰੇ ਭੁੰਜੇ ਨਹੀਂ ਸੀ ਪੈਂਦਾ। ਐਨੀ ਸੰਗਤ ਅਤੇ ਸੰਗਤ ਦੇ ਹਜ਼ਾਰ ਨਾਅਰੇ ਸੁਣ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪੁਜਾਰੀ ਉਥੋਂ ਦੌੜ ਗਏ। ਸੰਗਤ ਨੂੰ ਇਸ ਗੱਲ ਦਾ ਵੀ ਰੋਸ ਹੋਇਆ ਕਿ ਪੁਜਾਰੀ ਪ੍ਰਸਾਦ ਵੰਡਣ ਲਈ ਅਰਦਾਸਾ ਕਰਕੇ ਜਦੋਂ ਨਾ ਵੰਡਣ, ਪਰ ਉਨ੍ਹਾਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਇਸ ਤਰ੍ਹਾਂ ਤਾਬਿਆ ਰਹਿਤ ਕਰਕੇ ਦੌੜ ਜਾਣ ਬਹੁਤ ਮਾੜਾ ਹੈ। ਸੰਗਤਾਂ ਨੂੰ ਕਿਹਾ ਗਿਆ ਕਿ ਉਹ ਪੁਜਾਰੀਆਂ ਨੂੰ ਲੱਭ ਕੇ ਲਿਆਉਣ ਤਾਕਿ ਉਹ ਦਰਬਾਰ ਸਾਹਿਬ ਵਾਂਗ ਹੀ ਸ਼ੂਦਰਾਂ ਵੱਲੋਂ ਝੜਾਏ ਪ੍ਰਸ਼ਾਦਿ ਨੂੰ ਸੰਗਤਾਂ ਵਿਚ ਵਰਤਾਉਣ ਲਈ ਅਰਦਾਸ ਕਰਨ। ਏਥੇ ਝੱਬਰ ਜੀ ਨੇ ਲੈਕਚਰ ਕਰਦਿਆਂ ਸੰਗਤਾਂ ਨੂੰ ਦੱਸਿਆ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਗੁਰ ਮਰਿਆਦਾ ਪੂਰੀ ਤਰ੍ਹਾਂ ਵਿਗੜੀ ਹੋਈ ਹੈ। ਉਨ੍ਹਾਂ ਕਿਹਾ ਕਿ ਇਸ ਭਾਈ ਨਰੈਣ ਸਿੰਘ ਨੂੰ ਏਥੋਂ ਦੇ ਸ਼ਰਬਗਹ ਸ੍ਰ ਅਰੂੜ ਸਿੰਘ ਨੇ ਇਸ ਲਈ ਸੇਵਾ ਤੋਂ ਹਟਾਂਇਆ ਹੈ ਕਿ ਇਸ ਨੇ ਸੰਤ ਲਖਮੀਰ ਸਿੰਘ (ਪਹਿਲਾ ਨਾਮ ਮੌਲਵੀ ਕਰੀਮ ਬਖਸ਼) ਦੇ ਘਰ ਸ੍ਰੀ ਅਖੰਡ ਪਾਠ ਦੇ ਭੋਗ ਸਮੇਂ ਗੁਰੂ ਕਾ ਕੜਾਹ ਪ੍ਰਸ਼ਾਦਿ ਛਕਿਆ ਸੀ। ਏਨੇ ਚਿਰ ਨੂੰ ਸੰਗਤਾਂ ਨੇ ਆ ਕੇ ਦੱਸਿਆ ਕਿ ਪੁਜਾਰੀ ਮਹੰਤ ਸੁੰਦਰ ਸਿੰਘ ਦੇ ਘਰ ਬੈਠੇ ਹਨ ਅਤੇ ਆਉਣ ਤੋਂ ਇਨਕਾਰ ਕਰਦੇ ਹਨ ਅਤੇ ਕਹਿੰਦੇ ਹਨ ਕਿ ਜੋ ਮਰਜ਼ੀ ਕਰੋ

---

[141] ਹਰਜਿੰਦਰ ਸਿੰਘ ਦਿਲਗੀਰ,, *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਿਵੇਂ ਬਣੀ*?, 2000, ਪੰਨਾ-17.

ਅਸੀਂ ਨਹੀਂ ਆਉਣਾ। ਏਸੇ ਸਮੇਂ ਝੱਬਰ ਜੀ ਨੂੰ ਫੁਰਨਾ ਫੁਰਿਆ ਤੇ ਉਸ ਨੇ ਲਲਕਾਰ ਕੇ ਕਿਹਾ ਕਿ ਸੰਗਤ ਜੀ ਮੈਨੂੰ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦਾ ਫੁਰਮਾਨ ਮਿਲਿਆ ਹੈ[142] ਕਿ ਸ੍ਰੀ ਅਕਾਲ ਤਖ਼ਤ ਦਾ ਹੁਕਮ ਸੁਣਨ ਵਾਸਤੇ ਪੰਝੀ ਨੌਜੁਆਨ ਸਿੰਘ ਚਾਹੀਦੇ ਹਨ। ਇਕ ਤੁਹਾਡਾ ਦਾਸ ਝੱਬਰ ਤਿਆਰ ਹੈ ਬਾਕੀ ਦੇ 24 ਹੋਰ ਭਰਤੀ ਹੋਣ ਲਈ ਉੱਠੋਂ ਪਰ ਸੁਣ ਲਵੋ ਕਿ ਉਹੀ ਉੱਠਣ ਜਿਨ੍ਹਾਂ ਨੂੰ ਹੇਠ ਲਿਖੀਆਂ ਸ਼ਰਤਾਂ ਮਨਜ਼ੂਰ ਹਨ:

1. ਫਾਂਸੀ ਮਿਲੇ ਤਾਂ ਹੱਸ ਕੇ ਚੜ੍ਹ ਜਾਣਾ 2. ਜੇਕਰ ਕਾਲੇ ਪਾਣੀ ਜਾਣਾ ਪਵੇ ਅਤੇ ਜਾਇਦਾਦਾਂ ਜ਼ਬਤ ਕਰਾਉਣੀਆਂ ਪੈਣ ਤਾਂ ਹੱਸ ਕੇ ਕਬੂਲ ਕਰਨਾ 3. ਉਮਰ ਕੈਦ ਮਿਲੇ ਤਾਂ ਹੱਸ ਕੇ ਪ੍ਰਵਾਨ ਕਰਨ।

ਇਸ ਵੇਲੇ 17 ਨੌਜੁਆਨ ਖੜ੍ਹੇ ਹੋਏ ਜਿਨ੍ਹਾਂ ਵਿਚੋਂ 10 ਮਜ਼੍ਹਬੀ ਅਤੇ ਰਾਮਦਾਸੀਏ ਸਨ। ਇਨ੍ਹਾਂ ਵਾਸਤੇ ਅਕਾਲ ਤਖ਼ਤ ਸਾਹਮਣੇ ਅਰਦਾਸਾ ਸੋਧਿਆ ਗਿਆ ਕਿ ਹੇ ਸੱਚੇ ਪਾਤਸ਼ਾਹ ਆਪਜੀ ਦੇ ਸਿੱਖ ਤਨ, ਮਨ ਅਤੇ ਧਨ ਆਪਜੀ ਦੇ ਸਪੁਰਦ ਕਰਦੇ ਹਨ, ਆਪ ਨੇ ਇਨ੍ਹਾਂ ਦੇ ਅੰਗ ਸੰਗ ਰਹਿ ਕੇ ਸਹਾਇਤਾ ਕਰਨੀ।

ਇਸ ਉਪਰੰਤ ਝੱਬਰ ਜੀ ਨੇ ਸੰਗਤਾਂ ਸਾਹਮਣੇ ਭਾਵ ਪੂਰਤ ਅਤੇ ਜੋਸ਼ੀਲੀ ਤਕਰੀਰ ਕਰਦਿਆਂ ਕਿਹਾ ਕਿ ਖ਼ਾਲਸਾ ਜੀ ਇਹ ਉਹੀ ਪੁਜਾਰੀ ਹਨ ਜਿਨ੍ਹਾਂ ਨੇ ਨੌਵੀਂ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਦਰਬਾਰ ਸਾਹਿਬ ਦੇ ਦਰਸ਼ਨ ਲਈ ਅੰਦਰ ਨਹੀਂ ਸੀ ਆਉਣ ਦਿੱਤਾ ਤੇ ਬਾਹਰੋਂ ਹੀ ਪਰਤਾ ਦਿੱਤਾ ਗਿਆ ਸੀ। ਏਸੇ ਤਰ੍ਹਾਂ ਜਦ ਸਰਦਾਰ ਸੁੰਦਰ ਸਿੰਘ ਮਜੀਠੀਆ ਨੇ ਆਪਣੇ ਪੁੱਤਰ ਕਿਰਪਾਲ ਸਿੰਘ ਦਾ ਵਿਆਹ ਕੀਤਾ ਅਤੇ ਬਾਅਦ ਵਿਚ ਆਪਣੇ ਨੂੰਹ-ਪੁੱਤ ਨੂੰ ਨਾਲ ਲੈ ਕੇ ਦਰਬਾਰ ਸਾਹਿਬ ਅਰਦਾਸ ਲਈ ਪਹੁੰਚੇ ਤਾਂ ਪੁਜਾਰੀਆਂ ਨੇ ਕਿਹਾ ਕਿ ਅਸੀਂ ਤੁਹਾਡੇ ਪੁੱਤਰ ਨੂੰਹ ਵਾਸਤੇ ਅਰਦਾਸ ਨਹੀਂ ਕਰ ਸਕਦੇ ਕਿਉਂਕਿ ਤੁਸਾਂ ਇਹ ਵਿਆਹ ਗੁਰਮਤਿ ਅਨੁਸਾਰ ਕੀਤਾ ਹੈ।

ਸੰਗਤਾਂ ਝੱਬਰ ਜੀ ਦੇ ਲੈਕਚਰ ਤੋਂ ਬਹੁਤ ਪ੍ਰਭਾਵਿਤ ਹੋਈਆਂ। ਏਸੇ ਸਮੇਂ ਉਨ੍ਹਾਂ ਅੱਗੇ ਕਿਹਾ ਕਿ ਹੁਣ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਪੂਰਣ ਪ੍ਰਬੰਧ ਇਨ੍ਹਾਂ ਪੁਜਰੀਆਂ ਕੋਲੋਂ ਖੋਹ ਕੇ ਸਿੱਖ ਸੰਗਤਾਂ ਨੂੰ

---

[142] *ਉਹੀ,* ਪੰਨਾ- 64.

ਸੌਂਪਿਆ ਜਾਵੇਗਾ। ਸੋ ਅੱਜ ਤੋਂ ਪ੍ਰਬੰਧ ਕਰਨ ਵਾਲੇ ਜਥੇ ਦਾ ਜੱਥੇਦਾਰ ਤੇਜਾ ਸਿੰਘ ਭੁੱਚਰ ਹੋਵੇਗਾ। ਸੰਗਤਾਂ ਦੇ ਜੈਕਾਰਿਆਂ ਵਿਚ ਭੁੱਚਰ ਨੇ ਸ੍ਰੀ ਅਕਾਲ ਤਖ਼ਤ ਦੀ ਸੇਵਾ ਕਰਨ ਦੀ ਕਮਾਨ ਸੰਭਾਲ ਲਈ। ਇਸ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਦਾ ਨਵਾਂ ਅਹੁਦਾ ਬਣ ਗਿਆ।[143] ਇਸ ਤੋਂ ਪਹਿਲਾਂ ਸਿੱਖ ਇਤਿਹਾਸ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਕੋਈ ਵੀ ਜੱਥੇਦਾਰ ਨਹੀਂ ਸੀ ਹੁੰਦਾ।

ਇਸ ਤਰ੍ਹਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪ੍ਰਬੰਧਕ ਕਾਰਜਸ਼ੀਲਤਾ ਵਿਚ ਇਕ ਨਵਾਂ ਅਧਿਆਇ ਜੁੜ ਗਿਆ ਜੋ ਹੁਣ ਤੱਕ ਵੀ ਕਾਇਮ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪੁਜਾਰੀਆਂ ਨੂੰ ਸ੍ਰ ਸੁੰਦਰ ਸਿੰਘ ਰਾਮਗੜੀਆ ਨੇ ਮੁਆਫ਼ੀ ਮੰਗਣ ਲਈ ਕਿਹਾ ਪਰ ਉਨ੍ਹਾਂ ਨੂੰ ਅੰਗ੍ਰੇਜ਼ ਹਾਕਮਾਂ ਦੀ ਸ਼ਹਿ ਹਾਸਲ ਸੀ ਜਿਸ ਕਰਕੇ ਉਹ ਆਕੜੇ ਰਹੇ।[144] ਐਪਰ ਡੀ.ਸੀ. ਅੰਮ੍ਰਿਤਸਰ ਨੇ ਮੌਕੇ ਦੀ ਨਜ਼ਾਕਤ ਨੂੰ ਭਾਂਪਦਿਆਂ ਪੁਜਾਰੀਆਂ ਦੀ ਮਦਦ ਕਰਨ ਤੋਂ ਨਾਂਹ ਕਰ ਦਿੱਤੀ ਸਗੋਂ ਉਸ ਨੇ ਬਿਆਨ ਦਿੱਤਾ ਕਿ ਸਰਕਾਰ ਇਸ ਮਾਮਲੇ ਵਿਚ ਕੋਈ ਦਖ਼ਲ ਨਹੀਂ ਦੇਵੇਗੀ। ਡੀ.ਸੀ. ਸਾਹਿਬ ਨੇ ਝੱਬਰ ਸਿੰਘ ਨੂੰ ਕਿਹਾ ਕਿ ਤੁਸੀਂ ਇਕ ਕਮੇਟੀ ਬਣਾ ਲਵੋ ਜੋ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਪ੍ਰਬੰਧ ਚਲਾਵੇ। ਪਰ ਝੱਬਰ ਨੇ ਕਿਹਾ ਕਿ ਕਮੇਟੀ ਤਾਂ ਸਾਰਾ ਸਿੱਖ ਪੰਥ ਇਕੱਠਿਆਂ ਹੋ ਕੇ ਹੀ ਕਾਇਮ ਕਰੇਗਾ। ਇਸ ਤੇ ਡਿਪਟੀ ਕਮਿਸ਼ਨਰ ਨੇ ਕਿਹਾ ਕਿ 'ਅੱਛਾ ਤੁਸੀਂ ਇਸ ਤਰ੍ਹਾਂ ਕਰੋ ਥੋੜ੍ਹੇ ਜਿਹੇ ਚੋਣਵੇਂ ਸਿੱਖਾਂ ਦੀ ਇਕ ਸੰਖੇਪ ਕਮੇਟੀ ਬਣਾ ਲਵੋ ਅਤੇ ਅਸੀਂ ਤੁਹਾਨੂੰ ਕਬਜ਼ਾ ਲਿਖ ਦੇਂਦੇ ਹਾਂ।' ਇਸ `ਤੇ ਝੱਬਰ ਨੇ ਕੁਝ ਸਰਕਰਦਾ ਸਿੱਖਾਂ ਦੀ ਸੂਚੀ ਡੀ.ਸੀ. ਨੂੰ ਦੇ ਦਿੱਤੀ ਅਤੇ ਡੀ.ਸੀ. ਨੇ ਨੌਂ ਸੁਧਾਰਵਾਦੀਆਂ ਸਿੱਖਾਂ ਤੇ ਆਧਾਰਤ ਇਕ ਕਮੇਟੀ ਬਣਾ ਦਿੱਤੀ ਜਿਸ ਦਾ ਮੁਖੀ ਕਰਤਾਰ ਸਿੰਘ ਝੱਬਰ ਹੀ ਸੀ। ਹੋਰ ਮੈਂਬਰਾਂ ਵਿਚ ਸ੍ਰ. ਸੁੰਦਰ ਸਿੰਘ ਰਾਮਗੜੀਆ ਸਰਬਗਹ, ਪ੍ਰੋ. ਤੇਜਾ ਸਿੰਘ, ਬਾਵਾ ਹਰਕਿਸ਼ਨ ਸਿੰਘ ਸੁੰਦਰ ਖ਼ਾਲਸਾ ਕਾਲਜ, ਭਾਈ ਦੇਵਾ ਸਿੰਘ ਸੈਕਟਰੀ ਸਿੰਘ ਸਭਾ, ਬਹਾਦਰ ਸਿੰਘ ਹਕੀਮ, ਤੇਜਾ ਸਿੰਘ ਭੁੱਚਰ, ਚੰਦਾ ਸਿੰਘ ਪੰਥ ਸੇਵਕ ਅਤੇ ਗੁਰਬਖ਼ਸ਼ ਸਿੰਘ ਸਨ।[145]

---

143 ਹਰਜਿੰਦਰ ਸਿੰਘ ਦਿਲਗੀਰ,, *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਿਵੇਂ ਬਣੀ?*, ਪੰਨਾ-17.

144 ਜਗਜੀਵਨ ਮੋਹਨ ਵਾਲੀਆ, *ਕਰਤਾਰ ਸਿੰਘ ਝੱਬਰ*, ਪੰਨਾ-64.

145 ਸੋਹਣ ਸਿੰਘ ਜੋਸ਼, *ਅਕਾਲੀ ਮੋਰਚਿਆਂ ਦਾ ਇਤਿਹਾਸ*, ਸਫਾ-।.

ਡੀ.ਸੀ. ਅੰਮ੍ਰਿਤਸਰ ਤੱਕ ਪੁਜਾਰੀਆਂ ਨੇ ਪਹੁੰਚ ਕੀਤੀ ਅਤੇ ਆਪਣੀ ਬ੍ਰਿਟਿਸ਼ ਸਰਕਾਰ ਦੀ ਚਾਪਲੂਸੀ `ਤੇ ਸੇਵਾ ਯਾਦ ਕਰਵਾਈ ਪਰ ਡੀ.ਸੀ. ਨੂੰ ਸਿੱਖ ਪੰਥ ਦੀ ਸ਼ਕਤੀ ਦਾ ਗਿਆਨ ਹੋ ਚੁੱਕਾ ਸੀ। ਪੁਜਾਰੀਆਂ ਨੂੰ ਜਦ ਪਤਾ ਲੱਗਾ ਕਿ ਉਨ੍ਹਾਂ ਦਾ ਰੁਜ਼ਗਾਰ ਜਾਂਦਾ ਰਿਹਾ ਤਾਂ ਉਨ੍ਹਾਂ ਦੇ ਹੱਥਾਂ ਦੇ ਤੋਤੇ ਉੱਡ ਗਏ।

ਹੁਣ ਪੁਜਾਰੀ ਸਿੱਖ ਸੰਗਤਾਂ ਨਾਲ ਸਿੱਧੀ ਟੱਕਰ ਲੈ ਨਹੀਂ ਸਨ ਸਕਦੇ ਇਸ ਲਈ ਉਨ੍ਹਾਂ ਸਾਜਿਸ਼ਾਂ ਕਰਨੀਆਂ ਅਰੰਭੀਆਂ। ਪੁਜਾਰੀਆਂ ਨੇ ਨਿਹੰਗ ਸਿੰਘਾਂ ਨੂੰ ਉਕਸਾਇਆ ਕਿ ਅਕਾਲ ਤਖ਼ਤ ਉੱਤੇ ਪਹਿਲਾਂ ਅਕਾਲੀ ਫੂਲਾ ਸਿੰਘ ਜੀ ਦੀ ਪ੍ਰਥਾਇ ਕਬਜ਼ਾ ਨਿਹੰਗ ਸਿੰਘਾਂ ਦਾ ਹੋਇਆ ਕਰਦਾ ਸੀ। ਇਸ ਲਈ ਹੁਣ ਮੌਕਾ ਹੈ ਤੁਸੀਂ ਹਮਲਾ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਕਬਜਾ ਕਰ ਲਵੋ। ਇਸ ਸਮੇਂ ਤਾਂ ਬੁੱਢਾ ਦਲ ਦੇ ਨਿਹੰਗ ਕਬਜਾ ਕਰਨ ਲਈ ਹਮਲਾ ਕਰਨ ਦੇ ਮੂੜ ਵਿਚ ਆ ਵੀ ਗਏ ਪਰ ਪੁਰਾਣੇ ਨਿਹੰਗ ਸਿੰਘ ਬਾਬਾ ਕਿਹਰ ਸਿੰਘ ਪੱਟੀ ਨੇ ਨਿਹੰਗਾਂ ਨੂੰ ਪੁਜਾਰੀਆਂ ਦੀਆਂ ਕੋਹਝੀਆਂ ਚਾਲਾਂ ਤੋਂ ਉਨ੍ਹਾਂ ਨੂੰ ਜਾਣੂੰ ਕਰਾਇਆ ਅਤੇ ਨਿਹੰਗਾਂ ਨੂੰ ਠੰਡਿਆਂ ਕਰ ਲਿਆ। ਨਿਹੰਗ ਸਿੰਘਾਂ ਮੰਨ ਲਿਆ ਕਿ ਜਦ ਤੱਕ ਖ਼ਾਲਸਾ ਪੰਥ ਇਕੱਠਿਆਂ ਹੋ ਕੇ ਕੋਈ ਯੋਗ ਫੈਸਲਾ ਨਹੀਂ ਕਰ ਲੈਂਦਾ ਉਦੋਂ ਤੱਕ ਇਸ ਕਮੇਟੀ ਨੂੰ ਗੁਰਦੁਆਰਾ ਪ੍ਰਬੰਧ ਕਰਨ ਦਿੱਤਾ ਜਾਵੇ। ਨਿਹੰਗ ਬਾਬਾ ਜੀ ਤਾਰਕਿਕ ਬਾਣੀ ਨੂੰ ਦਿਲ ਨਾਂਲ ਲਾ ਕੇ ਵਾਪਸ ਪਰਤ ਗਏ। ਇਸ ਤਰ੍ਹਾਂ ਇਕ ਨਵਾਂ ਝਗੜਾ ਹੋਣੋਂ ਬਚ ਗਿਆ।

ਪਰ ਪੁਜਾਰੀ ਅਜੇ ਵੀ ਟਿਕ ਕੇ ਨਹੀਂ ਸਨ ਬੈਠੇ। ਉਹ ਕਿਵੇਂ ਸਹਿਣ ਕਰ ਸਕਦੇ ਸਨ ਕਿ ਉਨ੍ਹਾਂ ਦਾ ਰੁਜ਼ਗਾਰ ਏਦਾਂ ਖੁੱਸ ਜਾਵੇ। ਉਨ੍ਹਾਂ ਨੇ ਦੀਵਾਲੀ ਉੱਤੇ ਫੇਰ ਤੋਂ ਨਿਹੰਗ ਸਿੰਘਾਂ ਨੂੰ ਸ੍ਰੀ ਅਕਾਲ ਤਖ਼ਤ ਉੱਤੇ ਕਬਜ਼ਾ ਕਰਨ ਵਾਸਤੇ ਮਨਾ ਲਿਆ। ਨਿਹੰਗ ਇਕ ਜਥਾ ਲੈ ਕੇ ਸ੍ਰੀ ਅਕਾਲ ਤਖ਼ਤ ਆ ਵੀ ਗਏ ਪਰ ਜਦ ਜੱਥੇਦਾਰ ਅਕਾਲ ਤਖ਼ਤ ਨੇ ਉਨ੍ਹਾਂ ਨੂੰ ਲਲਕਾਰਿਆ ਤਾਂ ਚੰਗਾ ਫਿਰ ਆਉ ਦੋ ਹੱਥ ਕਰ ਹੀ ਲਵੋ। ਇਹ ਸੁਣ ਕੇ ਨਿਹੰਗ ਉਥੋਂ ਖਿਸਕ ਗਏ।

ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਸਿੱਖ ਪੰਥ ਦੇ ਪ੍ਰਬੰਧਕੀ ਕਬਜ਼ੇ ਨਾਲ ਸਿੱਖ ਸੰਗਤਾਂ ਦਾ ਮਨੋਬਲ ਉੱਚਾ ਕੀਤਾ। ਇਸ ਅਪੂਰਵ ਸਫ਼ਲਤਾ ਨੇ ਅਕਾਲੀ ਲਹਿਰ ਨੂੰ ਕਾਫੀ ਉਭਾਰਿਆ। ਅੱਗੋਂ ਚੱਲ ਕੇ ਬਹੁਤ ਸਾਰੇ ਹੋਰ ਗੁਰਦੁਆਰਿਆਂ ਨੂੰ ਵੀ ਪੁਜਾਰੀ ਵਰਗ ਤੋਂ ਅਜ਼ਾਦ ਕਰਾਉਣ ਦਾ ਸੰਘਰਸ਼ ਆਰੰਭ ਹੋਇਆ। ਇਸ ਘਟਨਾ ਨੇ ਸਿੱਖਾਂ ਅੰਦਰ ਇਹ ਚੇਤਨਾ ਪੈਦਾ ਕੀਤੀ ਕਿ ਨਿੱਕੀਆਂ

ਨਿੱਕੀਆਂ ਤੇ ਸਥਾਨਕ ਕਮੇਟੀਆਂ ਦੀ ਥਾਂ ਕਿਉਂ ਨਾ ਇਕ ਸਾਂਝੀ ਤੇ ਵਿਆਪਕ ਕਮੇਟੀ ਦਾ ਗਠਨ ਕਰ ਲਿਆ ਜਾਵੇ ਜੋ ਸਾਰੇ ਗੁਰਦੁਆਰਿਆਂ ਦਾ ਪ੍ਰਬੰਧ ਚਲਾਵੇ। ਏਸੇ ਧਾਰਨਾ ਤਹਿਤ 1920 ਵਿਚ ਸ਼੍ਰੋਮਣੀ ਗੁਰਦੁਆਰਾ ਕਮੇਟੀ ਦੀ ਪੂਰਵ ਬਣਤਰ ਮੁੱਖ ਬਣ ਗਈ ਸੀ। 15 ਨਵੰਬਰ 1920 ਨੂੰ ਅਕਾਲ ਤਖ਼ਤ ਸਾਹਿਬ ਉੱਤੇ ਇਕ ਸਰਬੱਤ ਖ਼ਾਲਸਾ ਇਕੱਠ ਬੁਲਾਇਆ ਗਿਆ।[146] ਇਸ ਵਿਚ ਗੁਰਦੁਆਰਿਆਂ ਦੇ ਪ੍ਰਬੰਧ ਵਾਸਤੇ ਅਤੇ ਸੁਧਾਰ ਵਾਸਤੇ ਇਕ ਸਾਂਝੀ ਕਮੇਟੀ ਬਣਾਉਣ ਲਈ ਸਿੱਖ ਸੰਗਤਾਂ ਅਤੇ ਸਿੱਖ ਨੁਮਾਇੰਦੇ ਜੁੜੇ। ਇਸ ਇਕੱਠ ਨੇ ਚੀਫ਼ ਖ਼ਾਲਸਾ ਦੀਵਾਨ ਨਾਲ ਰਾਬਤਾ ਬਣਾਉਣ ਲਈ ਵੀ ਹਦਾਇਤਾਂ ਕੀਤੀਆਂ। ਹੁਣ ਸਿੱਖ ਕੌਮ ਜਾਗ ਚੁੱਕੀ ਸੀ। ਏਸੇ ਸਮੇਂ ਸਰਕਾਰ ਨੇ ਆਪਣੇ ਹੱਕ ਦੀ ਇਕ ਕਮੇਟੀ ਬਣਾ ਦਿੱਤੀ। ਇਸ ਨੂੰ ਸਿੱਖਾਂ ਨੇ ਸਰਕਾਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਕੇ ਜਾਣਿਆ। ਇਸ ਦੇ ਪ੍ਰਧਾਨ ਸਰਦਾਰ ਹਰਬੰਸ ਸਿੰਘ ਅਟਾਰੀ ਬਣਾਇਆ ਗਿਆ। ਸਰਕਾਰੀ ਚਾਲਾਂ ਅਤੇ ਪੁਜਾਰੀਆਂ ਦੀ ਸਾਜਿਸ਼ ਦੇ ਬਾਵਜੂਦ ਵੀ 15 ਨਵੰਬਰ 1920 ਨੂੰ ਵੱਡਾ ਸਿੱਖ ਇਕੱਠ ਹੋਇਆ ਅਤੇ ਇਸ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਨੀਂਹ ਰੱਖੀ ਗਈ। ਜਿਸ ਦੇ ਪਹਿਲੇ ਪ੍ਰਧਾਨ ਸੁੰਦਰ ਸਿੰਘ ਮਜੀਠੀਆ, ਮੀਤ ਪ੍ਰਧਾਨ ਹਰਬੰਸ ਸਿੰਘ ਅਟਾਰੀ, ਸੁੰਦਰ ਸਿੰਘ ਰਾਮਗੜੀਆ ਸਕੱਤਰ, ਬਾਵਾ ਹਰਕਿਸ਼ਨ ਸਿੰਘ ਮੀਤ ਪ੍ਰਧਾਨ ਚੁਣੇ ਗਏ। ਜੋਧ ਸਿੰਘ, ਤੇਜਾ ਸਿੰਘ, ਬੂਟਾ ਸਿੰਘ ਵਕੀਲ, ਸ੍ਰ. ਹਰਬੰਸ ਸਿੰਘ ਚਰਨ ਸਿੰਘ, ਅਮਰ ਸਿੰਘ ਲਾਇਲ ਗ਼ਜ਼ਟ ਤੇ ਬਾਬਾ ਕੇਹਰ ਸਿੰਘ ਅਗਜੈਕਟਿਵ ਮੈਂਬਰ ਚੁਣੇ ਗਏ।[147]

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪੁਜਾਰੀਆਂ ਨੂੰ ਸ੍ਰ ਸੁੰਦਰ ਸਿੰਘ ਰਾਮਗੜੀਆ ਨੇ ਮੁਆਫ਼ੀ ਮੰਗਣ ਲਈ ਕਿਹਾ ਪਰ ਉਨ੍ਹਾਂ ਨੂੰ ਅੰਗ੍ਰੇਜ਼ ਹਾਕਮਾਂ ਦੀ ਸ਼ਹਿ ਹਾਸਲ ਸੀ ਜਿਸ ਕਰਕੇ ਉਹ ਆਕੜੇ ਰਹੇ।[148] ਐਪਰ ਡੀ.ਸੀ. ਅੰਮ੍ਰਿਤਸਰ ਨੇ ਮੌਕੇ ਦੀ ਨਜ਼ਾਕਤ ਨੂੰ ਭਾਂਪਦਿਆਂ ਪੁਜਾਰੀਆਂ ਦੀ ਮਦਦ ਕਰਨ ਤੋਂ ਨਾਂਹ ਕਰ ਦਿੱਤੀ ਸਗੋਂ ਉਸ ਨੇ ਬਿਆਨ ਦਿੱਤਾ ਕਿ ਸਰਕਾਰ ਇਸ ਮਾਮਲੇ ਵਿਚ ਕੋਈ ਦਖ਼ਲ ਨਹੀਂ ਦੇਵੇਗੀ। ਡੀ.ਸੀ. ਸਾਹਿਬ ਨੇ ਝੱਬਰ ਸਿੰਘ ਨੂੰ ਕਿਹਾ ਕਿ ਤੁਸੀਂ ਇਕ ਕਮੇਟੀ ਬਣਾ ਲਵੋ ਜੋ ਦਰਬਾਰ ਸਾਹਿਬ ਅਤੇ

---

[146] ਤੇਜਾ ਸਿੰਘ, *ਗੁਰਦੁਆਰਾ ਰੀਫਾਰਮ ਮੂਵਮੈਂਟ ਐਂਡ ਸਿੱਖ ਅਵੇਕਨਿੰਗ*, ਪੰਨਾ-114

[147] ਸ਼ਮਸ਼ੇਰ ਸਿੰਘ ਅਸ਼ੋਕ, *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ*, ਪੰਨਾ-41

[148] ਜਗਜੀਵਨ ਮੋਹਨ ਵਾਲੀਆ, *ਕਰਤਾਰ ਸਿੰਘ ਝੱਬਰ*, ਪੰਨਾ-64.

ਸ੍ਰੀ ਅਕਾਲ ਤਖ਼ਤ ਸਾਹਿਬ ਦਾ ਪ੍ਰਬੰਧ ਚਲਾਵੇ। ਪਰ ਝੱਬਰ ਨੇ ਕਿਹਾ ਕਿ ਕਮੇਟੀ ਤਾਂ ਸਾਰਾ ਸਿੱਖ ਪੰਥ ਇਕੱਠਿਆਂ ਹੋ ਕੇ ਹੀ ਕਾਇਮ ਕਰੇਗਾ। ਇਸ ਤੇ ਡਿਪਟੀ ਕਮਿਸ਼ਨਰ ਨੇ ਕਿਹਾ ਕਿ 'ਅੱਛਾ ਤੁਸੀਂ ਇਸ ਤਰ੍ਹਾਂ ਕਰੋ ਥੋੜ੍ਹੇ ਜਿਹੇ ਚੋਣਵੇਂ ਸਿੱਖਾਂ ਦੀ ਇਕ ਸੰਖੇਪ ਕਮੇਟੀ ਬਣਾ ਲਵੋ ਅਤੇ ਅਸੀਂ ਤੁਹਾਨੂੰ ਕਬਜ਼ਾ ਲਿਖ ਦੇਂਦੇ ਹਾਂ।' ਇਸ `ਤੇ ਝੱਬਰ ਨੇ ਕੁਝ ਸਰਕਰਦਾ ਸਿੱਖਾਂ ਦੀ ਸੂਚੀ ਡੀ.ਸੀ. ਨੂੰ ਦੇ ਦਿੱਤੀ ਅਤੇ ਡੀ.ਸੀ. ਨੇ ਨੌਂ ਸੁਧਾਰਵਾਦੀਆਂ ਸਿੱਖਾਂ ਤੇ ਆਧਾਰਤ ਇਕ ਕਮੇਟੀ ਬਣਾ ਦਿੱਤੀ ਜਿਸ ਦਾ ਮੁਖੀ ਕਰਤਾਰ ਸਿੰਘ ਝੱਬਰ ਹੀ ਸੀ। ਹੋਰ ਮੈਂਬਰਾਂ ਵਿਚ ਸ੍ਰ. ਸੁੰਦਰ ਸਿੰਘ ਰਾਮਗੜੀਆ ਸਰਬਗਹ, ਪ੍ਰੋ. ਤੇਜਾ ਸਿੰਘ, ਬਾਵਾ ਹਰਕਿਸ਼ਨ ਸਿੰਘ ਸੁੰਦਰ ਖ਼ਾਲਸਾ ਕਾਲਜ, ਭਾਈ ਦੇਵਾ ਸਿੰਘ ਸੈਕਟਰੀ ਸਿੰਘ ਸਭਾ, ਬਹਾਦਰ ਸਿੰਘ ਹਕੀਮ, ਤੇਜਾ ਸਿੰਘ ਭੁੱਚਰ, ਚੰਦਾ ਸਿੰਘ ਪੰਥ ਸੇਵਕ ਅਤੇ ਗੁਰਬਖ਼ਸ਼ ਸਿੰਘ ਸਨ।[149]

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਕਸਰ ਇਸ ਕਾਰਨ ਆਲੋਚਨਾ ਦੇ ਘੇਰੇ ਵਿਚ ਵੀ ਆਉਂਦੀ ਰਹੀ ਹੈ ਕਿ ਜੱਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਹੋਰ ਜਥੇਦਾਰਾਂ ਦੀ ਨਿਯੁਕਤੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪ ਕਰਦੀ ਹੈ। ਜਿਸ ਕਾਰਨ ਜੱਥੇਦਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਲਾਜ਼ਮ ਹੋਣ ਕਰਕੇ ਇਸਦੇ ਪ੍ਰਭਾਵ 'ਚ ਰਹਿੰਦੇ ਹਨ। ਸ਼੍ਰੋਮਣੀ ਸੰਸਥਾ ਹੋਣ ਕਰਕੇ ਇਸ ਨੂੰ ਇਹ ਅਧਿਕਾਰ ਪ੍ਰਾਪਤ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੁਣ ਤੱਕ ਦੇ ਇਤਿਹਾਸ ਵਿਚ ਕੁਝ ਉਦਾਹਰਣਾਂ ਅਜਿਹੀਆਂ ਵੀ ਮਿਲਦੀਆਂ ਹਨ ਜਿਨ੍ਹਾਂ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਹਾਊਸ ਜੋ ਕਿ ਕਮੇਟੀ ਦਾ ਸਰਵਉੱਚ ਹਾਊਸ ਹੈ ਵੱਲੋਂ ਕੁਝ ਸ਼ਖ਼ਸੀਅਤਾਂ ਨੂੰ ਪੰਥ 'ਚੋਂ ਖਾਰਜ ਕੀਤਾ ਜਾ ਚੁਕਾ ਹੈ। ਭਸੌੜ ਮਸਲੇ ਵਿਚ ਵੀ ਇਸ ਤਰ੍ਹਾਂ ਹੀ ਹੋਇਆ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਜਨਰਲ ਹਾਊਸ ਅਤੇ ਗੁਰਮਤਿ ਰਹੁ-ਰੀਤ ਸਬ-ਕਮੇਟੀ ਦਾ ਅੱਜ ਦਾ ਸਮਾਗਮ ਪਾਸ ਕਰਦਾ ਹੈ ਕਿਉਂਕਿ ਪੰਚ ਖ਼ਾਲਸਾ ਦੀਵਾਨ ਦੇ ਗੁਰਮੁਖੀ ਕੋਰਸ ਨਾਮੀ ਪੁਸਤਕ ਛਾਪ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਅਦਲਾ-ਬਦਲੀ ਤੇ ਵਾਧਾ-ਘਾਟਾ ਕਰਕੇ ਗੁਰਬਾਣੀ ਭੰਗ ਕੀਤੀ ਹੈ ਅਤੇ ਗੁਰਮੰਤਰ, ਅਰਦਾਸਾ ਅਤੇ ਅੰਮ੍ਰਿਤ ਮਰਯਾਦਾ ਆਦਿਕ ਵਿਚ ਅਦਲਾ-ਬਦਲੀਆਂ ਕਰਨ ਦੀਆਂ ਹੋਰ ਗੁਰਮਤਿ ਵਿਰੋਧੀ ਕਾਰਵਾਈਆਂ ਕੀਤੀਆਂ ਹਨ। ਇਸ ਲਈ ਕੋਈ ਸਿੱਖ ਪੰਚ ਖ਼ਾਲਸਾ ਦੀਵਾਨ ਵੱਲੋਂ

---

[149] ਸੋਹਣ ਸਿੰਘ ਜੋਸ਼, *ਅਕਾਲੀ ਮੋਰਚਿਆਂ ਦਾ ਇਤਿਹਾਸ*, ਸਫਾ-।.

ਛਾਪੇ ਗੁਰਮੁਖੀ ਕੋਰਸਾਂ ਨੂੰ ਨਾ ਖਰੀਦੇ ਨਾ ਆਪਣੇ ਪਾਸ ਰੱਖੇ ਅਤੇ ਇਹ ਪੁਸਤਕਾਂ ਪੰਚ ਖ਼ਾਲਸਾ ਦੀਵਾਨ ਜਾਂ ਹੋਰ ਜਿਸ ਕਿਸੇ ਪਾਸ ਹੋਣ, ਉਹ ਸ੍ਰੀ ਅਕਾਲ ਤਖ਼ਤ ਸਾਹਿਬ ਵੱਲ ਘੱਲ ਦੇਵੇ।

ਸੋ ਉਪਰੋਕਤ ਮਸਲੇ 'ਤੇ ਕਾਰਵਾਈ ਕਰਦੇ ਹੋਏ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਹ ਐਲਾਨ ਕੀਤਾ ਕਿ ਬਾਬੂ ਤੇਜਾ ਸਿੰਘ ਜੀ ਭਸੌੜ ਅਤੇ ਬੀਬੀ ਨਿਰੰਜਨ ਕੌਰ ਨੂੰ ਪੰਥ ਵਿਚੋਂ ਖ਼ਾਰਿਜ ਕੀਤਾ ਜਾਂਦਾ ਹੈ ਅਤੇ ਪੰਚ ਖ਼ਾਲਸਾ ਦੀਵਾਨ ਦੇ ਬਾਕੀ ਮੈਂਬਰਾਂ ਦਾ ਤਖ਼ਤ ਸਾਹਿਬ ਤੇ ਹੋਰ ਗੁਰਦੁਆਰਾ ਸਾਹਿਬਾਨ ਵਿਚ ਅਰਦਾਸਾ ਬੰਦ ਕੀਤਾ ਜਾਂਦਾ ਹੈ ਜਦ ਤੱਕ ਉਹ ਭੁੱਲ ਨਾ ਬਖ਼ਸ਼ਾਉਣ।[150]

13 ਜੂਨ 1936 ਈ: ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਹਾਊਸ ਦੀ ਇਕੱਤਰਤਾ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਸਧਾਰਨ ਹੁਕਮਨਾਮਾ ਜਾਰੀ ਹੋਇਆ ਜਿਸ ਵਿਚ ਅੰਕਿਤ ਹੈ, ਇਸ ਤੋਂ ਬਾਅਦ ਪ੍ਰਧਾਨ ਸਾਹਿਬ ਵੱਲੋਂ ਪੇਸ਼ ਹੋਣ ਤੇ ਪ੍ਰਵਾਨ ਹੋਇਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਜੱਥੇਦਾਰ ਸਾਹਿਬ ਹੇਠ ਲਿਖਿਆ ਹੁਕਮਨਾਮਾ ਜਾਰੀ ਕਰ ਦੇਣ, 'ਸਰਬੱਤ ਖ਼ਾਲਸਾ ਅਤੇ ਗੁਰਦੁਆਰਿਆਂ ਦੇ ਸੇਵਾਦਾਰਾਂ ਪ੍ਰਤੀ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਹੁਕਮ ਹੈ: ਜੋ ਅੰਮ੍ਰਿਤਧਾਰੀ ਪ੍ਰਾਣੀ ਮਾਤ੍ਰ ਨਾਲ ਸੰਗਤ-ਪੰਗਤ ਵਿਚ ਇਕੋ ਜਿਹਾ ਵਿਹਾਰ ਕਰਨਾ, ਪਿਛਲੀ ਜਾਤ-ਪਾਤ ਨਹੀਂ ਪੁੱਛਣੀ, ਭਰਮ ਨਹੀਂ ਕਰਨਾ, ਇਹੋ ਹੀ ਗੁਰੂ ਜੀ ਦੀ ਆਗਿਆ ਹੈ। ਜੋ ਸਿਰ ਨਿਵਾਏਗਾ ਗੁਰੂ ਜੀ ਉਸ ਦੀ ਬਹੁੜੀ ਕਰਣਗੇ।[151]

ਉਪਰੋਕਤ ਤੋਂ ਸਪਸ਼ਟ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਆਪਣੀ ਸ਼੍ਰੋਮਣੀ ਹੋਂਦ ਨੂੰ ਬਰਕਰਾਰ ਰੱਖਦੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਿਸੇ ਵਿਅਕਤੀ ਵੱਲੋਂ ਕੀਤੇ ਗੁਨਾਹ ਜਾਂ ਗਲਤੀ ਬਦਲੇ ਉਸਨੂੰ ਪੰਥ 'ਚੋਂ ਖਾਰਜ ਤੱਕ ਕਰਨ ਦੇ ਸਮਰੱਥ ਹੈ। ਅਜਿਹੀਆਂ ਸ਼ਕਤੀਆਂ ਦੀ ਵਰਤੋਂ ਇਹ ਸੰਸਥਾ ਕਰਦੀ ਵੀ ਆਈ ਹੈ। ਉਂਝ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹਰ ਮੁਲਾਜ਼ਮ ਲਈ ਕਮੇਟੀ ਦਾ ਪ੍ਰਧਾਨ ਕੋਈ ਵੀ ਫ਼ੈਸਲਾ ਲੈਣ ਦੇ ਸਮਰਥ ਹੁੰਦਾ ਹੈ ਪਰ ਜੱਥੇਦਾਰ ਨਾਲ ਸੰਬੰਧਿਤ ਕੋਈ ਵੀ ਫ਼ੈਸਲਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਆਪ ਲਿਆ ਜਾਂਦਾ ਹੈ। ਜੱਥੇਦਾਰ

---

150 ਉਹੀ, ਪੰਨਾ 58

151 ਉਹੀ, ਪੰਨਾ 156

ਨੂੰ ਮੁਅਤਲ ਕਰਨ ਦਾ ਅਧਿਕਾਰ ਪ੍ਰਧਾਨ ਸਾਹਿਬ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹੋਵੇਗਾ, ਪਰ ਮੌਕੇ ਤੇ ਅਸਤੀਫ਼ਾ ਪਰਵਾਨ ਕਰਨਾ ਜਨਰਲ ਕਮੇਟੀ ਦੇ ਅਖ਼ਤਿਆਰ ਹੋਵੇਗਾ।[152]

ਉਪਰੋਕਤ ਤੋਂ ਸਪਸ਼ੱਟ ਹੈ ਕਿ ਨਾ ਸਿਰਫ਼ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜੱਥੇਦਾਰ ਬਲਕਿ ਹਰ ਜੱਥੇਦਾਰ ਨੂੰ ਲਾਉਣ, ਹਟਾਉਣ ਦਾ ਅਧਿਕਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹਾਸਿਲ ਹੈ। ਹੁਣ ਤੱਕ ਜਿੰਨੇ ਵੀ ਜਥੇਦਾਰਾਂ ਦੀ ਨਿਯੁਕਤੀ ਹੋਈ ਹੈ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਆਪ ਕੀਤੀ ਗਈ ਹੈ। ਵਰਤਮਾਨ ਸਮੇਂ ਵੀ ਇਹ ਨਿਯਮ ਲਾਗੂ ਹਨ। ਉਦਾਹਰਣ ਲਈ ਪ੍ਰੋ. ਮਨਜੀਤ ਸਿੰਘ, ਭਾਈ ਰਣਜੀਤ ਸਿੰਘ, ਗਿਆਨੀ ਪੂਰਨ ਸਿੰਘ, ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੂੰ ਜੱਥੇਦਾਰ ਨਿਯੁਕਤ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤਾ ਗਿਆ ਅਤੇ ਹਟਾਇਆ ਵੀ ਕਮੇਟੀ ਵੱਲੋਂ ਹੀ ਗਿਆ।

## 4.7.1.ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ

| | |
|---|---|
| 1 | ਭਾਈ ਗੁਰਦਾਸ (1618-1636) |
| 2 | ਮਨੀ ਸਿੰਘ (1721-1734) |
| 3 | ਦਰਬਾਰਾ ਸਿੰਘ (1722-1734) |
| 4 | ਕਪੂਰ ਸਿੰਘ ਵਿਰਕ (1737-1753) |
| 5 | ਜੱਸਾ ਸਿੰਘ ਆਹਲੂਵਾਲੀਆ (1753-1783) |
| 6 | ਫੂਲਾ ਸਿੰਘ (1800-1823) |
| 7 | ਹਨੂਮਾਨ ਸਿੰਘ (1823-1845) |
| 8 | ਪ੍ਰਹਿਲਾਦ ਸਿੰਘ (1845-) |
| 9 | ਅਰੂੜ ਸਿੰਘ ਨੌਸ਼ਹਿਰਾ (1906-19 21) |
| 10 | ਤੇਜਾ ਸਿੰਘ ਭੁੱਚਰ (1920-19 21) |

[152] ਸ਼ਮਸ਼ੇਰ ਸਿੰਘ ਅਸ਼ੋਕ, *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ*, ਪੰਨੇ 62-63

| | |
|---|---|
| 11 | ਤੇਜਾ ਸਿੰਘ ਅਪਰਪੁਰੀ |
| 12 | (1921-1923) & (1926-19 30) |
| 13 | ਊਧਮ ਸਿੰਘ ਨਾਗੋਕੇ |
| 14 | (1923-19 24) & (1926) |
| 15 | ਅੱਛਰ ਸਿੰਘ |
| 16 | (1924-1926) ਅਤੇ (1955-19 62) |
| 17 | ਦੀਦਾਰ ਸਿੰਘ (1925) |
| 18 | ਜਵਾਹਰ ਸਿੰਘ ਮੱਤੂ ਭਾਇਕੇ (1926) |
| 19 | ਗੁਰਮੁਖ ਸਿੰਘ ਮੁਸਾਫਿਰ (1931-19 34) |
| 20 | ਵਸਾਖਾ ਸਿੰਘ ਦਾਦੇਹਰ (1934) |
| 21 | ਮੋਹਨ ਸਿੰਘ ਨਾਗੋਕੇ (1935-1952) |
| 22 | ਪ੍ਰਤਾਪ ਸਿੰਘ (1952-1954) |
| 23 | ਮੋਹਨ ਸਿੰਘ ਤੂਰ |
| 24 | ਸਾਧੂ ਸਿੰਘ ਭਉਰਾ (1964-1980) |
| 25 | ਗੁਰਦਿਆਲ ਸਿੰਘ ਅਜਨੋਹਾ (1980-1983) |
| 26 | ਕਿਰਪਾਲ ਸਿੰਘ (1983-19 86) |
| 27 | ਜਸਬੀਰ ਸਿੰਘ ਰੋਡੇ (1988-1989) |
| 28 | ਦਰਸ਼ਨ ਸਿੰਘ (1989-1990) |
| 29 | ਮਨਜੀਤ ਸਿੰਘ (1994-1997) |
| 30 | ਰਣਜੀਤ ਸਿੰਘ (1997-1999) |

| | |
|---|---|
| 31 | ਪੂਰਨ ਸਿੰਘ (1999-2000) |
| 32 | ਜੋਗਿੰਦਰ ਸਿੰਘ ਵਦਾਂਤੀ (2000-2008) |
| 33 | ਗੁਰਬਚਨ ਸਿੰਘ (2008-2018) |
| 34 | ਜਗਤਾਰ ਸਿੰਘ ਹਵਾਰਾ (2015-ਨਿਯੁਕਤ) |

## 4.8. ਬਾਕੀ ਤਖ਼ਤਾਂ ਦਾ ਪ੍ਰਬੰਧ

ਸਿੱਖ ਧਰਮ ਵਿਚ ਪੰਜ ਤਖ਼ਤ ਹਨ। ਸਭ ਤੋਂ ਪਹਿਲਾਂ ਸ੍ਰੀ ਅਕਾਲ ਤਖ਼ਤ ਹੋਂਦ ਚ ਆਇਆ। ਬਾਕੀ ਤਖਤਾਂ ਦੀ ਸਥਾਪਨਾ ਬਾਅਦ ਵਿਚ ਹੋਈ। ਮੌਜੂਦਾ ਸਮੇਂ ਵਿਚ ਸ੍ਰੀ ਅਕਾਲ ਤਖ਼ਤ, ਤਖ਼ਤ ਸ੍ਰੀ ਕੇਸ਼ਗੜ੍ਹ ਸਾਹਿਬ, ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦਾ ਪ੍ਰਬੰਧ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹੈ। ਪਰ ਤਖ਼ਤ ਸ੍ਰੀ ਪਟਨਾ ਸਾਹਿਬ ਅਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਨਾ ਹੋ ਕੇ ਉਥੋਂ ਦੀਆਂ ਆਪਣੀਆਂ ਕਮੇਟੀਆਂ ਅਧੀਨ ਹੈ।

## 4.9. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਗੁਰਦੁਆਰਾ ਪ੍ਰਬੰਧਕ ਸ਼ੈਲੀ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਭ ਤੋਂ ਪਹਿਲਾਂ ਗੁਰਦੁਆਰਿਆਂ ਵਿਚਲਾ ਪੁਰਾਣਾ ਮਹੰਤਵਾਦੀ ਪ੍ਰਬੰਧ ਖ਼ਤਮ ਕਰਨ ਅਤੇ ਉਸ ਦੀ ਥਾਂ ਗੁਰਦੁਆਰਿਆਂ ਵਿਚ ਪ੍ਰਬੀਣ ਤੇ ਇਖ਼ਲਾਕੀ ਸਿੰਘਾਂ ਨੂੰ ਇਹ ਪ੍ਰਬੰਧ ਦੇਣ ਵਾਸਤੇ ਸਿਰੜੀ ਸੰਘਰਸ਼ ਵਿਢਿਆ। ਇਹ ਸੱਚ ਹੈ ਕਿ ਲੋਕ ਸ਼ਕਤੀ ਅੱਗੇ ਜ਼ੁਲਮ ਟਿਕ ਨਹੀਂ ਸਕਦੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪਰਚਮ ਹੇਠ ਸਿੱਖਾਂ ਨੇ ਸੰਸਾਰ ਦੇ ਸਮੁੱਚੇ ਪ੍ਰਸਿੱਧ ਤੇ ਇਤਿਹਾਸਕ ਗੁਰਦੁਆਰਿਆਂ ਵਿਚ ਸਿੱਖ ਗੁਰੂਆਂ ਵੱਲੋਂ ਕਿਆਸੀ ਗੁਰ ਮੁਰਿਆਦਾ ਬਹਾਲ ਕਰਾਉਣ ਵਿਚ ਵੱਡਾ ਯੋਗਦਾਨ ਪਾਇਆ। ਅੱਜ ਉਹ ਜਿਹੜੇ ਗੁਰਦੁਆਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹਨ ਉਨ੍ਹਾਂ ਵਿਚ ਸੰਸਾਰ ਦੇ ਸਮੁੱਚੇ ਧਰਮ ਸਥਾਨਾਂ ਤੋਂ ਬਿਹਤਰ ਲੋਕ ਸਹੂਲਤਾਂ ਦੇ ਪ੍ਰਬੰਧ ਚੱਲ ਰਹੇ ਹਨ ਪਰ ਜਿਹੜੇ ਗੁਰਦੁਆਰੇ ਕਮੇਟੀ ਦੇ ਅਧੀਨ ਨਹੀਂ ਹਨ ਉਹ ਵੀ ਹਰ ਹਾਲਤ ਵਿਚ ਕਮੇਟੀ ਦੀ ਤਰਜ਼ ਉੱਤੇ ਪ੍ਰਬੰਧ ਕਰਨ ਲਈ ਲੋੜ ਮਹਿਸੂਸ ਕਰਦੇ ਹਨ। ਅੱਜ ਹਰ ਗੁਰਦੁਆਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੁਭਾ ਸ਼ਾਮ ਪ੍ਰਕਾਸ਼ ਕੀਤਾ ਜਾਂਦਾ ਹੈ। ਸੰਗਤਾਂ ਦੇ ਰਹਿਣ ਲਈ ਯੋਗ ਪ੍ਰਬੰਧ ਕੀਤੇ

ਜਾਂਦੇ ਹਨ। ਸੰਗਤਾਂ ਵਾਸਤੇ ਲੰਗਰ ਆਦਿ ਦਾ ਪ੍ਰਬੰਧ ਕੀਤਾ ਜਾਂਦਾ ਹੈ। ਹੇਠਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਚਲਾਏ ਜਾਂਦੇ ਕੁਝ ਪ੍ਰਬੰਧਾਂ ਬਾਰੇ ਲਿਖਿਆ ਜਾ ਰਿਹਾ ਹੈ।

### 4.9.1. ਸੰਗਤਾਂ ਲਈ ਹਰ ਸਮੇਂ ਗੁਰਦੁਆਰਾ ਸਾਹਿਬ ਦੇ ਦਰਵਾਜ਼ੇ ਖੁੱਲ੍ਹੇ ਰੱਖੇ ਜਾਂਦੇ ਹਨ:

ਕਮੇਟੀ ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਦੀ ਹੈ ਕਿ ਸੰਗਤਾਂ ਜੋ ਇਤਿਹਾਸਕ ਧਾਰਮਿਕ ਸਥਾਨਾਂ ਉੱਤੇ ਆਉਂਦੀਆਂ ਹਨ ਉਹ ਲੰਮੇ ਸਮੇਂ ਪੈਂਡੇ ਮਾਰ ਕੇ ਆਉਂਦੀਆਂ ਹਨ ਕਈ ਵੇਰ ਉਨ੍ਹਾਂ ਨੂੰ ਰਾਤ ਵੀ ਪੈ ਜਾਂਦੀ ਹੈ। ਇਸ ਲਈ ਹਰ ਗੁਰਦੁਆਰੇ ਵਿਚ ਸੰਗਤਾਂ ਲਈ ਹਰ ਸਮੇਂ ਦਰਵਾਜ਼ੇ ਖੁੱਲ੍ਹੇ ਰੱਖੇ ਜਾਂਦੇ ਹਨ ਅਤੇ ਉਨ੍ਹਾਂ ਦੇ ਰਹਿਣ ਲਈ ਗੁਰਦੁਆਰੇ ਦੇ ਨਾਲ ਰਿਹਾਇਸ਼ੀ ਸਰਾਵਾਂ ਉਸਾਰੀਆਂ ਗਈਆਂ ਹਨ। ਇਨ੍ਹਾਂ ਸਰਾਵਾਂ ਵਿਚ ਮੁਫਤ ਜਾਂ ਬਹੁਤ ਥੋੜ੍ਹੇ ਪੈਸਿਆਂ ਵਿਚ ਕਮਰੇ ਕਿਰਾਏ ਉੱਤੇ ਦਿੱਤੇ ਜਾਂਦੇ ਹਨ। ਜੋ ਪੂਰੇ ਪਰਿਵਾਰ ਸਮੇਤ ਬੱਚੇ ਤੇ ਬਜ਼ੁਰਗ ਗੁਰਦੁਆਰਿਆਂ ਦੇ ਦਰਸ਼ਣ ਨੂੰ ਆਉਂਦੇ ਹਨ ਉਨ੍ਹਾਂ ਨੂੰ ਪਹਿਲ ਦੇ ਆਧਾਰ ਉੱਤੇ ਕਮਰੇ ਦਿੱਤੇ ਜਾਂਦੇ ਹਨ। ਸੰਗਤਾਂ ਨੂੰ ਮੌਸਮ ਅਨੁਸਾਰ ਬਿਸਤਰੇ ਦਿੱਤੇ ਜਾਂਦੇ ਹਨ ਅਤੇ ਗੁਸਲਖਾਨਿਆਂ ਦਾ ਪ੍ਰਬੰਧ ਕੀਤਾ ਜਾਂਦਾ ਹੈ। ਅੱਜ ਹਰਿਮੰਦਰ ਸਾਹਿਬ ਅਤੇ ਹੋਰ ਅਨੇਕਾਂ ਗੁਰਦੁਆਰਿਆਂ ਵਿਚ ਹਜ਼ਾਰਾਂ ਯਾਤਰੂ ਪੂਰੀਆਂ ਸੁਵਿਧਾਵਾਂ ਨਾਲ ਰਾਤਾਂ ਕੱਟ ਸਕਦੇ ਹਨ ਅਤੇ ਸਮੇਤ ਪਰਿਵਾਰਾਂ ਦਰਸ਼ਣ ਦੀਦਾਰੇ ਕਰ ਸਕਦੀਆਂ ਹਨ।

### 4.9.2.ਲੰਗਰ ਦੇ ਪ੍ਰਬੰਧ:

ਲੰਗਰ ਇਕ ਫ਼ਾਰਸੀ ਸ਼ਬਦ ਹੈ ਜਿਸ ਦਾ ਅਰਥ ਹੈ ਲੋਹੇ ਦਾ ਵਜਨਦਾਰ ਕੁੰਡਾ। ਇਸ ਨਾਲ ਸਮੁੰਦਰੀ ਜਹਾਜ ਨੂੰ ਰੋਕਿਆ ਜਾਂਦਾ ਹੈ। ਇਸ ਦੇ ਹੋਰ ਵੀ ਕਈ ਅਰਥ ਹਨ, ਜਿਵੇਂ ਟਾਂਕਾ ਢੀਠ ਆਦਿ। ਪੰਰਤੂ ਸਿੱਖ ਧਰਮ ਵਿਚ ਉਸ ਥਾਂ ਨੂੰ ਲੰਗਰ ਕਿਹਾ ਜਾਂਦਾ ਹੈ, ਜਿਥੇ ਗਰੀਬਾਂ ਨੂੰ ਅੰਨਦਾਨ ਮਿਲੇ। ਇਸ ਨੂੰ ਲੋਹ ਲੰਗਰ ਵੀ ਕਿਹਾ ਜਾਂਦਾ ਹੈ।[153] ਸਿੱਖਾਂ ਦੇ ਪਹਿਲੇ ਗੁਰੂ ਸਾਹਿਬਾਨ ਨੇ ਸਮੁੱਚੇ ਸਿੱਖ ਜਗਤ ਨੂੰ ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ ਦਾ ਸੰਦੇਸ਼ ਦਿੱਤਾ ਅਤੇ ਸਿੱਖਾਂ ਨੇ ਗੁਰੂ ਸਾਹਿਬਾਨ ਦੇ ਇਸ ਸੰਦੇਸ਼ ਨੂੰ ਸਿਰਮੱਥੇ ਮੰਨਿਆ। ਇਸ ਸਿਧਾਂਤ ਦੇ ਉਤੇ ਹੀ ਗੁਰੂ ਨਾਨਕ ਦੇਵ ਜੀ ਦੀ ਮੁਫਤ ਰਸੋਈ ਵਿਚ ਖਾਣਾ ਖਾਣ ਜਾਂ ਸਹਾਇਤਾ ਕਰਨ ਲਈ ਹਰੇਕ ਸੈਲਾਨੀ ਦਾ ਸਵਾਗਤ ਹੈ। ਉਪਲੱਬਧ ਭੋਜਨ ਹਮੇਸ਼ਾ ਪੂਰੀ ਤਰ੍ਹਾਂ

[153] ਭਾਈ ਕਾਨ੍ਹ ਸਿੰਘ ਨਾਭਾ, *ਗੁਰਸ਼ਬਦ ਰਤਨਾਕਰ ਮਹਾਨ ਕੋਸ਼,* ਪੰਨੇ 1072,1076.

ਸ਼ਾਕਾਹਾਰੀ ਹੈ, ਕਿਸੇ ਵੀ ਕਿਸਮ ਦੇ ਅੰਡੇ, ਮੱਛੀ ਜਾਂ ਮੀਟ ਦੀ ਸੇਵਾ ਨਹੀਂ ਕੀਤੀ ਜਾਂਦੀ। ਸਾਰੇ ਖਰਚੇ ਮੰਡਲੀ ਦੇ ਮੈਂਬਰਾਂ ਵੱਲੋਂ ਸਵੈਇੱਛਾ ਨਾਲ ਭਰੇ ਯੋਗਦਾਨਾਂ ਦੁਆਰਾ ਪੂਰੀ ਤਰ੍ਹਾਂ ਕਵਰ ਕੀਤੇ ਜਾਂਦੇ ਹਨ।-ਵਾਲੰਟੀਅਰ ਸਾਰੇ ਭੋਜਨ ਤਿਆਰ ਕਰਨ ਦੀ ਜ਼ਿੰਮੇਵਾਰੀ ਲੈਂਦੇ ਹਨ ਅਤੇ ਸਾਫ ਕਰਦੇ ਹਨ ਜਿਵੇਂ ਕਿ:

- ਮਸ਼ੀਨ ਵਿਚ ਆਟਾ ਆਟੇ ਨੂੰ ਰੋਟੀਆਂ ਤਿਆਰ ਕਰਨ ਲਈ ਰੋਜ਼ਾਨਾ ਅੰਦਾਜ਼ਨ 50,000 ਤੋਂ 80,000 ਮਸ਼ੀਨਾਂ ਦੀ ਲੋੜ ਹੁੰਦੀ ਹੈ।
- ਹੱਥ ਨਾਲ ਰੋਟੀ ਨੂੰ ਗੋਲ ਕਰੋ ਅਤੇ ਇਸਨੂੰ ਗਰਮ ਆਇਰਨ ਪਲੇਟਾਂ ਤੇ ਪਕਾਉ।
- ਕੱਟੋ ਪਿਆਜ਼, ਮਸਾਲੇ ਅਤੇ ਸਬਜ਼ੀਆਂ
- ਕਈ ਕਿਸਮ ਦੀਆਂ ਦਲੀਲ ਸੂਪ ਉਬਾਲੋ।
- ਕਤਾਰਾਂ ਵਿਚ ਬੈਠ ਕੇ ਬੈਠਣ ਵਾਲੇ ਪ੍ਰਾਣੀਆਂ ਨੂੰ ਭੋਜਨ ਵੰਡੋ
- ਹਜ਼ਾਰਾਂ ਬਰਤਨਾਂ ਨੂੰ ਧੋਵੋ, ਸਾਰੇ ਰਹਿੰਦ-ਖੂੰਦ ਦਾ ਨਿਪਟਾਰਾ ਕਰੋ, ਰਸੋਈ ਅਤੇ ਲੰਗਰ ਹਾਲ ਦੀ ਸਫਾਈ ਕਰੋ।

### 4.9.3. ਗੁਰਦੁਆਰਿਆਂ ਵਿਚ ਇਸ਼ਨਾਨ ਘਰ ਅਤੇ ਪਖਾਨੇ ਘਰ

ਗੁਰਦੁਆਰਿਆਂ ਵਿਚ ਕਮੇਟੀ ਨੇ ਇਹ ਸੁਖਾਵੇਂ ਪ੍ਰਬੰਧ ਕੀਤੇ ਹਨ ਕਿ ਵਾਤਾਵਰਣ ਦੀ ਸ਼ੁੱਧਤਾ ਵਾਸਤੇ ਗੁਰਦੁਆਰਿਆਂ ਦੇ ਨਾਲ ਸਾਂਝੇ ਪਖਾਨੇ ਬਣਾਏ ਗਏ ਹਨ ਜੋ ਕਿ ਫਰੀ ਹੁੰਦੇ ਹਨ। ਇਹਨਾਂ ਦੀ ਯੋਗ ਸਫ਼ਾਈ ਵਾਸਤੇ ਅਮਲਾ ਭਰਤੀ ਕੀਤਾ ਜਾਂਦਾ ਹੈ। ਬੀਬੀਆਂ ਵਾਸਤੇ ਵੱਖਰੇ ਟਾਇਲਟ ਬਣਾਏ ਜਾਂਦੇ ਹਨ।

### 4.9.4. ਗੁਰਦੁਆਰੇ ਦੇ ਸਰੋਵਰਾਂ ਵਿਚ ਵੱਖਰੇ ਇਸ਼ਨਾਨ ਘਰ

ਬਹੁਤ ਸਾਰੇ ਗੁਰਦੁਆਰਿਆਂ ਵਿਚ ਪਵਿੱਤਰ ਸਰੋਵਰ ਉਸਾਰੇ ਜਾਂਦੇ ਹਨ ਜਿਥੇ ਔਰਤਾਂ ਤੇ ਹੋਰ ਮੁਸਾਫ਼ਿਰ ਇਸ਼ਨਾਨ ਕਰਦੇ ਹਨ। ਸਿੱਖੀ ਵਿਚ ਇਹ ਰਵਾਇਤ ਹੈ ਕਿ 'ਰਾਮਦਾਸਿ ਸਰੋਵਰ ਨਾਤੇ ਸਭ ਲਾਥੇ ਪਾਪ ਕਮਾਤੇ...।' ਇਸ ਲਈ ਬੀਬੀਆਂ ਵਾਸਤੇ ਵੱਖਰੇ ਇਸ਼ਨਾਨ ਘਰ ਬਣਾਏ ਗਏ ਹਨ।

### 4.9.5.ਗੁਰਦੁਆਰੇ ਵਿਚ ਸੁਰੱਖਿਆ ਅਮਲੇ ਦੀ ਭਰਤੀ:

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਯਾਤਰੂਆਂ ਦੇ ਜਾਣ ਮਾਲ ਦੀ ਰਾਖੀ ਅਤੇ ਹੋਰ ਗ਼ੈਰ ਅਨਸਰਾਂ ਉੱਤੇ ਨਿਗਰਾਨੀ ਵਾਸਤੇ ਅਮਲੇ ਦੀ ਭਰਤੀ ਕਰਦੀ ਹੈ। ਜਿਨ੍ਹਾਂ ਨੂੰ ਤਨਖ਼ਾਹ ਦਿੱਤੀ ਜਾਂਦੀ ਹੈ। ਇਸ ਅਮਲੇ ਨੂੰ ਬਾਕਾਇਦਾ ਟ੍ਰੇਨਿੰਗ, ਸਿੱਖਿਆ ਦਿੱਤੀ ਜਾਂਦੀ ਹੈ ਜੋ ਕਿ ਹਰ ਯਾਤਰੂ ਦਾ ਮਾਣ ਸਤਿਕਾਰ ਕੀਤਾ ਜਾਵੇ ਤੇ ਉਸਦੇ ਜਾਨ-ਮਾਲ ਦੀ ਰਾਖੀ ਕੀਤੀ ਜਾਵੇ। ਗੁਰਦੁਆਰਿਆਂ ਵਿਚ ਨਸ਼ਿਆਂ ਦੀ ਵਰਤੋਂ ਨਾ ਹੋਵੇ ਇਸ ਵਾਸਤੇ ਕਮੇਟੀ ਦੇ ਪ੍ਰਬੰਧਾਂ ਹੇਠਲੇ ਸਾਰੇ ਗੁਰਦੁਆਰਿਆਂ ਵਿਚ ਇਸ ਸੁਰੱਖਿਆ ਅਮਲੇ ਦਾ ਯੋਗ ਪ੍ਰਬੰਧ ਹੈ। ਸਾਰੇ ਭਾਰਤ ਵਿਚ ਬੀਬੀਆਂ-ਧੀਆਂ ਨਾਲ ਬੱਸਾਂ ਆਦਿ ਵਿਚ ਅਨੈਤਿਕ ਹਮਲੇ ਹੋਣ ਦੇ ਸਮਾਚਾਰ ਹਨ ਪਰ ਗੁਰਦੁਆਰਿਆਂ ਵਿਚ ਐਸੀਆਂ ਦੁਰਘਟਨਾਵਾਂ ਨੂੰ ਰੋਕਣ ਲਈ ਅਮਲੇ ਨੂੰ ਯੋਗ ਸਿੱਖਿਆ ਦਿੱਤੀ ਜਾਂਦੀ ਹੈ।

### 4.9.6.ਗੁਰਦੁਆਰਿਆਂ ਦੇ ਚੜ੍ਹਾਵੇ ਲਈ ਪ੍ਰਬੰਧ:

ਗੁਰਦੁਆਰਿਆਂ ਵਿਚ ਪਹੁੰਚੇ ਸ਼ਰਧਾਲੂ ਕੜਾਹ ਪ੍ਰਸ਼ਾਦਿ ਚੜ੍ਹਾਉਣ ਨੂੰ ਪੁੰਨ ਦਾ ਕਾਰਜ ਸਮਝਦੇ ਹਨ। ਇਹ ਧਾਰਮਿਕ ਰਵਾਇਤ ਬਹੁਤ ਪਰਾਣੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਬੰਧ ਕਰਦੀ ਹੈ ਕਿ ਸ਼ਰਧਾਲੂਆਂ ਨੂੰ ਸਾਫ਼ ਸੁਥਰਾ ਤੇ ਸਿਹਤ ਲਈ ਫਾਇਦੇਮੰਦ ਕੜਾਹ ਪ੍ਰਸ਼ਾਦਿ ਯੋਗ ਡੂਨਿਆਂ ਵਿਚ ਵੇਚਿਆ ਜਾਵੇ। ਇਸ ਕੜਾਹ ਦੀ ਕੀਮਤ ਬਿਲਕੁਲ ਲਾਗਤ ਦੇ ਯੋਗ ਹੁੰਦੀ ਹੈ।

### 4.9.7. ਗੁਰਦੁਆਰਿਆਂ ਦੀ ਭਰਤੀ ਦੇ ਪ੍ਰਬੰਧ

ਕਮੇਟੀ ਪ੍ਰਬੰਧ ਕਰਦੀ ਹੈ ਕਿ ਜਿਹੜੇ ਲੋਕ ਖ਼ਾਸ-ਖ਼ਾਸ ਗੁਰਦੁਆਰਿਆਂ ਵਿਚ ਅਖੰਡ ਪਾਠਾਂ ਦੀ ਸੁਖਣਾ ਲਾਹੁਣੀ ਚਾਹੁੰਦੇ ਹਨ ਉਨ੍ਹਾਂ ਲਈ ਯੋਗ ਸਹੂਲਤਾਂ ਦਿੱਤੀਆਂ ਜਾਣ। ਸੰਗਤਾਂ ਦੀ ਸ਼ਰਧਾ ਤੇ ਵਿਸ਼ਵਾਸ਼ ਲਗਾਤਾਰ ਵਧ ਰਿਹਾ ਹੈ ਤੇ ਉਹ ਹਰ ਖ਼ੁਸ਼ੀ, ਗ਼ਮੀ ਵਿਚ ਗੁਰਦੁਆਰਿਆਂ ਵਿਚ ਅਖੰਡ ਪਾਠ ਸੁੱਖਦੇ ਹਨ। ਇਸ ਤਰ੍ਹਾਂ ਕਈ ਵੇਰ ਇਕ ਅਖੰਡ ਪਾਠ ਦੀ ਲੜੀ ਇਹ ਪੂਰਤੀ ਨਹੀਂ ਕਰ ਸਕਦੀ ਤੇ ਇਸ ਵਾਸਤੇ ਕਈ ਕਈ ਅਖੰਡ ਪਾਠਾਂ ਦੀਆਂ ਲੜੀਆਂ ਚਲਾਣੀਆਂ ਪੈਂਦੀਆਂ ਹਨ। ਇਸ ਵਾਸਤੇ ਯੋਗ ਪਾਠੀ

ਭਰਤੀ ਕੀਤੇ ਜਾਂਦੇਹਨ ਜੋ ਕਿ ਗੁਰ ਮਰਿਆਦਾ ਅਤੇ ਰਹਿਤ ਵਿਚ ਪੂਰੇ ਹੁੰਦੇ ਹਨ। ਐਸੇ ਲੋਕਾਂ ਨੂੰ ਹੀ ਪਾਠਾਂ ਲਈ ਚੁਣਿਆ ਜਾਂਦਾ ਹੈ ਜੋ ਕਿ ਗੁਰਮਰਿਆਦਾ ਵਿਚ ਸੰਪੂਰਨ ਹੋਣ।

### 4.9.8. ਕਾਰ ਸੇਵਾਵਾਂ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਿਥੇ ਆਪਣੇ ਅਮਲੇ ਨਾਲ ਗੁਰਦੁਆਰਿਆਂ ਦੇ ਪ੍ਰਬੰਧ ਚਲਾਉਂਦੀ ਹੈ ਉਥੇ ਖ਼ਾਸ-ਖ਼ਾਸ ਸੰਤਾਂ, ਮਹਾਂਪੁਰਸ਼ਾਂ ਨੂੰ ਕਾਰ ਸੇਵਾ ਦੀ ਵੀ ਆਗਿਆ ਦਿੰਦੀ ਹੈ। ਕਾਰ ਸੇਵਕ ਜਥੇ ਦੂਰ ਦੁਰਾਡੇ ਪਿੰਡਾਂ ਤੋਂ ਦਾਨ ਦਖ਼ਸ਼ਣਾ ਇਕੱਤਰ ਕਰਦੇ ਹਨ ਅਤੇ ਗੁਰਦੁਆਰਿਆਂ ਦੀਆਂ ਇਮਾਰਤਾਂ, ਲੰਗਰ ਹਾਲ ਅਤੇ ਹੋਰ ਪ੍ਰਬੰਧ ਕਰਦੇ ਹਨ। ਸਮੇਂ-ਸਮੇਂ ਕਮੇਟੀ ਖ਼ੁਦ ਆਪਣੀ ਨਿਗਰਾਨੀ ਹੇਠ ਵੀ ਲੋਕਾਂ ਵੱਲੋਂ ਕਾਰ ਸੇਵਾ ਦਾ ਮੌਕਾ ਪ੍ਰਦਾਨ ਕਰਦੀ ਹੈ। ਸ੍ਰੀ ਹਰਿਮੰਦਰ ਸਾਹਿਬ ਵਿਖੇ ਪਵਿੱਤਰ ਸਰੋਵਰ ਦੀ ਕਈ ਵੇਰ ਇਤਿਹਾਸਕ ਕਾਰ ਸੇਵਾ ਕਰਕੇ ਉਸ ਦੀ ਸਫ਼ਾਈ ਕੀਤੀ ਗਈ ਅਤੇ ਦਰਬਾਰ ਸਾਹਿਬ ਦੀ ਇਮਾਰਤ ਦੀ ਨੀਂਹ ਨੂੰ ਮਜ਼ਬੂਤ ਕੀਤਾ ਗਿਆ ਹੈ।

### 4.9.9. ਸੱਚ ਖੰਡ ਸ੍ਰੀ ਹਜ਼ੂਰ ਸਾਹਿਬ ਵਾਸਤੇ ਰੇਲਾਂ ਦਾ ਪ੍ਰਬੰਧ

ਕਮੇਟੀ ਨੇ ਭਾਰਤ ਸਰਕਾਰ ਨੂੰ ਜ਼ੋਰ ਦੇ ਕੇ ਅੰਮ੍ਰਿਤਸਰ ਤੋਂ ਸੱਚ ਖੰਡ ਸ੍ਰੀ ਹਜ਼ੂਰ ਸਾਹਿਬ ਵਾਸਤੇ ਹਫ਼ਤੇ ਵਿਚ ਦੋ ਵੇਰ ਸਪੈਸ਼ਲ ਗੱਡੀ ਦਾ ਪ੍ਰਬੰਧ ਕਰਦੀ ਹੈ। ਇਸ ਗੱਡੀ ਵਿਚ ਵੀ ਸੰਗਤਾਂ ਦੀ ਸਹੂਲਤ ਵਾਸਤੇ ਲੰਗਰਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ ਅਤੇ ਉਹਨਾਂ ਲਈ ਇਸ਼ਨਾਨ ਘਰ ਅਤੇ ਟਾਇਲਟਾਂ ਬਣਾਈਆਂ ਜਾਂਦੀਆਂ ਹਨ। ਇਨ੍ਹਾਂ ਗੱਡੀਆਂ ਵਿਚ ਨਸ਼ਿਆਂ ਦੀ ਮਹਾਨੀ ਕੀਤੀ ਜਾਂਦੀ ਹੈ। ਲੋਕਾਂ ਦੀ ਜਾਣ ਮਾਲ ਦੀ ਰਾਖੀ ਲਈ ਕਮੇਟੀ ਅਮਲਾ ਗੱਡੀ ਦੇ ਨਾਲ ਵੀ ਭੇਜਦੀ ਹੈ ਤਾ ਕਿ ਲੋਕਾਂ ਦੀ ਯਾਤਰਾ ਸੁਖੀ ਸੁਖੀ ਪੂਰੀ ਹੋਵੇ।

### 4.9.10. ਸਕੂਲਾਂ, ਕਾਲਜਾਂ ਵਿਚ ਪ੍ਰਬੰਧ

ਕਮੇਟੀ ਦੇ ਪ੍ਰਬੰਧਾਂ ਹੇਠ ਅਨੇਕਾਂ ਵਿੱਦਿਅਕ ਅਦਾਰੇ ਅਤੇ ਮੈਡੀਕਲ ਖੋਜ ਕੇਂਦਰ ਚਲ ਰਹੇ ਹਨ। ਇਨ੍ਹਾਂ ਵਿਚਲੇ ਅਮਲੇ ਦਾ ਪ੍ਰਬੰਧ ਵੀ ਕਮੇਟੀ ਕਰਦੀ ਹੈ। ਬਹੁਤ ਸਾਰੇ ਸਰਕਾਰੀ ਕਾਲਜਾਂ ਅਤੇ ਸਕੂਲਾਂ ਦੀਆਂ ਇਮਾਰਤਾਂ ਉਸਾਰੀਆਂ ਗਈਆਂ ਹਨ। ਅੱਜ ਵਿਦਿਆ ਬਹੁਤ ਮਹਿੰਦੀ ਹੋ ਗਈ ਹੈ ਪਰ ਕਮੇਟੀ ਕੋਸ਼ਿਸ਼ ਕਰਦੀ ਹੈ ਕਿ ਗਰੀਬ ਲੋਕਾਂ ਨੂੰ ਇਹ ਮੁਫ਼ਤ ਮਿਲ ਸਕੇ।

## 4.9.11. ਲੋਕ ਚੇਤਨ ਲਈ ਰਸਾਲੇ ਤੇ ਕਿਤਾਬਾਂ ਦਾ ਪ੍ਰਬੰਧ:

ਕਮੇਟੀ ਸਿੱਖੀ ਦੀ ਚੇਤਨਾ ਵਾਸਤੇ ਕਈ ਰਸਾਲੇ ਕੱਢਦੀ ਹੈ ਜਿਵੇਂ ਗੁਰਦੁਆਰਾ ਗਜ਼ਟ ਅਤੇ ਗੁਰਮਤਿ ਪ੍ਰਕਾਸ਼। ਇਸ ਤੋਂ ਇਲਾਵਾਂ ਸਿੱਖੀ, ਵਾਤਾਵਰਣ, ਸਮਾਜਿਕ ਚੇਤਨਾ ਨਾਲ ਸੰਬੰਧਿਤ ਬਹੁਤ ਸਾਰਾ ਸਾਹਿਤ ਛਾਪ ਕੇ ਮੁਫਤ ਵੰਡਿਆ ਜਾਂਦਾ ਹੈ। ਧਰਮ ਪ੍ਰਚਾਰ ਕਮੇਟੀ, ਸਿੱਖ ਇਤਿਹਾਸ ਰਿਸਰਚ ਬੋਰਡ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਦਾਰੇ ਹਨ ਜਿਹੜੇ ਸਿੱਖ ਪੰਥ ਨਾਲ ਸੰਬੰਧਿਤ ਧਾਰਮਿਕ ਸਾਹਿਤ ਪ੍ਰਕਾਸ਼ਿਤ ਕਰਦੇ ਹਨ। ਲਗਪਗ 200 ਤੋਂ ਉੱਪਰ ਸਿਰਲੇਖਾਂ ਵਾਲੀਆਂ ਪੁਸਤਕਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਕਾਸ਼ਿਤ ਕਰ ਚੁੱਕੀ ਹੈ।[154]

## 4.9.12. ਹਸਪਤਾਲਾਂ ਵਿਚ ਪ੍ਰਬੰਧ

ਬਹੁਤ ਸਾਰੇ ਹਸਪਤਾਲਾਂ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਦੀ ਹੈ। ਅੱਜ ਕੇਵਲ ਅੰਮ੍ਰਿਤਸਰ ਵਿਖੇ ਹੀ ਸ੍ਰੀ ਗੁਰੂ ਰਾਮਦਾਸ ਹਸਪਤਾਲ (ਪੁਰਾਣਾ) ਸ੍ਰੀ ਗੁਰੂ ਰਾਮਦਾਸ ਚੈਰੀਟੇਬਲ ਹਸਪਤਾਲ ਅਤੇ ਖੋਜ ਕੇਂਦਰ ਵੱਡਾ ਵੇਰਕਾ (ਅੰਮ੍ਰਿਤਸਰ) ਡੈਂਟਲ ਕਾਲਜ ਅਤੇ ਹਸਪਤਾਲ ਅੰਮ੍ਰਿਤਸਰ ਕਮੇਟੀ ਵੱਲੋਂ ਚਲਾਏ ਜਾ ਰਹੇ ਹਨ। ਇਨ੍ਹਾਂ ਹਸਪਤਾਲਾਂ ਨੂੰ ਕਮੇਟੀ ਬੜੀਆਂ ਵੱਡੀਆ ਗ੍ਰਾਂਟਾਂ ਦੇਂਦੀ ਹੈ ਅਤੇ ਯੋਗ ਡਾਕਟਰਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ। ਹਰ ਤਰ੍ਹਾਂ ਦੇ ਇਲਾਜ ਵਾਸਤੇ ਵੱਡੇ ਤੋਂ ਵੱਡੇ ਡਾਕਟਰਾਂ ਦੀ ਭਰਤੀ ਕੀਤੀ ਜਾਂਦੀ ਹੈ। ਫਰੀ ਰਿਹਾਇਸ਼ ਤੇ ਬਿਸਤਰੇ ਦਿੱਤੇ ਜਾਂਦੇ ਹਨ। ਮਰੀਜ਼ਾਂ ਨੂੰ ਨਵਾਂ ਜੀਵਨਦਾਨ ਦੇਣ ਵਾਸਤੇ ਕਮੇਟੀ ਵੱਲੋਂ ਹਰ ਪੱਧਰ ਉੱਤੇ ਘੱਟ ਤੋਂ ਘੱਟ ਖਰਚਿਆਂ ਉੱਤੇ ਯੋਗ ਇਲਾਜ ਦੇ ਪ੍ਰਬੰਧ ਕੀਤੇ ਜਾਂਦੇ ਹਨ। ਇਨ੍ਹਾਂ ਹਸਪਤਾਲਾਂ ਵਿਖੇ ਦਾਖਲ ਰਹਿਣ ਵਾਸਤੇ ਬਹੁਤ ਵੱਡੇ ਅਗਾਉਂ ਖਰਚੇ ਨਹੀਂ ਲਏ ਜਾਂਦੇ। ਸਾਰੇ ਖਰਚਿਆਂ ਦਾ ਲੇਖਾ-ਜੋਖਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਅਮਲਾ ਆਪ ਕਰਦਾ ਹੈ ਅਤੇ ਯੋਗ ਨਿਗਰਾਨੀ ਵਾਸਤੇ ਨਿਗਰਾਨਾਂ ਨੂੰ ਕਮੇਟੀ ਸਿੱਖਿਆ ਤੇ ਤਨਖ਼ਾਹ ਦਿੰਦੀ ਹੈ। ਅੱਜ ਇਕੱਲੇ ਸ੍ਰੀ ਗੁਰੂ ਰਾਮਦਾਸ ਚੈਰੀਟੇਬਲ ਹਸਪਤਾਲ ਅਤੇ ਕਾਲਜ ਵਿਖੇ ਹਜ਼ਾਰਾਂ ਮਰੀਜ਼ ਹਰ ਰੋਜ਼ ਰੋਗ ਦੂਰ ਕਰਾਉਣ ਅਤੇ ਦਵਾਈਆਂ ਲੈਣ ਆਉਂਦੇ ਹਨ। ਏਥੇ ਹਰ ਸਰੀਰਕ ਟੈਸਟ ਦੇ ਅੱਧੇ ਰੇਟ ਹਨ।

---

154 *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਕਾਸ਼ਨਾਵਾਂ ਦੀ ਸੂਚੀ.*

### 4.9.13. ਹਸਪਤਾਲਾਂ ਵਿਚ ਲੰਗਰ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣੇ ਪ੍ਰਬੰਧਾਂ ਹੇਠ ਚਲਦੇ ਹਰ ਹਸਪਤਾਲ ਵਿਚ ਸਵੇਰੇ 4 ਵਜੇ ਚਾਹ ਦਾ ਲੰਗਰ ਲਾਉਂਦੀ ਹੈ ਅਤੇ ਦੋ ਵਕਤ ਖਾਣੇ ਦਾ ਪ੍ਰਬੰਧ ਫਰੀ ਕੀਤਾ ਜਾਂਦਾ ਹੈ ਤੇ ਬੈਡਾਂ ਉੱਤੇ ਵੀ ਲੰਗਰ ਦਿੱਤਾ ਜਾਂਦਾ ਹੈ। ਸ੍ਰੀ ਗੁਰੂ ਰਾਮਦਾਸ ਹਸਪਤਾਲ ਵਿਖੇ ਤਾਂ ਇਕ ਪੱਕਾ ਲੰਗਰ ਹਾਲ ਸਥਾਪਿਤ ਕਰ ਦਿੱਤਾ ਗਿਆ ਹੈ ਜਿਥੇ ਤਿੰਨ ਟਾਈਮ ਚਾਹ ਅਤੇ ਖਾਣੇ ਲਈ ਦਰਵਾਜ਼ੇ ਖੁੱਲ੍ਹਦੇ ਹਨ। ਇਸ ਤਰ੍ਹਾਂ ਜਿਹੜੇ ਮਰੀਜ਼ ਦਾਖਲ ਹੁੰਦੇ ਹਨ ਉਨ੍ਹਾਂ ਨੂੰ ਮਰੀਜ਼ਾਂ ਵਾਸਤੇ ਸਪੈਸ਼ਲ ਖਾਣਾ ਵੀ ਮਿਲਦਾ ਰਹਿੰਦਾਹੈ। ਇਹ ਸਾਰਾ ਲੰਗਰ ਕਮੇਟੀ ਦੇ ਪ੍ਰਬੰਧਾਂ ਅਧੀਨ ਚਲਦੇ ਨੇੜਲੇ ਗੁਰਦੁਆਰੇ ਕਰਦੇ ਹਨ।

**ਸਾਰ**

ਇਸ ਅਧਿਆਇ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਬਾਰੇ ਵਿਸਥਾਰ ਸਹਿਤ ਚਰਚਾ ਕੀਤਾ ਗਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਦੁਆਰਿਆਂ ਪ੍ਰਤੀ ਨਿਸ਼ਠਾ ਨਾਲ ਪ੍ਰਬੰਧ ਚਲਾ ਰਹੀ ਹੈ। ਸਭ ਤੋਂ ਪਹਿਲਾਂ ਇਸ ਵਿਚ ਪ੍ਰਬੰਧ ਤੋਂ ਭਾਵ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧਕੀ ਉਦੇਸਾਂ ਬਾਰੇ ਦੱਸਿਆ ਗਿਆ। ਜੋ ਬਾਕਾਇਦਾ ਲਿਖਤੀ ਰੂਪ ਵਿਚ ਤਾਂ ਨਹੀਂ ਉਪਲਬਧ ਹਨ, ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੁਣ ਤੱਕ ਦੇ ਇਤਿਹਾਸ ਅਤੇ ਕੀਤੇ ਕਾਰਜਾਂ ਦੇ ਆਧਾਰ ਤੇ ਇਸਦੇ ਪ੍ਰਬੰਧਕੀ ਉਦੇਸ਼ ਨਿਰਧਾਰਿਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਾਰਾ ਵਿਧੀ-ਵਿਧਾਨ ਲਿਖਤੀ ਰੂਪ ਵਿਚ ਉਪਲਬਧ ਹੈ। ਇਸ ਲਈ ਇਸਦੇ ਲਿਖਤੀ ਪ੍ਰਬੰਧ ਨਿਯਮਾਂ ਦੇ ਸਰੋਤਾਂ ਬਾਰੇ ਸੰਖੇਪ ਵਿਚ ਦੱਸਿਆ ਗਿਆ ਹੈ ਮੁੱਖ ਤੌਰ ਤੇ ਸਿੱਖ ਗੁਰਦੁਆਰਾ ਐਕਟ 1925, ਪ੍ਰਬੰਧ ਸਕੀਮ ਅਤੇ ਸਰਵਿਸ ਰੂਲਜ਼ ਆਦਿ ਬਾਰੇ। ਫਿਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਬੰਧ ਪ੍ਰਣਾਲੀ ਨੂੰ ਸਮਝਦੇ ਹੋਏ ਇਸੇ ਅਹੁਦੇਦਾਰਾਂ ਅਤੇ ਕਮੇਟੀ ਬਾਰੇ ਦੱਸਿਆ ਗਿਆ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਸ਼ਿਸ਼ ਕਰਦੀ ਹੈ ਕਿ ਬੱਜਟ ਇਸ ਤਰ੍ਹਾਂ ਪਾਸ ਕੀਤੇ ਜਾਂਦੇ ਹਨ ਕਿ ਆਮਦਨ ਅਤੇ ਖਰਚੇ ਬਰਾਬਰ ਰੱਖੇ ਜਾਣ। ਕਮੇਟੀ ਧਾਰਮਿਕ ਸੰਸਥਾ ਹੈ ਤੇ ਮਨੁੱਖੀ ਧਰਮ ਤੇ ਨੈਤਿਕਤਾ ਪ੍ਰਤੀ ਸੁਧਾਰਾਂ ਦੀ ਸੁਣਦੀ ਹੈ। ਅੱਜ ਸੰਸਾਰ ਵਿਚ ਬਹੁਤ ਅਧਰਮ ਫੈਲ ਰਿਹਾ ਹੈ ਤੇ ਧਰਮ ਗੌਣ ਅਵਸਥਾ ਵਿਚ ਚਲਾ ਗਿਆ ਹੈ। ਇਸ ਅਵਸਥਾ ਵਿਚ ਕਮੇਟੀ ਧਾਰਮਿਕ ਗਿਆਨ ਦਾ ਦੀਪ ਜਲਾ

ਕੇ ਅਧਰਮ ਦੇ ਹਨੇਰੇ ਨੂੰ ਦੂਰ ਕਰਨ ਦੀਆਂ ਭਰਪੂਰ ਕੋਸ਼ਿਸ਼ਾਂ ਕਰ ਰਹੀ ਹੈ। ਮਨੁੱਖਤਾ ਦੇ ਜੀਵਨ ਵਿਚ ਜਿਥੇ ਆਰਥਿਕਤਾ ਬਹੁਤ ਜ਼ਰੂਰੀ ਹੈ ਰਾਜਨੀਤੀ ਦਾ ਵੀ ਯੋਗ ਸਥਾਨ ਹੈ। ਇਸ ਲਈ ਕਮੇਟੀ ਗੁਰਦੁਆਰਿਆਂ ਵਿਚ ਐਸੇ ਪ੍ਰਬੰਧਾਂ ਦੀ ਲੜੀ ਕਾਇਮ ਰੱਖਦੀ ਹੈ ਜਿਸ ਨਾਲ ਸੰਸਾਰ ਵਿਚ ਆਪਸੀ ਸਹਿਣਸ਼ੀਲਤਾ ਵਧੇਗੀ ਅਤੇ ਸੰਸਾਰ ਇਕ ਪਰਿਵਾਰ ਵਿਚ ਪਰੋਇਆ ਜਾਵੇਗਾ। ਉਮੀਦ ਹੈ ਕਿ ਕਮੇਟੀ ਆਪਣੇ ਰਾਹਾਂ `ਤੇ ਚਲ ਕੇ ਗੁਰਦੁਆਰਿਆਂ ਵਿਚ ਸੰਸਾਰ ਪੱਧਰੀ ਪ੍ਰਬੰਧ ਜਾਰੀ ਰੱਖੇਗੀ।

## ਅਧਿਆਇ ਪੰਜਵਾਂ

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ: ਸਮਾਜਿਕ ਅਤੇ ਆਰਥਿਕ ਯੋਗਦਾਨ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਵੇਲੇ ਇਸਦਾ ਮੁੱਖ ਉਦੇਸ਼ ਗੁਰਦੁਆਰਿਆਂ ਦੀ ਸੇਵਾ-ਸੰਭਾਲ ਕਰਨਾ ਅਤੇ ਗੁਰਮਤਿ ਮਰਯਾਦਾ ਦੀ ਬਹਾਲੀ ਕਰਨਾ ਸੀ। ਸਮਾਂ ਬੀਤਣ ਦੇ ਨਾਲ-ਨਾਲ ਇਹ ਸੰਸਥਾ ਆਪਣੇ ਪ੍ਰਬੰਧ ਅਤੇ ਕਾਰਜਾਂ ਵਿਚ ਜ਼ਿਆਦਾ ਪ੍ਰਬੁੱਧ ਅਤੇ ਕੁਸ਼ਲ ਹੁੰਦੀ ਗਈ। ਸਿੱਖਾਂ ਦਾ ਇਸ ਵਿਚ ਵਿਸ਼ਵਾਸ ਵੱਧਦਾ ਗਿਆ। ਇਸਦੇ ਸਾਫ-ਸਪੱਸ਼ਟ ਅਤੇ ਇਮਾਨਦਾਰੀ ਵਾਲੇ ਪ੍ਰਬੰਧ ਕਾਰਨ ਇਸਦੀ ਆਮਦਨ ਵਿਚ ਵੀ ਵਾਧਾ ਹੁੰਦਾ ਗਿਆ। ਬਜਟ ਵਧਣ ਦੇ ਨਾਲ-ਨਾਲ ਇਸਦੇ ਲੋਕਭਲਾਈ ਦੇ ਕਾਰਜਾਂ ਦਾ ਘੇਰਾ ਵੀ ਵਿਸ਼ਾਲ ਹੁੰਦਾ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਜਿੱਥੇ ਗੁਰਦੁਆਰਾ ਪ੍ਰਬੰਧ, ਧਰਮ ਪ੍ਰਚਾਰ, ਅਤੇ ਵਿੱਦਿਆ ਦੇ ਪਸਾਰ ਲਈ ਮਹੱਤਵਪੂਰਨ ਯੋਗਦਾਨ ਪਾਇਆ ਉਥੇ ਹੀ ਇਸ ਸੰਸਥਾ ਨੇ ਵੱਡੇ ਪੱਧਰ ਤੇ ਆਰਥਿਕ ਅਤੇ ਸਮਾਜਿਕ ਖੇਤਰ ਵਿਚ ਵੀ ਯੋਗਦਾਨ ਪਾਇਆ ਹੈ। ਜਿਸਦਾ ਵਰਣਨ ਇਸ ਅਧਿਆਇ ਵਿਚ ਵਿਸਥਾਰ ਨਾਲ ਕਰਨ ਦਾ ਯਤਨ ਕੀਤਾ ਗਿਆ ਹੈ।

## 5.1 ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਮਾਜਿਕ ਯੋਗਦਾਨ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਿਸ ਦਾ ਮੁੱਖ ਉਦੇਸ਼ ਗੁਰੂ ਦੇ ਅਦਰਸ਼ਾਂ ਦਾ ਪ੍ਰਚਾਰ-ਪ੍ਰਸਾਰ ਕਰਨਾ ਹੈ ਉਹ ਸਮਾਜ ਨੂੰ ਵੀ ਗੁਰੂ ਸਾਹਿਬਾਨ ਦੇ ਦਰਸਾਏ ਹੋਏ ਮਾਰਗ `ਤੇ ਚੱਲਣ ਦੀ ਪ੍ਰੇਰਣਾ ਕਰਦੀ ਹੈ। ਇਹ ਇਕ ਸੰਵਿਧਾਨਿਕ ਸੰਸਥਾ ਹੋਣ ਕਰਕੇ ਲੋਕਤੰਤਰੀ ਪਰੰਪਰਾਵਾਂ ਉਤੇ ਗਠਿਤ ਕੀਤੀ ਗਈ ਹੈ ਜੋ ਸਿੱਖ-ਗੁਰੂ ਸਾਹਿਬਾਨ ਦੇ ਉਪਦੇਸ਼ਾਂ ਦਾ ਅਨੁਕਰਨ ਕਰਦੀ ਹੈ। ਇਸ ਅਧਿਆਇ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਕੀਤੇ ਜਾਂਦੇ ਸਮਾਜਿਕ ਕਾਰਜਾਂ ਬਾਰੇ ਦੱਸਣ ਦਾ ਕੀਤਾ ਗਿਆ ਹੈ।

### 5.1.1. ਜਾਤ-ਪਾਤ ਦਾ ਵਿਰੋਧ

ਜਾਤ-ਪਾਤ ਦੀ ਸਿੱਖ ਧਰਮ ਵਿਚ ਕੋਈ ਥਾਂ ਨਹੀਂ ਸਿੱਖ ਧਰਮ ਨੇ ਮਾਨਵਤਾ ਨੂੰ ਵੱਡਾ ਮੰਨਿਆ ਹੈ ਇੱਥੇ ਜਨਮ ਜਾਂ ਕਰਮ ਦੀ ਜਾਤ ਦਾ ਕੋਈ ਥਾਂ ਨਹੀਂ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ

ਸਮਾਜਿਕ ਬੁਰਾਈ ਨੂੰ ਦੂਰ ਕਰਨ ਲਈ ਬਹੁਤ ਸਾਰੇ ਐਲਾਨ ਕੀਤੇ ਜਿਹੜੇ ਕਿ ਹੁਕਮਨਾਮਿਆਂ, ਫ਼ੈਸਲਿਆਂ, ਲੇਖਾਂ ਅਤੇ ਕਮੇਟੀਆਂ[155] ਆਦਿ ਦੇ ਰੂਪ ਵਿਚ ਸਮਾਜ ਦੇ ਸਾਹਮਣੇ ਆਉਂਦੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣੀ ਸਥਾਪਨਾ ਦੇ ਸਮੇਂ ਤੋਂ ਹੀ ਜਾਤ-ਪਾਤ ਦੀ ਬੁਰਾਈ ਖ਼ਿਲਾਫ ‘ਜਾਤ-ਪਾਤ ਤੋੜਕੇ ਗੁਰਮਤੇ’[156] ਪਾਸ ਕਰਨ ਅਤੇ ਇਨ੍ਹਾਂ ਉੱਪਰ ਅਮਲ ਕਰਨ ਵਰਗੇ ਕਾਰਜਾਂ ਵਿਚ ਲਗੀ ਹੋਈ ਹੈ। ਇਸ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਰਾਗੀ-ਢਾਡੀ ਅਤੇ ਕੀਰਤਨੀਏ ਇਸ ਬੁਰਾਈ ਨੂੰ ਦੂਰ ਕਰਨ ਲਈ ਪ੍ਰਚਾਰ ਕਰਦੇ ਹਨ। ਇਸ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ‘ਇਕ ਪਿੰਡ ਇਕ ਗੁਰਦੁਆਰਾ’ ਦੇ ਨਾਮ ’ਤੇ ਛੇੜੀ ਮੁਹਿੰਮ ਬਾਰੇ ਅਸੀਂ ਇੰਡੀਅਨ ਐਕਸਪਰੈਸ ਵਿਚ ਛਪੀ ਇਕ ਰਿਪੋਰਟ ਦਾ ਹਵਾਲਾ ਦੇ ਸਕਦੇ ਹਾਂ: “ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖ ਭਾਈਚਾਰੇ ਦੇ ਮੈਂਬਰਾਂ ਵਿਚ ਜਾਤ-ਆਧਾਰਿਤ ਵੰਡ ਨੂੰ ਖ਼ਤਮ ਕਰਨ ਦੇ ਉਦੇਸ਼ ਨਾਲ 'ਇਕ ਪਿੰਡ, ਇਕ ਗੁਰਦੁਆਰਾ' ਦੇ ਬੈਨਰ ਹੇਠ ਇਕ ਵਿਲੱਖਣ ਮੁਹਿੰਮ ਚਲਾਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਖਾਸ ਤੌਰ ਤੇ ਦੇਸ਼ ਵਿਚ ਪਵਿੱਤਰ ਸਿੱਖ ਧਰਮ ਅਸਥਾਨਾਂ ਦੇ ਪ੍ਰਬੰਧਾਂ ਨਾਲ ਸੰਬੰਧਿਤ ਸਿੱਖਾਂ ਦੇ ਚੁਣੇ ਹੋਏ ਨੁਮਾਇੰਦਿਆਂ ਦੀ ਅਗਵਾਈ ਕਰਦੀ ਹੈ, ਨੇ ਪੰਜਾਬ ਦੇ ਹਰੇਕ ਪਿੰਡ ਵਿਚ ਗੁਰਦੁਆਰਿਆਂ ਦਾ ਕੇਂਦਰੀਕਰਨ ਦੀ ਸਲਾਹ ਦਿੱਤੀ ਹੈ। ਇਸ ਮੁਹਿੰਮ ਦੇ ਤਹਿਤ, ਹਰੇਕ ਪਿੰਡ ਦੀ ਸਿੱਖ ਸੰਗਤ ਇਕੋ ਗੁਰਦੁਆਰਾ ਸਾਹਿਬ ਵਿਚ ਇਕਮੁੱਠ ਹੋ ਜਾਵੇਗੀ, ਇਸਦਾ ਦਾਅਵਾ ਹੈ ਕਿ ਸ਼੍ਰੋਮਣੀ ਕਮੇਟੀ ਭਾਈਚਾਰੇ ਦੀ ਸਭ ਤੋਂ ਉੱਚੀ ਸੰਸਥਾ ਅਕਾਲ ਤਖ਼ਤ ਨੇ ਸਿੱਖਾਂ ਵਿਚ ਜਾਤ-ਪਾਤ ਮਿਟਾਉਣ ਦੀ ਮੁਹਿੰਮ ਦੀ ਹਮਾਇਤ ਕੀਤੀ ਹੈ। ਪੰਜਾਬ ਵਿਚ ਕਰੀਬ 12,900 ਪਿੰਡ ਹਨ ਅਤੇ ਇਨ੍ਹਾਂ ਵਿਚ ਬਣੇ ਗੁਰਦੁਆਰਿਆਂ ਵਿਚੋਂ ਬਹੁਤੇ ਜਾਤ-ਪਾਤ ਉੱਪਰ ਅਧਾਰਿਤ ਹਨ। ਆਮ ਤੌਰ ਤੇ  ਮਜਬੀ, ਜੱਟ ਅਤੇ ਰਾਮਦਾਸੀਆਂ ਦੇ ਘਰਾਂ ਲਈ ਬਣੇ ਗੁਰਦੁਆਰੇ ਅਕਸਰ ਗੁਰਦੁਆਰਾ ਕਮੇਟੀਆਂ ਵਿਚਾਲੇ ਘਿਰਣਾ ਦਾ ਕਾਰਨ ਬਣਦੇ ਹਨ। ਹੈ। ਜਾਤ ਅਧਾਰਿਤ ਗੁਰਦੁਆਰਿਆਂ ਬਾਰੇ ਚਿੰਤਤ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ

---

[155] ਗੁਰਦੁਆਰਾ ਗਜ਼ਟ, ਫਰਵਰੀ 2018, ਪੰਨਾ 41.

[156] ਸ਼ਮਸ਼ੇਰ ਸਿੰਘ ਅਸ਼ੋਕ, *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ,* ਪੰਨਾ 40.

ਲੌਂਗੋਵਾਲ ਨੇ ਕਿਹਾ ਹੈ 'ਕਮੇਟੀ ਸੂਬੇ ਦੇ ਸਾਰੇ ਲੋਕਾਂ ਨੂੰ ਜਾਤ-ਪਾਤ ਨੂੰ ਛੱਡਣ ਲਈ ਅਪੀਲ ਕਰ ਰਹੀ ਹੈ। ਸਾਂਝਾ ਗੁਰਦੁਆਰਾ ਬਣਨ ਨਾਲ ਜਿਨ੍ਹਾਂ ਗੁਰਦੁਆਰਿਆਂ ਦੀਆਂ ਇਮਾਰਤਾਂ ਖਾਲੀ ਹੋਣਗੀਆਂ ਉਨ੍ਹਾਂ ਨੂੰ ਗੁਰਬਾਣੀ ਸਿਖਾਉਣ ਜਾਂ ਲਾਇਬ੍ਰੇਰੀਆਂ ਬਣਾਕੇ ਧਰਮ ਅਧਿਐਨ ਕੇਂਦਰਾਂ ਵਜੋਂ ਵਰਤਿਆ ਜਾਵੇਗਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਮਕਸਦ ਲਈ ਵਿਸ਼ੇਸ਼ ਬਜਟ ਵਿਵਸਥਾ ਰੱਖਣ ਦਾ ਵੀ ਫੈਸਲਾ ਕੀਤਾ ਹੈ। ਇਹ ਮੁਹਿੰਮ ਫਰੀਦਕੋਟ ਜ਼ਿਲੇ ਦੇ ਪਿੰਡ ਧੂੜਕੋਟ ਵਿੱਚ ਸ਼ੂਰੂ ਕੀਤੀ ਗਈ। ਜਿੱਥੇ ਇੱਕ ਲੱਖ ਰੁਪਇਆ[157] ਸਨਮਾਨ ਵਜੋਂ ਗੁਰਦੁਆਰੇ ਨੂੰ ਦਿੱਤਾ ਗਿਆ।

### 5.1.2. ਸਮਾਜ ਵਿਚ ਇਸਤਰੀ-ਸਤਿਕਾਰ ਦੀ ਮੁਹਿੰਮ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖ ਧਰਮ ਦੀ ਸਿਰਮੋਰ ਸੰਸਥਾ ਹੈ ਅਤੇ ਸਿੱਖੀ ਵਿਚ ਗੁਰੂ ਸਹਿਬਾਨਾਂ ਨੇ ਔਰਤ ਨੂੰ ਆਦਮੀ ਦੇ ਬਰਾਬਰ ਦਾ ਸਨਮਾਨ ਦਿੱਤਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੁਰਬਾਣੀ ਦੇ ਰਸਤੇ ਉੱਪਰ ਚੱਲਦਿਆਂ ਵਿਹਾਰਕ ਰੂਪ ਵਿਚ ਔਰਤ ਨੂੰ ਉੱਚਾ ਚੁੱਕਣ ਲਈ ਸਾਰਥਕ ਚੁੱਕੇ ਪੁੱਟੇ ਹਨ। ਇਨ੍ਹਾਂ ਕਦਮਾਂ ਦੇ ਸੰਦਰਭ ਵਿਚ ਸਿਧਾਂਤਕ ਰੂਪ ਵਿਚ ਅਨੇਕਾਂ ਲੇਖ ਅਤੇ ਪਰਚੇ ਸ਼੍ਰੋਮਣੀ ਕਮੇਟੀ ਦੇ ਪੱਤਰਾਂ ਵਿਚ ਛਪੇ ਮਿਲਦੇ ਹਨ। ਇਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੀਆਂ ਨੌਕਰੀਆਂ ਵਿਚ ਵੀ ਬਰਾਬਰਤਾ ਦਾ ਦਰਜਾ ਔਰਤਾਂ ਨੂੰ ਦਿੱਤਾ ਜਾਂਦਾ ਹੈ। ਮੁੱਖ ਰੂਪ ਵਿਚ ਇਨ੍ਹਾਂ ਨੌਕਰੀਆਂ ਲਈ ਯੋਗਤਾ ਦੇਖੀ ਜਾਂਦੀ ਹੈ ਇਸ ਤੋਂ ਇਲਾਵਾ ਬਹੁਤ ਸਾਰੀਆਂ ਬੀਬੀਆਂ ਸ਼ਹੀਦ ਪਰਿਵਾਰਾਂ ਨਾਲ ਸੰਬੰਧਿਤ ਹਨ ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਨੌਕਰੀ ਕਰਦੀਆਂ ਹਨ। ਸਮੇਂ-ਸਮੇਂ ਤੇ ਔਰਤ ਭਲਾਈ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਖ-ਵੱਖ ਸਹੂਲਤਾਂ ਦਿੰਦੀ ਰਹਿੰਦੀ ਹੈ। ਇਸਤਰੀਆਂ ਦੇ ਵਿੱਦਿਅਕ ਮਿਆਰ ਨੂੰ ਉੱਚਾ ਚੁੱਕਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਬੀਬੀਆਂ ਦੇ ਵੱਖਰੇ ਕਾਲਜ ਸਥਾਪਿਤ ਕੀਤੇ ਗਏ ਹਨ, ਜਿਵੇਂ ਕਿ ਭਾਈ ਬਹਿਲੋ ਖ਼ਾਲਸਾ ਗਰਲਜ਼ ਕਾਲਜ, ਫਫੜੇ ਭਾਈਕੇ, ਮਾਤਾ ਸਾਹਿਬ ਕੌਰ ਖ਼ਾਲਸਾ ਗਰਲਜ਼ ਕਾਲਜ, ਤਲਵੰਡੀ ਅਤੇ

[157] *ਗੁਰਦੁਆਰਾ ਗਜ਼ਟ,* ਅਪ੍ਰੈਲ 2018, ਪੰਨਾ.87.

ਗਹਿਲ ਕਲਾਂ ਆਦਿ। ਇਸ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਹੇ ਬੀਬੀ ਜਗੀਰ ਕੌਰ[158] (1999-2000, 2004-2005) ਇਸਤਰੀ ਸਤਿਕਾਰ ਦੀ ਪ੍ਰਤੱਖ ਉਦਾਰਹਨ ਹਨ।

### 5.1.3. ਨਸ਼ਿਆਂ ਦਾ ਵਿਰੋਧ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿਧਾਂਤਕ ਅਤੇ ਵਿਹਾਰਕ ਤੌਰ 'ਤੇ ਸਮਾਜ ਨੂੰ ਲਾਮਬੱਧ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਨਸ਼ਿਆਂ ਦੀ ਰੋਕਥਾਮ ਲਈ ਮੈਡੀਕਲ ਕੈਂਪ ਅਤੇ ਹਸਪਤਾਲਾਂ ਵਿਚ ਕਈ ਕਿਸਮ ਦੇ ਪ੍ਰਬੰਧ ਕੀਤੇ ਜਾਂਦੇ ਹਨ। ਇਸ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਦੁਆਰਾ ਨਸ਼ਾ ਮੁਕਤ ਲਹਿਰ ਦੀ ਸ਼ੁਰੂਆਤ ਕੀਤੀ ਗਈ। ਜਿਸ ਵਿਚ ਬਹੁਤ ਸਾਰੇ ਪ੍ਰਚਾਰਕਾਂ ਦੀ ਜਿੰਮੇਵਾਰੀ ਨਸ਼ਿਆਂ ਖਿਲਾਫ਼ ਪਿੰਡਾਂ ਵਿਚ ਪ੍ਰਚਾਰ ਕਰਨ ਲਈ ਲਗਾਈਆਂ ਗਈਆਂ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹਰੇਕ ਹਲਕੇ ਦੇ 50 ਪਿੰਡਾਂ ਨੂੰ ਚੁਣਿਆ ਅਤੇ ਨਸ਼ੇੜੀਆਂ ਦੀ ਸੂਚੀਆਂ ਤਿਆਰ ਕਰਕੇ ਨੂੰ ਅਤੇ ਨਸ਼ਾ ਛਡਾਊ ਕੈਂਪਾਂ ਵਿਚ ਮੁਫ਼ਤ ਇਲਾਜ਼ ਕਰਨ ਦਾ ਐਲਾਂਨ ਕੀਤਾ।[159] ਇਸੇ ਤਰ੍ਹਾਂ ਦੀਆਂ ਹੋਰ ਬਹੁਤ ਸਾਰੀਆਂ ਖ਼ਬਰਾਂ ਨਸ਼ਾ ਛਡਾਊ ਮੁਹਿੰਮ ਬਾਰੇ ਜਾਣਕਾਰੀ ਦਿੰਦੀਆਂ ਹਨ, ਜਿਵੇਂ ਇਕ ਖਬਰ ਇਸ ਤਰ੍ਹਾਂ ਹੈ:

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 20 ਮਾਰਚ ਤੋਂ 31 ਜੁਲਾਈ ਤਕ ਨਸ਼ੀਲੇ ਪਦਾਰਥਾਂ ਵਿਰੁੱਧ ਮੁਹਿੰਮ ਦਾ ਆਯੋਜਨ ਕਰੇਗੀ, ਜਿਸ ਦੌਰਾਨ ਇਹ ਸੂਬੇ ਭਰ ਵਿਚ ਨਸ਼ਾ ਛੁਡਾਊ ਕੇਂਦਰਾਂ ਤਕ ਪਹੁੰਚ ਜਾਏਗੀ। ਫਤਿਹਗੜ੍ਹ ਸਾਹਿਬ ਤੋਂ 20 ਮਾਰਚ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਵੱਲੋਂ 'ਨਸ਼ਾ ਮੁਕਤ ਲਹਿਰ' ਸਿਰਲੇਖ ਹੇਠ ਇਕ ਮੁਹਿੰਮ ਸ਼ੁਰੂ ਕੀਤੀ ਜਾਵੇਗੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ 'ਧਰਮ ਪ੍ਰਚਾਰ ਕਮੇਟੀ' ਦੇ ਸੈਕਟਰੀ ਸਤਬੀਰ ਸਿੰਘ ਨੇ ਦੱਸਿਆ ਕਿ ਇਸ ਮੁਹਿੰਮ ਦਾ ਹਿੱਸਾ ਬਣਨ ਵਾਲੇ ਕਰਮਚਾਰੀਆਂ ਦੀ ਸੂਚੀ ਪਹਿਲਾਂ ਹੀ ਤਿਆਰ ਕੀਤੀ ਜਾ ਚੁੱਕੀ ਹੈ। ਇਸ ਸੂਚੀ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਟੀਮਾਂ ਪਿੰਡਾਂ ਵਿੱਚ ਨਸ਼ਾ

---

[158] *ਸ਼੍ਰੋਮਣੀ ਬੁਲਿਟਨ,* ਅਪ੍ਰੈਲ ਮਈ 1999, ਪੰਨਾ. 41.

[159] *ਗੁਰਦੁਆਰਾ ਗਜ਼ਟ,* ਮਾਰਚ 2014, ਪੰਨਾ 43.

ਕਰਨ ਵਾਲੇ ਵਿਆਕਤੀਆਂ ਦੀ ਪਛਾਣ ਕਰਨੀ। ਹਰ ਨਸ਼ਾ ਵਰਤਣ ਵਾਲੇ ਵਿਅਕਤੀ ਦੀ ਪ੍ਰੋਫਾਈਲ ਉਸ ਦੇ ਆਰਥਿਕ ਰੁਤਬੇ, ਵਿੱਦਿਅਕ ਪੱਧਰ ਅਤੇ ਪਰਿਵਾਰਕ ਪਿਛੋਕੜ ਸਮੇਤ ਤਿਆਰ ਕੀਤੀ ਜਾਵੇਗੀ। ਨਸ਼ਾ ਛੁਡਾਉਣ ਦੀ ਪ੍ਰਕਿਰਿਆ ਦੌਰਾਨ ਨਸ਼ੇੜੀ ਦਾ ਇੱਕ ਮਨੋਵਿਗਿਆਨਕ ਪ੍ਰੋਫਾਈਲ ਵੀ ਸਮੇਂ-ਸਮੇਂ ਤੇ ਤਿਆਰ ਅਤੇ ਅਪਡੇਟ ਕੀਤਾ ਜਾਵੇਗਾ ਅਤੇ ਉਨ੍ਹਾਂ ਨੂੰ ਨਸ਼ਾ ਛੁਡਾਊ ਕੇਂਦਰਾਂ ਵਿਚ ਮੁਫ਼ਤ ਇਲਾਜ ਦਿੱਤਾ ਜਾਵੇਗਾ। ਮੁਹਿੰਮ ਦੇ ਦੌਰਾਨ, ਸ਼੍ਰੋਮਣੀ ਕਮੇਟੀ ਦੇ ਪ੍ਰਚਾਰਕ ਡਰਾਇਵ ਲਈ ਚੁਣੇ ਗਏ ਪਿੰਡਾਂ ਦੇ ਸਾਰੇ ਗੁਰਦੁਆਰਿਆਂ ਵਿੱਚ ਸਿੱਖ ਰਹਿਤ ਮਰਯਾਦਾ ਦੀਆਂ (ਰਮ ਦੇ ਸਿਧਾਂਤਸਿੱਖ ਧ) ਕਾਪੀਆਂ ਵੰਡਣਗੇ। ਸਤਬੀਰ ਸਿੰਘ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਮੁਹਿੰਮ ਦੀ ਮੁਹਿੰਮ ਦੀ ਨਿਗਰਾਨੀ ਕਰਨਗੇ, ਵਾਧੂ ਸੈਕਟਰੀ, ਸੰਤੋਖ ਸਿੰਘ ਪਿੰਡ ਦੇ ਪੱਧਰ 'ਤੇ ਇਸ ਮੁਹਿੰਮ ਦਾ ਤਾਲਮੇਲ ਕਰਨਗੇ।[160]

### 5.1.4. ਵਾਤਾਵਰਨ ਦੀ ਸੰਭਾਲ ਦੇ ਯਤਨ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵਾਤਾਵਰਨ ਜਾਗ੍ਰਤੀ ਨੂੰ ਗੁਰੂ ਹਰਿਰਾਏ ਸਾਹਿਬ ਦੇ ਗੁਰਤਾ-ਗਦੀ ਦਿਵਸ ਨਾਲ ਸੰਬੰਧਿਤ ਕਰਕੇ ਉਨ੍ਹਾਂ ਦੇ ਇਸ ਦਿਵਸ ਨੂੰ ਵਾਤਵਰਣ ਦਿਵਸ ਵਜੋਂ ਮਨਾਉਣ ਦਾ ਫੈਸਲਾ ਕੀਤਾ ਹੈ।[161] ਗੁਰੂ ਸਾਹਿਬ ਦੇ ਜਨਮ ਦਿਹਾੜੇ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਾਤਾਵਰਨ ਸੰਭਾਲ ਦੇ ਵਿਸ਼ੇਸ਼ ਯਤਨ ਕੀਤੇ ਜਾਂਦੇ ਹਨ। ਇਸ ਦਿਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਦਾਰਿਆਂ ਵਿਚ ਵਿਸ਼ੇਸ਼ ਪ੍ਰੋਗਰਾਮ ਆਯੋਜਿਤ ਕੀਤੇ ਜਾਂਦੇ ਹਨ।[162] ਵੱਖ-ਵੱਖ ਥਾਵਾਂ ਤੇ ਰੁੱਖ ਲਗਾਉਣਾ ਉਨ੍ਹਾਂ ਦੀ ਸਾਂਭ-ਸੰਭਾਲ ਕਰਨਾ ਇਸ ਖੇਤਰ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸ਼ਲਾਘਾਯੋਗ ਕਾਰਜ ਹਨ। ਇਸ ਦੀ ਉਦਾਹਰਨ ਹਰਿਮੰਦਰ ਸਾਹਿਬ ਦੀ ਪਰਿਕਰਮਾ ਦੀਆਂ ਕੰਧਾਂ ਉੱਤੇ ਲਗਾਏ ਬੂਟੇ ਹਨ।

### 5.1.5. ਵਿੱਦਿਅਕ ਸਹੂਲਤਾਂ

ਵਿੱਦਿਆ ਸਮਾਜ ਦਾ ਮਹੱਤਵਪੂਰਨ ਪੱਖ ਹੈ ਇਹ ਮਨੁੱਖ ਨੂੰ ਜਾਗ੍ਰਿਤ ਕਰਨ ਲਈ ਤੀਜੇ ਨੇਤਰ ਦੇ ਤੌਰ ਤੇ ਮੰਨੀ ਜਾਂਦੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੰਜਾਬ ਅਤੇ ਭਾਰਤ ਦੇ ਵੱਖ-ਵੱਖ

---

160 *ਗੁਰਦੁਆਰਾ ਗਜ਼ਟ,* ਮਾਰਚ 2014, ਪੰਨਾ 43.

161 *ਗੁਰਦੁਆਰਾ ਗਜ਼ਟ,* ਮਾਰਚ 2011, ਪੰਨਾ 44.

162 *ਸ਼੍ਰੋਮਣੀ ਬੁਲਿਟਨ,* ਸਤੰਬਰ 1997, ਪੰਨਾ 9.

ਸੂਬਿਆਂ ਵਿਚ ਵਿੱਦਿਅਕ ਆਦਾਰਿਆਂ ਦਾ ਪ੍ਰਬੰਧ ਸੰਭਾਲਿਆ ਹੋਇਆ ਹੈ। ਇਸ ਸਮੇਂ ਸੰਸਥਾ ਦੇ ਬਹੁਤ ਸਾਰੇ ਵਿੱਦਿਅਕ ਆਦਾਰੇ ਮੈਡੀਕਲ ਕਾਲਜ, ਜਿਵੇਂ ਸ੍ਰੀ ਗੁਰੂ ਰਾਮਦਾਸ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸ ਐਂਡ ਰਿਸਰਚ, ਅੰਮ੍ਰਿਤਸਰ, ਸ੍ਰੀ ਗੁਰੂ ਰਾਮਦਾਸ ਇੰਸਟੀਚਿਊਟ ਆਫ਼ ਡੈਂਟਲ ਐਂਡ ਰਿਸਰਚ, ਅੰਮ੍ਰਿਤਸਰ ਆਦਿ; ਇੰਜੀਨੀਅਰਰਿੰਗ ਕਾਲਜ, ਜਿਵੇਂ ਬਾਬਾ ਬੰਦਾ ਸਿੰਘ ਬਹਾਦਰ ਕਾਲਜ, ਫਤਿਹਗੜ੍ਹ ਸਾਹਿਬ ਆਦਿ; ਆਰਟਸ ਕਾਲਜ ਜਿਵੇਂ ਖ਼ਾਲਸਾ ਕਾਲਜ ਪਟਿਆਲਾ, ਗੁਰੂ ਨਾਨਕ ਕਾਲਜ ਬੁਢਲਾਡਾ ਆਦਿ; ਗੁਰਮਤਿ ਸੰਗੀਤ ਵਿਦਿਆਲੇ ਜਿਵੇਂ ਸ਼ਾਹਜਹਾਨਪੁਰ, ਯੂ.ਪੀ., ਗੁਰਮਤਿ ਸੰਗੀਤ ਅਕੈਡਮੀ, ਸ੍ਰੀ ਅਨੰਦਪੁਰ ਸਾਹਿਬ ਆਦਿ; ਧਾਰਮਿਕ ਵਿਦਿਆਲੇ, ਜਿਵੇਂ ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ ਗੁਰੂ ਕਾਸ਼ੀ ਗੁਰਮਤਿ ਇੰਸਟੀਚਿਊਟ, ਤਲਵੰਡੀ ਸਾਬੋ੍ (ਬਠਿੰਡਾ) ਆਦਿ ਖੇਤਰਾਂ ਵਿਚ ਚੱਲ ਰਹੇ ਹਨ। ਇਨ੍ਹਾਂ ਆਦਾਰਿਆਂ ਦਾ ਵਿੱਦਿਅਕ ਮਿਆਰ ਕਾਫ਼ੀ ਉੱਚਾ ਹੈ। ਇਸ ਸਮੇਂ ਸ਼੍ਰੋਮਣੀ ਕਮੇਟੀ 16 ਸਿੱਖ ਮਿਸ਼ਨਰੀ ਕਾਲਜਾਂ, 32 ਉਚੇਰੀ ਵਿਦਿਆ ਦੇ ਕਾਲਜ, 33 ਸੀਨੀਅਰ ਸੈਕੰਡਰੀ ਸਕੂਲਾਂ ਅਤੇ ਹਾਈ ਸਕੂਲਾਂ ਦਾ ਪ੍ਰਬੰਧ ਚਲਾ ਰਹੀ ਹੈ। ਇਨ੍ਹਾਂ ਤੋਂ ਇਲਾਵਾ ਇਹ ਸ੍ਰੀ ਨਨਕਾਣਾ ਸਾਹਿਬ ਵਿੱਦਿਅਕ ਟਰੱਸਟ, ਸ੍ਰੀ ਗੁਰੂ ਰਾਮਦਾਸ ਚੈਰੀਟੇਬਲ ਟਰੱਸਟ ਅਤੇ ਬਾਬਾ ਬੰਦਾ ਸਿੰਘ ਬਹਾਦਰ ਵਿੱਦਿਅਕ ਟਰੱਸਟ ਦੇ ਅਧੀਨ ਕਈ ਵਿੱਦਿਅਕ ਅਦਾਰੇ ਚਲਾਉਂਦੀ ਹੈ। ਇਸ ਦੁਆਰਾ ਫਤਿਹਗੜ੍ਹ ਸਾਹਿਬ ਵਿਖੇ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਦੀ ਸਥਾਪਨਾ ਵੀ ਕੀਤੀ ਗਈ ਹੈ।[163] ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੈਂਬਰਿਜ ਯੂਨੀਵਰਸਿਟੀ, ਇੰਗਲੈਂਡ ਨਾਲ ਇਕ ਸਮਝੌਤਾ ਕੀਤਾ ਹੈ ਤਾਂ ਕਿ ਸਿੱਖ ਬੱਚਿਆਂ ਨੂੰ ਵਿਦੇਸ਼ਾਂ ਵਿਚ ਉਚੇਰੀ ਸਿੱਖਿਆ ਲਈ ਭੇਜਿਆ ਜਾ ਸਕੇ।[164] ਇਸ ਦੇ ਨਾਲ ਹੀ ਇਹ ਸੰਸਥਾ ਆਈ.ਪੀ.ਐਸ., ਆਈ.ਏ.ਐਸ. ਅਤੇ ਪੀ.ਸੀ.ਐਸ. ਵਿੱਚ ਸਫਲ ਹੋਣ ਵਾਲੇ ਸਾਬਤ-ਸੂਰਤ ਬੱਚਿਆਂ ਨੂੰ ਵਿਸ਼ੇਸ਼ ਇਨਾਮ ਵੀ ਦਿੰਦੀ ਹੈ।[165]

ਮਨੁੱਖ ਨੂੰ ਤੰਦਰੁਸਤ ਰਹਿਣ ਲਈ ਅਜੋਕੇ ਸਮੇਂ ਵਿਚ ਮੈਡੀਕਲ ਸਹੂਲਤਾਂ ਦਾ ਵਿਸ਼ੇਸ਼ ਸਹਾਰਾ ਹੈ। ਹੋਰ ਖੇਤਰਾਂ ਵਿਚ ਮਨੁੱਖਤਾ ਦੀ ਬੇਹਿਤਰੀ ਲਈ ਜਿੱਥੇ ਇਹ ਸੰਸਥਾ ਕਾਰਜਸ਼ੀਲ ਹੈ ਉਥੇ ਮੈਡੀਕਲ

---

163 *ਗੁਰਦੁਆਰਾ ਗਜ਼ਟ,* ਅਗਸਤ 2016, ਪੰ.51.

164 *ਉਹੀ,* ਅਗਸਤ 2009, ਪੰਨਾ 50.

165 *ਉਹੀ,* ਮਈ 2018, ਪੰਨਾ 83.

ਦੇ ਖੇਤਰ ਵਿਚ ਵੀ ਇਸ ਨੇ ਵਿਸ਼ੇਸ਼ ਯੋਗਦਾਨ ਪਾਇਆ ਹੈ। ਇਸ ਦੀ ਉਦਾਹਰਨ ਗੁਰੂ ਰਾਮਦਾਸ ਮੈਡੀਕਲ ਕਾਲਜ ਹੈ। ਇਸ ਵਿਚ ਔਰਤਾਂ ਖ਼ਾਸ ਤੌਰ 'ਤੇ ਜਨੇਪੇ ਵਾਲੀਆਂ ਬੀਬੀਆਂ ਲਈ ਵਿਸ਼ੇਸ਼ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ।[166] ਇਸ ਤੋਂ ਇਲਾਵਾ ਵੱਖ-ਵੱਖ ਸਮਿਆਂ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਲਈ ਮੁਫ਼ਤ ਮੈਡੀਕਲ ਕੈਂਪਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ। ਵੱਖ-ਵੱਖ ਵਿਸ਼ਵ ਪੱਧਰੀ ਸੰਸਥਾਵਾਂ ਰੈੱਡ ਕਰਾਸ ਆਦਿ ਨਾਲ ਜੁੜ ਕੇ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਖੇਤਰ ਵਿਚ ਵਿਸ਼ੇਸ਼ ਯੋਗਦਾਨ ਪਾਉਂਦੀ ਹੈ।[167]

### 5.1.6. ਸਿੱਖ ਵਿਰਾਸਤੀ ਖੇਡਾਂ ਅਤੇ ਖੇਡਾਂ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖ ਵਿਰਾਸਤੀ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਖ਼ਾਲਸਾਈ ਖੇਡ ਉਤਸਵ ਦੀ ਸ਼ੁਰੂਆਤ ਕੀਤੀ ਹੈ। ਇਹ ਉਤਸਵ ਹਰ ਸਾਲ ਸੰਸਥਾ ਦੇ ਵੱਖ-ਵੱਖ ਆਦਾਰਿਆਂ ਵਿੱਚ ਹੁੰਦਾ ਹੈ। ਜੇਤੂ ਖਿਡਾਰੀਆਂ ਨੂੰ ਇਨਾਮ ਦਿੱਤੇ ਜਾਂਦੇ ਹਨ ਅਤੇ ਸੰਬੰਧਿਤ ਆਦਾਰਿਆਂ ਨੂੰ ਟਰਾਫ਼ੀਆਂ ਦੇ ਰੂਪ ਵਿਚ ਹੌਸਲਾ ਅਫ਼ਜਾਈ ਦਿੱਤੀ ਜਾਂਦੀ ਹੈ।[168]

ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ ਦੇ ਖਿਡਾਰੀਆਂ ਨੂੰ ਵੀ ਇਨਾਮ ਜਾਂ ਆਰਥਿਕ ਸਹਾਇਤਾ ਦਿੱਤੀ ਜਾਂਦੀ ਹੈ। ਇਸ ਸੰਦਰਭ ਵਿਚ ਪ੍ਰੋ. ਕਿਰਪਾਲ ਸਿੰਘ ਬਡੂੰਗਰ ਦਾ ਇਹ ਐਲਾਨ ਉਲੇਖ ਯੋਗ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੱਤਕਾ, ਹਾਕੀ ਅਤੇ ਕਬੱਡੀ ਨੂੰ ਪ੍ਰਫੁੱਲਤ ਕਰਨ ਲਈ ਵਿੱਦਿਅਕ ਅਦਾਰਿਆਂ ਵਿਚ ਵਿਆਪਕ ਪੱਧਰ 'ਤੇ ਯੋਜਨਾਵਾਂ ਬਣਾਵੇਗੀ ਅਤੇ ਲਾਗੂ ਕਰੇਗੀ। ਸਕੂਲਾਂ, ਕਾਲਜਾਂ ਦੇ ਖਿਡਾਰੀਆਂ ਨੂੰ ਕੌਮਾਂਤਰੀ ਪੱਧਰ ਉੱਤੇ ਪਹੁੰਚਾਉਣ ਲਈ ਮੰਚ ਮੁਹੱਇਆ ਕਰਵਾਏਗੀ।[169] ਇਸ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੱਤਕੇ ਨੂੰ ਉਲੰਪਿਕ ਖੇਡਾਂ ਵਿਚ ਸ਼ਾਮਿਲ ਕਰਵਾਉਣ ਲਈ ਵਿਸ਼ੇਸ਼ ਯੋਗਦਾਨ ਪਾਇਆ ਹੈ।[170]

---

[166] *ਉਹੀ,* ਜੂਨ 2015, ਪੰਨਾ 55.

[167] *ਗੁਰਦੁਆਰਾ ਗਜ਼ਟ,* ਮਈ 2000, ਪੰਨਾ 31.

[168] *ਗੁਰਦੁਆਰਾ ਗਜ਼ਟ,* ਜਨਵਰੀ 2015, ਪੰਨਾ 39-40.

[169] *ਗੁਰਦੁਆਰਾ ਗਜ਼ਟ* ਅਗਸਤ 2017, ਪੰਨਾ 45.

[170] ਗੁਰਦੁਆਰਾ ਗਜ਼ਟ, ਮਈ 1999, ਪੰਨਾ 20.

### 5.1.7. ਭਾਸ਼ਾ

ਸਿੱਖ ਧਰਮ ਨਾਲ ਜੁੜੀ ਪ੍ਰਮੁੱਖ ਭਾਸ਼ਾ ਪੰਜਾਬੀ ਹੈ। ਆਪਣੀ ਸਥਾਪਤੀ ਦੇ ਸਮੇਂ ਤੋਂ ਹੀ ਸਿੰਘ ਸਭਾ ਲਹਿਰ ਦੇ ਆਸ਼ਿਆਂ ਨੂੰ ਪੂਰਾ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵਿਸ਼ੇਸ਼ ਕਦਮ ਉਠਾਏ ਹਨ। ਇਨ੍ਹਾਂ ਆਸ਼ਿਆਂ ਵਿਚੋਂ ਹੀ ਪੰਜਾਬੀ ਭਾਸ਼ਾ ਦੀ ਬੇਹਿਤਰੀ ਅਤੇ ਪ੍ਰਚਾਰ ਦੇ ਯਤਨ ਨਿਕਲੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਫੈਸਲਿਆਂ ਦੀ ਭਾਸ਼ਾ ਪੰਜਾਬੀ ਹੈ, ਜਿਸ ਲਈ ਗੁਰਮੁਖੀ ਲਿਪੀ ਨੂੰ ਹੀ ਵਰਤਿਆ ਜਾਂਦਾ ਹੈ। ਇਸ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਬਹੁਤ ਸਾਰੀਆਂ ਪੁਸਤਕਾਂ ਅਤੇ ਮੈਗਜੀਨ (ਗੁਰਮਤਿ ਪ੍ਰਕਾਸ਼ ਅਤੇ ਗੁਰਦੁਆਰਾ ਗਜ਼ਟ) ਪੰਜਾਬੀ ਭਾਸ਼ਾ ਵਿਚ ਛਾਪੇ ਹਨ। ਇਸ ਤੋਂ ਇਲਾਵਾ ਭਾਰਤ ਦੇ ਵੱਖ-ਵੱਖ ਪ੍ਰਾਂਤਾਂ ਵਿਚ ਭਾਸ਼ਾ ਨਾਲ ਹੋ ਰਹੇ ਕਿਸੇ ਪ੍ਰਕਾਰ ਦੇ ਵਿਤਕਰੇ ਦਾ ਵੀ ਗੰਭੀਰ ਨੋਟਿਸ ਲਿਆ ਹੈ। ਇਸ ਦੀ ਉਦਾਹਰਨ ਪ੍ਰੋ. ਕਿਰਪਾਲ ਸਿੰਘ ਬੰਡੂਗਰ ਵੱਲੋਂ ਜੰਮੂ-ਕਸ਼ਮੀਰ ਦੀ ਮੁੱਖ ਮੰਤਰੀ ਮਹਿਬੂਬਾ ਮੁਫਤੀ ਨੂੰ ਲਿਖਿਆ ਇੱਕ ਪੱਤਰ ਹੈ। ਜਿਸ ਵਿਚ ਉਨ੍ਹਾਂ ਨੇ ਜੰਮੂ-ਕਸ਼ਮੀਰ ਵਿਚ ਪੰਜਾਬੀ ਭਾਸ਼ਾ ਦੇ ਬਣਦੇ ਰੁਤਬੇ ਨੂੰ ਬਹਾਲ ਕਰਨ ਦੀ ਮੰਗ ਕੀਤੀ ਹੈ।[171] ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਸਕੂਲਾਂ ਕਾਲਜਾਂ ਵਿਚ ਪੰਜਾਬੀ ਭਾਸ਼ਾ ਦੀ ਪ੍ਰਫੁਲਤਾ ਲਈ ਯਤਨ ਕੀਤੇ ਹਨ। ਇਸ ਨੇ ਵਿਦੇਸ਼ਾਂ ਵਿਚ ਗੁਰਦੁਆਰਿਆਂ ਅਤੇ ਉਨ੍ਹਾਂ ਅਦਾਰਿਆਂ ਦੇ ਪ੍ਰਬੰਧਕਾਂ ਦੀ ਹੌਂਸਲਾ ਅਫਜਾਈ ਵੀ ਕੀਤੀ ਹੈ, ਜਿਹੜੇ ਇੰਗਲੈਂਡ, ਕੈਨੇਡਾ, ਅਮਰੀਕਾ, ਮਲੇਸ਼ੀਆ, ਸਿੰਗਾਪੁਰ, ਅਫਰੀਕਾ, ਆਸਟਰੇਲੀਆ, ਨਾਰਵੇ ਆਦਿ ਦੇਸ਼ਾਂ ਵਿਚ ਪੰਜਾਬੀ ਸਕੂਲ ਚਲਾ ਰਹੇ ਹਨ।

### 5.1.8. ਧਰਮ ਪ੍ਰਚਾਰ ਅਤੇ ਗੁਰਮਤਿ ਕੈਂਪ

ਧਰਮ ਪ੍ਰਚਾਰ ਸ਼੍ਰੋਮਣੀ ਗੁਰਦੁਆਰਾ ਕਮੇਟੀ ਦਾ ਮੁੱਖ ਕਾਰਜ ਹੈ। ਇਸ ਲਈ ਇਸ ਨੇ ਰਾਗੀ, ਢਾਡੀ ਕਵੀਸ਼ਰਾਂ ਅਤੇ ਧਾਰਮਿਕ ਅਧਿਆਪਕਾਂ ਨੂੰ ਭਰਤੀ ਕੀਤਾ ਹੋਇਆ ਹੈ।[172] ਇਨ੍ਹਾਂ ਸਭ ਦਾ ਤਾਲ-ਮੇਲ ਸੰਗਤ ਨਾਲ ਹੁੰਦਾ ਹੈ। ਪੰਜਾਬ ਅਤੇ ਵੱਖ-ਵੱਖ ਇਲਾਕਿਆਂ ਵਿਚ ਪ੍ਰਚਾਰ ਵਾਸਤੇ ਇਨ੍ਹਾਂ ਦੀਆਂ

---

[171] *ਗੁਰਦੁਆਰ ਗਜ਼ਟ,* ਜੂਨ 2017, ਪੰਨਾ 37.

[172] *ਗੁਰਦੁਆਰਾ ਗਜ਼ਟ,* ਮਾਰਚ 2018, ਪੰਨਾ 37.

ਜਿੰਮੇਵਾਰੀਆਂ ਲਾਈਆਂ ਜਾਂਦੀਆਂ ਹਨ। ਧਾਰਮਿਕ ਅਧਿਆਪਕ ਸਕੂਲਾਂ ਅਤੇ ਕਾਲਜਾਂ ਵਿਚ ਬੱਚਿਆਂ ਨੂੰ ਵੱਖ-ਵੱਖ ਧਾਰਮਿਕ ਗਤੀਵਿਧੀਆਂ ਦੁਆਰਾ ਸਿੱਖ ਇਤਿਹਾਸ ਦੀਆਂ ਪ੍ਰਮੁੱਖ ਸ਼ਖਸੀਅਤਾਂ ਨਾਲ ਸੰਗਤਾਂ ਨੂੰ ਰੂ-ਬ-ਰੂ ਕਰਵਾਉਂਦੇਹਨ।[173]

ਗੁਰਮਤਿ ਕੈਂਪਾਂ ਦਾ ਆਯੋਜਨ ਕਰਨਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸ਼ਲਾਘਾਯੋਗ ਕਾਰਜ ਹੈ। ਇਹ ਕੈਂਪ ਬੱਚਿਆਂ, ਗ੍ਰੰਥੀਆਂ ਪ੍ਰਚਾਰਕਾਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੂਲਾਂ ਕਾਲਜਾਂ ਦੇ ਅਧਿਆਪਕਾਂ ਲਈ ਆਯੋਜਿਤ ਹੁੰਦੇ ਹਨ। ਜਿਨ੍ਹਾਂ ਵਿਚ ਉਨ੍ਹਾਂ ਨੂੰ ਗੁਰਮਤਿ ਦੀ ਸਿਖਲਾਈ ਦੇਣ ਦੇ ਉਪਰਾਲੇ ਕੀਤੇ ਜਾਂਦੇ ਹਨ। ਪ੍ਰਚਾਰਕਾਂ ਅਤੇ ਗ੍ਰੰਥੀਆਂ ਲਈ ਧਾਰਮਿਕ ਪ੍ਰਚਾਰ ਦੇ ਖੇਤਰ ਵਿਚ ਆਉਣ ਵਾਲੀਆਂ ਸਮੱਸਿਆਵਾਂ ਦੇ ਹੱਲ ਲਈ ਵਰਕਸ਼ਾਪਾਂ ਲਾਈਆਂ ਜਾਂਦੀਆਂ ਹਨ। ਅਦਾਰਿਆਂ ਦੇ ਧਾਰਮਿਕ ਅਧਿਆਪਕਾਂ ਦੀ ਰਹਿਨੁਮਾਈ ਕੀਤੀ ਜਾਂਦੀ ਹੈ ਤਾਂ ਕਿ ਉਹ ਆਪਣੇ ਦੇਣ ਵਾਲੇ ਭਾਸ਼ਨਾਂ ਅਤੇ ਸ਼ਬਦਾਂ ਨੂੰ ਹੋਰ ਪੁਖਤਾ ਬਣਾ ਸਕਣ।

### 5.1.9. ਰਿਹਾਇਸ਼

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਧਾਰਮਿਕ ਅਦਾਰਿਆਂ ਖ਼ਾਸਕਰ ਗੁਰਦੁਆਰਾ ਸਾਹਿਬਾਨ ਵਿਖੇ ਸੰਗਤਾਂ ਦੀ ਰਿਹਾਇਸ਼ ਦੇ ਪੁਖਤਾ ਇੰਤਜਾਮ ਕੀਤੇ ਜਾਂਦੇ ਹਨ। ਰਿਹਾਇਸ਼ ਲਈ ਵੱਖ-ਵੱਖ ਸਥਾਨਾਂ ਨੂੰ ਆਮ ਤੌਰ 'ਤੇ ਨਿਵਾਸ ਜਾਂ ਸਰਾਂ ਕਿਹਾ ਜਾਂਦਾ ਹੈ। ਇਨ੍ਹਾਂ ਨਿਵਾਸ ਸਥਾਨਾਂ ਤੇ ਆਉਣ ਵਾਲੇ ਯਾਤਰੂਆਂ ਲਈ ਕਮਰੇ ਅਤੇ ਇਸ਼ਨਾਨ ਆਦਿ ਦਾ ਵਿਸ਼ੇਸ਼ ਪ੍ਰਬੰਧ ਹੁੰਦਾ ਹੈ। ਇਨ੍ਹਾਂ ਸਰਾਵਾਂ ਵਿਚ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਕੋਲ ਬਣੀਆਂ ਸਰਾਵਾਂ ਗੁਰੂ ਰਾਮਦਾਸ ਨਿਵਾਸ, ਗੁਰੂਅਰਜਨ ਦੇਵ ਨਿਵਾਸ, ਮਾਤਾ ਗੰਗਾ ਜੀ ਨਿਵਾਸ ਸਥਾਨ ਪ੍ਰਸਿੱਧ ਹਨ। ਇਨ੍ਹਾਂ ਸਰਾਵਾਂ ਦੀਆਂ ਕਈ ਮੰਜਿਲਾਂ ਵਿਚ ਕਮਰੇ ਬਣੇ ਹੋਏ ਹਨ ਜਿਨ੍ਹਾਂ ਵਿਚ ਬੈਡ ਅਤੇ ਬਿਸਤਰੇ ਮੁਫਤ ਉਪਲਬਧ ਕਰਵਾਏ ਜਾਂਦੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮਾਤਾ ਗੁਜਰੀ ਜੀ ਨਿਵਾਸ ਅੰਮ੍ਰਿਤਸਰ ਦੀ ਬੁਕਿੰਗ ਆਨ-ਲਾਈਨ ਕਰ ਦਿੱਤੀ ਹੈ।

---

173 *ਗੁਰਦੁਆਰਾ ਗਜ਼ਟ,* ਜੂਨ 2016, ਪੰਨੇ 72 ਅਤੇ 74.

### 5.1.10. ਮੀਡੀਆ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਅਤੇ ਆਪਣੇ ਹੋਰ ਕਾਰਜਾਂ ਲਈ ਮੀਡੀਆ ਨੂੰ ਇਕ ਸਾਧਨ ਵੱਜੋਂ ਅਪਣਾਇਆ ਹੋਇਆ ਹੈ ਉਹ ਮੀਡੀਆ ਜਿਸ ਵਿਚ ਅਖ਼ਬਾਰਾਂ ਰਸਾਲੇ ਅਤੇ ਹੋਰ ਲਿਖਤੀ ਸਮੱਗਰੀ ਸ਼ਾਮਿਲ ਹੈ, ਨੂੰ ਸਿੱਖ ਪ੍ਰਚਾਰ ਦੇ ਸਾਧਨ ਵੱਜੋਂ ਵਰਤਿਆ ਜਾਂਦਾ ਹੈ। ਇਸ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਆਪਣੀ ਪ੍ਰੈਸ ਹੈ ਜਿਸ ਰਾਹੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਪ੍ਰਮੁੱਖ ਧਾਰਮਿਕ ਪੁਸਤਕਾਂ ਅਤੇ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਦੀ ਛਪਾਈ ਹੁੰਦੀ ਹੈ।

### 5.1.11. ਸਿਨੇਮਾ

ਸਿਨੇਮਾ ਜਿੱਥੇ ਲੋਕਾਂ ਦੇ ਮਨੋਰੰਜਨ ਦਾ ਸਾਧਨ ਹੈ ਉਥੇ ਬਹੁਤ ਸਾਰੀਆਂ ਬੁਰਾਈਆਂ ਵੀ ਇਸ ਨਾਲ ਪੈਦਾ ਹੁੰਦੀਆਂ ਹਨ। ਬਹੁਤ ਸਾਰੀਆਂ ਫਿਲਮਾਂ ਜੋ ਵੱਖ-ਵੱਖ ਸਮਾਜਿਕ ਪੱਖਾਂ ਉੱਪਰ ਬਣਦੀਆਂ ਹਨ ਉਨ੍ਹਾਂ ਵਿੱਚ ਸਿੱਖ ਸਿਧਾਂਤਾਂ ਅਤੇ ਧਰਮ ਨਾਲ ਸੰਬੰਧਿਤ ਕਈ ਪੱਖ ਪੇਸ਼ ਕੀਤੇ ਜਾਂਦੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਨ੍ਹਾਂ ਨਾਲ ਵੀ ਜੁੜੀ ਹੋਈ ਹੈ। ਉਸ ਦੀ ਨਜ਼ਰ ਇਸ ਪੱਖ ਉਤੇ ਰਹਿੰਦੀ ਹੈ ਕਿ ਕੋਈ ਵੀ ਫ਼ਿਲਮ ਜਾਂ ਨਾਟਕ ਆਦਿ ਵਿੱਚ ਸਿੱਖੀ ਸਿਧਾਂਤਾਂ ਨਾਲ ਖਿਲਵਾੜ ਨਾ ਕੀਤਾ ਜਾਵੇ ਜੇਕਰ ਅਜਿਹਾ ਹੁੰਦਾ ਹੈ ਤਾਂ ਉਹ ਇਸ ਨੋਟਿਸ ਲੈਂਦੀ ਹੈ। ਇਸ ਦੀਆਂ ਅਨੇਕਾਂ ਉਦਾਹਰਨਾਂ ਲੱਭਦੀਆਂ ਹਨ ਜਿਨ੍ਹਾਂ ਵਿਚ ਕਈ ਫਿਲਮਾਂ ਦੇ ਡਾਇਰੈਕਟਰਾਂ, ਪ੍ਰੋਡਿਊਸਰਾਂ ਅਤੇ ਅਦਾਕਾਰਾਂ ਨੇ ਮਾਫ਼ੀ ਮੰਗੀ ਹੈ। ਇਸ ਤੋਂ ਇਲਾਵਾ ਸਿੱਖ ਕਿਰਦਾਰਾਂ ਨਾਲ ਸੰਬੰਧਿਤ ਬਹੁਤ ਸਾਰੀਆਂ ਫਿਲਮਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਵਾਨਗੀ ਨਾਲ ਹੀ ਰਲੀਜ਼ ਕੀਤੀਆਂ ਜਾਂਦੀਆਂ ਹਨ। 'ਡੀਸ਼ੂਮ' ਫਿਲਮ ਦੇ ਡਾਇਰੈਕਟਰ ਅਤੇ ਅਦਾਕਾਰਾਂ ਨੇ ਸ੍ਰੀ ਸਾਹਿਬ ਦੀ ਬੇਅਦਬੀ ਵਾਲੇ ਸੀਨ ਫਿਲਮਾਉਣ ਲਈ ਮਾਫ਼ੀ ਮੰਗੀ। ਦੂਜੀ ਉਦਾਹਰਨ 'ਸਨ ਆਫ਼ ਸਰਦਾਰ' ਫ਼ਿਲਮ ਦੀ ਹੈ ਜਿਸ ਦੇ ਇਕ ਦ੍ਰਿਸ਼ ਨਾਲ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਲਗਦੀ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇਸਦਾ ਨੋਟਿਸ ਲੈਣ ਤੇ ਫ਼ਿਲਮ ਦੇ ਡਾਇਰੈਕਟਰ ਅਤੇ ਅਦਾਕਾਰ, ਅਜੈ ਦੇਵਗਨ ਨੇ ਮਾਫ਼ੀ ਮੰਗੀ ਅਤੇ ਉਹ ਦ੍ਰਿਸ਼ ਕੱਟ

ਦਿੱਤਾ।[174] ਜਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਤਰਾਜਯੋਗ ਸੀਨਾਂ ਦਾ ਨੋਟਿਸ ਲੈਂਦੀ ਹੈ ਤਾਂ ਬਹੁਤ ਸਾਰੇ ਸੀਨ ਫਿਲਮਾਂ ਵਿੱਚੋਂ ਇਸ ਕਰਕੇ ਕੱਟ ਦਿੱਤੇ ਜਾਂਦੇ ਹਨ ਤਾਂ ਕਿ ਸਿੱਖ ਭਾਵਨਾਵਾਂ ਨਾਲ ਛੇੜਛਾੜ ਨਾ ਹੋਵੇ।[175]

### 5.1.12. ਪੰਜਾਬ ਦੇ ਮਾਹੌਲ ਨੂੰ ਸ਼ਾਂਤਮਈ ਰੱਖਣ ਦੇ ਯਤਨ

ਸਿੱਖ ਧਰਮ ਇੱਕ ਵਿਸ਼ਵ ਵਿਆਪੀ ਧਰਮ ਹੈ। ਜਿਸ ਨੂੰ ਮੰਨਣ ਵਾਲਿਆਂ ਦੀ ਬਹੁ-ਗਿਣਤੀ ਭਾਰਤ ਵਿਚਲੇ ਪੰਜਾਬ ਵਿੱਚ ਮੌਜੂਦ ਹੈ। ਸਿੱਖਾਂ ਤੋਂ ਇਲਾਵਾ ਪੰਜਾਬ ਵਿੱਚ ਅਣ-ਮੱਤਾਂ ਦੇ ਪੈਰੋਕਾਰ ਵੀ ਵੱਸਦੇ ਹਨ। ਰਾਜਨੀਤਿਕ, ਸੱਭਿਆਚਾਰਕ ਅਤੇ ਧਾਰਮਿਕ ਪੱਖ ਤੋਂ ਕਈ ਵਾਰ ਵੱਖ-ਵੱਖ ਧਾਰਮਿਕ ਵਿਸ਼ਵਾਸਾਂ ਦੇ ਲੋਕਾਂ ਦੇ ਹਿੱਤ ਆਪਸ ਵਿਚ ਟਕਰਾਉਂਦੇ ਹਨ ਅਤੇ ਇਨ੍ਹਾਂ ਵਿਚ ਮਨੁੱਖੀ ਸੋਚ ਦੇ ਸੋੜੇਪਨ ਕਰਕੇ ਨਫ਼ਰਤ ਪੈਦਾ ਹੋਣ ਦਾ ਡਰ ਰਹਿੰਦਾ ਹੈ। ਬਹੁਤ ਸਾਰੇ ਸ਼ਰਾਰਤੀ ਮਾਨਸਿਕਤਾ ਵਾਲੇ ਲੋਕ ਸਿੱਖ ਸਿਧਾਂਤਾਂ ਅਤੇ ਕਾਕਾਰਾਂ ਆਦਿ ਦੀ ਬੇਅਦਬੀ ਕਰਨ ਲਈ ਉਤਾਰੂ ਹੋ ਜਾਂਦੇ ਹਨ। ਇਸ ਦੇ ਬਦਲੇ ਵੱਜੋਂ ਸਿੱਖ ਨੌਜਵਾਨ ਵੀ ਗੁੱਸੇ ਵਿਚ ਆ ਕੇ ਕੋਈ ਪ੍ਰਤੀਕਰਮ ਕਰਦੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸੁਚੱਜੀ ਰਹਿਨੁਮਾਈਆਂ ਕਰਕੇ ਪੰਜਾਬ ਦੇ ਮਾਹੌਲ ਵਿਚ ਪੈਦਾ ਹੋ ਰਹੀ ਕੁੜੱਤਣ ਨੂੰ ਦੂਰ ਕਰਨ ਦਾ ਯਤਨ ਕੀਤਾ ਜਾਂਦਾ ਹੈ।

## 5.2. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਆਰਥਿਕ ਯੋਗਦਾਨ

ਧਾਰਮਿਕ, ਸਮਾਜਿਕ ਖੇਤਰ ਦੇ ਨਾਲ ਆਰਥਿਕ ਖੇਤਰ ਵਿਚ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖ ਪੰਥ ਦੀ ਨੁਮਾਇੰਦਗੀ ਕਰਦੀ ਹੈ। ਸਿੱਖ ਇਕ ਸਮੇਂ ਨਾਮ ਜਪਣ, ਕਿਰਤ ਕਰਨ ਅਤੇ ਵੰਡ ਛਕਣ ਵਿਚ ਵਿਸ਼ਵਾਸ਼ ਰਖਦਾ ਹੈ। ਇਸ ਲਈ ਉਸਦੀ ਸ਼ਖਸ਼ੀਅਤ ਦੇ ਮੁਢਲੇ ਅਸੂਲਾਂ ਵਿਚ ਧਾਰਮਿਕਤਾ, ਆਰਥਿਕਤਾ ਅਤੇ ਸਮਾਜਿਕਤਾ ਦਾ ਸੁਮੇਲ ਹੈ। ਇਥੇ ਅਸੀਂ ਆਰਥਿਕ ਰੂਪ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਯੋਗਦਾਨ ਦਾ ਸੰਖੇਪ ਵਰਨਣ ਕਰਾਂਗੇ:

---

[174] *ਗੁਰਦੁਆਰਾ ਗਜ਼ਟ,* ਅਕਤੂਬਰ 2012, ਪੰਨਾ-41

[175] *ਗੁਰਦੁਆਰਾ ਗਜ਼ਟ,* ਜਨਵਰੀ 2016, ਪੰਨਾ 53.

### 5.2.1. ਪੀੜਤਾਂ ਦੀ ਸਹਾਇਤਾ (ਕੁਦਰਤੀ ਆਫ਼ਤਾਂ, ਹੜ੍ਹਾਂ, ਭੂਚਾਲਾਂ ਆਦਿ)

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਖ-ਵੱਖ ਸਮਿਆਂ ਤੇ ਕੁਦਰਤੀ ਆਫ਼ਤਾਂ ਅਤੇ ਬਿਮਾਰੀਆਂ ਨਾਲ ਪੀੜਤ ਵੱਖ-ਵੱਖ ਦੇਸ਼ਾਂ ਵਿਚ ਵਸਦੇ ਲੋਕਾਂ ਦੀ ਸਹਾਇਤਾ ਕਰਨ ਲਈ ਤੱਤਪਰ ਰਹਿੰਦੀ ਹੈ। ਇਹ ਸਹਾਇਤਾ ਦਾ ਘੇਰਾ ਕੇਵਲ ਸਿੱਖ ਧਰਮ ਨਾਲ ਸੰਬੰਧਿਤ ਲੋਕਾਂ ਲਈ ਹੀ ਨਹੀਂ ਬਲਕਿ ਹੋਰਨਾਂ ਧਰਮਾਂ ਦੇ ਲੋਕਾਂ ਤੱਕ ਚਲਾ ਜਾਂਦਾ ਹੈ। ਦੂਜੇ ਸ਼ਬਦਾਂ ਵਿਚ ਕਹਿ ਸਕਦੇ ਹਾਂ ਕਿ ਇਹ ਸੰਸਥਾ ਧਰਮ ਤੋਂ ਉੱਪਰ ਉਠ ਕੇ ਲੋਕਾਈ ਨਾਲ ਖੜ੍ਹਦੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੁਦਰਤੀ ਆਫ਼ਤਾਂ ਨਾਲ ਪੀੜਤ ਹੋਏ ਲੋਕਾਂ ਦੀ ਇਸ ਪ੍ਰਕਾਰ ਸਹਾਇਤਾ ਕੀਤੀ ਹੈ, ਜਿਸ ਦਾ ਨਿਮਨਲਿਖਤ ਵੇਰਵਾ ਦੇਣ ਦਾ ਯਤਨ ਕੀਤਾ ਗਿਆ ਹੈ।

- ਜੰਮੂ-ਕਸ਼ਮੀਰ ਵਿਚ ਆਏ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਇਨ੍ਹਾਂ ਨੇ ਗਿਆਰਾਂ ਟਰੱਕ ਰਾਹਤ ਸਮਗਰੀ, 70 ਕੁਇੰਟਲ ਰਾਸ਼ਨ, ਦਸ ਹਜਾਰ ਕੰਬਲ, 4000 ਰਜਾਈਆਂ ਤਲਾਈਆਂ, 25000 ਸੀਤੇ ਕੱਪੜੇ, 4000 ਖੇਸ ਅਤੇ ਦਵਾਈਆਂ ਆਦਿ ਮੁਹੱਈਆ ਕਰਵਾਈਆਂ।[176] ਇਹ ਚੀਜ਼ਾਂ ਸਈਅਦ ਅਲੀਸ਼ਾਹ ਗਿਲਾਨੀ ਦੀ ਅਪੀਲ ਤੇ ਪ੍ਰਧਾਨ ਸ੍ਰ. ਅਵਤਾਰ ਸਿੰਘ ਦੀ ਪ੍ਰਵਾਨਗੀ ਨਾਲ ਭੇਜੀਆਂ ਗਈਆਂ।
- ਇਸ ਤੋਂ ਇਲਾਵਾ ਉਨ੍ਹਾਂ ਨੇ ਹੜ੍ਹ-ਪੀੜਤ ਵਿਦਿਆਰਥੀਆਂ ਦੀ ਆਰਥਿਕ ਮੱਦਦ ਵੀ ਕੀਤੀ। ਇਹ ਸਮੱਗਰੀ ਉਨ੍ਹਾਂ ਨੇ ਦੋ ਤਿੰਨ ਮਹੀਨੇ ਵੱਖ-ਵੱਖ ਰੂਪਾਂ ਵਿੱਚ ਭੇਜੀ।[177]
- ਉਤਰਾਖੰਡ ਵਿਚ ਆਏ ਹੜ੍ਹਾਂ ਦੀ ਮਾਰ ਹੇਠ ਪੀੜ੍ਹਤਾਂ ਦੀ ਮਦਦ ਲਈ ਇਕ ਕਰੋੜ ਰੁਪਏ ਦੀ ਸਹਾਇਤਾ, ਲੰਗਰ ਲਈ ਰਾਸ਼ਨ ਦਾ ਇਕ ਟਰੱਕ ਅਤੇ ਡਾਕਟਰੀ ਸਹੂਲਤਾਂ ਲਈ ਡਾਕਟਰੀ ਟੀਮ ਭੇਜੀ।[178]

---

[176] *ਗੁਰਦੁਆਰਾ ਗਜ਼ਟ,* ਦਸੰਬਰ 2014, ਪੰਨਾ 37.

[177] *ਉਹੀ.*

[178] *ਉਹੀ,* ਅਗਸਤ 2013, ਪੰਨੇ 45-7.

- ਕਈ ਵਾਰ ਗੁਰੂ ਘਰਾਂ ਦੀ ਯਾਤਰਾ ਵਾਸਤੇ ਜਾ ਰਹੇ ਸ਼ਰਧਾਲੂਆਂ ਨਾਲ ਹਾਦਸੇ ਵਾਪਰ ਜਾਂਦੇ ਹਨ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਨ੍ਹਾਂ ਹਾਦਸੇ ਦੇ ਸ਼ਿਕਾਰ ਲੋਕਾਂ ਦੀ ਸਹਾਇਤਾ ਕਰਦੀ ਹੈ। ਇਸ ਦੀ ਉਦਾਹਰਨ ਬਾਬਾ ਬੁੱਢਾ ਸਾਹਿਬ ਦੇ ਗੁਰਦੁਆਰੇ ਜਿਹੜਾ ਕਿ ਤਰਨਤਾਰਨ ਵਿਚਲੇ ਠੱਠਾ ਨਾਮੀ ਸਥਾਨ ਤੇ ਸਥਿਤ ਹੈ, ਦੇ ਦਰਸ਼ਨਾਂ ਨੂੰ ਜਾ ਰਹੇ ਸ਼ਰਧਾਲੂਆਂ ਦਾ ਟਰੱਕ ਬਿਜਲੀ ਦੀਆਂ ਤਾਰਾਂ ਨਾਲ ਹਾਦਸਾ ਗ੍ਰਸਤ ਹੋ ਗਿਆ । ਜਿਸ ਵਿਚ ਲੋਕ ਬੁਰੀ ਤਰ੍ਹਾਂ ਝੁਲਸ ਗਏ। ਇਸ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰ. ਕਿਰਪਾਲ ਸਿੰਘ ਬਡੂੰਗਰ ਨੇ ਗੰਭੀਰ ਜਖ਼ਮੀਆਂ ਨੂੰ 50 ਹਜ਼ਾਰ ਅਤੇ ਘੱਟ ਜਖ਼ਮੀਆਂ ਨੂੰ 25 ਹਜ਼ਾਰ ਰੁਪਏ ਦੀ ਸਹਾਇਤਾ ਦਿੱਤੀ। ਉਨ੍ਹਾਂ ਦੇ ਮੁਫ਼ਤ ਇਲਾਜ ਦਾ ਪ੍ਰਬੰਧ ਗੁਰੂ ਰਾਮਦਾਸ ਸਾਹਿਬ ਹਸਪਤਾਲ ਵਿਚ ਕੀਤਾ ਗਿਆ ਤੇ ਤਰਨਤਾਰਨ ਦੇ ਗੁਰੂ ਨਾਨਕ ਦੇਵ ਸੁਪਰ ਸਪੈਸ਼ਲਿਟੀ ਹਸਪਤਾਲ ਵਿਖੇ ਜਖ਼ਮੀਆਂ ਦੇ ਇਲਾਜ ਲਈ ਸੰਭਵ ਮੱਦਦ ਦਾ ਭਰੋਸਾ ਦਿੱਤਾ।[179]
- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਨੇਪਾਲ ਵਿਚ ਭੂਚਾਲ ਪੀੜਤਾਂ ਲਈ ਵੀ ਲੰਗਰ ਦਾ ਪ੍ਰਬੰਧ ਕੀਤਾ ਇਸ ਲਈ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਸਹਾਇਤਾ ਮੁਹੱਇਆ ਕਰਵਾਈ।

### 5.2.2. ਧਰਮੀ ਫ਼ੌਜੀਆਂ ਤੇ ਨਸਲਕੁਸ਼ੀ ਪੀੜਤਾਂ ਦੀ ਸਹਾਇਤਾ

ਸਿੱਖਾਂ ਨੇ ਹਮੇਸ਼ਾ ਹਿੰਦੋਸਤਾਨ ਲਈ ਮੋਹਰੀ ਹੋ ਕੇ ਸ਼ਹਾਦਤਾਂ ਪ੍ਰਾਪਤ ਕੀਤੀਆਂ ਹਨ। ਭਾਵੇਂ ਇਹ ਕਿਸੇ ਖਾਸ ਧਰਮ ਦੇ ਲੋਕਾਂ ਜਾਂ ਕੇਵਲ ਭਾਰਤ ਤਕ ਸੀਮਤ ਨਹੀਂ। ਇਨ੍ਹਾਂ ਨੂੰ ਮਨੁਖੀ ਹੱਕਾਂ ਲਈ ਸ਼ਹਾਦਤਾਂ ਦੇ ਰੂਪ ਵਿਚ ਦੇਖਿਆ ਜਾਣਾ ਚਾਹੀਦਾ ਹੈ। ਪਰੰਤੂ ਭਾਰਤ ਵਿਚ ਸਿੱਖਾਂ ਨਾਲ ਹਮੇਸ਼ਾ ਦੂਜੇ ਦਰਜੇ ਦੇ ਸ਼ਹਿਰੀਆਂ ਵਾਲਾ ਵਿਹਾਰ ਹੁੰਦਾ ਆਇਆ ਹੈ। ਇਸ ਦੀ ਹੱਦ ਭਾਰਤ ਸਰਕਾਰ ਨੇ 1984 ਈ. ਵਿਚ ਦਰਬਾਰ ਸਾਹਿਬ ਉੱਪਰ ਹਮਲਾ ਕਰਕੇ ਕਰ ਦਿੱਤੀ। ਇਸ ਦੇ ਰੋਸ ਵਜੋਂ ਇੰਦਰਾਂ ਗਾਂਧੀ ਦਾ ਕਤਲ ਸਿੰਘਾਂ ਨੇ ਕਰ ਦਿੱਤਾ ਜਿਸਦਾ ਬਦਲਾ ਹਿੰਦੂ ਰਾਸ਼ਟਰਵਾਦੀਆਂ ਨੇ ਦਿੱਲੀ ਅਤੇ ਹੋਰ ਸ਼ਹਿਰਾਂ ਵਿਚ ਸਿੱਖ ਨਸਲਕੁਸ਼ੀ ਕਰਵਾ ਕੇ ਲੈਣਾ ਚਾਹਿਆ। ਇਨ੍ਹਾਂ ਘੱਲੂਘਾਰਿਆਂ ਵਿੱਚ ਲੱਖਾਂ ਪਰਿਵਾਰ ਉਜੜ

---

[179] *ਉਹੀ*, ਪੰਨਾ 38.

ਗਏ ਅਤੇ ਕਾਰੋਬਾਰ ਤਬਾਹ ਹੋਣ ਤੋਂ ਇਲਾਵਾਂ ਸਿੱਖਾਂ ਨੂੰ ਵਡੀ ਗਿਣਤੀ ਵਿਚ ਸ਼ਹੀਦ ਕੀਤਾ ਗਿਆ। 1984 ਈ. ਵਿਚ ਦਰਬਾਰ ਸਾਹਿਬ ਉੱਪਰ ਹੋਏ ਹਮਲੇ ਦੇ ਰੋਸ ਵਜੋਂ ਹਜਾਰਾਂ ਸਿੱਖ ਫੌਜੀਆਂ ਨੇ ਬੈਰਕਾਂ ਛੱਡੀਆਂ। ਇਨ੍ਹਾਂ ਨੂੰ ਧਰਮੀ ਫੌਜੀਆਂ ਵਜੋਂ ਜਾਣਿਆ ਜਾਂਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਨ੍ਹਾਂ ਦੀ ਸਹਾਇਤਾ ਲਈ ਤਤਪਰ ਰਹੀ ਹੈ। ਇਸ ਨੇ 'ਸ਼ਹੀਦੀ ਫੰਡ' ਅਤੇ 'ਰਲੀਫ ਫੰਡ' ਦੇ ਰੂਪ ਵਿਚ ਇਨ੍ਹਾਂ ਦੀ ਸਹਾਇਤਾ ਕੀਤੀ। ਇੰਨਾਂ ਪਰਿਵਾਰਾਂ 741 ਪਰਿਵਾਰ ਅਜਿਹੇ ਹਨ ਜਿਨ੍ਹਾਂ ਦਸ-ਦਸ ਹਜਾਰ ਰੁਪਏ ਦਿਤੇ ਗਏ। ਜਿਨ੍ਹਾਂ ਫੌਜੀਆਂ ਨੇ ਬੈਰਕਾਂ ਛਡੀਆਂ ਸਨ ਉਨ੍ਹਾਂ ਨੂੰ ਇਕ-ਇਕ ਹਜਾਰ ਰੁਪਏ ਦੀ ਸਹਾਇਤਾ ਦਿਤੀ ਗਈ। ਇਨ੍ਹਾਂ ਦੀ ਗਿਣਤੀ 1292 ਹੈ। ਇਸ ਤੋਂ ਇਲਾਵਾ 235 ਫੌਜੀ ਵੀਰਾਂ ਨੂੰ ਇਕ-ਇਕ ਹਜਾਰ ਰੁਪਏ ਤੋਂ ਇਲਾਵਾ ਦੋ-ਦੋ ਹਜਾਰ ਰੁਪਏ ਹੋਰ ਦਿਤੇ ਗਏ। ਇਹ ਉਹ ਫੌਜੀ ਵੀਰ ਸਨ ਜਿਨ੍ਹਾਂ ਨੂੰ ਦੋ ਸਾਲ ਤੋਂ ਵੱਧ ਦੀ ਸਜਾ ਹੋਈ। ਫੌਜੀ ਹਮਲੇ ਸਮੇਂ ਸਰਕਾਰ ਵੱਲੋਂ ਗ੍ਰਿਫਤਾਰ ਕੀਤੇ ਗਏ 2820 ਪੀੜਤਾਂ ਲਈ ਇਕ-ਇਕ ਹਜਾਰ ਰੁਪਏ ਸਹਾਇਤਾ ਦਿੱਤੀ ਗਈ। ਇਸੇ ਤਰ੍ਹਾਂ 369 ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਨੂੰ ਪੰਜ-ਪੰਜ ਸੌ ਰੁਪਏ ਦਿਤੇ ਗਏ। 'ਰਲੀਫ ਫੰਡ' ਤਹਿਤ 1984 ਵਿਚ ਵੱਖ-ਵੱਖ ਥਾਵਾਂ ਤੇ ਹੋਏ ਸਿੱਖ ਕਤਲੇਆਮ ਵਿਚ ਹਜਾਰਾਂ ਹੀ ਪੀੜਤ ਪਰਿਵਾਰਾਂ ਨੂੰ ਮਾਲੀ ਸਹਾਇਤਾ ਦਿੱਤੀ ਗਈ। ਇਸ ਦੇ ਨਾਲ ਹੀ ਜਿਨ੍ਹਾਂ ਪੀੜਤਾਂ ਦੀਆਂ ਦੁਕਾਨਾਂ ਅਤੇ ਮਕਾਨਾਂ ਆਦਿ ਦਾ ਨੁਕਸਾਨ ਹੋਇਆ ਉਨ੍ਹਾਂ ਨੂੰ ਕਿਰਾਏ ਦੇ ਰੂਪ ਵਿਚ ਸਹਾਇਤਾ ਦਿਤੀ ਗਈ।[180]

ਇਸ ਕਾਰਜ ਲਈ ਧਰਮੀ ਫੌਜੀਆਂ ਨੂੰ ਦਿੱਤੀ ਸਹਾਇਤਾ ਰਾਸ਼ੀ ਦਾ ਵੇਰਵਾ ਇਸ ਪ੍ਰਕਾਰ ਹੈ:[181]

| ਲੜੀ ਨੰ. | ਸਾਲ | ਗਿਣਤੀ ਧਰਮੀ ) (ਫੌਜੀ | 50000 ਰਾਸ਼ੀ ਚੈੱਕ ਰਾਹੀ | 51000 ਰਾਸ਼ੀ ਚੈੱਕ ਰਾਹੀ | 100000 ਰਾਸ਼ੀ ਨਕਦ | ਜੋੜ | ਕੁਲ ਜੋੜ |
|---|---|---|---|---|---|---|---|
| 1 | 2008-09 | 1 | 0 | 51000 | 0 | 51000 | 51000 |
| 2 | 2009-10 | 33<br>296<br>31 | 0<br>0<br>50000 | 0<br>51000<br>0 | 100000<br>0<br>0 | 3300000<br>15096000<br>1550000 | 19946000 |
| 3 | 2010-11 | 19<br>401 | 0<br>5000 | 0<br>0 | 100000<br>0 | 1900000<br>20050000 | 21950000 |

---

180 *1984 ਦੇ ਧਰਮੀ ਫੌਜੀਆਂ ਅਤੇ ਸਿੱਖ ਨਸਲਕੁਸ਼ੀ ਦੇ ਪੀੜਤ ਪਰਿਵਾਰਾਂ ਨੂੰ ਦਿੱਤੀ ਸਹਾਇਤਾ*, (ਸੰਪਾ.) ਦਿਲਜੀਤ ਸਿੰਘ ਬੇਦੀ, ਪੰਨਾ 2.

181 *ਉਹੀ*, ਪੰਨਾ *4.*

| | | | | | | | |
|---|---|---|---|---|---|---|---|
| 4 | 2011-12 | 4<br>116 | 0<br>50000 | 0<br>0 | 100000<br>0 | 400000<br>5800000 | 6200000 |
| 5 | 2012-13 | 252<br>4 | 50000<br>0 | 0 | 0<br>100000 | 12600000<br>400000 | 1300000 |
| 6 | 2013- 15 ਅਕਤੂਬਰ ਤੱਕ | 82<br>5 | 50000<br>0 | 0<br>0 | 0<br>100000 | 4100000<br>400000 | 4600000 |
| | ਜੋੜ | 1243 | | | | | 65696000 |

1984 ਦੇ ਸਿੱਖ ਕਤਲੇਆਮ ਵਿਚ ਸ਼ਹੀਦ ਸਿੱਖਾਂ ਦੇ ਪੀੜਤ ਪਰਿਵਾਰਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਮੇਂ ਸਮੇਂ ਸਹਾਇਤਾ ਦਿਤੀ ਜਾਂਦੀ ਹੈ। ਇਸ ਦੇ ਤਹਿਤ ਪੀੜਤ ਅਤੇ ਗਰੀਬ ਸਿੱਖ ਪਰਿਵਾਰਾਂ ਦੇ ਬੱਚਿਆਂ ਨੂੰ 5091579 ਰੁਪਏ ਫੀਸਾਂ ਦੇ ਰੂਪ ਵਿਚ ਦਿਤੇ ਗਏ।[182]

### 5.2.3. ਢਾਡੀ, ਰਾਗੀ ਅਤੇ ਪ੍ਰਚਾਰਕਾਂ ਦੀ ਸਹਾਇਤਾ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣੇ ਪੰਥ ਦੇ ਢਾਡੀਆਂ ਰਾਗੀਆਂ ਅਤੇ ਪ੍ਰਚਾਰਕਾਂ ਦਾ ਸਨਮਾਨ ਕਰਦੀ ਰਹਿੰਦੀ ਹੈ ਅਤੇ ਉਨ੍ਹਾਂ ਨੂੰ ਆਉਣ ਵਾਲੀਆਂ ਆਰਥਿਕ ਔਂਕੜਾਂ ਵਿਚ ਨਾਲ ਖੜ੍ਹਦੀ ਹੈ। ਇਸ ਦੀ ਉਦਾਹਰਨ ਢਾਡੀ ਭਾਈ ਗੁਰਚਨ ਸਿੰਘ ਚੰਨ ਮੱਦੂਛਾਂਗੀਆ ਨੂੰ ਦਿੱਤੀ ਪੰਜਾਹ ਹਜ਼ਾਰ ਰੁਪਏ ਦੀ ਸਹਾਇਤਾ ਹੈ। ਜ਼ਿਕਰਯੋਗ ਹੈ ਕਿ ਭਾਈ ਸਾਹਿਬ ਦਿਮਾਗੀ ਬਿਮਾਰੀ ਤੋਂ ਪੀੜਤ ਸਨ ਇਸ ਲਈ ਪ੍ਰਧਾਨ ਸ੍ਰ. ਅਵਤਾਰ ਸਿੰਘ ਮੱਕੜ ਨੇ ਉਨ੍ਹਾਂ ਦੀ ਕੌਮੀ ਸੇਵਾ ਵਿਚ ਪਾਏ ਯੋਗਦਾਨ ਨੂੰ ਮੁੱਖ ਰੱਖਦੇ ਹੋਏ ਇਹ ਰਾਸ਼ੀ ਭੇਟ ਕੀਤੀ।[183] ਜੱਥੇਦਾਰ ਅਵਤਾਰ ਸਿੰਘ ਵੱਲੋਂ ਭਾਈ ਗੁਰਬਖਸ਼ ਸਿੰਘ ਅਲਬੇਲਾ ਦੀ ਸਿਹਤ ਠੀਕ ਨਾ ਹੋਣ ਕਰਕੇ ਉਨ੍ਹਾਂ ਨੂੰ ਵੀ ਇੱਕ ਲੱਖ ਰੁਪਏ ਦੀ ਸਹਾਇਤਾ ਦਿੱਤੀ।[184]

### 5.2.4. ਬਹਿਬਲ ਕਲਾਂ ਦੇ ਸ਼ਹੀਦ ਸਿੰਘਾਂ ਦੇ ਪਰਿਵਾਰਾਂ ਦੀ ਸਹਾਇਤਾ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਬਹਿਬਲ ਕਲਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨੂੰ ਰੋਕਣ ਤੇ ਬੇਅਦਬੀ ਕਰਨ ਵਾਲੇ ਅਨਸਰਾਂ ਦੀ ਗ੍ਰਿਫਤਾਰੀ ਦੀ ਮੰਗ ਨੂੰ ਲੈ ਕੇ ਹੋਏ ਰੋਸ ਕਰ ਰਹੀ

---

[182] *ਉਹੀ,* ਪੰਨਾ 3.

[183] *ਗੁਰਦੁਆਰਾ ਗਜ਼ਟ,* ਫਰਵਰੀ, 2016, ਪੰਨਾ 59.

[184] *ਗੁਰਦੁਆਰਾ ਗਜ਼ਟ,* ਫਰਵਰੀ 2016, ਪੰਨਾ 65.

ਸੰਗਤਾਂ ਉੱਪਰ ਗੋਲੀ ਚਲਾਈ ਗਈ। ਇੱਥੇ ਦੋ ਸਿੰਘ ਭਾਈ ਗੁਰਜੀਤ ਸਿੰਘ ਅਤੇ ਭਾਈ ਕ੍ਰਿਸ਼ਨ ਭਗਵਾਨ ਸਿੰਘ ਸ਼ਹੀਦ ਹੋਏ। ਉਨ੍ਹਾਂ ਦੇ ਵਾਰਿਸਾਂ ਨੂੰ ਦਸ-ਦਸ ਲੱਖ ਰੁਪਏ ਦੀ ਸਹਾਇਤਾ ਦਾ ਐਲਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤਾ ਗਿਆ।[185]

### 5.2.5. ਵੱਖ-ਵੱਖ ਅਦਾਰਿਆਂ ਨੂੰ ਵਾਹਨ ਆਦਿ ਭੇਟ ਕਰਨੇ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਅਦਾਰਿਆਂ ਨੂੰ ਵਿੱਤੀ ਸਹਾਇਤਾ ਦੇ ਨਾਲ-ਨਾਲ ਉਨ੍ਹਾਂ ਦੀ ਲੋੜਾਂ ਨੂੰ ਪੂਰਾ ਕਰਨ ਲਈ ਵਾਹਨ ਵੀ ਮੁਹੱਈਆ ਕਰਵਾਏ ਜਾਂਦੇ ਹਨ ਤਾਂ ਕਿ ਆਦਾਰੇ ਦੇ ਵਿਚ ਚੱਲ ਰਹੇ ਕੰਮਾਂ ਵਿਚ ਸਫ਼ਰ ਦੀ ਲੋੜ ਨੂੰ ਪੂਰਾ ਕੀਤਾ ਜਾ ਸਕੇ। ਇਸ ਦੀਆਂ ਬਹੁਤ ਸਾਰੀਆਂ ਉਦਾਹਰਨਾਂ ਸਾਨੂੰ ਮਿਲਦੀਆਂ ਹਨ। ਜਿਵੇਂ ਕਿ ਪ੍ਰੋ. ਕਿਰਪਾਲ ਸਿੰਘ ਬੰਡੂਗਰ ਨੇ ਤ੍ਰੈਸਤਾਬਦੀ ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ  ਅੰਮ੍ਰਿਤਸਰ ਦੇ ਵਿਦਿਆਰਥੀਆਂ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਵਰਾਜ ਮਾਜਦਾ ਕੰਪਨੀ ਦੀ ਇੱਕ ਬੱਸ (ਕੀਮਤ ਤੇਰਾਂ ਲੱਖ ਦੇ ਕਰੀਬ) ਭੇਟ ਕੀਤੀ।[186] ਇਸ ਤੋਂ ਇਲਾਵਾ ਹਰੇਕ ਅਦਾਰੇ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣੇ ਸਾਧਨ ਮੁਹੱਇਆ ਕਰਵਾਉਂਦੀ ਹੈ।

### 5.2.6. ਪੱਛੜੇ ਸਿੱਖ ਕਬੀਲਿਆਂ ਅਤੇ ਗਰੀਬ ਪਰਿਵਾਰਾਂ ਦੀ ਮੱਦਦ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗਰੀਬ ਪਰਿਵਾਰਾਂ ਦੀ ਮੱਦਦ ਕਰਦੀ ਹੈ। ਇਹ ਮੱਦਦ ਰਾਸ਼ਨ ਅਤੇ ਪੈਸੇ ਦੇ ਰੂਪ ਵਿਚ ਕੀਤੀ ਜਾਂਦੀ ਹੈ। ਉਦਾਹਰਨ ਵੱਜੋਂ ਸ੍ਰ. ਕਿਰਪਾਲ ਸਿੰਘ ਬੰਡੂਗਰ ਵੱਲੋਂ ਅੰਮ੍ਰਿਤਸਰ ਏਰੀਏ ਦੇ ਕਈ ਪਿੰਡਾਂ ਵਿਚਲੇ ਗਰੀਬ ਪਰਿਵਾਰਾਂ ਨੂੰ ਪੰਜ-ਪੰਜ ਹਜਾਰ ਦੇ ਚੈੱਕ ਵੰਡੇ ਗਏ।[187] ਗਰੀਬ ਪਰਿਵਾਰਾਂ ਤੋਂ ਇਲਾਵਾ ਸਿਕਲੀਗਰ ਕਬੀਲਿਆਂ ਦੀ ਸਹਾਇਤਾ ਕੀਤੀ ਹੈ। ਪ੍ਰੋ. ਕਿਰਪਾਲ ਸਿੰਘ ਬੰਡੂਗਰ ਨੇ ਇਹ ਐਲਾਨ ਕੀਤਾ ਹੈ ਕਿ ਮੱਧ ਪ੍ਰਦੇਸ਼, ਛੱਤੀਸਗੜ੍ਹ ਅਤੇ ਮਹਾਂਰਾਸ਼ਟਰ

---

185 *ਗੁਰਦੁਆਰਾ ਗਜ਼ਟ, ਨਵੰਬਰ 2015,* ਪੰਨਾ 52.

186 *ਗੁਰਦੁਆਰਾ ਗਜ਼ਟ,* ਜੁਲਾਈ 2017, ਪੰਨਾ 43.

187 *ਗੁਰਦੁਆਰਾ ਗਜਟ, ਅਗਸਤ 2017, ਪੰਨਾ 25.*

ਵਿਚ ਵੱਸਦੇ ਸਿੱਖ ਕਬੀਲਿਆਂ ਦੀਆਂ ਬੁਨਿਆਦੀ ਲੋੜਾਂ ਪੂਰੀਆਂ ਕਰਨ ਲਈ ਉਪਰਾਲੇ ਕੀਤੇ ਜਾਣਗੇ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਸਿਕਲੀਗਰ ਪਰਿਵਾਰਾਂ ਦੇ 100 ਬੱਚਿਆਂ ਨੂੰ ਪੰਜਾਬ ਵਿਚ ਲਿਆ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਚੱਲ ਰਹੇ ਤਕਨੀਕੀ ਕਾਲਜਾਂ ਵਿਚ ਕਿੱਤਾ ਮੁੱਖੀ ਕੋਰਸਾਂ ਦੀ ਮੁਫ਼ਤ ਸਿਖਲਾਈ ਦਿੱਤੀ ਜਾਵੇਗੀ। ਉਨ੍ਹਾਂ ਦੀਆਂ ਲੜਕੀਆਂ ਲਈ ਸਿਲਾਈ ਸੈਂਟਰ ਅਤੇ ਸਿਕਲੀਗਰ ਸਿੱਖਾਂ ਉੱਪਰ ਦਰਜ ਕੇਸਾਂ ਦੀ ਪੈਰਵਾਈ ਕਰਨ ਦਾ ਐਲਾਨ ਕੀਤਾ ਗਿਆ।[188] ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਸਿਕਲੀਗਰ ਸਿੱਖਾਂ ਲਈ ਉਦਯੋਗਿਕ ਸਿਖਲਾਈ ਕੇਂਦਰ ਇੰਦੌਰ ਵਿਚ ਸਥਾਪਿਤ ਕਰਨ ਦਾ ਐਲਾਨ ਕੀਤਾ।[189]

### 5.2.7. ਕੈਂਸਰ ਰਾਹਤ ਫੰਡ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧਿਨ ਚਲਾਏ ਜਾ ਰਹੇ ਗੁਰੂ ਰਾਮਦਾਸ ਇੰਸਟੀਚਿਊਟ ਆਫ ਮੈਡੀਕਲ ਸਾਇਮਸਜ਼ ਐਂਡ ਰਿਸਰਚ ਅੰਮ੍ਰਿਤਸਰ ਵਿਖੇ ਵੱਖਰਾ ਕੈਂਸਰ ਹਸਪਤਾਲ ਬਣਾਇਆ ਗਿਆ ਹੈ, ਇਸ ਵਿਚ ਕੈਂਸਰ ਦੇ ਇਲਾਜ ਲਈ ਲੀਨੀਅਰ ਐਕਸੀ ਲੇਟਰ ਮਸ਼ੀਨ ਲਾਉਣ ਦਾ ਫੈਸਲਾ ਕੀਤਾ। ਇਸ ਪ੍ਰਾਜੈਕਟ ਉੱਪਰ ਲਗਪਗ 14 ਤੋਂ 15 ਕਰੋੜ ਰੁਪਏ ਖਰਚ ਦਾ ਅਨੁਸਮਾਨ ਰਖਿਆ। ਇਸ ਆਧੁਨਿਕ ਮਸ਼ੀਨ ਨਾਲ ਰੇਡੀਉਥਰੈਪੀ ਸਿੱਧੀ ਕੈਂਸਰ ਵਾਲੀ ਜਗ੍ਹਾ ਤੇ ਹੀ ਕੀਤੀ ਜਾ ਸਕੇਗੀ ਜਿਸਦਾ ਬਾਕੀ ਸਰੀਰ ਤੇ ਕੋਈ ਅਸਰ ਨਹੀਂ ਹੁੰਦਾ।[190]

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਅਜੋਕੇ ਸਮੇਂ ਵਿਚ ਮੋਹਰੀ ਯੋਗਦਾਨ ਲੋਕਾਂ ਨੂੰ ਕੈਂਸਰ ਵਰਗੀ ਭਿਆਨਕ ਬਿਮਾਰੀ ਲਈ ਮਾਲੀ ਮਦਦ ਦੇਣ ਲਈ ਸਥਾਪਿਤ ਕੀਤਾ 'ਕੈਂਸਰ ਰਾਹਤ ਫੰਡ' ਹੈ। ਇਸ ਫੰਡ ਨੂੰ ਸ਼ੁਰੂ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਕਮੇਟੀ ਕੋਲ ਸੰਗਤ ਦੀਆਂ ਦਰਖਾਸਤਾਂ 2011-12 ਵਿਚ ਪਹੁੰਚੀਆਂ। ਇਨ੍ਹਾਂ ਦੇ ਮੱਦੇਨਜਰ ਇਹ ਫੰਡ ਸ਼ੁਰੂ ਕੀਤਾ ਗਿਆ। ਇਸ ਫੰਡ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤਰਿੰਗ ਕਮੇਟੀ ਦੀ ਇਕਤਰਤਾ ਮਿਤੀ 28-07-2011 ਨੂੰ ਹੋਈ

---

[188] *ਗੁਰਦੁਆਰਾ ਗਜ਼ਟ,* 15 ਜੂਨ, 2017, ਪੰਨਾ 40.

[189] *ਗੁਰਦੁਆਰਾ ਗਜ਼ਟ, ਜੁਲਾਈ 2018,* ਪੰਨਾ 35.

[190] ਦਿਲਜੀਤ ਸਿੰਘ ਬੇਦੀ, *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕੈਂਸਰ ਪੀੜਤਾਂ ਲਈ ਵਿਸ਼ੇਸ਼ ਉਪਰਾਲਾ, ਕੈਂਸਰ ਰਾਹਤ ਫੰਡ,* ਪੰਨੇ1-3.

ਇਸ ਸਮੇਂ ਮਤਾ ਨੰ. 595 ਇਸ ਫੰਡ ਨੂੰ ਸ਼ੁਰੂ ਕਰਨ ਲਈ ਪਾਸ ਕੀਤਾ ਗਿਆ। 2013 ਤਕ 1401 ਮਰੀਜਾਂ ਨੂੰ 62684144 ਰੁਪਏ ਦੀ ਸਹਾਇਤਾ ਦਿਤੀ ਗਈ। 2019-20 ਦੇ ਬਜਟ ਵਿਚ ਇਸ ਫੰਡ ਲਈ ਰਾਖਵੀਂ ਰਾਸ਼ੀ 95000000 ਰੁਪਏ ਰਖੀ ਗਈ ਹੈ।[191] ਇਸ ਲਈ ਪੀੜਤ ਦਾ ਟੈਸਟ ਗੁਰੂ ਰਾਮਦਾਸ ਚੈਰੀਟੇਬਲ ਹਸਪਤਾਲ ਵਿਚ ਹੁੰਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਸਹਾਇਤਾ ਲਈ ਹਜਾਰਾਂ ਦਰਖਾਸਾਂ ਪਹੁੰਚੀਆਂ ਸਨ। ਇਨ੍ਹਾਂ ਵਿਚੋਂ 2011-12 ਦੌਰਾਨ 211 ਮਰੀਜਾਂ ਦੀ ਸਹਾਇਤਾ ਕੀਤੀ ਗਈ। 2012-13 ਦੌਰਾਨ 1467 ਮਰੀਜਾਂ ਦੀ ਸਹਾਇਤਾ ਕੀਤੀ ਗਈ। 2013 ਦੌਰਾਨ 1401 ਮਰੀਜ਼ਾਂ ਨੂੰ ਕੁਲ 62684144 ਰੁਪਏ ਦੀ ਸਹਾਇਤਾ ਦਿੱਤੀ ਗਈ। ਇਨ੍ਹਾਂ ਦੀ ਲੰਬੀ ਚੌੜੀ ਲਿਸਟ ਹੈ, ਜਿਨ੍ਹਾਂ ਵਿਚੋਂ ਕੁਝ ਕੁ ਨਾਮ ਉਦਾਹਰਨ ਵਜੋਂ ਇਸ ਤਰ੍ਹਾਂ ਹਨ:

- ਸ.ਨਿਰੰਜਣ ਸਿੰਘ ਇਲਾਜ ਸ. ਬਲਜੀਤ ਸਿੰਘ ਵਾਸੀ ਪਿੰਡ ਨਦੌਰ ਤਹਿ ਪੱਟੀ ਅੰਮ੍ਰਿਤਸਰ 20000
- ਬੀ. ਜਗੀਰ ਕੌਰ ਪਤਨੀ ਸ. ਸੰਤੋਖ ਸਿੰਘ ਵਾਸੀ ਮਹਿਤਾ ਚੌਂਕ ਅੰਮ੍ਰਿਤਸਰ 20000
- ਬੀ. ਮਲਵਿੰਦਰ ਕੌਰ ਪਤਨੀ ਸ. ਹਰਮਨਜੀਤ ਸਿੰਘ ਵਾਸੀ ਪਿੰਡ ਕਲੇਰ ਪੁਨੀਆ ਖਾਨਾ 30000
- ਬੀ. ਅਮਰਜੀਤ ਕੌਰ ਪਤਨੀ ਸ. ਸਤਿਨਾਮ ਸਿੰਘ ਪਿੰਡ ਕਾਜੀ ਕੋਟ ਤਰਨ ਤਾਰਨ 20000
- ਬੀ.ਦਲਬੀਰ ਕੌਰ ਪਤਨੀ ਸ. ਸੁਖਦੇਵ ਸਿੰਘ ਪਿੰਡ ਜਿੰਦਾ ਵਾਲਾ ਤਰਨਤਾਰਨ 20000
- ਬੀ. ਜਸਵੀਰ ਕੌਰ ਪਤਨੀ ਸ. ਨਿਰਮਲ ਸਿੰਘ ਵਾਸੀ ਪਿੰਡ ਵਾਂ ਤਾਰਾ ਸਿੰਘ ਤਰਨਤਾਰਨ 20000
- ਬੀ. ਗੁਰਮੀਤ ਕੌਰ ਪਤਨੀ ਸ. ਸੁਰਜਨ ਸਿੰਘ ਵਾਸੀ ਪਿੰਡ ਗੁਜਰਪੁਰਾ ਗੁਰਦਾਸਪੁਰ 20000
- ਸ਼੍ਰੀ ਸ਼ੇਰਦੀਨ ਸਪੁੱਤਰ ਸ਼੍ਰੀ ਸਦੀਕ ਕਸਬਾ ਵਾਸੀ ਪਿੰਡ ਫਤਿਹਗੰਜ ਤਹਿ ਫਰੀਦਪੁਰ ਬਾਰੇਲੀ 20000

---

[191] *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,ਸ੍ਰੀ ਅੰਮ੍ਰਿਤਸਰ ਦਾ ਬਜਟ, ਸਾਲ 2019-20*, ਪੰਨਾ 25.

ਇਸ ਤਰ੍ਹਾਂ 3079 ਕੈਂਸਰ ਪੀੜਤਾਂ ਦੀ ਮਦਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰ ਚੁਕੀ ਹੈ।

**5.2.8. ਫੁੱਟਕਲ ਰਾਹਤ ਫੰਡ**

ਕੈਂਸਰ ਰਾਹਤ ਫੰਡ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਰਥਿਕ ਸਹਾਇਤਾ ਲਈ ਹੇਠ ਲਿਖੇ ਫੰਡ ਵੀ ਸਥਾਪਿਤ ਕੀਤੇ ਹਨ:[192]

**5.2.8.1.** ਜਨਰਲ ਫੰਡ

**5.2.8.2.** ਟਰਸਟ ਫੰਡਜ਼

- ਸਿੱਖ ਇਤਿਹਾਸ ਖੋਜ ਫੰਡ
- ਗੁਰਬਾਣੀ ਤੇ ਗੁਰਮਤਿ ਲਿਟਰੇਚਰ ਫੰਡ
- ਧਰਮ ਅਰਥ ਫੰਡ
- ਜਨਰਲ ਟਰਸਟ ਫੰਡ
- ਦਸਤਕਾਰੀ ਫੰਡ
- ਯਾਤਰਾ ਗੁਰਦੁਆਰਾ ਸਾਹਿਬਾਨ ਪਾਕਿਸਤਾਨ
- ਭਾਈਚਾਰਕ ਸੁਧਾਰ ਫੰਡ
- ਗੁਰਦੁਆਰਾ ਸਾਹਿਬਾ ਪਾਕਿਸਤਾਨ ਸਸਪੈਂਸ
- ਜਨਰਲ ਪ੍ਰੋਵੀਡੈਂਟ ਫੰਡ
- ਸਸੁੰਦਰ ਸਿੰਘ ਮਨਚੰਦਾ ਟਰਸਟ .
- ਸਮੰਗਲ ਸਿੰਘ ਟਰਸਟ .
- ਸਬਲਵੰਤ . ਸਿੰਘ ਨਲੂਆ ਟਰਸਟ
- ਗਿਆਤਮਾ ਸਿੰਘ ਟਰਸਟ .
- ਮਾਤਾ ਖੁਸ਼ਹਾਲ ਕੌਰ ਟਰਸਟ
- ਸਵਹਰਬੰਸ ਸਿੰਘ ਤੇ ਸਰਦਾਰਨੀ ਹਰਚਰਨ ਕੌਰ ਟਰਸਟ .ਸ .
- ਸਵਮਾਸਟਰ ਦਲਜੀਤ ਸਿੰਘ ਟਰਸਟ ਫੰਡ .

---

[192] *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦਾ ਬਜਟ 2019-20,* ਤਤਕਰਾ.

- ਕੁਦਰਤੀ ਆਫਤਾਂ ਤੇ ਕੈਂਸਰ ਰਲੀਫ ਫੰਡ
- ਗ੍ਰੈਚੂਇਟੀ ਅਤੇ ਛੁਟੀਆਂ ਦੀ ਤਨਖਾਹ ਦਾ ਫੰਡ
- ਸ਼ਹੀਦੀ ਫੰਡ ਏ ਰਲੀਫ ਫੰਡ

### 5.2.8.3. ਵਿੱਦਿਅਕ ਫੰਡ

### 5.2.8.4. ਪ੍ਰੈਸ ਫੰਡ

- ਗੋਲਡਨ ਆਫਸੈਟ ਪ੍ਰੈਸਗੁਰਦੁਆਰਾ , ਰਾਮਸਰ ਸਾਹਿਬਸ੍ਰੀ ਅੰਮ੍ਰਿਤਸਰ ,
- ਸ਼੍ਰੋਮਣੀ ਪ੍ਰਿੰਟਿੰਗ ਪ੍ਰੈਸ (ਕਮੇਟੀ .ਪ੍ਰ .ਸ਼੍ਰੋਮਣੀ ਗੁ)

### 5.2.8.5. ਧਰਮ ਪ੍ਰਚਾਰ ਫੰਡ

- ਸ੍ਰੀ ਗੁਰੂ ਗ੍ਰੰਥ ਸਾਹਿਬ ਮਿਸ਼ਨ ਸ਼ਾਹਪੁਰ (ਅੰਬਾਲਾ ਕੈਂਟ)

ਇਨ੍ਹਾਂ ਸਾਰੇ ਫੰਡਾਂ ਲਈ ਵੱਖਰੇ ਬਜਟ ਰਖੇ ਗਏ ਹਨ। ਜਨਰਲ ਫੰਡ ਲਈ 506000000, ਟਰੱਸਟ ਫੰਡਜ਼ ਲਈ 725000000, ਵਿਦਿਆ ਫੰਡ ਲਈ 374000000, ਗੋਲਡਨ ਆਫਸੈਟ ਪ੍ਰੈਸ ਲਈ 55000000, ਸ਼੍ਰੋਮਣੀ ਪ੍ਰਿੰਟਿਗ ਪ੍ਰੈਸ ਲਈ 9300000, ਮਿਸ਼ਨ ਸ਼ਾਹਪੁਰ (ਅੰਬਾਲਾ ਕੈਂਟ) ਲਈ 4000000 ਆਦਿ ਰਖੇ ਗਏ ਹਨ।

**ਸਾਰ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖ ਪੰਥ ਦੀ ਨੁਮਾਇੰਦਾ ਜੱਥੇਬੰਦੀ ਹੈ। ਹਥਲੇ ਅਧਿਆਇ ਵਿਚ ਅਸੀਂ ਇਸਦੇ ਵੱਖ-ਵੱਖ ਖੇਤਰਾਂ ਵਿਚ ਪਾਏ ਯੋਗਦਾਨ ਵਿਚੋਂ ਕੁਝ ਕੁ ਦਾ ਸੰਖੇਪ ਰੂਪ ਵਿਚ ਵਰਨਣ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਹ ਸੰਸਥਾ ਧਾਰਮਿਕ ਖੇਤਰ ਤੋਂ ਇਲਾਵਾ ਸਮਾਜਿਕ ਖੇਤਰ ਵਿਚ ਵੀ ਸਿੱਖ ਪੰਥ ਦੀ ਨੁਮਾਇੰਦਗੀ ਕਰਦੀ ਹੈ। ਇਸ ਦੇ ਪਸਾਰੇ ਦੀ ਕੋਈ ਖਾਸ ਹਦਬੰਦੀ ਨਹੀਂ ਕੀਤੀ ਜਾ ਸਕਦੀ। ਇਹ ਸਿੱਖਾਂ ਦੇ ਰਿਸ਼ਤਾ-ਨਾਤਾ ਪ੍ਰਬੰਧ ਤੋਂ ਲੈ ਕੇ ਸਭਿਆਚਾਰਕ ਪਸਾਰੇ ਅੰਦਰ ਆਪਣੀ ਹੋਂਦ ਦਾ ਅਹਿਸਾਸ ਸਿੱਖ ਕੌਮ ਨੂੰ ਕਰਵਾਉਂਦੀ ਹੈ।ਸਿੱਖਾਂ ਦੇ ਸਮਾਜਿਕ ਮਸਲੇ ਭਾਵੇਂ ਉਹ ਪੰਥਕ ਪੱਧਰ ਤੇ ਹੋਣ ਜਾਂ ਰਾਜਨੀਤਿਕ ਪਧਰ ਦੇ ਉਨ੍ਹਾਂ ਲਈ ਚੇਤੰਨ ਕਰਨ ਤੋਂ ਲੈ ਕੇ ਸਮਾਜਿਕ ਮਸਲਿਆਂ ਦੇ ਹਲ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਯਤਨਸ਼ੀਲ ਰਹਿੰਦੀ ਹੈ। ਹਥਲੇ ਪਰਚੇ ਵਿਚ ਕੁਝ ਸਮਾਜਿਕ ਸਰੋਕਾਰਾਂ ਦਾ ਵੇਰਵਾ ਦਿੱਤਾ ਗਿਆ ਹੈ। ਇਸਦੇ ਨਾਲ ਮੀਡੀਆ, ਰਿਹਾਇਸ਼, ਸਿੱਖ ਪਛਾਣ

ਨਾਲ ਜੁੜੇ ਮਸਲੇ ਆਦਿ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ ਦੇ ਸਮਾਜਿਕ ਪਸਾਰ ਦੇ ਘੇਰੇ ਵਿਚ ਸ਼ਾਮਿਲ ਕੀਤੇ ਜਾਦੇ ਹਨ। ਇਨ੍ਹਾਂ ਵਿਚ ਗੁਰਦੁਆਰਿਆਂ ਦੇ ਦਰਸ਼ਨ ਕਰਨ ਆਈਆਂ ਸੰਗਤਾਂ ਦੀ ਰਿਹਾਇਸ਼ ਲਈ ਸਰਾਵਾਂ ਦਾ ਪ੍ਰਬੰਧ, ਸਿੱਖ ਪਛਾਣ ਨੂੰ ਗਲਤ ਤਰੀਕੇ ਨਾਲ ਪੇਸ਼ ਕਰਨ ਵਾਲੇ ਮੀਡੀਆ ਖਿਲਾਫ ਜੱਦੋ-ਜਹਿਦ ਕਰਨਾ[193], ਦੇਸ਼-ਵਿਦੇਸ਼ ਦੇ ਗੁਰਦੁਆਰਿਆਂ ਨਾਲ ਜੁੜੇ ਮਸਲਿਆਂ ਨੂੰ ਨਜਿਠਣਾ, ਵੱਖ-ਵੱਖ ਵਰਗਾਂ ਜਿਵੇਂ ਸਿਕਲੀਗਰ ਸਿੱਖਾਂ ਦੇ ਪੁਨਰ-ਵਸੇਬੇ ਦੀਆਂ ਕੋਸ਼ਿਸ਼ਾ[194] ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਿੱਖਾਂ ਨਾਲ ਜੁੜੇ ਸਮਾਜਿਕ ਮਸਲਿਆਂ ਵਿਚ ਦੇਣ ਕਿਹਾ ਜਾ ਸਕਦਾ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਆਰਥਿਕ ਖੇਤਰ ਵਿਚ ਸਿੱਖਾਂ ਦੀ ਮਦਦ ਲਈ ਵਿਸ਼ਾਲ ਦਾਇਰੇ ਵਿਚ ਫੈਲਿਆ ਹੋਇਆ ਹੈ। ਹਥਲੇ ਪਰਚੇ ਵਿੱਚ ਉਪਰੋਕਤ ਵਿਚਾਰ ਚਰਚਾ ਦੇ ਅਧਾਰ 'ਤੇ ਇਹ ਖੋਜਣ/ਲੱਭਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਇਹ ਸੰਸਥਾ ਸਿੱਖਾਂ ਦੇ ਸਮਾਜਿਕ ਅਤੇ ਆਰਥਿਕ ਸਰੋਕਾਰਾਂ ਨੂੰ ਆਪਣੇ ਕਲਾਵੇ ਵਿਚ ਲੈਣ ਦੀ ਕੋਸ਼ਿਸ਼ ਕਰਦੀ ਹੈ। ਸਮਾਜ ਨਾਲ ਖਾਸ ਕਰ ਸਿੱਖਾਂ ਨਾਲ ਜੁੜੇ ਮਸਲਿਆਂ ਵਿਚ ਆਪਣੀ ਰਾਇ ਦੇਣਾ ਅਤੇ ਮਸਲਿਆਂ ਦੇ ਹੱਲ ਲਭਣ ਦਾ ਜਤਨ ਕਰਨਾ ਇਸ ਸੰਸਥਾ ਦਾ ਮੁੱਖ ਕਾਰਜ ਹੈ। ਇਸ ਨੇ ਇਹ ਕਾਰਜ ਬਾਖੂਬੀ ਨਿਭਾਉਣ ਦੀ ਕੋਸ਼ਿਸ਼ ਵੀ ਕੀਤੀ ਹੈ। ਭਾਵੇਂ ਸਮਾਜਿਕ ਅਤੇ ਆਰਥਿਕ ਕਾਰਜਾਂ ਵਿਚ ਲੋਕਾਂ ਦੀ ਮਦਦ ਕਰਨਾ ਸਰਕਾਰ ਦਾ ਕਾਰਜ ਹੁੰਦਾ ਹੈ। ਪਰੰਤੂ ਇਹ ਸੰਸਥਾ ਸਿੱਖਾਂ ਦੇ ਦਸਬੰਧ ਨੂੰ ਸਿੱਖ ਭਾਈਚਾਰੇ ਦੀ ਸਹਾਇਤਾ ਲਈ ਵਰਤਦੀ ਹੈ। ਇਸਦੇ ਧਾਰਮਿਕ ਮਿਸ਼ਨ, ਪ੍ਰਚਾਰਕ ਅਦਾਰੇ, ਸਕੂਲ-ਕਾਲਜ, ਆਪਣੇ ਕਰਮਚਾਰੀ ਅਤੇ ਬਿਨ੍ਹਾਂ ਭੇਦ ਭਾਵ ਤੋਂ ਕੁਦਰਤ ਦੀ ਕਰੋਪੀ ਦਾ ਸ਼ਿਕਾਰ ਅਨੇਕ ਮਨੁੱਖ ਇਸ ਸੰਸਥਾ ਤੋਂ ਸਹਾਇਤਾ ਪ੍ਰਾਪਤ ਕਰ ਰਹੇ ਹਨ।

---

[193] ਗੁਰਦੁਆਰਾ ਗਜ਼ਟ, ਮਈ 2018, ਪੰ. 40 ਮਤਾ ਨੰ.12.

[194] *ਗੁਰਦੁਆਰਾ ਗਜ਼ਟ,* ਜੁਲਾਈ 2018, ਪੰਨ 35.

# ਸਾਰ ਅਤੇ ਸਥਾਪਨਾਵਾਂ

ਇਸ ਖੋਜ ਕਾਰਜ ਵਿਚ ਸਿੱਖ ਧਰਮ ਦੇ ਵਿਕਾਸ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬਹੁਪੱਖੀ ਯੋਗਦਾਨ ਦਾ ਨਿਰੀਖਣ ਕੀਤਾ ਗਿਆ ਹੈ। ਇਸ ਖੋਜ ਕਾਰਜ ਨੂੰ ਪੰਜ ਅਧਿਆਇਆਂ ਵਿਚ ਵੰਡਿਆ ਗਿਆ ਹੈ। ਪੰਜੋਂ ਅਧਿਆਇਆਂ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਯੋਗਦਾਨ ਬਾਰੇ ਕੀਤੇ ਗਏ ਅਧਿਐਨ ਤੋਂ ਸਾਹਮਣੇ ਆਏ ਤੱਥਾਂ ਬਾਰੇ ਵਿਚਾਰ ਕੀਤਾ ਗਿਆ ਹੈ।

ਹੱਥਲੇ ਖੋਜ ਕਾਰਜ ਦੇ **ਪਹਿਲੇ ਅਧਿਆਏ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇਤਿਹਾਸ ਬਣਤਰ ਅਤੇ ਉਦੇਸ਼** ਬਾਰੇ ਚਰਚਾ ਕੀਤੀ ਗਈ ਹੈ। ਇਸ ਵਿਚ ਦੱਸਿਆ ਗਿਆ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਸਤਿਤਵ ਵਿਚ ਆਉਣ ਤੋਂ ਪਹਿਲਾਂ ਗੁਰਦੁਆਰਿਆਂ ਦਾ ਪ੍ਰਬੰਧ ਮਹੰਤਾਂ ਕੋਲ ਹੋਣ ਕਾਰਨ, ਇਨ੍ਹਾਂ ਵਿਚ ਬੇਨਿਯਮੀਆਂ ਆਦਿ ਹੋਣੀਆਂ ਸ਼ੁਰੂ ਹੋ ਗਈਆਂ ਸਨ, ਜਿਸ ਕਾਰਨ ਪ੍ਰਬੰਧ ਨੂੰ ਦਰੁਸਤ ਕਰਨ ਲਈ ਇਕ ਸੰਸਥ ਦੀ ਲੋੜ ਸੀ। ਸੋਲਵੀਂ ਤੋਂ ਅਠਾਹਵੀਂ ਸਦੀ ਤੱਕ ਪੰਜਾਬ ਵਿਚ ਧਾਰਮਿਕ ਅਤੇ ਰਾਜਨੀਤਕ ਪੱਖੋਂ ਬਹੁਤ ਕੁਝ ਵਾਪਰਿਆ। ਗੁਰਦੂਆਰਿਆਂ ਦਾ ਪ੍ਰਬੰਧ ਲਾਲਚੀ ਪੁਜਰੀਆਂ ਤੇ ਮਹੰਤਾ ਹੱਥ ਹੋਣ ਕਾਰਨ ਲੁੱਟ-ਕਸੁੱਟ ਆਮ ਜਿਹੀ ਗੱਲ ਸੀ। ਸਿੱਖ ਕੌਮ ਆਪਣੀ ਵੱਖਰੀ ਪਛਾਣ ਅਤੇ ਅਸਤਿਤਵ ਦੀ ਭਾਲ ਵਿਚ ਹਰ ਪੱਖੋਂ ਅਣਥੱਕ ਕੋਸ਼ਿਸ਼ਾਂ ਵਿਚ ਲੱਗੇ ਸਨ। ਇਸ ਦੌਰਾਨ ਪੰਜਾਬ ਵਿਚ ਬਹੁਤ ਸ਼ਾਸ਼ਕ ਬਦਲੇ, ਸਿੱਖਾਂ ਵੱਲੋਂ ਵੱਖ ਵੱਖ ਲਹਿਰਾਂ ਵੀ ਚਲਾਈਆਂ ਗਈਆਂ। ਅੰਗਰੇਜ਼ੀ ਹਕੂਮਤ ਨੂੰ ਟੱਕਰ ਦੇਣ ਵਾਲੀ ਇਸ ਕੌਮ ਨੂੰ ਆਪਣੀ ਰੂਹ-ਰੂਪੀ ਇਕ ਸੰਸਥਾ ਦੀ ਭਾਲ ਸੀ ਜਿਸ ਦੇ ਅਧੀਨ ਕੌਮ ਵੱਧ-ਫੁੱਲ ਸਕੇ। ਇਹ ਕਮੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹੋਂਦ ਵਿਚ ਆਉਣ ’ਤੇ ਪੂਰੀ ਹੋਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹੋਂਦ ਵਿਚ ਆਉਣ ਮਗਰੋਂ ਸਭ ਤੋਂ ਪਹਿਲਾ ਅਤੇ ਮਹੱਤਵਪੂਰਣ ਕੰਮ ਪੰਜਾਬ ਦੇ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਪੁਜਾਰੀਆਂ ਤੇ ਮਹੰਤਾਂ ਤੋਂ ਲੈ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਕੀਤਾ। ਇਸ ਦੇ ਯਤਨ ਸਦਕਾ ਧਾਰਮਿਕ ਮਰਿਆਦਾ ਬਹਾਲ ਹੋਈ ਅਤੇ ਗੁਰਦੁਆਰਿਆਂ ਦਾ ਪ੍ਰਬੰਧ ਕਮੇਟੀ ਅਧੀਨ ਸੁਚਾਰੂ ਢੰਗ ਨਾਲ ਚੱਲਣ ਲੱਗਾ। ਭਾਰਤ ਗੁਲਾਮ ਹੋਣ ਦੇ ਬਾਵਜੂਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਅੰਮ੍ਰਿਤਸਰ) ਵੱਲੋਂ ਸਿੱਖਾਂ ਲਈ ਗੁਰਦੂਆਰਾ ਐਕਟ 1925 ਪਾਸ ਕਰਕੇ ਗੁਰਦੂਆਰਿਆਂ ਦਾ ਪ੍ਰਬੰਧ ਸੁਤੰਤਰ ਰੂਪ

ਵਿਚ ਚਲਾਉਣ ਦਾ ਅਧਿਕਾਰ ਦਿੱਤਾ। ਇਸ ਕਮੇਟੀ ਦਾ ਪਹਿਲਾ ਨਾਂ ਸੈਂਟਰਲ ਗੁਰਦੁਆਰਾ ਬੋਰਡ ਸੀ। ਸਿੱਖ ਗੁਰਦੁਆਰਾ ਕਨੂੰਨ ਬਣਣ ਤੇ ਪਹਿਲੀ ਵਾਰ ਜੂਨ 1926 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਦੀਆਂ ਚੋਣਾਂ ਹੋਈਆਂ। ਕਮੇਟੀ ਨੂੰ ਸਰਕਾਰ ਵੱਲੋਂ ਮਾਨਤਾ ਪ੍ਰਾਪਤ ਹੈ। ਕਮੇਟੀ ਦਾ ਇਕ ਵੱਖਰੀ ਸੰਚਾਲਨ ਵਿਵਸਥਾ ਹੈ। ਇਸ ਦਾ ਆਪਣਾ ਵੱਖਰਾ ਇਜਲਾਸ ਹੈ ਜੋ ਕਿ ਹਰ ਸਮੇਂ ਹੋਣਾ ਤੈਅ ਹੋਇਆ ਹੈ। ਇਸ ਅਧਿਆਇ ਵਿਚ ਸ਼੍ਰੋਮਣੀ ਕਮੇਟੀ ਦੇ ਇਤਿਹਾਸ, ਬਣਤਰ ਤੇ ਉਦੇਸ਼ਾਂ ਦੀ ਵਿਸਤਾਰਪੂਰਵਕ ਚਰਚਾ ਕੀਤੀ ਗਈ ਹੈ।

ਖੋਜ ਕਾਰਜ ਦੇ **ਦੂਜੇ ਅਧਿਆਇ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਧਾਰਮਿਕ ਯੋਗਦਾਨ** ਬਾਰੇ ਚਰਚਾ ਕੀਤੀ ਗਈ ਹੈ। ਸਿੱਖ ਧਰਮ ਦੇ ਇਤਿਹਾਸ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵਿਸ਼ੇਸ਼ ਸਥਾਨ ਹੈ। ਇਸ ਕਮੇਟੀ ਨੂੰ ਭਾਵੇਂ ਸਿੱਖ ਗੁਰਦੁਆਰਿਆਂ ਦੀ ਸਾਂਭ ਸੰਭਾਲ ਲਈ ਬਣਾਇਆ ਗਿਆ ਸੀ ਪਰ ਇਸ ਨੇ ਅਗਾਂਹ ਚੱਲ ਕੇ ਸਿੱਖ ਧਰਮ ਦੇ ਪ੍ਰਚਾਰ, ਗੁਰਦੁਆਰਿਆਂ ਦੀ ਮਰਿਆਦਾ ਕਾਇਮੀ ਦੇ ਨਾਲ-ਨਾਲ ਬਹੁਪੱਖੀ ਯੋਗਦਾਨ ਪਾਇਆ ਹੈ। ਇਹ ਕਮੇਟੀ ਇਕ ਧਾਰਮਿਕ ਰਿਆਸਤ ਦੇ ਤੌਰ 'ਤੇ ਵਿਚਰਦੀ ਅਤੇ ਧਾਰਮਕ ਸੰਸਥਾਵਾਂ ਨੂੰ ਯੋਗਤਾ ਨਾਲ ਮਨੁੱਖਤਾ ਦੇ ਹਿੱਤ ਵਿਚ ਚਲਾਉਂਦੀ ਤੇ ਪ੍ਰਭਾਵਿਤ ਕਰਦੀ ਹੈ । ਭਾਵੇਂ 16 ਅਗਸਤ 1604 ਈ. ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋ ਚੁਕਾ ਸੀ। ਪਰੰਤੂ ਵੀਹਵੀਂ ਸਦੀ ਦੇ ਦੂਜੇ ਦਹਾਕੇ ਤੱਕ ਵੀ ਸਿੱਖ ਕੌਮ ਦੀ ਆਪਣੀ ਧਾਰਮਿਕ ਕਾਰਜ ਸ਼ੈਲੀ ਸਥਾਪਿਤ ਨਹੀਂ ਸੀ ਹੋਈ। ਸਿੱਖ ਚਿੰਤਕ ਫ਼ਿਕਰਮੰਦ ਸਨ ਕਿ ਸਿੱਖ ਧਰਮ ਦੇ ਜਨਮ ਤੋਂ ਚਾਰ ਸਦੀਆਂ ਬਾਅਦ ਤੱਕ ਵੀ ਸਿੱਖੀ ਦੀ ਗੁਰੂ ਸਾਹਿਬਾਨਾਂ ਵੱਲੋਂ ਵਿਉਂਤੀ ਕਾਰਜ ਸ਼ੈਲੀ ਨਹੀਂ ਅਪਣਾਈ ਗਈ। ਇਸ ਤੋਂ ਪਹਿਲਾਂ ਗੁਰੂਦੁਆਰਾ ਸੁਧਾਰ ਲਹਿਰ ਚਲਾਈ ਗਈ ਸੀ ਅਤੇ ਇਸਨੂੰ ਬਹੁਤ ਹੱਦ ਤੱਕ ਸਫ਼ਲਤਾ ਵੀ ਮਿਲੀ ਸੀ, ਪਰ ਜੱਥੇਬੰਦਕ ਤੌਰ ਉੱਤੇ ਬਕਾਇਦਗੀ ਨਾਲ ਸਿੱਖੀ ਦਾ ਕਾਰਜ ਆਰੰਭ ਹੋਣਾ ਅਜੇ ਬਾਕੀ ਸੀ। ਇਸ ਸਮੇਂ ਸਿੱਖ ਚਿੰਤਕਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਗਠਨ ਕਰਨਾ ਚਿਤਵਿਆ। ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਦਾ ਬਕਾਇਦਾ ਗਠਿਨ 15 ਨਵੰਬਰ 1920 ਦੇ ਦਿਨ ਕੀਤਾ ਗਿਆ। ਸਿੱਖਾਂ ਵੱਲੋਂ ਵਿਉਂਤੀਆ ਇਹ ਆਪਣੀ ਕਿਸਮ ਦਾ ਪਹਿਲਾ ਅਜਿਹਾ

ਧਾਰਮਿਕ ਅਦਾਰਾ ਬਣਨ ਜਾ ਰਿਹਾ ਸੀ, ਜਿਸ ਦੀ ਮਿਸਾਲ ਕਿਧਰੇ ਵੀ ਨਹੀਂ ਸੀ ਮਿਲਦੀ। ਇਸ ਸੰਸਥਾ ਨੂੰ ਬਣਾਉਣ ਲਈ ਸਿੱਖਾਂ ਨੂੰ ਵੱਡੀ ਵੱਡੀਆਂ ਕੁਰਬਾਨੀਆਂ ਕਰਨੀਆਂ ਪਈਆਂ ਹਜ਼ਾਰਾਂ ਸਿੱਖ ਸ਼ਹੀਦੀਆਂ ਪਾ ਗਏ ਅਤੇ ਅਨੇਕਾਂ ਲੋਕਾਂ ਨੂੰ ਜੇਲਾਂ ਦੀਆਂ ਲੰਮੀਆਂ ਸਜਾਵਾਂ ਮਿਲੀਆਂ। ਇਸ ਸਮੇਂ ਪੰਜਾਬ ਅਤੇ ਭਾਰਤ ਦੇ ਬਹੁਤ ਸਾਰੇ ਹਿੱਸਿਆਂ ਉੱਤੇ ਅੰਗਰੇਜ਼ ਹਕੂਮਤ ਦਾ ਰਾਜ ਸੀ। ਬਹੁਤ ਸਾਰੇ ਇਤਿਹਾਸਿਕ ਗੁਰੂਦੁਆਰਿਆਂ ਵਿਚ ਧਾਰਮਿਕ ਵੇਸ ਦੇ ਪਰਦੇ ਹੇਠ ਪੁਜਾਰੀ ਅਨੈਤਿਕ ਕਾਰਜ ਕਰਦੇ ਸਨ। ਇਸ ਧਾਰਮਿਕ ਨਿਘਾਰ ਦੇ ਪਿੱਛੇ ਜਿੱਥੇ ਪੁਜਾਰੀ ਜਮਾਤ ਕਾਰਜਸ਼ੀਲ ਸੀ, ਉੱਥੇ ਅੰਗਰੇਜ਼ ਵੀ ਚਾਹੁੰਦੇ ਸਨ ਕਿ ਸਿੱਖ ਧਾਰਮਿਕ ਤੌਰ ਤੇ ਕਿਸੇ ਇਕ ਕੇਂਦਰ ਬਿੰਦੂ ਉੱਤੇ ਇਕਠੇ ਨਾ ਹੋਣ ਵੱਡੀਆਂ ਵੱਡੀਆਂ ਕੁਰਬਾਨੀਆਂ ਅਤੇ ਜੱਦੋ ਜਹਿਦ ਤੋਂ ਪਿੱਛੋਂ ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਹੋਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੁਰਦੁਆਰਿਆਂ ਦੀ ਸੇਵਾ ਸੰਭਾਲ ਲਈ, ਸਿੱਖ ਧਰਮ, ਸਿੱਖ ਇਤਿਹਾਸ, ਸਿੱਖ ਸੱਭਿਅਤਾ, ਸਿੱਖੀ ਸਰੂਪ, ਸਿੱਖ ਸਦਾਚਾਰ, ਸਿੱਖ ਮਰਿਆਦਾ, ਸਿੱਖ ਅਣਖ ਤੇ ਸਿੱਖੀ ਦੇ ਗੌਰਵ ਨੂੰ ਉਜਾਗਰ ਕਰਨ ਵਿਚ ਲਗਪਗ ਇਕ ਸਦੀ ਤੋਂ ਆਪਣਾ ਇਤਿਹਾਸਕ ਰੋਲ ਅਦਾ ਕਰਦੀ ਆ ਰਹੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾ ਸਿਰਫ ਤਾਰੀਖੀ ਗੁਰਦੁਆਰਿਆਂ ਦੀ ਸੇਵਾ ਸੰਭਾਲ ਹੀ ਕਰਦੀ ਹੈ ਬਲਕਿ ਸਿੱਖ ਧਰਮ, ਸਿੱਖ ਇਤਿਹਾਸ ਅਤੇ ਸਭਿਆਚਾਰ ਦਾ ਗਿਆਨ ਤੇ ਧਰਮ ਪ੍ਰਚਾਰ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਕ ਵੱਖਰਾ ਵਿੰਗ "ਧਰਮ ਪ੍ਰਚਾਰ ਕਮੇਟੀ" ਸਥਾਪਿਤ ਕੀਤਾ ਹੋਇਆ ਹੈ। ਧਰਮ ਪ੍ਰਚਾਰ ਕਮੇਟੀ ਦੇ ਉਦੇਸ਼,ਬਣਤਰ,ਕਾਰਜ,ਯੋਗਦਾਨ ਆਦਿ ਬਾਰੇ ਵਿਸਤਾਰ ਨਾਲ ਤੀਜੇ ਅਧਿਆਇ ਵਿਚ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਤਿਹਾਸ ਵਿਚ ਗੁਰ-ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸੰਬੰਧਿਤ ਸ਼ਤਾਬਦੀਆਂ ਨੂੰ ਮਨਾਉਣ ਦਾ ਉਪਰਾਲਾ ਵੀ ਕੀਤਾ ਹੈ। ਜਿਸ ਦਾ ਵੇਰਵਾ ਅਧਿਆਇ ਵਿਚ ਦਰਜ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪੰਥਕ ਸੇਵਾਵਾਂ ਕਰਨ ਵਾਲੇ ਗੁਰਸਿੱਖਾਂ ਨੂੰ ਪ੍ਰੇਰਿਤ ਕਰਨ ਲਈ ਕਈ ਤਰ੍ਹਾਂ ਦੇ ਉਪਰਾਲੇ ਵੀ ਕਰਦੀ ਆ ਰਹੀ ਹੈ ਜਿਨ੍ਹਾਂ ਵਿਚ ਕਈ ਤਰ੍ਹਾਂ ਦੇ ਸਨਮਾਨ ਵੀ ਸ਼ਾਮਿਲ ਹਨ। ਵੱਖ ਵੱਖ ਸਨਮਾਨਾਂ ਦੀ ਸੂਚੀ ਅਧਿਆਇ ਵਿਚ ਦਰਜ ਕੀਤੀ ਗਈ ਹੈ। ਇਸ ਤੋਂ ਇਲਾਵਾ ਧਰਮ ਪ੍ਰਚਾਰ ਕਮੇਟੀ ਵੱਲੋਂ ਸਿੱਖ ਧਰਮ ਦੇ ਪ੍ਰਚਾਰ ਲਈ ਕਈ ਤਰ੍ਹਾਂ ਦੇ ਰਸਾਲੇ ਵੀ ਛਪਵਾਏ ਜਾਂਦੇ ਹਨ। ਸਿੱਖ ਧਰਮ ਦੇ ਪ੍ਰਚਾਰ ਅਤੇ

ਵਿਕਾਸ ਲਈ ਸਿੱਖ ਮਿਸ਼ਨਰੀ ਕਾਲਜਾਂ ਦੀ ਸਥਾਪਨਾ ਵੀ ਕੀਤੀ ਗਈ ਹੈ ਜਿਨ੍ਹਾਂ ਦਾ ਵੇਰਵੇ ਤੀਜੇ ਅਧਿਆਇ ਵਿਚ ਦਿੱਤਾ ਗਿਆ ਹੈ। ਇਸ ਤਰ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਿੱਖ ਧਰਮ ਵਿਚ ਕਈ ਪੱਖਾਂ ਤੋਂ ਵੱਡਮੁੱਲਾ ਯੋਗਦਾਨ ਹੈ।

**ਤੀਜਾ ਅਧਿਆਇ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਅੰਮ੍ਰਿਤਸਰ) ਦੇ ਵਿੱਦਿਅਕ ਖੇਤਰ ਵਿਚ ਯੋਗਦਾਨ** ਬਾਰੇ ਚਰਚਾ ਕੀਤੀ ਗਈ ਹੈ। ਅੰਗਰੇਜ਼ੀ ਹਕੂਮਤ ਨੇ ਵਿੱਦਿਆ ਦਾ ਸਾਰਾ ਤੰਤਰ ਤੇ ਢਾਂਚਾ ਆਪਣੇ ਫ਼ਾਇਦੇ ਅਨੁਸਾਰ ਹੀ ਤੈਅ ਕੀਤਾ। ਉਸ ਨੇ ਵਿੱਦਿਆ ਦਾ ਸਾਰਅੰਸ਼ ਅੰਗਰੇਜ਼ੀ ਬਾਬੂ ਪੈਦਾ ਕਰਨ ਵੱਲ ਹੀ ਸੇਧਤ ਰੱਖਿਆ। ਅੰਗਰੇਜ਼ ਸਰਕਾਰ ਅਧਿਆਤਮਿਕ ਸਿੱਖਿਆ ਦਾ ਮਤਲਬ ਵੀ ਇਸਾਈ ਮਤ ਦੀ ਸਿੱਖਿਆ ਤੋਂ ਲੈਂਦੀ ਸੀ। ਸਿੱਖ ਭਾਵਨਾਵਾਂ ਦੇ ਉਲਟ ਹੀ ਸਿੱਖਿਆ ਦਿੱਤੀ ਜਾ ਰਹੀ ਸੀ। ਮਾਨਯੋਗ ਸਿੱਖ ਲੀਡਰਾਂ ਨੇ ਮਹਿਸੂਸ ਕੀਤਾ ਕਿ ਵਿੱਦਿਆ ਦਾ ਕਾਰਜ ਸਿੱਖਾਂ ਨੂੰ ਆਪ ਸੰਭਾਲਣਾ ਚਾਹੀਦਾ ਹੈ। ਸੋ ਇਸ ਕਾਰਜ ਨੂੰ ਪੂਰਾ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਅੰਮ੍ਰਿਤਸਰ) ਵੱਲੋਂ 5 ਮਾਰਚ 1892 ਦੇ ਦਿਨ ਖ਼ਾਲਸਾ ਕਾਲਜ ਅੰਮ੍ਰਿਤਸਰ ਦੀ ਨੀਂਹ ਰੱਖੀ ਗਈ। ਇਸ ਸੰਸਥਾ ਨੇ ਅਗਾਂਹ ਚੱਲ ਕੇ ਸਿੱਖਾਂ ਨੂੰ ਸਿੱਖਿਆ ਪੱਖੋਂ ਮਾਲਾਮਾਲ ਕਰ ਦਿੱਤਾ। ਇਹ ਕਾਲਜ ਸਿੱਖ ਲਹਿਰ ਦਾ ਇਕ ਤਰ੍ਹਾਂ ਨਾਲ ਕੇਂਦਰੀ ਟ੍ਰੇਨਿੰਗ ਸੈਂਟਰ ਬਣ ਗਿਆ ਅਤੇ ਅੱਗੋਂ ਜਾ ਕੇ ਉਚ ਪੜ੍ਹੇ ਲਿਖੇ ਵਿਦਿਆਰਥੀਆਂ ਅਤੇ ਪ੍ਰੋਫ਼ੈਸਰਾਂ ਨੇ ਸਿੱਖਾਂ ਦੀ ਲੀਡਰਸ਼ਿਪ ਵਿਚ ਅਹਿਮ ਰੋਲ ਅਦਾ ਕੀਤਾ। ਸਿੱਖ ਲੀਡਰਸ਼ਿਪ ਦੇ ਯਤਨਾਂ ਸਦਕਾ ਹਰ ਪਾਸੇ ਸਕੂਲ ਖੁਲ੍ਹਣੇ ਅਰੰਭ ਹੋ ਗਏ। ਖ਼ਾਲਸਾ ਕਾਲਜ ਅੰਮ੍ਰਿਤਸਰ ਅਤੇ ਸਿੱਖ ਸਕੂਲਾਂ ਨੇ ਸਿੱਖ ਆਗੂਆਂ ਦੀ ਇਕ ਵੱਡੀ ਗਿਣਤੀ ਪੈਦਾ ਕੀਤੀ। ਸਕੂਲ, ਕਾਲਜ ਅਤੇ ਟ੍ਰੇਨਿੰਗ ਸੈਂਟਰਾਂ ਦੇ ਨਾਲ ਨਾਲ ਸਿੱਖਾਂ ਨੇ ਪ੍ਰਕਾਸ਼ਨ ਦਾ ਖੇਤਰ ਵਿਚ ਵੀ ਆਪਣੇ ਪੈਰ ਜਮਾਉਣੇ ਸ਼ੁਰੂ ਕੀਤੇ। ਕਮੇਟੀ ਵੱਲੋਂ 21 ਮਈ 1920 ਨੂੰ ਅਕਾਲੀ ਪਤ੍ਰਿਕਾ ਅਖ਼ਬਾਰ ਦਾ ਪਹਿਲਾ ਅੰਕ ਪ੍ਰਕਾਸ਼ਿਤ ਕੀਤਾ ਗਿਆ। ਇਸ ਅਖ਼ਬਾਰ ਨੇ ਬਿਨਾ ਸ਼ੱਕ ਸਿੱਖਿਆ ਦੇ ਖੇਤਰ ਵਿਚ ਅਹਿਮ ਯੋਗਦਾਨ ਪਾਇਆ। ਸਾਰੇ ਪੰਜਾਬ ਦੇ ਸਿੱਖ ਇਕ ਦੂਜੇ ਦੇ ਨੇੜੇ ਆਏ। ਆਮ ਲੋਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਗੁਰਦੁਆਰਿਆਂ ਦੀ ਸਾਂਭ-ਸੰਭਾਲ ਵਹਲ ਜੱਥੇਬੰਦੀ ਵਜੋਂ ਹੀ ਜਾਣਦੇ ਹਨ ਪਰ ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗਾ ਕਿ ਸ਼੍ਰੋਮਣੀ ਗੁਰਦੁਆਰਾ

ਪ੍ਰਬੰਧਕ ਕਮੇਟੀ ਦਾ ਇਕ ਅਹਿਮ ਵਿੰਗ 'ਧਰਮ ਪ੍ਰਚਾਰ ਕਮੇਟੀ' ਵੀ ਸੁਚਾਰੂ ਢੰਗ ਨਾਲ ਚਲਾਈ ਜਾਂਦੀ ਹੈ। ਧਰਮ ਪ੍ਰਚਾਰ ਕਮੇਟੀ ਧਾਰਮਿਕ ਸਿੱਖਿਆ ਦੇ ਪਾਸਾਰ ਵਾਸਤੇ ਅਹਿਮ ਰੋਲ ਅਦਾ ਕਰਦੀ ਹੈ। ਇਹ ਕਮੇਟੀ ਵੱਖ-ਵੱਖ ਗੁਰਦੁਆਰਿਆਂ ਨੂੰ ਧਾਰਮਿਕ ਸਿੱਖਿਆ ਦੇ ਪਾਸਾਰ ਵਾਸਤੇ ਵੱਡੀ ਮਾਲੀ ਸਹਾਇਤਾ ਪ੍ਰਦਾਨ ਕਰਦੀ ਹੈ। ਫਰੀ ਧਾਰਮਿਕ ਪੁਸਤਕਾਂ ਪ੍ਰਦਾਨ ਕਰਦੀ ਹੈ। ਧਰਮ ਪ੍ਰਚਾਰ ਕਮੇਟੀ ਨੇ ਹੁਣ ਤੱਕ ਸੈਂਕੜੇ ਕਿਤਾਬਾਂ ਅਤੇ ਹਜ਼ਾਰ ਤੋਂ ਵਧੇਰੇ ਟਰੈਕਟ ਅਧਿਆਤਮਿਕ ਸਿੱਖਿਆ ਵਾਸਤੇ ਫਰੀ ਵੰਡੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖ ਇਤਿਹਾਸ ਰੀਸਰਚ ਬੋਰਡ ਦੀ ਕਾਇਮੀ ਕੀਤੀ ਅਤੇ ਸਿੱਖ ਧਰਮ ਬਾਰੇ ਰੀਸਰਚ ਕਰਵਾਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 'ਸਿੱਖ ਇਤਿਹਾਸ ਬੋਰਡ' ਅਤੇ ਸਿੱਖ ਰੈਡਰੈਂਸ ਲਾਇਬ੍ਰੇਰੀ ਵੀ ਕਾਇਮ ਕੀਤੀ। ਜਿਥੇ ਰੀਸਰਚ ਬੋਰਡ ਆਪਣੇ ਨਾਮ ਵਾਂਗੂੰ ਸਿੱਖ ਇਨਕਲਾਬ ਅਤੇ ਸਿੱਖ ਅੰਦੋਲਨ ਬਾਰੇ ਰੀਸਰਚਾਂ ਕਰਵਾਉਂਦਾ ਹੈ। ਉਥੇ ਸਿੱਖ ਰੈਫਰੈਂਸ ਲਾਇਬ੍ਰੇਰੀ ਵਿਚ ਹਜ਼ਾਰਾਂ ਐਸੀਆਂ ਨਾਯਾਬ ਪੁਸਤਾਂ ਅਤੇ ਖਰੜੇ ਮੌਜੂਦ ਹਨ ਜਿਨ੍ਹਾਂ ਵਿਚ ਸਿੱਖਾਂ ਬਾਰੇ ਅਤੇ ਸਿੱਖ ਧਰਮ ਬਾਰੇ ਹਵਾਲੇ ਦਰਜ ਹਨ। ਇਸ ਲਾਇਬ੍ਰੇਰੀ ਵਿਚ ਮੌਕੇ ਉੱਤੇ ਹੀ ਤੁਹਾਨੂੰ ਕੀਮਤੀ ਪੁਸਤਕਾਂ ਪੜ੍ਹਨ ਵਾਸਤੇ ਮਿਲ ਸਕਦੀਆਂ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਫ਼ੈਸਲੇ ਅਨੁਸਾਰ ਗੁਰਬਾਣੀ ਦੀ ਸ਼ੁੱਧ ਛਾਪਈ ਕਰਵਾਈ ਗਈ ਅਤੇ ਬਹੁਤ ਸਸਤੇ ਤੇ ਘੱਟ ਮੁੱਲ ਉੱਤੇ ਤਲਬਗਾਰਾਂ ਨੂੰ ਮੁਹੱਈਆ ਕਰਵਾਈ ਜਾਣ ਲਗੀ। ਕਮੇਟੀ ਵੱਲੋਂ ਸਥਾਪਿਤ ਸਕੂਲ, ਕਾਲਜ, ਯੂਨੀਵਰਸਿਟੀ ਅਤੇ ਹੋਰ ਸੰਸਥਾਵਾਂ ਦਾ ਵੇਰਵਾ ਮੌਜੂਦ ਹੈ।

**ਚੌਥੇ ਅਧਿਆਇ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧਕੀ ਯੋਗਦਾਨ** ਬਾਰੇ ਚਰਚਾ ਕੀਤੀ ਗਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸੰਸਾਰ ਭਰ ਦੇ ਸਿੱਖਾਂ ਦੀ ਸਭ ਤੋਂ ਉੱਚੀ ਧਾਰਮਿਕ ਸੰਸਥਾ ਹੈ ਜਿਸ ਦੇ ਜਿੰਮੇ ਗੁਰਦੁਆਰਿਆਂ ਦਾ ਯੋਗ ਪ੍ਰਬੰਧ, ਉਨ੍ਹਾਂ ਦਾ ਰੱਖ-ਰਖਾਉ ਤੇ ਸਾਂਭ-ਸੰਭਾਲ , ਉਸਦੀ ਹੋਂਦ ਤੋਂ ਹੀ ਲੱਗੀ ਹੋਈ ਹੈ ਅਤੇ ਕਮੇਟੀ ਇਸ ਜਿੰਮੇਵਾਰੀ ਨੂੰ ਪੂਰੀ ਤਨਦੇਹੀ ਅਤੇ ਯੋਗਤਾ ਨਾਲ ਨਿਭਾਅ ਰਹੀ ਹੈ। ਉਹ ਕੋਸ਼ਿਸ਼ ਕਰਦੀ ਹੈ ਕਿ ਬੱਜਟ ਇਸ ਤਰ੍ਹਾਂ ਪਾਸ ਕੀਤੇ ਜਾਂਦੇ ਹਨ ਕਿ ਆਮਦਨ ਅਤੇ ਖਰਚੇ ਬਰਾਬਰ ਰੱਖੇ ਜਾਣ। ਕਮੇਟੀ ਧਾਰਮਿਕ ਸੰਸਥਾ ਹੈ ਤੇ ਮਨੁੱਖੀ ਧਰਮ ਤੇ ਨੈਤਿਕਤਾ

ਪ੍ਰਤੀ ਸੁਧਾਰਾਂ ਦੀ ਸੁਣਦੀ ਹੈ। ਅੱਜ ਸੰਸਾਰ ਵਿਚ ਬਹੁਤ ਅਧਰਮ ਫੈਲ ਰਿਹਾ ਹੈ ਤੇਧਰਮ ਗੌਣ ਅਵਸਥਾ ਵਿਚ ਚਲਾ ਗਿਆ ਹੈ। ਇਸ ਅਵਸਥਾ ਵਿਚ ਕਮੇਟੀ ਧਾਰਮਿਕ ਗਿਆਨ ਦਾ ਦੀਪ ਜਲਾ ਕੇ ਅਧਰਮ ਦੇ ਹਨੇਰੇ ਨੂੰ ਦੂਰ ਕਰਨ ਦੀਆਂ ਭਰਪੂਰ ਕੋਸ਼ਿਸ਼ਾਂ ਕਰ ਰਹੀ ਹੈ। ਮਨੁੱਖਤਾ ਦੇ ਜੀਵਨ ਵਿਚ ਜਿਥੇ ਆਰਥਿਕਤਾ ਬਹੁਤ ਜ਼ਰੂਰੀ ਹੈ ਰਾਜਨੀਤੀ ਦਾ ਵੀ ਯੋਗ ਸਥਾਨ ਹੈ ਪ੍ਰੰਤੂ ਜੇਕਰ ਧਾਰਮਿਕ ਤੌਰ `ਤੇ ਮਨੁੱਖਤਾ ਸੰਜੋਗ ਨਹੀਂ ਹੋਵੇਗੀ ਤਾਂ ਸਾਰੇ ਕੰਮ ਫੋਕਟ ਹੋਣਗੇ। ਇਸ ਲਈ ਕਮੇਟੀ ਗੁਰਦੁਆਰਿਆਂ ਵਿਚ ਐਸੇ ਪ੍ਰਬੰਧਾਂ ਦੀ ਲੜੀ ਕਾਇਮ ਰੱਖਦੀ ਹੈ ਜਿਸ ਨਾਲ ਸੰਸਾਰ ਵਿਚ ਆਪਸੀ ਸਹਿਣਸ਼ੀਲਤਾ ਵਧੇਗੀ ਅਤੇ ਸੰਸਾਰ ਇਕ ਪਰਿਵਾਰ ਵਿਚ ਪਰੋਇਆ ਜਾਵੇਗਾ। ਉਮੀਦ ਹੈ ਕਿ ਕਮੇਟੀ ਆਪਣੇ ਰਾਹਾਂ `ਤੇ ਚਲ ਕੇ ਗੁਰਦੁਆਰਿਆਂ ਵਿਚ ਸੰਸਾਰ ਪੱਧਰੀ ਪ੍ਰਬੰਧ ਜਾਰੀ ਰੱਖੇਗੀ।

ਖੋਜ ਕਾਰਜ ਦੇ **ਪੰਜਵੇਂ ਅਤੇ ਆਖ਼ਰੀ ਅਧਿਆਇ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਮਾਜਿਕ ਅਤੇ ਆਰਥਿਕ ਯੋਗਦਾਨ** ਦੀ ਗੱਲ ਕੀਤੀ ਗਈ ਹੈ। ਇਸ ਅਧਿਆਇ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਕੀਤੇ ਗਏ ਸਮਾਜਿਕ ਕਾਰਜਾਂ ਜਿਵੇਂ ਲੋਕਾਂ ਨੂੰ ਸਮਾਜ ਵਿਚ ਇਸਤਰੀ ਦੇ ਰੁਤਬੇ ਪ੍ਰਤੀ ਜਾਗਰੂਕ ਕਰਨਾ, ਜਾਤ-ਪਾਤ ਦਾ ਭੇਦ ਮਿਟਾਉਣਾ, ਨਸ਼ਿਆਂ ਅਤੇ ਵਾਤਾਵਰਣ ਪ੍ਰਤੀ ਲੋਕਾਂ ਨੂੰ ਸੁਚੇਤ ਕਰਨਾ, ਵਿੱਦਿਆ, ਸਿੱਖ ਵਿਰਾਸਤੀ ਖੇਡਾਂ ਅਤੇ ਪੰਜਾਬੀ ਭਾਸ਼ਾ ਨੂੰ ਜਿਊਂਦੇ ਰੱਖਣ ਲਈ ਕਮੇਟੀ ਦੁਆਰਾ ਕੀਤੇ ਗਏ ਯਤਨ ਆਦਿ ਬਾਰੇ ਵਿਚਾਰ ਕੀਤਾ ਗਿਆ ਹੈ। ਇਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੁਆਰਾ ਹਰ ਪੱਧਰ ’ਤੇ ਲੋਕਾਂ ਦੀ ਵੱਧ-ਚੱੜ ਕੇ ਮਦਦ ਕੀਤੀ ਜਾਂਦੀ ਹੈ। ਸ਼੍ਰੋਮਣੀ ਕਮੇਟੀ ਦੁਆਰਾ ਚਲਾਏ ਜਾ ਰਹੇ ਹਜ਼ਾਰਾਂ ਵੱਖ-ਵੱਖ ਪ੍ਰੋਗਰਾਮਾਂ ਵਿਚ ਲੱਖਾਂ ਦੀ ਤਦਾਤ ਵਿਚ ਲੋਕਾਂ ਨੂੰ ਰੁਜ਼ਗਾਰ ਪ੍ਰਾਪਤ ਹੈ। ਸੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾ ਸਿਰਫ਼ ਧਾਰਮਿਕ, ਵਿੱਦਿਅਕ ਤੇ ਪ੍ਰਬੰਧਕੀ ਖੇਤਰਾਂ ਵਿਚ ਸਮਾਜ ਲਈ ਵਰਦਾਨ ਸਾਬਤ ਹੋਈ ਹੈ ਬਲਕਿ ਆਰਥਿਕ ਤੌਰ ’ਤੇ ਵੀ ਜਿਵੇਂ: ਕੁਦਰਤੀ ਆਫ਼ਤਾਂ, ਧਰਮੀ ਫ਼ੌਜਿਆਂ, ਢਾਡੀ, ਰਾਗੀ, ਪੱਛੜੇ ਸਿੱਖ ਕਬੀਲਿਆਂ, ਕੈਂਸਰ ਰਾਹਤ ਫੰਡ, ਫੁੱਟਕਲ ਰਾਹਤ ਫੰਡ ਆਦਿ ਦੀ ਸਹਾਇਤਾ ਕਰਨ ਲਈ ਕਮੇਟੀ ਇਕ ਕ੍ਰਾਂਤੀ ਵੱਜੋਂ ਕਾਰਸ਼ੀਲ ਸਾਬਤ ਹੋਈ ਹੈ।

ਉਪਰੋਕਤ ਖੋਜ ਕਾਰਜ ਨੂੰ ਨੇਪਰੇ ਚਾੜਦਿਆਂ ਸਾਡੇ ਸਾਹਮਣੇ ਕੁਝ ਤੱਥ ਪ੍ਰਗਟ ਹੋਏ ਹਨ। ਜਿਨ੍ਹਾਂ ਨੂੰ ਸੰਖੇਪ ਰੂਪ ਵਿੱਚ ਹੇਠ ਲਿਖੇ ਅਨੁਸਾਰ ਵਿਚਾਰਿਆ ਗਿਆ ਹੈ:

- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਜਨਮ ਸਿੱਖਾਂ ਦੀਆਂ ਅਨੇਕ ਸ਼ਹਾਦਤਾਂ ਦਾ ਨਤੀਜਾ ਹੈ। ਇਸ ਲਈ ਬਹੁਤ ਸਾਰੇ ਮੋਰਚੇ ਜਿਹੜੇ ਗੁਰਦੁਆਰਾ ਸੁਧਾਰ ਲਹਿਰ ਲਈ ਲਗਾਏ ਗਏ ਉਹ ਇਸ ਦਾ ਆਧਾਰ ਬਣੇ। ਇਨ੍ਹਾਂ ਮੋਰਚਿਆਂ ਨੇ ਸਿੱਖਾਂ ਨੂੰ ਆਪਣੀ ਨੁਮਾਇੰਦਾ ਜਮਾਤ ਥਾਪਣ ਲਈ ਪ੍ਰੇਰਿਤ ਕੀਤਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਜਨਮ ਹੋਇਆ। ਇਸ ਦੇ ਨਾਲ ਅਕਾਲੀ ਦਲ ਦਾ ਵੀ ਜਨਮ ਹੋਇਆ। ਪ੍ਰੰਤੂ ਇੱਕ ਪੜਾਅ ਤੇ ਆ ਕੇ ਇਨ੍ਹਾਂ ਦੋਹਾਂ ਸੰਸਥਾਵਾਂ ਦਾ ਮੁਹਾਦਰਾਂ ਵੱਖ-ਵੱਖ ਹੋ ਗਿਆ।
- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਧਰਮ ਦੇ ਖੇਤਰ ਵਿੱਚ ਪਾਇਆ ਯੋਗਦਾਨ ਅਦੁੱਤੀ ਹੈ। ਇਸ ਨੇ ਗੁਰਦੁਆਰਿਆਂ ਵਿੱਚ ਸੁਧਾਰ ਤੋਂ ਇਲਾਵਾ ਉਨ੍ਹਾਂ ਦੇ ਪ੍ਰਬੰਧ ਨੂੰ ਆਪਣੇ ਹੱਥਾਂ ਵਿੱਚ ਲਿਆ। ਰਹਿਤ ਮਰਯਾਦਾ ਦੀ ਸਥਾਪਤੀ ਲਈ ਯਤਨ ਕਰਕੇ ਗੁਰਦੁਆਰਾ ਸਾਹਿਬਾਨ ਦੇ ਧਾਰਮਿਕ ਪੱਖਾਂ ਵਿੱਚ ਏਕਤਾ ਲਿਆਉਣ ਦੀ ਕੋਸ਼ਿਸ਼ ਕੀਤੀ ਜਿਸ ਵਿੱਚ ਨਿਤਨੇਮ, ਕੀਰਤਨ, ਲੰਗਰ ਆਦਿ ਜਿਹੜੇ ਸਿੱਖ ਧਰਮ ਦੇ ਅਧਾਰ ਮੂਲਕ ਪੱਖ ਹਨ ਵਿੱਚ ਇਕਸੁਰਤਾ ਲਿਆਂਦੀ ਗਈ।
- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣੇ ਪਿਛੋਕੜ ਵਿੱਚ ਚੱਲੀ ਸਿੰਘ ਸਭਾ ਲਹਿਰ ਦੁਆਰਾ ਸਥਾਪਿਤ ਕੀਤੇ ਗੁਰਦੁਆਰਿਆਂ, ਸਕੂਲਾਂ, ਕਾਲਜਾਂ ਦਾ ਪ੍ਰਬੰਧ ਆਪਣੇ ਹੱਥਾਂ ਵਿੱਚ ਲੈ ਕੇ ਪੰਜਾਬੀ ਭਾਸ਼ਾ ਅਤੇ ਗੁਰਮਤਿ ਨਾਲ ਸੰਬੰਧਿਤ ਗਤੀਵਿਧੀਆਂ ਨੂੰ ਇਨ੍ਹਾਂ ਗੁਰਦੁਆਰਿਆਂ ਵਿੱਚ ਪ੍ਰਮੁੱਖਤਾ ਦਿੱਤੀ, ਨਾਲ ਹੀ ਤਕਨੀਕੀ ਸਿੱਖਿਆ, ਮੈਡੀਕਲ ਸਿੱਖਿਆ ਅਤੇ ਧਾਰਮਿਕ ਸਿੱਖਿਆ ਦੇ ਅਦਾਰੇ ਖੋਲੇ ਜਿਨ੍ਹਾਂ ਵਿੱਚ ਟੈਕਨੀਕਲ ਆਦਰਸ਼ ਅਤੇ ਮਿਸ਼ਨਰੀ ਕਾਲਜ ਸ਼ਾਮਿਲ ਹਨ।
- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇੱਕ ਪ੍ਰਬੰਧਕੀ ਢਾਂਚਾ ਹੈ, ਜਿਸ ਵਿੱਚ ਪੰਜਾਬ ਅਤੇ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿੱਚ ਚੁਣ ਕੇ ਮੈਂਬਰ ਆਉਂਦੇ ਹਨ। ਜਿਹੜੇ ਵੱਖ-ਵੱਖ

ਇਲਾਕਿਆਂ ਦੇ ਸਿੱਖਾਂ ਦੀ ਨੁਮਾਇੰਦਗੀ ਕਰਦੇ ਹਨ। ਇਸ ਨਾਲ ਵੱਖ-ਵੱਖ ਖੇਤਰਾਂ ਨੂੰ ਇੱਕ ਪਲੇਟਫਾਰਮ ਉੱਪਰ ਆਪਣੀ ਗੱਲ ਕਹਿਣ ਦਾ ਮੌਕਾ ਮਿਲਦਾ ਹੈ ਅਤੇ ਇਨ੍ਹਾਂ ਮੈਂਬਰਾਂ ਵਿੱਚੋਂ ਪ੍ਰਧਾਨ ਦੀ ਚੋਣ ਕਰਕੇ ਲੋਕਤੰਤਰੀ ਪ੍ਰਣਾਲੀ ਨਾਲ ਇਸਦਾ ਕਾਰਜ ਚਲਦਾ ਹੈ। ਇਸੇ ਤਰ੍ਹਾਂ ਗੁਰਦੁਆਰੇ, ਕਾਲਜਾਂ, ਸਕੂਲਾਂ ਆਦਿ ਦੀਆਂ ਕਮੇਟੀਆਂ ਦਾ ਵੀ ਵਿਧਾਨ ਹੈ ਅਤੇ ਇਹ ਸਾਰਾ ਕੁਝ ਗੁਰਦੁਆਰਾ ਐਕਟ ਦੇ ਤਹਿਤ ਆਉਂਦਾ ਹੈ।

- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮਾਜਿਕ ਅਤੇ ਆਰਥਿਕ ਖੇਤਰ ਵਿੱਚ ਆਪਣਾ ਯੋਗਦਾਨ ਪਾਉਂਦੀ ਹੈ ਭਾਰਤ ਅਤੇ ਪੰਜਾਬ ਵਿੱਚ ਕੁਦਰਤੀ ਆਫਤਾਂ ਅਤੇ ਬਿਮਾਰੀ ਆਦਿ ਨਾਲ ਜੂਝ ਰਹੇ ਲੋਕਾਂ ਦੀ ਮੱਦਦ ਲਈ ਆਰਥਿਕ ਯੋਗਦਾਨ ਤੋਂ ਇਲਾਵਾ ਪੱਛੜੇ ਸਿੱਖ ਕਬੀਲਿਆਂ ਦੇ ਸਮਾਜਿਕ ਪੱਧਰ ਨੂੰ ਉੱਚਾ ਚੁੱਕਣ ਵਿੱਚ ਵਿਸ਼ੇਸ਼ ਯੋਗਦਾਨ ਦਿੰਦੀ ਹੈ।ਇਨ੍ਹਾਂ ਵਿਸ਼ੇਸ਼ਤਾਵਾਂ ਤੋਂ ਇਲਾਵਾ ਅਧਿਐਨ ਕਰਦਿਆਂ ਕੁਝ ਸਮੱਸਿਆਵਾਂ ਵੀ ਸਾਡੇ ਸਨਮੁੱਖ ਹੁੰਦੀਆਂ ਹਨ। ਜਿਨ੍ਹਾ ਨੂੰ ਅਸੀਂ ਇਸ ਤਰ੍ਹਾ ਵਿਚਾਰ ਸਕਦੇ ਹਾਂ।
- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖਾਂ ਦੀ ਉੱਚ ਸੰਸਥਾ ਹੈ ਪ੍ਰੰਤੂ ਸਿੱਖਾਂ ਦੇ ਬਹੁਤ ਸਾਰੇ ਸੰਪ੍ਰਦਾਇ, ਟਕਸਾਲਾਂ ਅਤੇ ਗੁਰਦੁਆਰਿਆਂ ਦੇ ਪ੍ਰਬੰਧ ਇਸ ਦੇ ਖੇਤਰ ਵਿੱਚੋਂ ਬਾਹਰ ਹਨ ਜਿੱਥੇ ਪੰਥ ਪ੍ਰਮਾਣਿਤ ਰਹਿਤ ਮਰਯਾਦਾ ਲਾਗੂ ਨਹੀਂ ਹੁੰਦੀ।
- ਸਰਕਾਰੀ ਦਫਤਰਾਂ ਦੀ ਤਰ੍ਹਾਂ ਇਸ ਸੰਸਥਾ ਦੇ ਦਫਤਰੀ ਕੰਮਾਂ ਕਾਰਜਾਂ ਵਿੱਚ ਹਰ ਥਾਂ ਪਾਰਦਰਸ਼ਤਾ ਨਹੀਂ ਹੈ।
- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬਹੁ-ਪੱਖੀ ਯੋਗਦਾਨ ਨੂੰ ਸਹੀ ਤਰੀਕੇ ਨਾਲ ਲੋਕਾਂ ਤੱਕ ਪਹੁੰਚਾਉਣ ਲਈ ਸਹੀ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ ਅਤੇ ਇਸ ਦੇ ਸ੍ਰੋਤਾਂ ਦੀ ਜਾਣਕਾਰੀ ਲਈ ਖੋਜਾਰਥੀਆਂ ਨੂੰ ਬਹੁਤ ਖੱਜਲ-ਖੁਆਰੀ ਦਾ ਸਾਹਮਣਾ ਕਰਨਾ ਪੈਂਦਾ ਹੈ।
- ਸਿਫਾਰਸ਼ਾਂ ਅਤੇ ਰਾਜਨੀਤੀ ਨੇ ਇਸ ਨੂੰ ਵੀ ਆਪਣੇ ਪੰਜੇ ਵਿੱਚ ਜਕੜ ਲਿਆ ਹੈ।
- ਇਸ ਸੰਸਥਾ ਦੁਆਰਾ ਛਾਪੇ ਜਾਂਦੇ ਸਾਹਿਤ ਦੀ ਪੁਨਰ-ਪ੍ਰਕਾਸ਼ਨਾ ਵਿੱਚ ਗਲਤੀਆਂ ਅਤੇ ਸਿੱਖ ਧਰਮ ਵਿਰੁੱਧ ਬਹੁਤ ਸਾਰੀਆਂ ਗੱਲਾਂ ਸਾਹਮਣੇ ਆਈਆਂ ਹਨ। ਜਿਨ੍ਹਾਂ ਦੀ ਇਸ ਸੰਸਥਾ ਤੋਂ

ਆਸ ਨਹੀਂ ਕੀਤੀ ਜਾ ਸਕਦੀ। ਹਵਾਲੇ ਲਈ ਪਬਲਿਕ ਸਾਇਟਾਂ ਉੱਪਰ ਵੱਖ-ਵੱਖ ਵਿਦਵਾਨਾਂ ਵੱਲੋਂ ਦਿੱਤੇ ਗਏ ਭਾਸ਼ਣ ਤੇ ਇਤਰਾਜ਼ ਦੇਖੇ ਜਾ ਸਕਦੇ ਹਨ।

- ਇਸ ਸੰਸਥਾ ਦੇ ਨਾਲ ਜੁੜੇ ਮੈਂਬਰ ਸਾਹਿਬਾਨਾਂ ਅਤੇ ਮੁਲਾਜਮਾਂ ਵਿੱਚ ਸਿੱਖੀ ਦਾ ਮਿਆਰ ਲਗਾਤਾਰ ਘੱਟਦਾ ਜਾ ਰਿਹਾ ਹੈ ਅਤੇ ਆਮ ਲੋਕਾਂ ਵਿੱਚ ਇਸ ਸੰਸਥਾ ਦੀ ਸ਼ਾਖ ਕੁੱਝ ਘਟੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਹੋਰਨਾਂ ਵੱਡੀਆਂ ਸੰਸਥਾਵਾਂ ਦੀ ਤਰ੍ਹਾਂ ਅਨੇਕ ਗੁਣ ਅਤੇ ਕਮੀਆਂ ਦੇ ਬਾਵਜੂਦ ਕੁਝ ਸੰਭਾਵਨਾਵਾਂ ਵੀ ਨਜਰੀ ਆਉਂਦੀਆਂ ਹਨ।
- ਸਾਡੇ ਕੋਲ ਇਸ ਸੰਸਥਾ ਦਾ ਕੋਈ ਬਦਲ ਨਹੀਂ ਹੈ ਜਿਹੜੀ ਵਿਆਪਕ ਪੱਧਰ ਉੱਪਰ ਸਿੱਖਾਂ ਦੀ ਨੁਮਾਇੰਦਗੀ ਕਰ ਸਕਦੀ ਹੋਵੇ। ਵਰਤਮਾਨ ਸਮੇਂ ਸੌੜੀ ਰਾਜਨੀਤੀ ਵਿੱਚੋਂ ਨਿਕਲ ਕੇ ਇਹ ਸਿੱਖਾਂ ਵਿੱਚ ਹਰਮਨ ਪਿਆਰਤਾ ਪੈਦਾ ਕਰ ਸਕਦੀ ਹੈ।
- ਇਸ ਸੰਸਥਾ ਕੋਲ ਇੰਨੀ ਸਮਰੱਥਾ ਹੈ ਕਿ ਇਹ ਸਿੱਖ ਮੁੱਦਿਆਂ ਦੇ ਨਾਲ ਪੰਜਾਬ ਦੀਆਂ ਕਾਫੀ ਸਮੱਸਿਆਵਾਂ ਜਿਨ੍ਹਾਂ ਵਿੱਚ ਬੇਰੁਜ਼ਗਾਰੀ, ਨਸ਼ੇ ਅਤੇ ਪਤਿਤਪੁਣੇ ਆਦਿ ਨੂੰ ਹੱਲ ਕਰ ਸਕਦੀ ਹੈ।
- ਇਹ ਸੰਸਥਾ ਆਪਣੇ ਉਦੇਸ਼ਾਂ ਵਿੱਚੋਂ ਇੱਕ ਜਿਸ ਵਿੱਚ ਸਿੱਖ ਸਾਹਿਤ ਦਾ ਪ੍ਰਚਾਰ-ਪ੍ਰਸਾਰ ਹੈ ਨੂੰ ਪੁਨਰ ਪ੍ਰਕਾਸ਼ਿਤ ਕਰਕੇ ਪੜ੍ਹੇ ਲਿਖੇ ਲੋਕਾਂ ਤੱਕ ਉਨ੍ਹਾਂ ਦੀ ਭਾਸ਼ਾ ਵਿੱਚ ਪਹੁੰਚਾ ਕੇ ਸਿੱਖ ਧਰਮ ਦਾ ਪ੍ਰਚਾਰ ਹੋਰਨਾਂ ਮੱਤਾਂ ਦੇ ਪੱਧਰ ਤੱਕ ਕਰ ਸਕਦੀ ਹੈ ਕਿਉਂਕਿ ਇਸ ਕੋਲ ਉਸ ਤਰ੍ਹਾਂ ਦੇ ਵਸੀਲੇ ਮੌਜੂਦ ਹਨ।
- ਸਿੱਖ ਧਰਮ ਵਿੱਚ ਏਕਤਾ ਅਤੇ ਵਿਸ਼ਵਾਸ ਲਿਆਉਣ ਲਈ ਇਹ ਸੰਸਥਾ ਦੇ ਮੈਂਬਰ, ਪ੍ਰਧਾਨ ਆਦਿ ਨੁਮਾਇੰਦੇ ਲੋਕਾਂ ਵਿੱਚ ਵਿਚਰ ਕੇ ਇਸ ਦੀ ਤਰੱਕੀ ਅਤੇ ਬਿਹਤਰੀ ਦੀਆਂ ਕੋਸ਼ਿਸ਼ਾਂ ਕਰਕੇ ਸਿੱਖੀ ਸਿਧਾਤਾਂ ਦੀ ਰੱਖਿਆ ਕਰ ਸਕਦੇ ਹਨ ਪ੍ਰੰਤੂ ਇਸ ਲਈ ਉੱਚੇ ਕਿਰਦਾਰ ਦੀ ਜ਼ਰੂਰਤ ਹੈ।

ਪੰਜਾਬ ਵਿੱਚ ਸਿੱਖ ਧਰਮ ਦੇ ਰੂਪ ਵਿੱਚ ਸਮਾਜ ਨੂੰ ਇੱਕ ਨਵੀਂ ਰੌਸ਼ਨੀ ਪ੍ਰਾਪਤ ਹੋਈ। ਜਿਸ ਨੇ ਤੱਤਕਾਲੀ ਸਮਾਜ ਨੂੰ ਪ੍ਰਭਾਵਿਤ ਕੀਤਾ ਅਤੇ ਪੁਰਾਣੀਆਂ ਧਾਰਮਿਕ ਕਦਰਾਂ-ਕੀਮਤਾਂ ਨੂੰ ਤੋੜ ਕੇ ਉਨ੍ਹਾਂ ਦੀ

ਥਾਂ ਨਵੀਂਆਂ ਕੀਮਤਾਂ ਦੀ ਸਿਰਜਨਾ ਕੀਤੀ। ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਹੋਂਦ ਨੇ ਨਾ ਸਿਰਫ਼ ਸਿੱਖਾਂ ਲਈ ਬਲਕਿ ਪੰਜਾਬੀ ਸਮਾਜ ਲਈ ਵੀ ਸੋਨੇ ਤੇ ਸੁਹਾਗੇ ਵਰਾਗਾ ਕੰਮ ਕੀਤਾ ਹੈ। ਕਮੇਟੀ ਦਾ ਕਾਰਜ ਖੇਤਰ ਕੇਵਲ ਸਿੱਖ ਧਰਮ ਦੇ ਧਾਰਮਿਕ ਅਸਥਾਨਾਂ ਦੇ ਪ੍ਰਬੰਧ ਤੱਕ ਹੀ ਸੀਮਤ ਨਹੀਂ, ਬਲਕਿ ਇਸ ਨੇ ਸੰਸਾਰ ਪੱਧਰ ਉੱਪਰ ਪਸਰੇ ਵਰਤਾਰਿਆਂ ਤੱਕ ਆਪਣੀ ਰਸਾਈ ਸਿੱਖਾਂ ਦੀ ਇਕ ਨੁਮਾਇੰਦਾ ਜਮਾਤ ਵੱਜੋਂ ਅਗਵਾਈ ਕੀਤੀ ਹੈ। ਇਹ ਸਿੱਖਾਂ ਦੇ ਸਮਾਜਿਕ ਅਤੇ ਆਰਥਿਕ ਪੱਧਰ ਨੂੰ ਆਪਣੇ ਕਲਾਵੇ ਵਿਚ ਲੈਣ ਦੀ ਕੋਸ਼ਿਸ਼ ਕਰਦੀ ਹੈ। ਸਮਾਜ ਨਾਲ ਖਾਸ ਕਰ ਸਿੱਖਾਂ ਨਾਲ ਜੁੜੇ ਮਸਲਿਆਂ ਵਿਚ ਆਪਣੀ ਰਾਇ ਦੇਣਾ ਅਤੇ ਮਸਲਿਆਂ ਦੇ ਹੱਲ ਲਭਣ ਦਾ ਜਤਨ ਕਰਨਾ ਇਸ ਸੰਸਥਾ ਦਾ ਮੁੱਖ ਕਾਰਜ ਹੈ। ਇਸ ਨੇ ਇਹ ਕਾਰਜ ਬਾਖੂਬੀ ਨਿਭਾਉਣ ਦੀ ਕੋਸ਼ਿਸ਼ ਵੀ ਕੀਤੀ ਹੈ।

ਅੱਜ ਸੰਸਾਰ ਵਿਚ ਬਹੁਤ ਅਧਰਮ ਫੈਲ ਰਿਹਾ ਹੈ ਤੇ ਧਰਮ ਗੌਣ ਅਵਸਥਾ ਵਿਚ ਚਲਾ ਗਿਆ ਹੈ। ਇਸ ਅਵਸਥਾ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਧਾਰਮਿਕ ਗਿਆਨ ਦਾ ਦੀਪ ਜਲਾ ਕੇ ਅਧਰਮ ਦੇ ਹਨੇਰੇ ਨੂੰ ਦੂਰ ਕਰਨ ਦੀਆਂ ਭਰਪੂਰ ਕੋਸ਼ਿਸ਼ਾਂ ਕਰ ਰਹੀ ਹੈ। ਮਨੁੱਖਤਾ ਦੇ ਜੀਵਨ ਵਿਚ ਜਿੱਥੇ ਆਰਥਿਕਤਾ ਬਹੁਤ ਜ਼ਰੂਰੀ ਹੈ, ਉੱਥੇ ਰਾਜਨੀਤੀ ਦਾ ਵੀ ਯੋਗ ਸਥਾਨ ਹੈ ਪ੍ਰੰਤੂ ਜੇਕਰ ਧਾਰਮਿਕ ਤੌਰ `ਤੇ ਮਨੁੱਖਤਾ ਸੰਜੋਗ ਨਹੀਂ ਹੋਵੇਗੀ ਤਾਂ ਸਾਰੇ ਕੰਮ ਫੋਕਟ ਹੋਣਗੇ। ਇਸ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਦੁਆਰਿਆਂ ਵਿਚ ਐਸੇ ਪ੍ਰਬੰਧਾਂ ਦੀ ਲੜੀ ਕਾਇਮ ਰੱਖਦੀ ਹੈ ਜਿਸ ਨਾਲ ਸੰਸਾਰ ਵਿਚ ਆਪਸੀ ਸਹਿਣਸ਼ੀਲਤਾ ਵਧੇਗੀ ਅਤੇ ਸੰਸਾਰ ਇਕ ਪਰਿਵਾਰ ਵਿਚ ਪਰੋਇਆ ਜਾਵੇਗਾ। ਉਮੀਦ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣੇ ਰਾਹਾਂ `ਤੇ ਚੱਲ ਕੇ ਗੁਰਦੁਆਰਿਆਂ ਵਿਚ ਸੰਸਾਰ ਪੱਧਰੀ ਪ੍ਰਬੰਧ ਜਾਰੀ ਰੱਖੇਗੀ ਅਤੇ ਸਮੁੱਚੀ ਮਾਨਵਤਾ ਗੁਰੂ ਸਾਹਿਬਨ ਦੇ ਆਦਰਸ਼ਾਂ ਤੇ ਚੱਲਣ ਦਾ ਮਾਰਗ ਦਰਸਾਉਂਦੀ ਰਹੇਗੀ।

# ਪੁਸਤਕ ਸੂਚੀ


ਅਸੋਕ, ਸ਼ਮਸੇਰ ਸਿੰਘ, *ਅਕਾਲੀ ਲਹਿਰ ਤੇ ਜੈਤੋਂ ਦਾ ਮੋਰਚਾ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1994.

__________, *ਨੀਸਾਣ ਤੇ ਹੁਕਮਨਾਮੇ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1967.

__________, *ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ* (1926 ਤੋਂ 1976), ਸਿੱਖ ਇਤਿਹਾਸ ਰੀਸਰਚ ਬੋਰਡ, ਅੰਮ੍ਰਿਤਸਰ, ਮਾਰਚ 1982.

ਅਜੀਤ ਸਿੰਘ, *ਪੰਜਾਬੀ ਸੂਬੇ ਦੀ ਗਾਥਾ,* ਲੋਕਗੀਤ ਪ੍ਰਕਾਸ਼ਨ, ਸਰਹਿੰਦ, 1992.

ਅਦਲੀਵਾਲ, ਜੋਗਿੰਦਰ ਸਿੰਘ, *ਸ਼੍ਰੋਮਣੀ ਕਮੇਟੀ ਦੇ ਕਾਰਜ ਅਤੇ ਪ੍ਰਾਪਤੀਆਂ,* ਗੁਰਮਤਿ ਪ੍ਰਕਾਸ਼, ਸਤੰਬਰ 1999.

ਅਰੋੜਾ, ਏ. ਸੀ., *ਪੰਜਾਬ ਦੀਆਂ ਲੋਕ ਲਹਿਰਾਂ* (1849-1947), ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 1989.

__________, *ਪੰਜਾਬ ਦਾ ਇਤਿਹਾਸ,* ਪ੍ਰਦੀਪ ਪਬਲੀਕੇਸ਼ਨ, ਜਲੰਧਰ, 2001.

ਆਦਿਲ, ਬਖਸ਼ੀ ਸਿੰਘ, *ਅਕਾਲੀ ਮੋਰਚਾ* 1982, ਨਵੀਨ ਪ੍ਰਕਾਸ਼ਨ, ਸ੍ਰੀ ਅੰਮ੍ਰਿਤਸਰ, 1990.

ਸਤਨਾਮ ਸਿੰਘ (ਐਡਵੋਕੇਟ), *ਸਿੱਖ ਧਰਮ ਦੀ ਇਤਿਹਾਸਿਕ ਡਾਇਰੈਕਟਰੀ* (1469-1997 ਤੱਕ), ਗੁਰਮਤਿ ਪ੍ਰਚਾਰ ਕੇਂਦਰ, ਅੰਮ੍ਰਿਤਸਰ, ਮਿਤੀਹੀਣ.

ਸਰਹੱਦੀ, ਅਜੀਤ ਸਿੰਘ, *ਪੰਜਾਬੀ ਸੂਬੇ ਦੀ ਗਾਥਾ,* ਲੋਕ-ਗੀਤ ਪ੍ਰਕਾਸ਼ਨ, ਸਰਹੰਦ,1992.

ਸਰਦਾਰ ਨਰਾਇਣ ਸਿੰਘ, *ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ,* ਅਕੈਡਮੀ ਆਫ਼ ਸਿੱਖ ਰਿਲੀਜਨ ਐਂਡ ਕਲਚਰ, ਪਟਿਆਲਾ, 1988.

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, *ਸਿੱਖ ਗੁਰਦੁਆਰਾ ਐਕਟ* 1925, ਪੰਜਾਬ ਸਰਕਾਰ, ਪ੍ਰਕਾਸ਼ਨ, ਚੰਡੀਗੜ੍ਹ, 1966.

__________, *ਸਰਵਿਸ ਰੂਲਜ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2006.

__________, *ਸਿੱਖ ਰਹਿਤ ਮਰਿਆਦਾ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2013.

__________, *ਪ੍ਰਬੰਧ ਸਕੀਮ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1997

ਸਿਰਦਾਰ ਕਪੂਰ ਸਿੰਘ, *ਸਾਚੀ ਸਾਖੀ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1993.

ਸੁਖਦਿਆਲ ਸਿੰਘ (ਡਾ.), *ਸ੍ਰੀ ਅਕਾਲ ਤਖ਼ਤ ਸਾਹਿਬ,* ਸਿੱਖ ਨੈਸ਼ਨਲ ਇੰਟੈਲੀਜੈਂਸੀਆ ਫੋਰਮ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1984.

ਸ਼ੇਰ ਸਿੰਘ (ਗਿ.), *ਸ੍ਰੀ ਗੁਰੂ ਗ੍ਰੰਥ ਤੇ ਪੰਥ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2009.

ਸੋਹਣ ਸਿੰਘ ਜੋਸ਼, *ਅਕਾਲੀ ਮੋਰਚਿਆਂ ਦਾ ਇਤਿਹਾਸ,* ਅਗਨੀ ਪਬਲੀਕੇਸ਼ਨ, ਦਿੱਲੀ, 1991.

ਹੋਤੀ, ਪ੍ਰੇਮ ਸਿੰਘ (ਬਾਬਾ), *ਅਕਾਲੀ ਫੂਲਾ ਸਿੰਘ,* ਲਾਹੌਰ ਬੁੱਕ ਸਾਪ, ਲੁਧਿਆਣਾ, 1976.

ਕਰਤਾਰ ਸਿੰਘ ਐਮ.ਏ., *ਸਿੱਖ ਇਤਿਹਾਸ ਭਾਗ- I,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1930.

__________, *ਸਿੱਖ ਇਤਿਹਾਸ ਭਾਗ ਦੂਜਾ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2006.

ਕਿਰਪਾਲ ਸਿੰਘ (ਗਿਆਨੀ), *ਅਕਾਲ ਤਖ਼ਤ ਤੇ ਅਕਾਲ ਤਖ਼ਤ ਦੇ ਜੱਥੇਦਾਰ,* ਭਾਈ ਚਤਰ ਸਿੰਘ ਜੀਵਨ ਸਿੰਘ, ਸ੍ਰੀ ਅੰਮ੍ਰਿਤਸਰ, 1999.

__________, *ਸਾਕਾ ਨੀਲਾ ਤਾਰਾ,* ਭਾਈ ਚਤਰ ਸਿੰਘ ਜੀਵਨ ਸਿੰਘ, ਸ੍ਰੀ ਅੰਮ੍ਰਿਤਸਰ, 1995.

__________, *ਸਿੱਖ ਮਤ ਦਰਸ਼ਨ,* ਭਾਈ ਚਤਰ ਸਿੰਘ ਜੀਵਨ ਸਿੰਘ, ਸ੍ਰੀ ਅੰਮ੍ਰਿਤਸਰ, 1998.

__________, *ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਇਤਿਹਾਸ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ,1991.

ਕਿਰਪਾਲ ਸਿੰਘ (ਡਾ.), (ਸੰਪਾ.), *ਭਾਈ ਵੀਰ ਸਿੰਘ ਦੀ ਇਤਿਹਾਸਿਕ ਰਚਨਾ,* ਪੰਜਾਬੀ ਯੂਨੀਵਰਸਿਟੀ ਪਟਿਆਲਾ, 1974.

ਕਿਰਪਾਲ ਸਿੰਘ (ਡਾ.), *ਪੰਥਕ ਮਤੇ,* ਪੰਜਾਬ ਹੈਰੀਟੇਜ ਟਰੱਸਟ, ਚੰਡੀਗੜ੍ਹ, 2002.

__________, *ਬਾਬਾ ਆਲਾ ਸਿੰਘ,* ਗੁਰੂ ਨਾਨਕ ਦੇਵ ਯੂਨੀਵਰਸਿਟੀ, ਪਟਿਆਲਾ, 2002.

ਕੁਲਵੰਤ ਸਿੰਘ, *ਜੂਨ 84 ਸ਼੍ਰੋਮਣੀ ਕਮੇਟੀ ਨੂੰ ਗ੍ਰਹਿਣ,* ਅਜੀਤ ਨਗਰ, ਸ੍ਰੀ ਅੰਮ੍ਰਿਤਸਰ, 2000.

ਖੁਸ਼ਵੰਤ ਸਿੰਘ, *ਸਿੱਖ ਇਤਿਹਾਸ,* ਭਾਗ ਦੂਜਾ, ਲਾਹੌਰ ਬੁੱਕ ਸਾਪ ਲੁਧਿਆਣਾ, 2006.

ਗੰਡਾ ਸਿੰਘ (ਡਾ.)(ਸੰਪਾ.), *ਹੁਕਮਨਾਮੇ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1985.

ਗਰੇਵਾਲ, ਜੇ. ਐਸ, *ਅਕਾਲੀਆਂ ਦੇ 75 ਸਾਲ,* ਪੰਜਾਬ ਸਟੱਡੀਜ ਪਬਲੀਕੇਸ਼ਨ, ਚੰਡੀਗੜ੍ਹ 1996.

ਗੁਰਦਿੱਤ ਸਿੰਘ (ਗਿਆਨੀ) (ਸੰਪਾ.), *ਸਿੱਖ ਜੱਥੇਬੰਦੀਆਂ,* ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ, 2000.

ਗਿਆਨ ਸਿੰਘ (ਗਿਆਨੀ), *ਤਵਾਰੀਖ਼ ਗੁਰੂ ਖ਼ਾਲਸਾ,* ਭਾਸ਼ਾ ਵਿਭਾਗ, ਪੰਜਾਬ,1987.

ਕਿਰਪਾਲ ਸਿੰਘ (ਗਿਆਨੀ), *ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਇਤਿਹਾਸ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ, 1991.

ਗੁਰਜਿੰਦਰ ਸਿੰਘ, *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ, ਬਣਤਰ ਤੇ ਕਾਰਜ,* ਲੋਕਗੀਤ ਪ੍ਰਕਾਸ਼ਨ, 2013.

ਗੋਗੋਆਣੀ, ਇੰਦਰਜੀਤ ਸਿੰਘ, *ਗਿਆਨੀ ਦਿੱਤ ਸਿੰਘ ਤੇ ਸਿੱਖ ਮਸਲੇ,* ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2013.

ਜਸਪਾਲ ਸਿੰਘ, *ਰਾਜ ਦਾ ਸਿੱਖ ਸੰਕਲਪ,* ਨਵਯੁਗ ਪਬਲਿਸ਼ਰਜ, ਦਿੱਲੀ, 2010.

ਜਸਵੰਤ ਸਿੰਘ, *ਮਾਸਟਰ ਤਾਰਾ ਸਿੰਘ ਜੀਵਨ ਸੰਘਰਸ਼ ਤੇ ਉਦੇਸ਼,* ਆਰਮਜ ਡੀਲਰ, ਕਪੂਰ ਰੋਡ, ਅੰਮ੍ਰਿਤਸਰ, 1972.

ਜ਼ਖਮੀ, ਕਰਮ ਸਿੰਘ, *ਅਕਾਲੀ ਮੋਰਚੇ ਦਾ ਇਤਿਹਾਸ,* ਮਹਿੰਦਰ ਸਿੰਘ ਭਾਟੀਆ,

ਸਕੱਤਰ ਪੰਥਕ ਟ੍ਰੈਕਟ ਸੁਸਾਇਟੀ, ਸ੍ਰੀ ਅੰਮ੍ਰਿਤਸਰ, 1955.

ਜੋਸ਼,ਸੋਹਣ ਸਿੰਘ, *ਅਕਾਲੀ ਮੋਰਚਿਆ ਦਾ ਇਤਿਹਾਸ,* ਨਵਯੁਗ ਪਬਲਿਸ਼ਰਜ, ਦਿੱਲੀ, 1972.

ਝਬਾਲੀਆ, ਗੁਰਬਖਸ਼ ਸਿੰਘ ਸ਼ਮਸੇਰ *ਸ਼ਹੀਦੀ ਜੀਵਨ,* ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ,1988.

ਢਿੱਲੋਂ, ਜਸਵਿੰਦਰ ਕੌਰ, *ਪ੍ਰਮੁੱਖ ਸਿੱਖ ਸੰਸਥਾਵਾਂ,* ਗੁਰੂ ਨਾਨਕ ਦੇਵ ਯੂਨੀਵਰਸਿਟੀ, ਸ੍ਰੀ ਅੰਮ੍ਰਿਤਸਰ, 2005.

ਢਿੱਲੋਂ, ਮਹਿੰਦਰ ਸਿੰਘ, *ਬਲਿਊ ਸਟਾਰ ਘੱਲੂਘਾਰਾ,* ਮਦਾਨ ਪਬਲਿਸ਼ਰਜ ਪਟਿਆਲਾ,1991.

ਤੇਜਾ ਸਿੰਘ ਅਤੇ ਗੰਡਾ ਸਿੰਘ, *ਸਿੱਖ ਇਤਿਹਾਸ,* ਪੰਜਾਬੀ ਯੂਨੀਵਰਸਿਟੀ ਪਟਿਆਲਾ,1989.

__________, *ਸਿੱਖ ਧਰਮ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਮ.ਨ.

ਦਰਸ਼ਨ ਸਿੰਘ, *ਭਾਈ ਗੁਰਦਾਸ: ਸਿੱਖੀ ਦੇ ਪਹਿਲੇ ਵਿਆਖਿਆਕਾਰ,* ਪੰਜਾਬੀ ਯੂਨੀਵਰਸਿਟੀ ਪਟਿਆਲਾ, 1997.

ਦਿਲਗੀਰ, ਹਰਜਿੰਦਰ ਸਿੰਘ, *ਸ਼੍ਰੋਮਣੀ ਅਕਾਲੀ ਦਲ* (1920-2000), ਸਿੰਘ ਬ੍ਰਦਰਜ ਬਾਜਾਰ ਮਾਈ ਸੇਵਾ, ਸ੍ਰੀ ਅੰਮ੍ਰਿਤਸਰ, 2000.

__________, *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਿਵੇਂ ਬਣੀ?,* ਸਿੱਖ ਇਤਿਹਾਸ ਰੀਸਰਚ ਬੋਰਡ, ਅੰਮ੍ਰਿਤਸਰ, 2000.

__________, *ਨਾਨਕਸਾਹੀ ਕੈਲੰਡਰ,* ਸਿੱਖ ਯੂਨੀਵਰਸਿਟੀ ਪ੍ਰੈੱਸ,ਇੰਗਲੈਂਡ, 2010.

ਦੁਖੀ,ਮਨਸਾ ਸਿੰਘ, *ਜੀਵਨ ਭਾਈ ਸਾਹਿਬ ਭਾਈ ਮੋਹਨ ਸਿੰਘ ਜੀ ਵੈਦ,* ਨਵਯੁਗ ਬਲਿਸ਼ਰਜ, ਦਿੱਲੀ.

ਨਰੈਣ ਸਿੰਘ, ਐਮ. ਏ., *ਅਕਾਲੀ ਮੋਰਚੇ ਤੇ ਝੱਬਰ,* ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ, 1967.

__________, *ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ* (1920-1925), ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ,1978.

ਨੇਕੀ, ਜਸਵੰਤ ਸਿੰਘ, *ਅਰਦਾਸ,* ਦਰਸ਼ਨ ਰੂਪ ਅਭਿਆਸ, ਸਿੰਘ ਬ੍ਰਦਰਜ਼, ਸ੍ਰੀ ਅੰਮ੍ਰਿਤਸਰ, 2012.

__________, *ਸਦਾ ਵਿਗਾਸ,* ਸਿੰਘ ਬ੍ਰਦਰਜ਼, ਸ੍ਰੀ ਅੰਮ੍ਰਿਤਸਰ, 2009.

__________, *ਗੁਰਮਤਿ ਮਨੋਵਿਗਿਆਨ,* ਸਿੰਘ ਬ੍ਰਦਰਜ਼, ਸ੍ਰੀ ਅੰਮ੍ਰਿਤਸਰ, 2009.

ਪਦਮ, ਪਿਆਰਾ ਸਿੰਘ, *ਸੌ ਸਾਖੀ,* ਕਲਮ ਮੰਦਰ ਲੋਅਰ ਮਾਲ, ਪਟਿਆਲਾ, 1983.

__________, *ਗੁਰੂ ਕੀ ਸਾਖੀਆਂ,* ਸਿੰਘ ਬ੍ਰਦਰਜ਼, ਸ੍ਰੀ ਅੰਮ੍ਰਿਤਸਰ,1986.

__________, *ਰਹਿਤਨਾਮੇ,* ਕਲਮ ਮੰਦਰ ਲੋਅਰ ਮਾਲ, ਪਟਿਆਲਾ,1974.

ਪ੍ਰਤਾਪ ਸਿੰਘ (ਗਿਆਨੀ), *ਅਕਾਲੀ ਲਹਿਰ ਦੇ ਮਹਾਨ ਨੇਤਾ,* ਭਾਈ ਜਵਾਹਰ ਸਿੰਘ ਕਿਰਪਾਲ ਸਿੰਘ ਐਂਡ ਕੰਪਨੀ, ਬਾਜ਼ਾਰ ਮਾਈ ਸੇਵਾ, ਅੰਮ੍ਰਿਤਸਰ ਮਾਰਚ,1975.

__________, *ਗੁਰਦੁਆਰਾ ਸੁਧਾਰ ਅਤੇ ਅਕਾਲੀ ਲਹਿਰ,* ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1975.

__________, *ਨਵੇਂ ਤਖ਼ਤ ਬਾਰੇ ਵਿਚਾਰ,* ਖ਼ਾਲਸਾ ਬ੍ਰਦਰਜ਼, ਸ੍ਰੀ ਅੰਮ੍ਰਿਤਸਰ,1966.

__________, *ਅਕਾਲੀ ਲਹਿਰ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀਸ੍ਰੀ ਅੰਮ੍ਰਿਤਸਰ,1994.

ਪ੍ਰੀਤਮ ਸਿੰਘ, *ਸਿੱਖ ਵਿਚਾਰ-ਧਾਰਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,* ਸ੍ਰੀ ਅੰਮ੍ਰਿਤਸਰ,1981.

ਬਲਕਾਰ ਸਿੰਘ, *ਪੰਜਾਬ ਦਾ ਬਾਬਾ ਬੋਹੜ ਗੁਰਚਰਨ ਸਿੰਘ ਟੌਹੜਾ,* ਸੂਚਨਾ ਤੇ ਲੋਕ ਸੰਪਰਕ ਵਿਭਾਗ, ਪੰਜਾਬ, ਚੰਡੀਗੜ੍ਹ, 2004.

__________, *ਅਕਾਲ ਤਖ਼ਤ ਸਾਹਿਬ: ਜੋਤਿ ਤੇ ਜੁਗਿਤ,* ਅੰਮ੍ਰਿਤਸਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,1995.

ਬਾਜਵਾ, ਕੁਲਵਿੰਦਰ ਸਿੰਘ, *ਅਕਾਲੀ ਦਲ ਸੱਚਾ ਸੌਦਾ ਬਾਰ,* ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2000.

ਬੇਦੀ, ਦਿਲਜੀਤ ਸਿੰਘ (ਸੰਪਾ.), *ਸੇਵਾ ਸਰਗਰਮੀਆਂ* (2005-2012), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2012.

__________, *ਕੈਂਸਰ ਰਾਹਤ ਫੰਡ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2013.

ਭਜਨ ਸਿੰਘ (ਗਿਆਨੀ), *ਸ੍ਰੀ ਹਰਿਮੰਦਰ ਸਾਹਿਬ,* ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ

ਬੋਰਡ, ਚੰਡੀਗੜ੍ਹ, 1999 (ਦੂਜੀ ਛਾਪ).

ਮਹਿੰਦਰ ਸਿੰਘ, *ਬਾਬਾ ਖੜਕ ਸਿੰਘ ਤੇ ਭਾਰਤ ਸੁਤੰਤਰਤਾ ਸਮਾਗਮ (ਅਨੁ. ਡਾ. ਚਰਨਜੀਤ ਸਿੰਘ)*, ਨੈਸ਼ਨਲ ਬੁਕ ਟਰੱਸਟ ਇੰਡੀਆ, ਨਵੀਂ ਦਿੱਲੀ, 2005.

ਰੂਪ ਸਿੰਘ, *ਸਿੱਖ ਸਰਗਰਮ ਦੀ ਦਾਸਤਾਨ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2012.

__________, *ਸਿੱਖ ਸਰੋਕਾਰ,* ਸਿੰਘ ਬ੍ਰਦਰਜ, ਅੰਮ੍ਰਿਤਸਰ, 2013.

__________, *ਹੁਕਮਨਾਮੇ ਆਦੇਸ਼,* ਸੰਦੇਸ਼, ਸ੍ਰੀ ਅਕਾਲ ਤਖ਼ਤ ਸਾਹਿਬ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2011.

__________, *ਪੰਥ ਸੇਵਕ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ),* ਸਿੰਘ ਬ੍ਰਦਰਜ, ਅੰਮ੍ਰਿਤਸਰ, 2010.

__________, *ਸਿੱਖ ਸੰਕਲਪ ਸਿਧਾਤ ਤੇ ਸੰਸਥਾਵਾਂ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2012.

## English Books

Harbans Singh, *The Heritage of the Sikhs,* Manohar publication, Delhi, 1984.

Teja Singh, *Gurudwara reform movement and Sikh awakening,* S.G.P.C, Shri Amritsar, 1985.

Kulraj Singh, *Sikh code of conduct and convention,*

Dharam Parchar Committee, Shri Amritsar, 1994.

**ਖੋਜ ਨਿਬੰਧ**

ਅਮਰਜੀਤ ਸਿੰਘ, *ਰਹਿਤਨਾਮਾ ਸਾਹਿਤ ਦਾ ਅਧਿਐਨ (ਪੀਐਚ.ਡੀ),* ਗੁਰੂ ਨਾਨਕ ਅਧਿਐਨ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1996.

ਸਤਵਿੰਦਰ ਸਿੰਘ, *ਸੈਂਟਰਲ ਖਾਲ਼ਸਾ ਯਤੀਮਖਾਨਾ: ਸਥਾਪਨਾ ਤੇ ਯੋਗਦਾਨ (ਐਮ. ਫਿਲ.),* ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2007.

ਸੰਘਾ, ਗੁਰਦੇਵ ਸਿੰਘ, *ਗੁਰਦੁਆਰਾ ਸੰਕਲਪ ਤੇ ਸੰਸਥਾ (ਪੀਐਚ.ਡੀ),* ਪੰਜਾਬੀ ਯੂਨੀਵਰਸਿਟੀ ਪਟਿਆਲਾ, 2007.

ਜਸਮਿੱਤਰ ਸਿੰਘ, *ਸਿੱਖ ਰਹਿਤਨਾਮਿਆਂ ਦਾ ਸਮਾਜਿਕ- ਸੱਭਿਆਚਾਰ ਅਧਿਐਨ (ਪੀਐਚ.ਡੀ),* ਗੁਰੂ ਨਾਨਕ ਦੇਵ ਯੂਨੀਵਰਸਿਟੀ ,ਅੰਮ੍ਰਿਤਸਰ, 1991.

ਰੂਪ ਸਿੰਘ *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸੰਕਲਪ, ਸੰਸਥਾ ਅਤੇ ਯੋਗਦਾਨ, (ਪੀਐਚ.ਡੀ)*, ਪੰਜਾਬੀ ਯੂਨੀਵਰਸਿਟੀ ਪਟਿਆਲਾ, 2015.

**ਵਿਸ਼ਵਕੋਸ਼ ਅਤੇ ਕੋਸ਼**

ਜੱਗੀ, ਰਤਨ ਸਿੰਘ, *ਸਿੱਖ ਪੰਥ ਵਿਸ਼ਵਕੋਸ਼ ਭਾਗ I-II,* ਗੁਰਰਤਨ ਪਬਲਿਸ਼ਰਜ, ਪਟਿਆਲਾ, 2005

ਜੋਧ ਸਿੰਘ (ਸੰਪਾ.), *ਸਿੱਖ ਧਰਮ ਵਿਸ਼ਵਕੋਸ਼, ਪਹਿਲੀ ਸੈਂਚੀ* (ੳ ਤੋਂ ਸ਼), ਪੰਜਾਬੀ ਯੂਨੀਵਰਸਿਟੀ ਪਟਿਆਲਾ, 2008.

__________, *ਸਿੱਖ ਧਰਮ ਵਿਸ਼ਵਕੋਸ਼, ਦੂਜੀ ਸੈਂਚੀ* (ਹ ਤੋਂ ਛ), ਪੰਜਾਬੀ ਯੂਨੀਵਰਸਿਟੀ ਪਟਿਆਲਾ, 2013.

ਨਾਭਾ, ਭਾਈ ਕਾਨ੍ਹ ਸਿੰਘ, *ਗੁਰਸ਼ਬਦ ਰਤਨਾਕਰ ਮਹਾਨ ਕੋਸ਼* , ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1974.

ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ ਪਟਿਆਲਾ, 1977.

__________, *ਗੁਰੂ ਗ੍ਰੰਥ ਵਿਚਾਰ ਕੋਸ਼,* ਪੰਜਾਬੀ ਯੂਨੀਵਰਸਿਟੀ ਪਟਿਆਲਾ, 1998.

**ਗਜ਼ਟ ਅਤੇ ਰਸਾਲੇ**

*ਖੋਜ ਪੱਤ੍ਰਿਕਾ,* ਪ੍ਰਗਟਿਓ ਖ਼ਾਲਸਾ, ਵਿਸ਼ੇਸ ਅੰਕ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਸਤੰਬਰ 1990.

*ਗੁਰਦੁਆਰਾ ਗਜ਼ਟ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1925 ਤੋਂ ਜੂਨ 2019 ਤੱਕ.

*ਗੁਰਮਤਿ ਪ੍ਰਕਾਸ਼*, ਵਿਸਾਖੀ, ਵਿਸ਼ੇਸ ਅੰਕ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ,1993.

__________, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਸਤੰਬਰ 1999

__________, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਫ਼ਰਵਰੀ 2003

__________, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ. 1993, 1994, 1995.

*ਨਾਨਕ ਪ੍ਰਕਾਸ਼ ਪੱਤ੍ਰਿਕਾ,* ਸੰਗਤ ਵਿਸੇਸ਼ ਅੰਕ ਪੰਜਾਬੀ ਯੂਨੀਵਰਸਿਟੀ ਪਟਿਆਲਾ,1978.

__________, ਪੰਜਾਬੀ ਯੂਨੀਵਰਸਿਟੀ ਪਟਿਆਲਾ, ਜੂਨ, 1988.

*ਪੰਚ ਲਾਹੌਰ (ਹਫ਼ਤਾਵਾਰ)*, 24 ਨਵੰਬਰ, 1920

*ਪੰਜਾਬੀ ਦੁਨੀਆਂ,* ਭਾਸ਼ਾ ਵਿਭਾਗ ਪੰਜਾਬ ,ਪਟਿਆਲਾ ,1968.

*ਗੁਰਮਤਿ ਪ੍ਰਕਾਸ਼,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਸਤੰਬਰ, 1996,

**ਅਖ਼ਬਾਰਾਂ**

*ਅਕਾਲੀ ਤੇ ਪ੍ਰਦੇਸੀ*, ਜੂਨ 1923.

*ਰੋਜ਼ਾਨਾ ਅਜੀਤ,* ਜਲੰਧਰ ,ਅਕਤੂਬਰ ,1973.

__________, 23 ਮਈ ,1975; 16 ਮਈ ,2008.

*ਅਕਾਲੀ,* ਮਈ ਤੋਂ 10 ਜੁਲਾਈ 1922.

*ਰੋਜ਼ਾਨਾ ਪੰਜਾਬ ਕੇਸਰੀ,* ਜਲੰਧਰ, 18 ਮਈ, 1975.

*ਗੁਰੂ ਕੇ ਲੰਗਰ ਦਾ ਇਤਿਹਾਸ,* ਖ਼ਾਲਸਾ ਸਮਾਚਾਰ, 1976.

# ਸਿੱਖ ਧਰਮ ਦੇ ਬਹੁਪੱਖੀ ਵਿਕਾਸ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਯੋਗਦਾਨ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ
ਸਮਾਜ ਵਿਗਿਆਨ ਫ਼ੈਕਲਟੀ ਅਧੀਨ ਧਰਮ ਅਧਿਐਨ ਵਿਭਾਗ ਵਿਚ
ਪੀਐਚ.ਡੀ. ਦੀ ਡਿਗਰੀ ਲਈ ਪ੍ਰਸਤੁਤ

ਖੋਜ-ਪ੍ਰਬੰਧ
2019

ਨਿਗਰਾਨ:
ਡਾ. ਜਸਪ੍ਰੀਤ ਕੌਰ ਸੰਧੂ
ਪ੍ਰੋਫ਼ੈਸਰ,
ਸਿੱਖ ਵਿਸ਼ਵਕੋਸ਼ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਖੋਜਾਰਥੀ:
ਹਰਕੰਵਲਦੀਪ ਸਿੰਘ

ਸ੍ਰੀ ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਸਾਰ ਅਤੇ ਸਥਾਪਨਾਵਾਂ

ਇਸ ਖੋਜ ਕਾਰਜ ਵਿਚ ਸਿੱਖ ਧਰਮ ਦੇ ਵਿਕਾਸ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬਹੁਪੱਖੀ ਯੋਗਦਾਨ ਦਾ ਨਿਰੀਖਣ ਕੀਤਾ ਗਿਆ ਹੈ। ਇਸ ਖੋਜ ਕਾਰਜ ਨੂੰ ਪੰਜ ਅਧਿਆਇਆਂ ਵਿਚ ਵੰਡਿਆ ਗਿਆ ਹੈ। ਪੰਜੋਂ ਅਧਿਆਇਆਂ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਯੋਗਦਾਨ ਬਾਰੇ ਕੀਤੇ ਗਏ ਅਧਿਐਨ ਤੋਂ ਸਾਹਮਣੇ ਆਏ ਤੱਥਾਂ ਬਾਰੇ ਵਿਚਾਰ ਕੀਤਾ ਗਿਆ ਹੈ।

ਹੱਥਲੇ ਖੋਜ ਕਾਰਜ ਦੇ **ਪਹਿਲੇ ਅਧਿਆਏ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇਤਿਹਾਸ ਬਣਤਰ ਅਤੇ ਉਦੇਸ਼** ਬਾਰੇ ਚਰਚਾ ਕੀਤੀ ਗਈ ਹੈ। ਇਸ ਵਿਚ ਦੱਸਿਆ ਗਿਆ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਸਤਿਤਵ ਵਿਚ ਆਉਣ ਤੋਂ ਪਹਿਲਾਂ ਗੁਰਦੁਆਰਿਆਂ ਦਾ ਪ੍ਰਬੰਧ ਮਹੰਤਾਂ ਕੋਲ ਹੋਣ ਕਾਰਨ, ਇਨ੍ਹਾਂ ਵਿਚ ਬੇਨਿਯਮੀਆਂ ਆਦਿ ਹੋਣੀਆਂ ਸ਼ੁਰੂ ਹੋ ਗਈਆਂ ਸਨ, ਜਿਸ ਕਾਰਨ ਪ੍ਰਬੰਧ ਨੂੰ ਦਰੁਸਤ ਕਰਨ ਲਈ ਇਕ ਸੰਸਥ ਦੀ ਲੋੜ ਸੀ। ਸੋਲਵੀਂ ਤੋਂ ਅਠਾਹਵੀਂ ਸਦੀ ਤੱਕ ਪੰਜਾਬ ਵਿਚ ਧਾਰਮਿਕ ਅਤੇ ਰਾਜਨੀਤਕ ਪੱਖੋਂ ਬਹੁਤ ਕੁਝ ਵਾਪਰਿਆ। ਗੁਰਦੂਆਰਿਆਂ ਦਾ ਪ੍ਰਬੰਧ ਲਾਲਚੀ ਪੁਜਰੀਆਂ ਤੇ ਮਹੰਤਾ ਹੱਥ ਹੋਣ ਕਾਰਨ ਲੁੱਟ-ਕਸੁੱਟ ਆਮ ਜਿਹੀ ਗੱਲ ਸੀ। ਸਿੱਖ ਕੌਮ ਆਪਣੀ ਵੱਖਰੀ ਪਛਾਣ ਅਤੇ ਅਸਤਿਤਵ ਦੀ ਭਾਲ ਵਿਚ ਹਰ ਪੱਖੋਂ ਅਣਥੱਕ ਕੋਸ਼ਿਸ਼ਾਂ ਵਿਚ ਲੱਗੇ ਸਨ। ਇਸ ਦੌਰਾਨ ਪੰਜਾਬ ਵਿਚ ਬਹੁਤ ਸ਼ਾਸ਼ਕ ਬਦਲੇ, ਸਿੱਖਾਂ ਵੱਲੋਂ ਵੱਖ ਵੱਖ ਲਹਿਰਾਂ ਵੀ ਚਲਾਈਆਂ ਗਈਆਂ। ਅੰਗਰੇਜ਼ੀ ਹਕੂਮਤ ਨੂੰ ਟੱਕਰ ਦੇਣ ਵਾਲੀ ਇਸ ਕੌਮ ਨੂੰ ਆਪਣੀ ਰੂਹ-ਰੂਪੀ ਇਕ ਸੰਸਥਾ ਦੀ ਭਾਲ ਸੀ ਜਿਸ ਦੇ ਅਧੀਨ ਕੌਮ ਵੱਧ-ਫੁੱਲ ਸਕੇ। ਇਹ ਕਮੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹੋਂਦ ਵਿਚ ਆਉਣ 'ਤੇ ਪੂਰੀ ਹੋਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹੋਂਦ ਵਿਚ ਆਉਣ ਮਗਰੋਂ ਸਭ ਤੋਂ ਪਹਿਲਾ ਅਤੇ ਮਹੱਤਵਪੂਰਣ ਕੰਮ ਪੰਜਾਬ ਦੇ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਪੁਜਾਰੀਆਂ ਤੇ ਮਹੰਤਾਂ ਤੋਂ ਲੈ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਕੀਤਾ। ਇਸ ਦੇ ਯਤਨ ਸਦਕਾ ਧਾਰਮਿਕ ਮਰਿਆਦਾ ਬਹਾਲ ਹੋਈ ਅਤੇ ਗੁਰਦੁਆਰਿਆਂ ਦਾ ਪ੍ਰਬੰਧ ਕਮੇਟੀ ਅਧੀਨ ਸੁਚਾਰੂ ਢੰਗ ਨਾਲ ਚੱਲਣ ਲੱਗਾ। ਭਾਰਤ ਗੁਲਾਮ ਹੋਣ ਦੇ ਬਾਵਜੂਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਅੰਮ੍ਰਿਤਸਰ) ਵੱਲੋਂ ਸਿੱਖਾਂ ਲਈ ਗੁਰਦੂਆਰਾ ਐਕਟ 1925 ਪਾਸ ਕਰਕੇ ਗੁਰਦੂਆਰਿਆਂ ਦਾ ਪ੍ਰਬੰਧ ਸੁਤੰਤਰ ਰੂਪ

ਵਿਚ ਚਲਾਉਣ ਦਾ ਅਧਿਕਾਰ ਦਿੱਤਾ। ਇਸ ਕਮੇਟੀ ਦਾ ਪਹਿਲਾ ਨਾਂ ਸੈਂਟਰਲ ਗੁਰਦੂਆਰਾ ਬੋਰਡ ਸੀ। ਸਿੱਖ ਗੁਰਦੁਆਰਾ ਕਨੂੰਨ ਬਣਣ ਤੇ ਪਹਿਲੀ ਵਾਰ ਜੂਨ 1926 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਦੀਆਂ ਚੋਣਾਂ ਹੋਈਆਂ। ਕਮੇਟੀ ਨੂੰ ਸਰਕਾਰ ਵੱਲੋਂ ਮਾਨਤਾ ਪ੍ਰਾਪਤ ਹੈ। ਕਮੇਟੀ ਦਾ ਇਕ ਵੱਖਰੀ ਸੰਚਾਲਨ ਵਿਵਸਥਾ ਹੈ। ਇਸ ਦਾ ਆਪਣਾ ਵੱਖਰਾ ਇਜਲਾਸ ਹੈ ਜੋ ਕਿ ਹਰ ਸਮੇਂ ਹੋਣਾ ਤੈਅ ਹੋਇਆ ਹੈ। ਇਸ ਅਧਿਆਇ ਵਿਚ ਸ਼੍ਰੋਮਣੀ ਕਮੇਟੀ ਦੇ ਇਤਿਹਾਸ, ਬਣਤਰ ਤੇ ਉਦੇਸ਼ਾਂ ਦੀ ਵਿਸਤਾਰਪੂਰਵਕ ਚਰਚਾ ਕੀਤੀ ਗਈ ਹੈ।

ਖੋਜ ਕਾਰਜ ਦੇ **ਦੂਜੇ ਅਧਿਆਇ ਵਿਚ ਸ਼੍ਰੋਮਣੀ ਗੁਰਦੂਆਰਾ ਪ੍ਰੰਬਧਕ ਕਮੇਟੀ ਦੇ ਧਾਰਮਿਕ ਯੋਗਦਾਨ** ਬਾਰੇ ਚਰਚਾ ਕੀਤੀ ਗਈ ਹੈ। ਸਿੱਖ ਧਰਮ ਦੇ ਇਤਿਹਾਸ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵਿਸ਼ੇਸ਼ ਸਥਾਨ ਹੈ। ਇਸ ਕਮੇਟੀ ਨੂੰ ਭਾਵੇਂ ਸਿੱਖ ਗੁਰਦੁਆਰਿਆਂ ਦੀ ਸਾਂਭ ਸੰਭਾਲ ਲਈ ਬਣਾਇਆ ਗਿਆ ਸੀ ਪਰ ਇਸ ਨੇ ਅਗਾਂਹ ਚੱਲ ਕੇ ਸਿੱਖ ਧਰਮ ਦੇ ਪ੍ਰਚਾਰ, ਗੁਰਦੁਆਰਿਆਂ ਦੀ ਮਰਿਆਦਾ ਕਾਇਮੀ ਦੇ ਨਾਲ-ਨਾਲ ਬਹੁਪੱਖੀ ਯੋਗਦਾਨ ਪਾਇਆ ਹੈ। ਇਹ ਕਮੇਟੀ ਇਕ ਧਾਰਮਿਕ ਰਿਆਸਤ ਦੇ ਤੌਰ 'ਤੇ ਵਿਚਰਦੀ ਅਤੇ ਧਾਰਮਕ ਸੰਸਥਾਵਾਂ ਨੂੰ ਯੋਗਤਾ ਨਾਲ ਮਨੁੱਖਤਾ ਦੇ ਹਿੱਤ ਵਿਚ ਚਲਾਉਂਦੀ ਤੇ ਪ੍ਰਭਾਵਿਤ ਕਰਦੀ ਹੈ । ਭਾਵੇਂ 16 ਅਗਸਤ 1604 ਈ. ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋ ਚੁਕਾ ਸੀ। ਪਰੰਤੂ ਵੀਹਵੀਂ ਸਦੀ ਦੇ ਦੂਜੇ ਦਹਾਕੇ ਤੱਕ ਵੀ ਸਿੱਖ ਕੌਮ ਦੀ ਆਪਣੀ ਧਾਰਮਿਕ ਕਾਰਜ ਸ਼ੈਲੀ ਸਥਾਪਿਤ ਨਹੀਂ ਸੀ ਹੋਈ। ਸਿੱਖ ਚਿੰਤਕ ਫ਼ਿਕਰਮੰਦ ਸਨ ਕਿ ਸਿੱਖ ਧਰਮ ਦੇ ਜਨਮ ਤੋਂ ਚਾਰ ਸਦੀਆਂ ਬਾਅਦ ਤੱਕ ਵੀ ਸਿੱਖੀ ਦੀ ਗੁਰੂ ਸਾਹਿਬਾਨਾਂ ਵੱਲੋਂ ਵਿਉਂਤੀ ਕਾਰਜ ਸ਼ੈਲੀ ਨਹੀਂ ਅਪਣਾਈ ਗਈ। ਇਸ ਤੋਂ ਪਹਿਲਾਂ ਗੁਰੂਦੁਆਰਾ ਸੁਧਾਰ ਲਹਿਰ ਚਲਾਈ ਗਈ ਸੀ ਅਤੇ ਇਸਨੂੰ ਬਹੁਤ ਹੱਦ ਤੱਕ ਸਫ਼ਲਤਾ ਵੀ ਮਿਲੀ ਸੀ, ਪਰ ਜੱਥੇਬੰਦਕ ਤੌਰ ਉੱਤੇ ਬਕਾਇਦਗੀ ਨਾਲ ਸਿੱਖੀ ਦਾ ਕਾਰਜ ਆਰੰਭ ਹੋਣਾ ਅਜੇ ਬਾਕੀ ਸੀ। ਇਸ ਸਮੇਂ ਸਿੱਖ ਚਿੰਤਕਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਗਠਨ ਕਰਨਾ ਚਿਤਵਿਆ। ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਦਾ ਬਕਾਇਦਾ ਗਠਿਨ 15 ਨਵੰਬਰ 1920 ਦੇ ਦਿਨ ਕੀਤਾ ਗਿਆ। ਸਿੱਖਾਂ ਵੱਲੋਂ ਵਿਉਂਤੀਆ ਇਹ ਆਪਣੀ ਕਿਸਮ ਦਾ ਪਹਿਲਾ ਅਜਿਹਾ

ਧਾਰਮਿਕ ਅਦਾਰਾ ਬਣਨ ਜਾ ਰਿਹਾ ਸੀ, ਜਿਸ ਦੀ ਮਿਸਾਲ ਕਿਧਰੇ ਵੀ ਨਹੀਂ ਸੀ ਮਿਲਦੀ। ਇਸ ਸੰਸਥਾ ਨੂੰ ਬਣਾਉਣ ਲਈ ਸਿੱਖਾਂ ਨੂੰ ਵੱਡੀ ਵੱਡੀਆਂ ਕੁਰਬਾਨੀਆਂ ਕਰਨੀਆਂ ਪਈਆਂ ਹਜ਼ਾਰਾਂ ਸਿੱਖ ਸ਼ਹੀਦੀਆਂ ਪਾ ਗਏ ਅਤੇ ਅਨੇਕਾਂ ਲੋਕਾਂ ਨੂੰ ਜੇਲਾਂ ਦੀਆਂ ਲੰਮੀਆਂ ਸਜਾਵਾਂ ਮਿਲੀਆਂ। ਇਸ ਸਮੇਂ ਪੰਜਾਬ ਅਤੇ ਭਾਰਤ ਦੇ ਬਹੁਤ ਸਾਰੇ ਹਿੱਸਿਆਂ ਉੱਤੇ ਅੰਗਰੇਜ਼ ਹਕੂਮਤ ਦਾ ਰਾਜ ਸੀ। ਬਹੁਤ ਸਾਰੇ ਇਤਿਹਾਸਿਕ ਗੁਰੂਦੁਆਰਿਆਂ ਵਿਚ ਧਾਰਮਿਕ ਵੇਸ ਦੇ ਪਰਦੇ ਹੇਠ ਪੁਜਾਰੀ ਅਨੈਤਿਕ ਕਾਰਜ ਕਰਦੇ ਸਨ। ਇਸ ਧਾਰਮਿਕ ਨਿਘਾਰ ਦੇ ਪਿੱਛੇ ਜਿੱਥੇ ਪੁਜਾਰੀ ਜਮਾਤ ਕਾਰਜਸ਼ੀਲ ਸੀ, ਉੱਥੇ ਅੰਗਰੇਜ਼ ਵੀ ਚਾਹੁੰਦੇ ਸਨ ਕਿ ਸਿੱਖ ਧਾਰਮਿਕ ਤੌਰ ਤੇ ਕਿਸੇ ਇਕ ਕੇਂਦਰ ਬਿੰਦੂ ਉੱਤੇ ਇਕਠੇ ਨਾ ਹੋਣ ਵੱਡੀਆਂ ਵੱਡੀਆਂ ਕੁਰਬਾਨੀਆਂ ਅਤੇ ਜੱਦੋ ਜਹਿਦ ਤੋਂ ਪਿੱਛੋਂ ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਹੋਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੁਰਦੁਆਰਿਆਂ ਦੀ ਸੇਵਾ ਸੰਭਾਲ ਲਈ, ਸਿੱਖ ਧਰਮ, ਸਿੱਖ ਇਤਿਹਾਸ, ਸਿੱਖ ਸੱਭਿਅਤਾ, ਸਿੱਖੀ ਸਰੂਪ, ਸਿੱਖ ਸਦਾਚਾਰ, ਸਿੱਖ ਮਰਿਆਦਾ, ਸਿੱਖ ਅਣਖ ਤੇ ਸਿੱਖੀ ਦੇ ਗੌਰਵ ਨੂੰ ਉਜਾਗਰ ਕਰਨ ਵਿਚ ਲਗਪਗ ਇਕ ਸਦੀ ਤੋਂ ਆਪਣਾ ਇਤਿਹਾਸਕ ਰੋਲ ਅਦਾ ਕਰਦੀ ਆ ਰਹੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾ ਸਿਰਫ ਤਾਰੀਖੀ ਗੁਰਦੁਆਰਿਆਂ ਦੀ ਸੇਵਾ ਸੰਭਾਲ ਹੀ ਕਰਦੀ ਹੈ ਬਲਕਿ ਸਿੱਖ ਧਰਮ, ਸਿੱਖ ਇਤਿਹਾਸ ਅਤੇ ਸਭਿਆਚਾਰ ਦਾ ਗਿਆਨ ਤੇ ਧਰਮ ਪ੍ਰਚਾਰ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਕ ਵੱਖਰਾ ਵਿੰਗ "ਧਰਮ ਪ੍ਰਚਾਰ ਕਮੇਟੀ" ਸਥਾਪਿਤ ਕੀਤਾ ਹੋਇਆ ਹੈ। ਧਰਮ ਪ੍ਰਚਾਰ ਕਮੇਟੀ ਦੇ ਉਦੇਸ਼,ਬਣਤਰ,ਕਾਰਜ,ਯੋਗਦਾਨ ਆਦਿ ਬਾਰੇ ਵਿਸਤਾਰ ਨਾਲ ਤੀਜੇ ਅਧਿਆਇ ਵਿਚ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਤਿਹਾਸ ਵਿਚ ਗੁਰ-ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸੰਬੰਧਿਤ ਸ਼ਤਾਬਦੀਆਂ ਨੂੰ ਮਨਾਉਣ ਦਾ ਉਪਰਾਲਾ ਵੀ ਕੀਤਾ ਹੈ। ਜਿਸ ਦਾ ਵੇਰਵਾ ਅਧਿਆਇ ਵਿਚ ਦਰਜ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪੰਥਕ ਸੇਵਾਵਾਂ ਕਰਨ ਵਾਲੇ ਗੁਰਸਿੱਖਾਂ ਨੂੰ ਪ੍ਰੇਰਿਤ ਕਰਨ ਲਈ ਕਈ ਤਰ੍ਹਾਂ ਦੇ ਉਪਰਾਲੇ ਵੀ ਕਰਦੀ ਆ ਰਹੀ ਹੈ ਜਿਨ੍ਹਾਂ ਵਿਚ ਕਈ ਤਰ੍ਹਾਂ ਦੇ ਸਨਮਾਨ ਵੀ ਸ਼ਾਮਿਲ ਹਨ। ਵੱਖ ਵੱਖ ਸਨਮਾਨਾਂ ਦੀ ਸੂਚੀ ਅਧਿਆਇ ਵਿਚ ਦਰਜ ਕੀਤੀ ਗਈ ਹੈ। ਇਸ ਤੋਂ ਇਲਾਵਾ ਧਰਮ ਪ੍ਰਚਾਰ ਕਮੇਟੀ ਵੱਲੋਂ ਸਿੱਖ ਧਰਮ ਦੇ ਪ੍ਰਚਾਰ ਲਈ ਕਈ ਤਰ੍ਹਾਂ ਦੇ ਰਸਾਲੇ ਵੀ ਛਪਵਾਏ ਜਾਂਦੇ ਹਨ। ਸਿੱਖ ਧਰਮ ਦੇ ਪ੍ਰਚਾਰ ਅਤੇ

ਵਿਕਾਸ ਲਈ ਸਿੱਖ ਮਿਸ਼ਨਰੀ ਕਾਲਜਾਂ ਦੀ ਸਥਾਪਨਾ ਵੀ ਕੀਤੀ ਗਈ ਹੈ ਜਿਨ੍ਹਾਂ ਦਾ ਵੇਰਵੇ ਤੀਜੇ ਅਧਿਆਇ ਵਿਚ ਦਿੱਤਾ ਗਿਆ ਹੈ। ਇਸ ਤਰ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਿੱਖ ਧਰਮ ਵਿਚ ਕਈ ਪੱਖਾਂ ਤੋਂ ਵੱਡਮੁੱਲਾ ਯੋਗਦਾਨ ਹੈ।

**ਤੀਜਾ ਅਧਿਆਇ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਅੰਮ੍ਰਿਤਸਰ) ਦੇ ਵਿੱਦਿਅਕ ਖੇਤਰ ਵਿਚ ਯੋਗਦਾਨ** ਬਾਰੇ ਚਰਚਾ ਕੀਤੀ ਗਈ ਹੈ। ਅੰਗਰੇਜ਼ੀ ਹਕੂਮਤ ਨੇ ਵਿੱਦਿਆ ਦਾ ਸਾਰਾ ਤੰਤਰ ਤੇ ਢਾਂਚਾ ਆਪਣੇ ਫ਼ਾਇਦੇ ਅਨੁਸਾਰ ਹੀ ਤੈਅ ਕੀਤਾ। ਉਸ ਨੇ ਵਿੱਦਿਆ ਦਾ ਸਾਰਅੰਸ਼ ਅੰਗਰੇਜ਼ੀ ਬਾਬੂ ਪੈਦਾ ਕਰਨ ਵੱਲ ਹੀ ਸੇਧਤ ਰੱਖਿਆ। ਅੰਗਰੇਜ਼ ਸਰਕਾਰ ਅਧਿਆਤਮਿਕ ਸਿੱਖਿਆ ਦਾ ਮਤਲਬ ਵੀ ਇਸਾਈ ਮਤ ਦੀ ਸਿੱਖਿਆ ਤੋਂ ਲੈਂਦੀ ਸੀ। ਸਿੱਖ ਭਾਵਨਾਵਾਂ ਦੇ ਉਲਟ ਹੀ ਸਿੱਖਿਆ ਦਿੱਤੀ ਜਾ ਰਹੀ ਸੀ। ਮਾਨਯੋਗ ਸਿੱਖ ਲੀਡਰਾਂ ਨੇ ਮਹਿਸੂਸ ਕੀਤਾ ਕਿ ਵਿੱਦਿਆ ਦਾ ਕਾਰਜ ਸਿੱਖਾਂ ਨੂੰ ਆਪ ਸੰਭਾਲਣਾ ਚਾਹੀਦਾ ਹੈ। ਸੋ ਇਸ ਕਾਰਜ ਨੂੰ ਪੂਰਾ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਅੰਮ੍ਰਿਤਸਰ) ਵੱਲੋਂ 5 ਮਾਰਚ 1892 ਦੇ ਦਿਨ ਖ਼ਾਲਸਾ ਕਾਲਜ ਅੰਮ੍ਰਿਤਸਰ ਦੀ ਨੀਂਹ ਰੱਖੀ ਗਈ। ਇਸ ਸੰਸਥਾ ਨੇ ਅਗਾਂਹ ਚੱਲ ਕੇ ਸਿੱਖਾਂ ਨੂੰ ਸਿੱਖਿਆ ਪੱਖੋਂ ਮਾਲਾਮਾਲ ਕਰ ਦਿੱਤਾ। ਇਹ ਕਾਲਜ ਸਿੱਖ ਲਹਿਰ ਦਾ ਇਕ ਤਰ੍ਹਾਂ ਨਾਲ ਕੇਂਦਰੀ ਟ੍ਰੇਨਿੰਗ ਸੈਂਟਰ ਬਣ ਗਿਆ ਅਤੇ ਅੱਗੋਂ ਜਾ ਕੇ ਉਚ ਪੜ੍ਹੇ ਲਿਖੇ ਵਿਦਿਆਰਥੀਆਂ ਅਤੇ ਪ੍ਰੋਫ਼ੈਸਰਾਂ ਨੇ ਸਿੱਖਾਂ ਦੀ ਲੀਡਰਸ਼ਿਪ ਵਿਚ ਅਹਿਮ ਰੋਲ ਅਦਾ ਕੀਤਾ। ਸਿੱਖ ਲੀਡਰਸ਼ਿਪ ਦੇ ਯਤਨਾਂ ਸਦਕਾ ਹਰ ਪਾਸੇ ਸਕੂਲ ਖੁਲ੍ਹਣੇ ਅਰੰਭ ਹੋ ਗਏ। ਖ਼ਾਲਸਾ ਕਾਲਜ ਅੰਮ੍ਰਿਤਸਰ ਅਤੇ ਸਿੱਖ ਸਕੂਲਾਂ ਨੇ ਸਿੱਖ ਆਗੂਆਂ ਦੀ ਇਕ ਵੱਡੀ ਗਿਣਤੀ ਪੈਦਾ ਕੀਤੀ। ਸਕੂਲ, ਕਾਲਜ ਅਤੇ ਟ੍ਰੇਨਿੰਗ ਸੈਂਟਰਾਂ ਦੇ ਨਾਲ ਨਾਲ ਸਿੱਖਾਂ ਨੇ ਪ੍ਰਕਾਸ਼ਨ ਦਾ ਖੇਤਰ ਵਿਚ ਵੀ ਆਪਣੇ ਪੈਰ ਜਮਾਉਣੇ ਸ਼ੁਰੂ ਕੀਤੇ। ਕਮੇਟੀ ਵੱਲੋਂ 21 ਮਈ 1920 ਨੂੰ ਅਕਾਲੀ ਪਤ੍ਰਿਕਾ ਅਖ਼ਬਾਰ ਦਾ ਪਹਿਲਾ ਅੰਕ ਪ੍ਰਕਾਸ਼ਿਤ ਕੀਤਾ ਗਿਆ। ਇਸ ਅਖ਼ਬਾਰ ਨੇ ਬਿਨਾ ਸ਼ੱਕ ਸਿੱਖਿਆ ਦੇ ਖੇਤਰ ਵਿਚ ਅਹਿਮ ਯੋਗਦਾਨ ਪਾਇਆ। ਸਾਰੇ ਪੰਜਾਬ ਦੇ ਸਿੱਖ ਇਕ ਦੂਜੇ ਦੇ ਨੇੜੇ ਆਏ। ਆਮ ਲੋਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਗੁਰਦੁਆਰਿਆਂ ਦੀ ਸਾਂਭ-ਸੰਭਾਲ ਵਹਲ ਜੱਥੇਬੰਦੀ ਵਜੋਂ ਹੀ ਜਾਣਦੇ ਹਨ ਪਰ ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗਾ ਕਿ ਸ਼੍ਰੋਮਣੀ ਗੁਰਦੁਆਰਾ

ਪ੍ਰਬੰਧਕ ਕਮੇਟੀ ਦਾ ਇਕ ਅਹਿਮ ਵਿੰਗ 'ਧਰਮ ਪ੍ਰਚਾਰ ਕਮੇਟੀ' ਵੀ ਸੁਚਾਰੂ ਢੰਗ ਨਾਲ ਚਲਾਈ ਜਾਂਦੀ ਹੈ। ਧਰਮ ਪ੍ਰਚਾਰ ਕਮੇਟੀ ਧਾਰਮਿਕ ਸਿੱਖਿਆ ਦੇ ਪਾਸਾਰ ਵਾਸਤੇ ਅਹਿਮ ਰੋਲ ਅਦਾ ਕਰਦੀ ਹੈ। ਇਹ ਕਮੇਟੀ ਵੱਖ-ਵੱਖ ਗੁਰਦੁਆਰਿਆਂ ਨੂੰ ਧਾਰਮਿਕ ਸਿੱਖਿਆ ਦੇ ਪਾਸਾਰ ਵਾਸਤੇ ਵੱਡੀ ਮਾਲੀ ਸਹਾਇਤਾ ਪ੍ਰਦਾਨ ਕਰਦੀ ਹੈ। ਫਰੀ ਧਾਰਮਿਕ ਪੁਸਤਕਾਂ ਪ੍ਰਦਾਨ ਕਰਦੀ ਹੈ। ਧਰਮ ਪ੍ਰਚਾਰ ਕਮੇਟੀ ਨੇ ਹੁਣ ਤੱਕ ਸੈਂਕੜੇ ਕਿਤਾਬਾਂ ਅਤੇ ਹਜ਼ਾਰ ਤੋਂ ਵਧੇਰੇ ਟਰੈਕਟ ਅਧਿਆਤਮਿਕ ਸਿੱਖਿਆ ਵਾਸਤੇ ਫਰੀ ਵੰਡੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖ ਇਤਿਹਾਸ ਰੀਸਰਚ ਬੋਰਡ ਦੀ ਕਾਇਮੀ ਕੀਤੀ ਅਤੇ ਸਿੱਖ ਧਰਮ ਬਾਰੇ ਰੀਸਰਚ ਕਰਵਾਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 'ਸਿੱਖ ਇਤਿਹਾਸ ਬੋਰਡ' ਅਤੇ ਸਿੱਖ ਰੈਡਰੈਂਸ ਲਾਇਬ੍ਰੇਰੀ ਵੀ ਕਾਇਮ ਕੀਤੀ। ਜਿਥੇ ਰੀਸਰਚ ਬੋਰਡ ਆਪਣੇ ਨਾਮ ਵਾਂਗੂੰ ਸਿੱਖ ਇਨਕਲਾਬ ਅਤੇ ਸਿੱਖ ਅੰਦੋਲਨ ਬਾਰੇ ਰੀਸਰਚਾਂ ਕਰਵਾਉਂਦਾ ਹੈ। ਉਥੇ ਸਿੱਖ ਰੈਫਰੈਂਸ ਲਾਇਬ੍ਰੇਰੀ ਵਿਚ ਹਜ਼ਾਰਾਂ ਐਸੀਆਂ ਨਾਯਾਬ ਪੁਸਤਾਂ ਅਤੇ ਖਰੜੇ ਮੌਜੂਦ ਹਨ ਜਿਨ੍ਹਾਂ ਵਿਚ ਸਿੱਖਾਂ ਬਾਰੇ ਅਤੇ ਸਿੱਖ ਧਰਮ ਬਾਰੇ ਹਵਾਲੇ ਦਰਜ ਹਨ। ਇਸ ਲਾਇਬ੍ਰੇਰੀ ਵਿਚ ਮੌਕੇ ਉੱਤੇ ਹੀ ਤੁਹਾਨੂੰ ਕੀਮਤੀ ਪੁਸਤਕਾਂ ਪੜ੍ਹਨ ਵਾਸਤੇ ਮਿਲ ਸਕਦੀਆਂ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਫ਼ੈਸਲੇ ਅਨੁਸਾਰ ਗੁਰਬਾਣੀ ਦੀ ਸ਼ੁੱਧ ਛਾਪਈ ਕਰਵਾਈ ਗਈ ਅਤੇ ਬਹੁਤ ਸਸਤੇ ਤੇ ਘੱਟ ਮੁੱਲ ਉੱਤੇ ਤਲਬਗਾਰਾਂ ਨੂੰ ਮੁਹੱਈਆ ਕਰਵਾਈ ਜਾਣ ਲਗੀ। ਕਮੇਟੀ ਵੱਲੋਂ ਸਥਾਪਿਤ ਸਕੂਲ, ਕਾਲਜ, ਯੂਨੀਵਰਸਿਟੀ ਅਤੇ ਹੋਰ ਸੰਸਥਾਵਾਂ ਦਾ ਵੇਰਵਾ ਮੌਜੂਦ ਹੈ।

**ਚੌਥੇ ਅਧਿਆਇ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧਕੀ ਯੋਗਦਾਨ** ਬਾਰੇ ਚਰਚਾ ਕੀਤੀ ਗਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸੰਸਾਰ ਭਰ ਦੇ ਸਿੱਖਾਂ ਦੀ ਸਭ ਤੋਂ ਉੱਚੀ ਧਾਰਮਿਕ ਸੰਸਥਾ ਹੈ ਜਿਸ ਦੇ ਜਿੰਮੇ ਗੁਰਦੁਆਰਿਆਂ ਦਾ ਯੋਗ ਪ੍ਰਬੰਧ, ਉਨ੍ਹਾਂ ਦਾ ਰੱਖ-ਰਖਾਉ ਤੇ ਸਾਂਭ-ਸੰਭਾਲ , ਉਸਦੀ ਹੋਂਦ ਤੋਂ ਹੀ ਲੱਗੀ ਹੋਈ ਹੈ ਅਤੇ ਕਮੇਟੀ ਇਸ ਜਿੰਮੇਵਾਰੀ ਨੂੰ ਪੂਰੀ ਤਨਦੇਹੀ ਅਤੇ ਯੋਗਤਾ ਨਾਲ ਨਿਭਾਅ ਰਹੀ ਹੈ। ਉਹ ਕੋਸ਼ਿਸ਼ ਕਰਦੀ ਹੈ ਕਿ ਬੱਜਟ ਇਸ ਤਰ੍ਹਾਂ ਪਾਸ ਕੀਤੇ ਜਾਂਦੇ ਹਨ ਕਿ ਆਮਦਨ ਅਤੇ ਖਰਚੇ ਬਰਾਬਰ ਰੱਖੇ ਜਾਣ। ਕਮੇਟੀ ਧਾਰਮਿਕ ਸੰਸਥਾ ਹੈ ਤੇ ਮਨੁੱਖੀ ਧਰਮ ਤੇ ਨੈਤਿਕਤਾ

ਪ੍ਰਤੀ ਸੁਧਾਰਾਂ ਦੀ ਸੁਣਦੀ ਹੈ। ਅੱਜ ਸੰਸਾਰ ਵਿਚ ਬਹੁਤ ਅਧਰਮ ਫੈਲ ਰਿਹਾ ਹੈ ਤੇਧਰਮ ਗੌਣ ਅਵਸਥਾ ਵਿਚ ਚਲਾ ਗਿਆ ਹੈ। ਇਸ ਅਵਸਥਾ ਵਿਚ ਕਮੇਟੀ ਧਾਰਮਿਕ ਗਿਆਨ ਦਾ ਦੀਪ ਜਲਾ ਕੇ ਅਧਰਮ ਦੇ ਹਨੇਰੇ ਨੂੰ ਦੂਰ ਕਰਨ ਦੀਆਂ ਭਰਪੂਰ ਕੋਸ਼ਿਸ਼ਾਂ ਕਰ ਰਹੀ ਹੈ। ਮਨੁੱਖਤਾ ਦੇ ਜੀਵਨ ਵਿਚ ਜਿਥੇ ਆਰਥਿਕਤਾ ਬਹੁਤ ਜ਼ਰੂਰੀ ਹੈ ਰਾਜਨੀਤੀ ਦਾ ਵੀ ਯੋਗ ਸਥਾਨ ਹੈ ਪ੍ਰੰਤੂ ਜੇਕਰ ਧਾਰਮਿਕ ਤੌਰ `ਤੇ ਮਨੁੱਖਤਾ ਸੰਜੋਗ ਨਹੀਂ ਹੋਵੇਗੀ ਤਾਂ ਸਾਰੇ ਕੰਮ ਫੋਕਟ ਹੋਣਗੇ। ਇਸ ਲਈ ਕਮੇਟੀ ਗੁਰਦੁਆਰਿਆਂ ਵਿਚ ਐਸੇ ਪ੍ਰਬੰਧਾਂ ਦੀ ਲੜੀ ਕਾਇਮ ਰੱਖਦੀ ਹੈ ਜਿਸ ਨਾਲ ਸੰਸਾਰ ਵਿਚ ਆਪਸੀ ਸਹਿਣਸ਼ੀਲਤਾ ਵਧੇਗੀ ਅਤੇ ਸੰਸਾਰ ਇਕ ਪਰਿਵਾਰ ਵਿਚ ਪਰੋਇਆ ਜਾਵੇਗਾ। ਉਮੀਦ ਹੈ ਕਿ ਕਮੇਟੀ ਆਪਣੇ ਰਾਹਾਂ `ਤੇ ਚਲ ਕੇ ਗੁਰਦੁਆਰਿਆਂ ਵਿਚ ਸੰਸਾਰ ਪੱਧਰੀ ਪ੍ਰਬੰਧ ਜਾਰੀ ਰੱਖੇਗੀ।

ਖੋਜ ਕਾਰਜ ਦੇ **ਪੰਜਵੇਂ ਅਤੇ ਆਖ਼ਰੀ ਅਧਿਆਇ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਮਾਜਿਕ ਅਤੇ ਆਰਥਿਕ ਯੋਗਦਾਨ** ਦੀ ਗੱਲ ਕੀਤੀ ਗਈ ਹੈ। ਇਸ ਅਧਿਆਇ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਕੀਤੇ ਗਏ ਸਮਾਜਿਕ ਕਾਰਜਾਂ ਜਿਵੇਂ ਲੋਕਾਂ ਨੂੰ ਸਮਾਜ ਵਿਚ ਇਸਤਰੀ ਦੇ ਰੁਤਬੇ ਪ੍ਰਤੀ ਜਾਗਰੂਕ ਕਰਨਾ, ਜਾਤ-ਪਾਤ ਦਾ ਭੇਦ ਮਿਟਾਉਣਾ, ਨਸ਼ਿਆਂ ਅਤੇ ਵਾਤਾਵਰਣ ਪ੍ਰਤੀ ਲੋਕਾਂ ਨੂੰ ਸੁਚੇਤ ਕਰਨਾ, ਵਿੱਦਿਆ, ਸਿੱਖ ਵਿਰਾਸਤੀ ਖੇਡਾਂ ਅਤੇ ਪੰਜਾਬੀ ਭਾਸ਼ਾ ਨੂੰ ਜਿਊਂਦੇ ਰੱਖਣ ਲਈ ਕਮੇਟੀ ਦੁਆਰਾ ਕੀਤੇ ਗਏ ਯਤਨ ਆਦਿ ਬਾਰੇ ਵਿਚਾਰ ਕੀਤਾ ਗਿਆ ਹੈ। ਇਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੁਆਰਾ ਹਰ ਪੱਧਰ ’ਤੇ ਲੋਕਾਂ ਦੀ ਵੱਧ-ਚੱੜ ਕੇ ਮਦਦ ਕੀਤੀ ਜਾਂਦੀ ਹੈ। ਸ਼੍ਰੋਮਣੀ ਕਮੇਟੀ ਦੁਆਰਾ ਚਲਾਏ ਜਾ ਰਹੇ ਹਜ਼ਾਰਾਂ ਵੱਖ-ਵੱਖ ਪ੍ਰੋਗਰਾਮਾਂ ਵਿਚ ਲੱਖਾਂ ਦੀ ਤਦਾਤ ਵਿਚ ਲੋਕਾਂ ਨੂੰ ਰੁਜ਼ਗਾਰ ਪ੍ਰਾਪਤ ਹੈ। ਸੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾ ਸਿਰਫ਼ ਧਾਰਮਿਕ, ਵਿੱਦਿਅਕ ਤੇ ਪ੍ਰਬੰਧਕੀ ਖੇਤਰਾਂ ਵਿਚ ਸਮਾਜ ਲਈ ਵਰਦਾਨ ਸਾਬਤ ਹੋਈ ਹੈ ਬਲਕਿ ਆਰਥਿਕ ਤੌਰ ’ਤੇ ਵੀ ਜਿਵੇਂ: ਕੁਦਰਤੀ ਆਫ਼ਤਾਂ, ਧਰਮੀ ਫ਼ੌਜਿਆਂ, ਢਾਡੀ, ਰਾਗੀ, ਪੱਛੜੇ ਸਿੱਖ ਕਬੀਲਿਆਂ, ਕੈਂਸਰ ਰਾਹਤ ਫੰਡ, ਫੁੱਟਕਲ ਰਾਹਤ ਫੰਡ ਆਦਿ ਦੀ ਸਹਾਇਤਾ ਕਰਨ ਲਈ ਕਮੇਟੀ ਇਕ ਕ੍ਰਾਂਤੀ ਵੱਜੋਂ ਕਾਰਸ਼ੀਲ ਸਾਬਤ ਹੋਈ ਹੈ।

ਉਪਰੋਕਤ ਖੋਜ ਕਾਰਜ ਨੂੰ ਨੇਪਰੇ ਚਾੜਦਿਆਂ ਸਾਡੇ ਸਾਹਮਣੇ ਕੁਝ ਤੱਥ ਪ੍ਰਗਟ ਹੋਏ ਹਨ। ਜਿਨ੍ਹਾਂ ਨੂੰ ਸੰਖੇਪ ਰੂਪ ਵਿੱਚ ਹੇਠ ਲਿਖੇ ਅਨੁਸਾਰ ਵਿਚਾਰਿਆ ਗਿਆ ਹੈ:

- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਜਨਮ ਸਿੱਖਾਂ ਦੀਆਂ ਅਨੇਕ ਸ਼ਹਾਦਤਾਂ ਦਾ ਨਤੀਜਾ ਹੈ। ਇਸ ਲਈ ਬਹੁਤ ਸਾਰੇ ਮੋਰਚੇ ਜਿਹੜੇ ਗੁਰਦੁਆਰਾ ਸੁਧਾਰ ਲਹਿਰ ਲਈ ਲਗਾਏ ਗਏ ਉਹ ਇਸ ਦਾ ਆਧਾਰ ਬਣੇ। ਇਨ੍ਹਾਂ ਮੋਰਚਿਆਂ ਨੇ ਸਿੱਖਾਂ ਨੂੰ ਆਪਣੀ ਨੁਮਾਇੰਦਾ ਜਮਾਤ ਥਾਪਣ ਲਈ ਪ੍ਰੇਰਿਤ ਕੀਤਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਜਨਮ ਹੋਇਆ। ਇਸ ਦੇ ਨਾਲ ਅਕਾਲੀ ਦਲ ਦਾ ਵੀ ਜਨਮ ਹੋਇਆ। ਪ੍ਰੰਤੂ ਇੱਕ ਪੜਾਅ ਤੇ ਆ ਕੇ ਇਨ੍ਹਾਂ ਦੋਹਾਂ ਸੰਸਥਾਵਾਂ ਦਾ ਮੁਹਾਦਰਾਂ ਵੱਖ-ਵੱਖ ਹੋ ਗਿਆ।
- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਧਰਮ ਦੇ ਖੇਤਰ ਵਿੱਚ ਪਾਇਆ ਯੋਗਦਾਨ ਅਦੁੱਤੀ ਹੈ। ਇਸ ਨੇ ਗੁਰਦੁਆਰਿਆਂ ਵਿੱਚ ਸੁਧਾਰ ਤੋਂ ਇਲਾਵਾ ਉਨ੍ਹਾਂ ਦੇ ਪ੍ਰਬੰਧ ਨੂੰ ਆਪਣੇ ਹੱਥਾਂ ਵਿੱਚ ਲਿਆ। ਰਹਿਤ ਮਰਯਾਦਾ ਦੀ ਸਥਾਪਤੀ ਲਈ ਯਤਨ ਕਰਕੇ ਗੁਰਦੁਆਰਾ ਸਾਹਿਬਾਨ ਦੇ ਧਾਰਮਿਕ ਪੱਖਾਂ ਵਿੱਚ ਏਕਤਾ ਲਿਆਉਣ ਦੀ ਕੋਸ਼ਿਸ਼ ਕੀਤੀ ਜਿਸ ਵਿੱਚ ਨਿਤਨੇਮ, ਕੀਰਤਨ, ਲੰਗਰ ਆਦਿ ਜਿਹੜੇ ਸਿੱਖ ਧਰਮ ਦੇ ਅਧਾਰ ਮੂਲਕ ਪੱਖ ਹਨ ਵਿੱਚ ਇਕਸੁਰਤਾ ਲਿਆਂਦੀ ਗਈ।
- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣੇ ਪਿਛੋਕੜ ਵਿੱਚ ਚੱਲੀ ਸਿੰਘ ਸਭਾ ਲਹਿਰ ਦੁਆਰਾ ਸਥਾਪਿਤ ਕੀਤੇ ਗੁਰਦੁਆਰਿਆਂ, ਸਕੂਲਾਂ, ਕਾਲਜਾਂ ਦਾ ਪ੍ਰਬੰਧ ਆਪਣੇ ਹੱਥਾਂ ਵਿੱਚ ਲੈ ਕੇ ਪੰਜਾਬੀ ਭਾਸ਼ਾ ਅਤੇ ਗੁਰਮਤਿ ਨਾਲ ਸੰਬੰਧਿਤ ਗਤੀਵਿਧੀਆਂ ਨੂੰ ਇਨ੍ਹਾਂ ਗੁਰਦੁਆਰਿਆਂ ਵਿੱਚ ਪ੍ਰਮੁੱਖਤਾ ਦਿੱਤੀ, ਨਾਲ ਹੀ ਤਕਨੀਕੀ ਸਿੱਖਿਆ, ਮੈਡੀਕਲ ਸਿੱਖਿਆ ਅਤੇ ਧਾਰਮਿਕ ਸਿੱਖਿਆ ਦੇ ਅਦਾਰੇ ਖੋਲੇ ਜਿਨ੍ਹਾਂ ਵਿੱਚ ਟੈਕਨੀਕਲ ਆਦਰਸ਼ ਅਤੇ ਮਿਸ਼ਨਰੀ ਕਾਲਜ ਸ਼ਾਮਿਲ ਹਨ।
- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇੱਕ ਪ੍ਰਬੰਧਕੀ ਢਾਂਚਾ ਹੈ, ਜਿਸ ਵਿੱਚ ਪੰਜਾਬ ਅਤੇ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿੱਚ ਚੁਣ ਕੇ ਮੈਂਬਰ ਆਉਂਦੇ ਹਨ। ਜਿਹੜੇ ਵੱਖ-ਵੱਖ

ਇਲਾਕਿਆਂ ਦੇ ਸਿੱਖਾਂ ਦੀ ਨੁਮਾਇੰਦਗੀ ਕਰਦੇ ਹਨ। ਇਸ ਨਾਲ ਵੱਖ-ਵੱਖ ਖੇਤਰਾਂ ਨੂੰ ਇੱਕ ਪਲੇਟਫਾਰਮ ਉੱਪਰ ਆਪਣੀ ਗੱਲ ਕਹਿਣ ਦਾ ਮੌਕਾ ਮਿਲਦਾ ਹੈ ਅਤੇ ਇਨ੍ਹਾਂ ਮੈਂਬਰਾਂ ਵਿੱਚੋਂ ਪ੍ਰਧਾਨ ਦੀ ਚੋਣ ਕਰਕੇ ਲੋਕਤੰਤਰੀ ਪ੍ਰਣਾਲੀ ਨਾਲ ਇਸਦਾ ਕਾਰਜ ਚਲਦਾ ਹੈ। ਇਸੇ ਤਰ੍ਹਾਂ ਗੁਰਦੁਆਰੇ, ਕਾਲਜਾਂ, ਸਕੂਲਾਂ ਆਦਿ ਦੀਆਂ ਕਮੇਟੀਆਂ ਦਾ ਵੀ ਵਿਧਾਨ ਹੈ ਅਤੇ ਇਹ ਸਾਰਾ ਕੁਝ ਗੁਰਦੁਆਰਾ ਐਕਟ ਦੇ ਤਹਿਤ ਆਉਂਦਾ ਹੈ।

- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮਾਜਿਕ ਅਤੇ ਆਰਥਿਕ ਖੇਤਰ ਵਿੱਚ ਆਪਣਾ ਯੋਗਦਾਨ ਪਾਉਂਦੀ ਹੈ ਭਾਰਤ ਅਤੇ ਪੰਜਾਬ ਵਿੱਚ ਕੁਦਰਤੀ ਆਫਤਾਂ ਅਤੇ ਬਿਮਾਰੀ ਆਦਿ ਨਾਲ ਜੂਝ ਰਹੇ ਲੋਕਾਂ ਦੀ ਮੱਦਦ ਲਈ ਆਰਥਿਕ ਯੋਗਦਾਨ ਤੋਂ ਇਲਾਵਾ ਪੱਛੜੇ ਸਿੱਖ ਕਬੀਲਿਆਂ ਦੇ ਸਮਾਜਿਕ ਪੱਧਰ ਨੂੰ ਉੱਚਾ ਚੁੱਕਣ ਵਿੱਚ ਵਿਸ਼ੇਸ਼ ਯੋਗਦਾਨ ਦਿੰਦੀ ਹੈ।ਇਨ੍ਹਾਂ ਵਿਸ਼ੇਸ਼ਤਾਵਾਂ ਤੋਂ ਇਲਾਵਾ ਅਧਿਐਨ ਕਰਦਿਆਂ ਕੁਝ ਸਮੱਸਿਆਵਾਂ ਵੀ ਸਾਡੇ ਸਨਮੁੱਖ ਹੁੰਦੀਆਂ ਹਨ। ਜਿਨ੍ਹਾ ਨੂੰ ਅਸੀਂ ਇਸ ਤਰ੍ਹਾ ਵਿਚਾਰ ਸਕਦੇ ਹਾਂ।
- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖਾਂ ਦੀ ਉੱਚ ਸੰਸਥਾ ਹੈ ਪ੍ਰੰਤੂ ਸਿੱਖਾਂ ਦੇ ਬਹੁਤ ਸਾਰੇ ਸੰਪ੍ਰਦਾਇ, ਟਕਸਾਲਾਂ ਅਤੇ ਗੁਰਦੁਆਰਿਆਂ ਦੇ ਪ੍ਰਬੰਧ ਇਸ ਦੇ ਖੇਤਰ ਵਿੱਚੋਂ ਬਾਹਰ ਹਨ ਜਿੱਥੇ ਪੰਥ ਪ੍ਰਮਾਣਿਤ ਰਹਿਤ ਮਰਯਾਦਾ ਲਾਗੂ ਨਹੀਂ ਹੁੰਦੀ।
- ਸਰਕਾਰੀ ਦਫਤਰਾਂ ਦੀ ਤਰ੍ਹਾਂ ਇਸ ਸੰਸਥਾ ਦੇ ਦਫਤਰੀ ਕੰਮਾਂ ਕਾਰਜਾਂ ਵਿੱਚ ਹਰ ਥਾਂ ਪਾਰਦਰਸ਼ਤਾ ਨਹੀਂ ਹੈ।
- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬਹੁ-ਪੱਖੀ ਯੋਗਦਾਨ ਨੂੰ ਸਹੀ ਤਰੀਕੇ ਨਾਲ ਲੋਕਾਂ ਤੱਕ ਪਹੁੰਚਾਉਣ ਲਈ ਸਹੀ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ ਅਤੇ ਇਸ ਦੇ ਸ੍ਰੋਤਾਂ ਦੀ ਜਾਣਕਾਰੀ ਲਈ ਖੋਜਾਰਥੀਆਂ ਨੂੰ ਬਹੁਤ ਖੱਜਲ-ਖੁਆਰੀ ਦਾ ਸਾਹਮਣਾ ਕਰਨਾ ਪੈਂਦਾ ਹੈ।
- ਸਿਫਾਰਸ਼ਾਂ ਅਤੇ ਰਾਜਨੀਤੀ ਨੇ ਇਸ ਨੂੰ ਵੀ ਆਪਣੇ ਪੰਜੇ ਵਿੱਚ ਜਕੜ ਲਿਆ ਹੈ।
- ਇਸ ਸੰਸਥਾ ਦੁਆਰਾ ਛਾਪੇ ਜਾਂਦੇ ਸਾਹਿਤ ਦੀ ਪੁਨਰ-ਪ੍ਰਕਾਸ਼ਨਾ ਵਿੱਚ ਗਲਤੀਆਂ ਅਤੇ ਸਿੱਖ ਧਰਮ ਵਿਰੁੱਧ ਬਹੁਤ ਸਾਰੀਆਂ ਗੱਲਾਂ ਸਾਹਮਣੇ ਆਈਆਂ ਹਨ। ਜਿਨ੍ਹਾਂ ਦੀ ਇਸ ਸੰਸਥਾ ਤੋਂ

ਆਸ ਨਹੀਂ ਕੀਤੀ ਜਾ ਸਕਦੀ। ਹਵਾਲੇ ਲਈ ਪਬਲਿਕ ਸਾਇਟਾਂ ਉੱਪਰ ਵੱਖ-ਵੱਖ ਵਿਦਵਾਨਾਂ ਵੱਲੋਂ ਦਿੱਤੇ ਗਏ ਭਾਸ਼ਣ ਤੇ ਇਤਰਾਜ਼ ਦੇਖੇ ਜਾ ਸਕਦੇ ਹਨ।

- ਇਸ ਸੰਸਥਾ ਦੇ ਨਾਲ ਜੁੜੇ ਮੈਂਬਰ ਸਾਹਿਬਾਨਾਂ ਅਤੇ ਮੁਲਾਜਮਾਂ ਵਿੱਚ ਸਿੱਖੀ ਦਾ ਮਿਆਰ ਲਗਾਤਾਰ ਘੱਟਦਾ ਜਾ ਰਿਹਾ ਹੈ ਅਤੇ ਆਮ ਲੋਕਾਂ ਵਿੱਚ ਇਸ ਸੰਸਥਾ ਦੀ ਸ਼ਾਖ ਕੁੱਝ ਘਟੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਹੋਰਨਾਂ ਵੱਡੀਆਂ ਸੰਸਥਾਵਾਂ ਦੀ ਤਰ੍ਹਾਂ ਅਨੇਕ ਗੁਣ ਅਤੇ ਕਮੀਆਂ ਦੇ ਬਾਵਜੂਦ ਕੁਝ ਸੰਭਾਵਨਾਵਾਂ ਵੀ ਨਜਰੀ ਆਉਂਦੀਆਂ ਹਨ।
- ਸਾਡੇ ਕੋਲ ਇਸ ਸੰਸਥਾ ਦਾ ਕੋਈ ਬਦਲ ਨਹੀਂ ਹੈ ਜਿਹੜੀ ਵਿਆਪਕ ਪੱਧਰ ਉੱਪਰ ਸਿੱਖਾਂ ਦੀ ਨੁਮਾਇੰਦਗੀ ਕਰ ਸਕਦੀ ਹੋਵੇ। ਵਰਤਮਾਨ ਸਮੇਂ ਸੌੜੀ ਰਾਜਨੀਤੀ ਵਿੱਚੋਂ ਨਿਕਲ ਕੇ ਇਹ ਸਿੱਖਾਂ ਵਿੱਚ ਹਰਮਨ ਪਿਆਰਤਾ ਪੈਦਾ ਕਰ ਸਕਦੀ ਹੈ।
- ਇਸ ਸੰਸਥਾ ਕੋਲ ਇੰਨੀ ਸਮਰੱਥਾ ਹੈ ਕਿ ਇਹ ਸਿੱਖ ਮੁੱਦਿਆਂ ਦੇ ਨਾਲ ਪੰਜਾਬ ਦੀਆਂ ਕਾਫੀ ਸਮੱਸਿਆਵਾਂ ਜਿਨ੍ਹਾਂ ਵਿੱਚ ਬੇਰੁਜ਼ਗਾਰੀ, ਨਸ਼ੇ ਅਤੇ ਪਤਿਤਪੁਣੇ ਆਦਿ ਨੂੰ ਹੱਲ ਕਰ ਸਕਦੀ ਹੈ।
- ਇਹ ਸੰਸਥਾ ਆਪਣੇ ਉਦੇਸ਼ਾਂ ਵਿੱਚੋਂ ਇੱਕ ਜਿਸ ਵਿੱਚ ਸਿੱਖ ਸਾਹਿਤ ਦਾ ਪ੍ਰਚਾਰ-ਪ੍ਰਸਾਰ ਹੈ ਨੂੰ ਪੁਨਰ ਪ੍ਰਕਾਸ਼ਿਤ ਕਰਕੇ ਪੜ੍ਹੇ ਲਿਖੇ ਲੋਕਾਂ ਤੱਕ ਉਨ੍ਹਾਂ ਦੀ ਭਾਸ਼ਾ ਵਿੱਚ ਪਹੁੰਚਾ ਕੇ ਸਿੱਖ ਧਰਮ ਦਾ ਪ੍ਰਚਾਰ ਹੋਰਨਾਂ ਮੱਤਾਂ ਦੇ ਪੱਧਰ ਤੱਕ ਕਰ ਸਕਦੀ ਹੈ ਕਿਉਂਕਿ ਇਸ ਕੋਲ ਉਸ ਤਰ੍ਹਾਂ ਦੇ ਵਸੀਲੇ ਮੌਜੂਦ ਹਨ।
- ਸਿੱਖ ਧਰਮ ਵਿੱਚ ਏਕਤਾ ਅਤੇ ਵਿਸ਼ਵਾਸ ਲਿਆਉਣ ਲਈ ਇਹ ਸੰਸਥਾ ਦੇ ਮੈਂਬਰ, ਪ੍ਰਧਾਨ ਆਦਿ ਨੁਮਾਇੰਦੇ ਲੋਕਾਂ ਵਿੱਚ ਵਿਚਰ ਕੇ ਇਸ ਦੀ ਤਰੱਕੀ ਅਤੇ ਬਿਹਤਰੀ ਦੀਆਂ ਕੋਸ਼ਿਸਾਂ ਕਰਕੇ ਸਿੱਖੀ ਸਿਧਾਤਾਂ ਦੀ ਰੱਖਿਆ ਕਰ ਸਕਦੇ ਹਨ ਪ੍ਰੰਤੂ ਇਸ ਲਈ ਉੱਚੇ ਕਿਰਦਾਰ ਦੀ ਜ਼ਰੂਰਤ ਹੈ।

ਪੰਜਾਬ ਵਿੱਚ ਸਿੱਖ ਧਰਮ ਦੇ ਰੂਪ ਵਿੱਚ ਸਮਾਜ ਨੂੰ ਇੱਕ ਨਵੀਂ ਰੌਸ਼ਨੀ ਪ੍ਰਾਪਤ ਹੋਈ। ਜਿਸ ਨੇ ਤੱਤਕਾਲੀ ਸਮਾਜ ਨੂੰ ਪ੍ਰਭਾਵਿਤ ਕੀਤਾ ਅਤੇ ਪੁਰਾਣੀਆਂ ਧਾਰਮਿਕ ਕਦਰਾਂ-ਕੀਮਤਾਂ ਨੂੰ ਤੋੜ ਕੇ ਉਨ੍ਹਾਂ ਦੀ

ਥਾਂ ਨਵੀਂਆਂ ਕੀਮਤਾਂ ਦੀ ਸਿਰਜਨਾ ਕੀਤੀ। ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਹੋਂਦ ਨੇ ਨਾ ਸਿਰਫ਼ ਸਿੱਖਾਂ ਲਈ ਬਲਕਿ ਪੰਜਾਬੀ ਸਮਾਜ ਲਈ ਵੀ ਸੋਨੇ ਤੇ ਸੁਹਾਗੇ ਵਰਾਗਾ ਕੰਮ ਕੀਤਾ ਹੈ। ਕਮੇਟੀ ਦਾ ਕਾਰਜ ਖੇਤਰ ਕੇਵਲ ਸਿੱਖ ਧਰਮ ਦੇ ਧਾਰਮਿਕ ਅਸਥਾਨਾਂ ਦੇ ਪ੍ਰਬੰਧ ਤੱਕ ਹੀ ਸੀਮਤ ਨਹੀਂ, ਬਲਕਿ ਇਸ ਨੇ ਸੰਸਾਰ ਪੱਧਰ ਉੱਪਰ ਪਸਰੇ ਵਰਤਾਰਿਆਂ ਤੱਕ ਆਪਣੀ ਰਸਾਈ ਸਿੱਖਾਂ ਦੀ ਇਕ ਨੁਮਾਇੰਦਾ ਜਮਾਤ ਵੱਜੋਂ ਅਗਵਾਈ ਕੀਤੀ ਹੈ। ਇਹ ਸਿੱਖਾਂ ਦੇ ਸਮਾਜਿਕ ਅਤੇ ਆਰਥਿਕ ਪੱਧਰ ਨੂੰ ਆਪਣੇ ਕਲਾਵੇ ਵਿਚ ਲੈਣ ਦੀ ਕੋਸ਼ਿਸ਼ ਕਰਦੀ ਹੈ। ਸਮਾਜ ਨਾਲ ਖਾਸ ਕਰ ਸਿੱਖਾਂ ਨਾਲ ਜੁੜੇ ਮਸਲਿਆਂ ਵਿਚ ਆਪਣੀ ਰਾਇ ਦੇਣਾ ਅਤੇ ਮਸਲਿਆਂ ਦੇ ਹੱਲ ਲਭਣ ਦਾ ਜਤਨ ਕਰਨਾ ਇਸ ਸੰਸਥਾ ਦਾ ਮੁੱਖ ਕਾਰਜ ਹੈ। ਇਸ ਨੇ ਇਹ ਕਾਰਜ ਬਾਖੂਬੀ ਨਿਭਾਉਣ ਦੀ ਕੋਸ਼ਿਸ਼ ਵੀ ਕੀਤੀ ਹੈ।

ਅੱਜ ਸੰਸਾਰ ਵਿਚ ਬਹੁਤ ਅਧਰਮ ਫੈਲ ਰਿਹਾ ਹੈ ਤੇ ਧਰਮ ਗੌਣ ਅਵਸਥਾ ਵਿਚ ਚਲਾ ਗਿਆ ਹੈ। ਇਸ ਅਵਸਥਾ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਧਾਰਮਿਕ ਗਿਆਨ ਦਾ ਦੀਪ ਜਲਾ ਕੇ ਅਧਰਮ ਦੇ ਹਨੇਰੇ ਨੂੰ ਦੂਰ ਕਰਨ ਦੀਆਂ ਭਰਪੂਰ ਕੋਸ਼ਿਸ਼ਾਂ ਕਰ ਰਹੀ ਹੈ। ਮਨੁੱਖਤਾ ਦੇ ਜੀਵਨ ਵਿਚ ਜਿੱਥੇ ਆਰਥਿਕਤਾ ਬਹੁਤ ਜ਼ਰੂਰੀ ਹੈ, ਉੱਥੇ ਰਾਜਨੀਤੀ ਦਾ ਵੀ ਯੋਗ ਸਥਾਨ ਹੈ ਪ੍ਰੰਤੂ ਜੇਕਰ ਧਾਰਮਿਕ ਤੌਰ `ਤੇ ਮਨੁੱਖਤਾ ਸੰਜੋਗ ਨਹੀਂ ਹੋਵੇਗੀ ਤਾਂ ਸਾਰੇ ਕੰਮ ਫੋਕਟ ਹੋਣਗੇ। ਇਸ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਦੁਆਰਿਆਂ ਵਿਚ ਐਸੇ ਪ੍ਰਬੰਧਾਂ ਦੀ ਲੜੀ ਕਾਇਮ ਰੱਖਦੀ ਹੈ ਜਿਸ ਨਾਲ ਸੰਸਾਰ ਵਿਚ ਆਪਸੀ ਸਹਿਣਸ਼ੀਲਤਾ ਵਧੇਗੀ ਅਤੇ ਸੰਸਾਰ ਇਕ ਪਰਿਵਾਰ ਵਿਚ ਪਰੋਇਆ ਜਾਵੇਗਾ। ਉਮੀਦ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣੇ ਰਾਹਾਂ `ਤੇ ਚੱਲ ਕੇ ਗੁਰਦੁਆਰਿਆਂ ਵਿਚ ਸੰਸਾਰ ਪੱਧਰੀ ਪ੍ਰਬੰਧ ਜਾਰੀ ਰੱਖੇਗੀ ਅਤੇ ਸਮੁੱਚੀ ਮਾਨਵਤਾ ਗੁਰੂ ਸਾਹਿਬਨ ਦੇ ਆਦਰਸ਼ਾਂ ਤੇ ਚੱਲਣ ਦਾ ਮਾਰਗ ਦਰਸਾਉਂਦੀ ਰਹੇਗੀ।

# ABSTRACT

Shiromani Gurdwara Parbandhak Committee is the main representative body of the Sikhs. It's history is full of martyrdom's. S.G.P.C gave the major challenges to the Britishers in the Punjab. Its is an big institution of Sikhs which organize the management of Sikh Gurdwara in Punjab and other areas. It represents the Sikhs in every field. This institution comes into existence to raise the voice of Sikh people and also to take care of the administrative and management of Gurdwara, which inturn helped to form S.G.P.C Having a big history of martyrdom S.G.P.C came up with Gurdwara Act, 1925 which became an evidence of it's organization at structure. The S.G.P.C's democratic constitution was laid upon the historic aspects and directions of Gurbani. The hardship works of S.G.P.C has put all efforts to recognized the 'Sikh Rehat Maryada'. Besides the management of Gurdwaras, the S.G.P.C is also administrating educational institutions such as Medical, Science and Technology, Social Science and Gurmat which spread the awareness and knowledge among the society. It also helps economically to the millions of people during natural disasters and epidemic of the diseases. This is the reason that S.G.P.C is also known as 'state with in state' due to its versatile activities and administrative policies.

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਿੱਖਾਂ ਦੀ ਨੁਮਾਇੰਦਾ ਜੱਥੇਬੰਦੀ ਹੈ। ਇਸ ਦਾ ਇਤਿਹਾਸ ਸ਼ਹਾਦਤਾਂ ਭਰਿਆ ਹੈ। ਅੰਗਰੇਜ਼ ਰਾਜ ਨੂੰ ਪੰਜਾਬ ਵਿਚ ਚੁਣੌਤੀ ਦੇਣ ਦਾ ਸਿਹਰਾ ਇਸ ਦੇ ਸਿਰ ਹੈ। ਗੁਰਦੁਆਰਿਆਂ ਦਾ ਪ੍ਰਬੰਧ ਕਰਨ ਵਾਲੀ ਇਸ ਸੰਸਥਾ ਦੇ ਕਾਰਜਾਂ ਦਾ ਘੇਰਾ ਬਹੁਤ ਵੱਡਾ ਹੈ। ਇਸ ਨੇ ਸਿੱਖਾਂ ਦੀ ਹਰ ਖੇਤਰ ਵਿਚ ਨੁਮਾਇੰਦਗੀ ਕੀਤੀ ਹੈ। ਆਪਣੇ ਗੁਰਦੁਆਰਿਆਂ ਦੇ ਪ੍ਰੰਬਧ ਦੇ ਸੁਚੱਜੇ ਅਮਲ ਨੂੰ ਲਾਗੂ ਕਰਵਾਉਣ ਲਈ ਉੱਠੀ ਸਿੱਖ ਕੌਮ ਦੀ ਆਵਾਜ਼ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਰੂਪ ਧਾਰਨ ਕੀਤਾ। ਸ਼ਹਾਦਤਾਂ ਦੇ ਅਮਲ ਵਿਚੋਂ ਗੁਰਦੁਆਰਾ ਐਕਟ 1925 ਸਿੱਖ ਸ਼ਨਾਖਤ ਦਾ ਇੱਕ ਸਬੂਤ ਬਣਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਗੁਰਬਾਣੀ ਅਤੇ ਸਿੱਖ ਇਤਿਹਾਸ ਦੀ ਲੋਅ ਵਿਚ ਲੋਕਤੰਤਰੀ ਲੀਹਾਂ ਉਪਰ ਸਿਰਜਿਆ ਗਿਆ। ਆਪਣੀ ਸਿਰਜਣਾ ਦੇ ਨਾਲ ਇਸਨੇ ਸਿੱਖ ਜੀਵਨ-ਜਾਂਚ ਦਾ ਇਕ ਸ਼ਾਸਤਰ ਉਲੀਕਿਆ ਜਿਸ ਨੂੰ 'ਸਿੱਖ ਰਹਿਤ ਮਰਯਾਦਾ' ਕਿਹਾ ਜਾਂਦਾ ਹੈ।

ਗੁਰਦੁਆਰਿਆਂ ਦੇ ਪ੍ਰਬੰਧ ਤੋਂ ਇਲਾਵਾ ਇਹ ਬਹੁਤ ਸਾਰੀਆਂ ਸਿੱਖਿਆ ਸੰਸਥਾਵਾਂ (ਮੈਡੀਕਲ, ਵਿਗਿਆਨ, ਆਰਟਸ ਅਤੇ ਗੁਰਮਤਿ) ਆਦਿ ਦਾ ਪ੍ਰਬੰਧ ਵੀ ਦੇਖਦੀ ਹੈ। ਕੁਦਰਤੀ ਆਫ਼ਤਾਂ ਅਤੇ ਬਿਮਾਰੀ ਤੋਂ ਪੀੜਤ ਲੱਖਾਂ ਲੋਕਾਂ ਦੀ ਮਦਦ ਇਸ ਦੁਆਰਾ ਕੀਤੀ ਜਾਂਦੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਰਜਾਂ ਦੇ ਘੇਰੇ ਨੂੰ ਦੇਖਦਿਆਂ ਇਸ ਨੂੰ 'State within state' ਵੀ ਕਿਹਾ ਜਾਂਦਾ ਹੈ।

# ਪੇਪਰ ਪ੍ਰਕਾਸ਼ਤ ਪ੍ਰਮਾਣ ਪੱਤਰ

ਤਸਦੀਕ ਕੀਤਾ ਜਾਂਦਾ ਹੈ ਕਿ ਖੋਜਾਰਥੀ ਹਰਕੰਵਲਦੀਪ ਸਿੰਘ ਦਾ ਹੇਠ ਲਿਖੇ ਅਨੁਸਾਰ ਪੇਪਰ ਪ੍ਰਕਾਸ਼ਤ ਹੋਇਆ ਹੈ, ਜਿਸ ਦਾ ਮੁੱਖ ਪੰਨਾ ਨੱਥੀ ਹੈ:

- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਿੱਖਿਆ ਦੇ ਖੇਤਰ ਵਿਚ ਮਹੱਤਵਪੂਰਨ ਫੈਸਲੇ: ਸਿੱਖ ਅਧਿਐਨ: ਸਿਧਾਂਤ, ਇਤਿਹਾਸ ਅਤੇ ਵਿਆਖਿਆਕਾਰੀ ਲੇਖ ਸੰਗ੍ਰਹਿ, (ਸੰਪਾ.) ਲਖਵਿੰਦਰ ਸਿੰਘ, 2017 (ਪੰਨਾ: 136 ਤੋਂ 152).
- ਧਰਮ ਦੇ ਅਧਿਆਤਮਿਕ ਅਤੇ ਸਮਾਜਿਕ ਸਰੋਕਾਰ (ਭਗਤ ਰਵਿਦਾਸ ਜੀ ਦੇ ਵਿਸ਼ੇਸ਼ ਸੰਦਰਭ ਵਿੱਚ) National Seminar on Socio-Spiritual Concerns of Religion, March, 09-10-2015. (pp. 179-181)

ਨਿਗਰਾਨ: ਮਿਤੀ:

ਡਾ. ਜਸਪ੍ਰੀਤ ਕੌਰ ਸੰਧੂ

(ਪ੍ਰੋਫੈਸਰ)

ਸਿੱਖ ਵਿਸ਼ਵਕੋਸ਼ ਵਿਭਾਗ,

ਪੰਜਾਬੀ ਯੂਨੀਵਰਸਿਟੀ, ਪਟਿਆਲਾ।

# ਘੋਸ਼ਣਾ ਪੱਤਰ

ਮੈਂ ਬਿਆਨ ਕਰਦਾ ਹਾਂ ਕਿ ਮੈਂ '**ਸਿੱਖ ਧਰਮ ਦੇ ਬਹੁਪੱਖੀ ਵਿਕਾਸ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਯੋਗਦਾਨ**' ਵਿਸ਼ੇ ਉੱਤੇ ਪੀਐਚ.ਡੀ. (ਧਰਮ ਅਧਿਐਨ) ਦੀ ਡਿਗਰੀ ਲਈ ਪ੍ਰਸਤੁਤ ਕੀਤਾ ਗਿਆ ਖੋਜ-ਕਾਰਜ ਮੇਰੀ ਮੌਲਿਕ ਰਚਨਾ ਹੈ। ਇਸ ਤੋਂ ਪਹਿਲਾਂ ਕਿਸੇ ਵੀ ਹੋਰ ਯੂਨੀਵਰਸਿਟੀ ਜਾਂ ਅਦਾਰੇ ਵੱਲੋਂ ਇਸ ਵਿਸ਼ੇ ਤੇ ਕੋਈ ਡਿਗਰੀ ਜਾਂ ਡਿਪਲੋਮਾ ਨਹੀਂ ਦਿੱਤਾ ਗਿਆ।

**ਖੋਜਾਰਥੀ**

ਹਰਕੰਵਲਦੀਪ ਸਿੰਘ

ਹਰਕੰਵਲਦੀਪ ਸਿੰਘ

(ਪ੍ਰਤੀ ਹਸਤਾਖਰ)

ਜਸਪ੍ਰੀਤ ਕੌਰ ਸੰਧੂ

**ਨਿਗਰਾਨ**

ਜਸਪ੍ਰੀਤ ਕੌਰ ਸੰਧੂ

ਪ੍ਰੋਫ਼ੈਸਰ

ਮਿਤੀ: 1-8-2019

# ਧੰਨਵਾਦ

ਇਸ ਖੋਜ-ਪ੍ਰਬੰਧ ਨੂੰ ਪ੍ਰਸਤੁਤ ਕਰਦਿਆਂ ਮੇਰਾ ਨੈਤਿਕ ਫਰਜ਼ ਹੈ ਕਿ ਮੈਂ ਉਨ੍ਹਾਂ ਵਿਅਕਤੀਆਂ ਪ੍ਰਤੀ ਧੰਨਵਾਦ ਪ੍ਰਗਟ ਕਰਾਂ ਜਿਨ੍ਹਾਂ ਨੇ ਇਸ ਖੋਜ-ਕਾਰਜ ਨੂੰ ਸੰਪੂਰਨ ਕਰਨ ਵਿਚ ਸਮੇਂ-ਸਮੇਂ ਮੇਰੀ ਸਹਾਇਤਾ ਕੀਤੀ:

- ਇਸ ਖੋਜ-ਕਾਰਜ ਨੂੰ ਨੇਪਰੇ ਚਾੜ੍ਹਣ ਵਿਚ ਮੈਂ ਆਪਣੇ ਨਿਗਰਾਨ ਡਾ. ਜਸਪ੍ਰੀਤ ਕੌਰ ਸੰਧੂ ਜੀ ਦਾ ਤਹਿ ਦਿਲੋਂ ਧੰਨਵਾਦੀ ਹਾਂ, ਜਿਨ੍ਹਾਂ ਦੀ ਸੁਯੋਗ ਅਗਵਾਈ ਹੇਠ ਮੈਂ ਇਹ ਖੋਜ-ਕਾਰਜ ਪੂਰਾ ਕੀਤਾ।
- ਆਪਣੇ ਵਿਭਾਗ ਦੇ ਸਮੂਹ ਅਧਿਆਪਕਾਂ ਦਾ ਧੰਨਵਾਦੀ ਹਾਂ ਜਿਨ੍ਹਾਂ ਦਾ ਸਹਿਯੋਗ ਮੇਰੇ ਲਈ ਪ੍ਰੇਰਨਾ ਦਾ ਸ੍ਰੋਤ ਬਣਿਆ।
- ਮੈਂ ਆਪਣੇ ਪਰਿਵਾਰ ਦਾ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਦੇ ਪਿਆਰ ਅਤੇ ਵਿਸ਼ਵਾਸ ਸਦਕਾ ਅੱਜ ਮੈਂ ਇੱਥੇ ਤਕ ਪਹੁੰਚਣ ਦੇ ਕਾਬਿਲ ਹੋਇਆ ਹਾਂ।
- ਆਪਣੇ ਦੋਸਤਾਂ ਦਾ ਵੀ ਧੰਨਵਾਦੀ ਹਾਂ ਜਿਨ੍ਹਾਂ ਨੇ ਮੇਰੀ ਇਸ ਖੋਜ ਕਾਰਜ ਵਿਚ ਬਹੁਤ ਮਦਦ ਕੀਤੀ।
- ਉਨ੍ਹਾਂ ਵਿਦਵਾਨਾਂ ਦਾ ਵੀ ਮੈਂ ਧੰਨਵਾਦੀ ਹਾਂ ਜਿਨ੍ਹਾਂ ਦੀਆਂ ਰਚਨਾਵਾਂ ਤੋਂ ਪ੍ਰੇਰਨਾ ਲਈ ਅਤੇ ਜਿਨ੍ਹਾਂ ਦੀਆਂ ਖੋਜ-ਕਿਰਤਾਂ ਮੇਰੇ ਖੋਜ-ਕਾਰਜ ਲਈ ਸਹਾਈ ਹੋਈਆਂ।
- ਧੰਨਵਾਦੀ ਲਾਇਬ੍ਰੇਰੀ ਸਟਾਫ਼ ਦਾ ਜੋ ਮੇਰੀ ਹਰ ਸੰਭਵ ਸਹਾਇਤਾ ਲਈ ਤਤਪਰ ਰਹਿੰਦੇ ਰਹੇ।

ਹਰਕੰਵਲਦੀਪ ਸਿੰਘ

# ਭੂਮਿਕਾ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖਾਂ ਦੀ ਸਿਰਮੌਰ ਜਥੇਬੰਦੀ ਹੈ ਜਿਸਦਾ ਆਪਣਾ ਇਕ ਮਹਤਵਪੂਰਨ ਇਤਿਹਾਸ ਹੈ ਇਸਦਾ ਅਕਾਦਮਿਕ ਪੱਧਰ ਤੇ ਜ਼ਿਕਰ ਹੋਣਾ ਵੀ ਲਾਜ਼ਮੀ ਹੈ। ਹੱਥਲੇ ਖੋਜ-ਕਾਰਜ ਵਿੱਚ ਇਸ ਸੰਸਥਾ ਦੇ ਮੁੱਢ ਤੋਂ ਲੈਕੇ ਵੱਖ-ਵੱਖ ਖੇਤਰਾਂ ਵਿੱਚ ਪਾਏ ਯੋਗਦਾਨ ਨੂੰ ਵਿਸ਼ਾ ਬਣਾਕੇ ਇਸਦੇ ਕਾਰਜਾਂ ਦੀ ਨਿਸ਼ਾਨਦੇਹੀ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਸਿੱਖ ਧਰਮ ਨੇ ਲੋਕਾਈ ਨੂੰ ਨਵੀਂ ਸੇਧ ਦੇ ਕੇ ਮਨੁੱਖ ਨੂੰ ਆਪਣੇ ਫੈਸਲਿਆਂ ਦਾ ਮਾਲਕ ਬਣਾਉਣ ਲਈ ਲੰਮੀ ਜੱਦੋ-ਜਹਿਦ ਦਾ ਇਤਿਹਾਸ ਸਿਰਜਿਆ ਹੈ। ਇਸਦੇ ਸੰਘਰਸ਼ ਵਿਚੋਂ ਅਨੇਕ ਸੰਸਥਾਵਾਂ ਅਤੇ ਲਹਿਰਾਂ ਦਾ ਉਥਾਨ ਹੋਇਆ। ਇੰਨ੍ਹਾਂ ਸਭ ਨੇ ਸਿੱਖ ਪੰਥ ਦੇ ਵਿਕਾਸ ਵਿਚ ਬਹੁਪੱਖੀ ਯੋਗਦਾਨ ਪਾਇਆ। ਗੁਰੂ ਸਾਹਿਬਾਨ ਦਾ ਲਗਪਗ ਸਵਾ ਕੁ ਦੋ ਸੌ ਸਾਲ ਦਾ ਜੀਵਨ ਇਤਿਹਾਸ ਸਾਨੂੰ ਇਸ ਵਿਕਾਸ ਦੇ ਦਰਸ਼ਨ ਕਰਵਾਉਂਦਾ ਹੈ। ਇਸ ਉਪਰੰਤ ਬੰਦਾ ਸਿੰਘ ਬਹਾਦਰ ਤੋਂ ਲੈ ਕੇ ਸਿੱਖ ਰਾਜ ਤੱਕ ਸਿੱਖੀ ਵਿਚ ਰਾਜਨੀਤਿਕ ਪਾਸਾਰ ਮੌਲਦਾ ਰਿਹਾ। ਗੁਰੂ ਕਾਲ ਤੋਂ ਲੈ ਕੇ ਨਿਰਮਲੇ, ਉਦਾਸੀ, ਮਿਹਰਬਾਨੀਏ, ਸੇਵਾਪੰਥੀ ਅਤੇ ਮਿਸਲ ਕਾਲ ਦੇ ਬੁੱਢਾ ਦਲ ਅਤੇ ਤਰਨਾ ਦਲ ਅਤੇ ਗੁਰਮਤਾ ਵਰਗੀਆਂ ਸੰਸਥਾਵਾਂ ਸਿੱਖ ਪੰਥ ਨੂੰ ਵਿਸ਼ਵ ਪੱਧਰ ਦੀਆਂ ਰਾਜਨੀਤਿਕ ਅਤੇ ਦਾਰਸ਼ਨਿਕ ਸਫਾਂ ਵਿਚ ਖੜਾ ਕਰਨ ਵਿਚ ਸਹਾਈ ਹੋਈਆਂ ਹਨ।

ਅੰਗਰੇਜ਼ਾਂ ਦੇ ਆਗਮਨ ਨਾਲ ਹਿੰਦੋਸਤਾਨ ਦੇ ਧਰਮਾਂ ਵਿਚ ਆਪਣੇ ਵਜੂਦ ਦੀ ਹੋਂਦ ਦਰਸਾਉਣ ਲਈ ਵਿਸ਼ੇਸ਼ ਪ੍ਰਕਾਰ ਦੇ ਜਤਨ ਆਰੰਭ ਹੋਏ, ਭਾਵੇਂ ਕਿ ਇਹ ਸ਼ਾਂਤ ਰੂਪ ਵਿਚ ਪਹਿਲਾਂ ਵੀ ਚਲਦੇ ਸਨ। ਪ੍ਰੰਤੂ ਈਸਾਈ ਧਰਮ ਦੇ ਪ੍ਰਸਾਰ ਅਤੇ ਉਨ੍ਹਾਂ ਦੇ ਪ੍ਰਚਾਰ ਦੀ ਲਹਿਰ ਤੋਂ ਪ੍ਰਭਾਵਿਤ ਹੋ ਕੇ ਇੰਨ੍ਹਾਂ ਧਰਮਾਂ ਦਾ ਪ੍ਰਤੀਕਰਮ ਤੇਜੀ ਨਾਲ ਵਾਪਰਿਆ। ਸਿੱਖ ਧਰਮ ਵਿਚ ਅਜਿਹੇ ਸਮੇਂ ਸਿੰਘ ਸਭਾ ਲਹਿਰ ਦਾ ਆਗਾਜ਼ ਹੋਇਆ। ਇਸ ਨੇ ਸਿੱਖਾਂ ਵਿਚ ਵਿਦਿਆ ਦਾ ਪਾਸਾਰ ਕੀਤਾ। ਇਸ ਲਹਿਰ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪਿੱਠ ਭੂਮੀ ਨੂੰ ਸਿਰਜਿਆ। ਗੁਰਦੁਆਰਿਆਂ ਦੇ ਪ੍ਰਬੰਧ ਉੱਪਰ ਲੁਕਵੇਂ ਅੰਗਰੇਜ਼ ਕਬਜੇ ਅਤੇ ਪ੍ਰੱਤਖ ਉਦਾਸੀ ਸਾਧਾਂ/ਮਹੰਤਾਂ ਦੇ ਕਾਬਜ ਹੋਣ ਕਰਕੇ ਆਈਆਂ ਕੁਰੀਤੀਆਂ ਨੇ ਗੁਰਦੁਆਰਾ ਸੁਧਾਰ ਲਹਿਰ ਨੂੰ ਜਨਮ ਦਿੱਤਾ, ਇਸ ਦਾ ਸ਼ਿਖਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਰੂਪ ਵਿਚ ਹੋਇਆ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਮੁੱਖ ਧਾਰਮਿਕ ਉਦੇਸਾਂ ਵਿਚ ਗੁਰਦੁਆਰਿਆਂ ਦੀ ਸੇਵਾ ਸੰਭਾਲ, ਗੁਰਦੁਆਰਿਆਂ ਨੂੰ ਗੈਰ-ਸਿੱਖ ਅਤੇ ਗੈਰ-ਵਾਜਬ ਰਸਮਾਂ ਤੋਂ ਮੁਕਤ ਕਰਨਾ, ਖਰਚ ਦਾ ਹਿਸਾਬ ਕਿਤਾਬ ਰੱਖਣਾ ਅਤੇ ਸਾਰੀ ਆਮਦਨ ਨੂੰ ਠੀਕ ਢੰਗ ਨਾਲ ਧਰਮ ਦੇ ਪ੍ਰਚਾਰ ਅਤੇ ਵਿੱਦਿਆ ਦੇ ਪ੍ਰਸਾਰ ਲਈ ਵਰਤਣਾ, ਇਮਾਰਤਾਂ ਦੀ ਸੰਭਾਲ ਅਤੇ ਉਹਨਾਂ ਵਿਚ ਸੁਧਾਰ ਕਰਨਾ, ਗੁਰੂ ਕੇ ਲੰਗਰ ਦਾ ਠੀਕ ਤਰ੍ਹਾਂ ਪ੍ਰਬੰਧ ਚਲਾਉਣਾ, ਸਿੱਖ ਧਰਮ ਦਾ ਪ੍ਰਚਾਰ ਤੇ ਪ੍ਰਸਾਰ, ਸਿੱਖ ਧਰਮ ਅਤੇ ਇਤਿਹਾਸ ਬਾਰੇ ਖੋਜ ਕਰਾਉਣਾ ਅਤੇ ਪ੍ਰਕਾਸ਼ਿਤ ਕਰਨਾ ਆਦਿ ਹਨ। ਇਹ ਸੰਸਥਾ ਸਾਰੇ ਕਾਰਜ ਸੁਚਾਰੂ ਰੂਪ ਵਿਚ ਕਰ ਰਹੀ ਹੈ। ਇਸ ਤੋਂ ਇਲਾਵਾ ਸੰਸਥਾ ਦੇਸ਼ ਵਿਦੇਸ਼ ਵਿਚ ਸਿੱਖ ਧਰਮ ਨੂੰ ਦਰਪੇਸ਼ ਚੁਣੌਤੀਆਂ ਦੇ ਮੁਕਾਬਲੇ ਲਈ ਤਤਪਰ ਰਹਿੰਦੀ ਹੈ। ਆਧੁਨਿਕ ਪਹੁੰਚ ਵਿਧੀਆਂ, ਵਿਗਿਆਨਕ ਖੋਜਾਂ ਅਤੇ ਤਕਨੀਕਾਂ ਦਾ ਸਹਾਰਾ ਸਿੱਖੀ ਦੇ ਪ੍ਰਚਾਰ ਪ੍ਰਸਾਰ ਲਈ ਲੈਣ ਦਾ ਜਤਨ ਕਰਦੀ ਹੈ। ਹਥਲੇ ਖੋਜ ਕਾਰਜ ਵਿਚ ਸੰਸਥਾ ਦੀਆਂ ਉਪਰੋਕਤ ਸੇਵਾਵਾਂ ਦਾ ਵਿਸਥਾਰ ਵਿਚ ਵਿਸ਼ਲੇਸ਼ਣ ਕੀਤਾ ਗਿਆ ਹੈ । ਇਸ ਕਾਰਜ ਨੂੰ ਅਸੀਂ ਪੰਜ ਅਧਿਆਇ ਵਿੱਚ ਉਲੀਕਿਆ ਹੈ:

**ਪਹਿਲੇ ਅਧਿਆਇ** ਵਿਚ ਇਸ ਸੰਸਥਾ ਦਾ ਇਤਿਹਾਸਕ ਪਿਛੋਕੜ ਜਿਸ ਵਿੱਚ ਗੁਰੂਕਾਲ, ਧਰਮਸਾਲਾਵਾਂ, ਗੁਰਦੁਆਰਾ, ਸਿੱਖ-ਰਾਜ ਅਤੇ ਮਹੰਤਕਾਲ, ਬ੍ਰਿਟਿਸ਼ ਰਾਜ ਤੇ ਮਹੰਤਕਾਲ, ਗੁਰਦੁਆਰਾ ਸੁਧਾਰ ਲਹਿਰਾਂ ਅਤੇ ਵੱਖ-ਵੱਖ ਮੋਰਚਿਆਂ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਦਾ ਜ਼ਿਕਰ ਕੀਤਾ ਜਾਵੇਗਾ। ਇਸ ਦੇ ਨਾਲ ਹੀ 15-16 ਨਵੰਬਰ 1920 ਈ: ਵਿੱਚ ਭਾਈ ਪੰਥਕ ਇਕੱਤਰਤਾ ਵਿੱਚ 175 ਮੈਂਬਰਾਂ ਦੀ ਰਹਿਨੁਮਾਈ ਹੇਠ ਇਸ ਦੀ ਬਣਤਰ ਤਿਆਰ ਕੀਤੀ ਗਈ ਅਤੇ ਇਸ ਸੰਸਥਾ ਦਾ ਨਾਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰੱਖਿਆ ਗਿਆ ਅਤੇ 1926 ਈ: ਵਿੱਚ ਸਰਕਾਰ ਦੁਆਰਾ ਐਕਟ ਪਾਸ ਕਰਨ ਬਾਰੇ ਪਹਿਲੀ ਅੰਤ੍ਰਿੰਗ ਕਮੇਟੀ, ਪੰਜਾਬ ਤੋਂ ਬਾਹਰਲੇ ਮੈਂਬਰਾਂ ਦੀ ਨਾਮਜ਼ਦਗੀ ਦਾ ਮਤਾ, ਸਬ-ਕਮੇਟੀਆਂ, ਜਨਰਲ ਇਜਲਾਸ ਦੁਆਰਾ ਇਸ ਦੀ ਬਣਤਰ ਤਿਆਰ ਹੋਣ ਬਾਰੇ ਜਾਣਕਾਰੀ

ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਸੰਸਥਾ ਦੇ ਉਦੇਸ਼ ਜਿਵੇਂ ਕਿ ਗੁਰਦੁਆਰਿਆਂ ਦੀ ਸੇਵਾ-ਸੰਭਾਲ ਕਰਨਾ ਅਤੇ ਗੁਰੂ-ਘਰਾਂ ਵਿੱਚ ਸੁਚੱਜੇ ਪ੍ਰਬੰਧ ਦੇ ਨਾਲ ਧਾਰਮਿਕ ਮਰਯਾਦਾ ਨੂੰ ਬਹਾਲ ਕਰਨਾ, ਗੁਰੂ ਸਿੱਖਾਂ ਨੂੰ ਸੰਗਤ ਤੇ ਪੰਗਤ, ਅੰਮ੍ਰਿਤ ਤੇ ਖ਼ਾਲਸਾ ਮੰਡਲ ਵਿੱਚ ਢਾਲ ਕੇ ਗੁਰੂ ਗ੍ਰੰਥ ਤੇ ਪੰਥ ਨਾਲ ਜੋੜਨਾ, ਸਿੱਖ ਸਭਿਅਤਾ, ਸਿੱਖ ਇਤਿਹਾਸ, ਸਿੱਖ ਵਿਰਸੇ, ਸਿੱਖ ਪ੍ਰਾਪਤੀਆਂ ਤੇ ਸਿੱਖੀ ਗੌਰਵ ਦੀ ਸੰਭਾਲ, ਧਰਮ ਦੀ ਮੌਲਿਕਤਾ, ਸੁਤੰਤਰਤਾ ਅਤੇ ਸਮਰੱਥਾ ਦੀ ਰਾਖੀ ਕਰਨਾ, ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਬਚਾਉਣਾ, ਮਨੁੱਖਤਾ ਦੇ ਲਈ ਉੱਚੀਆਂ ਤੇ ਸੁੱਚੀਆਂ ਕਦਰਾਂ-ਕੀਮਤਾਂ ਨੂੰ ਅਪਣਾਉਣਾ, ਗੁਰੂ ਸਾਹਿਬਾਨਾਂ ਵੱਲੋਂ ਚਲਾਈ ਸੰਸਾਰ ਸਰਬ-ਸਾਂਝੀਵਾਲਤਾ ਦਾ ਉਦੇਸ਼ ਦੇਣਾ ਆਦਿ ਬਾਰੇ ਜਾਣਕਾਰੀ ਦਿੱਤੀ ਜਾਵੇਗੀ।

**ਦੂਜੇ ਅਧਿਆਇ** ਵਿੱਚ ਇਸ ਸੰਸਥਾ ਦੇ ਧਾਰਮਿਕ ਯੋਗਦਾਨ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਇਸ ਵਿੱਚ ਸ਼੍ਰੋਮਣੀ ਕਮੇਟੀ ਨੇ ਮਨੁੱਖਤਾ ਦੇ ਭਲੇ ਲਈ ਕੀ ਧਾਰਮਿਕ ਯੋਗਦਾਨ ਦਿੱਤਾ। ਗੁਰੂ ਨਾਨਕ ਦੇਵ ਜੀ ਦੁਆਰਾ ਚਲਾਏ ਗਏ ਧਰਮ ਦੀ ਸਹੀ ਮਰਯਾਦਾ ਨੂੰ ਬਹਾਲ ਕਰਨ ਦਾ ਜ਼ਿਕਰ ਕੀਤਾ ਜਾਵੇਗਾ। ਜਿਵੇਂ ਕਿ ਗੁਰਦੁਆਰਿਆਂ ਵਿੱਚ ਇਕਸਾਰ ਰਹਿਤ ਮਰਯਾਦਾ ਸਥਾਪਿਤ ਕਰਨੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਮੁੱਖ ਧਾਰਮਿਕ ਉਦੇਸ਼, ਸਿੱਖ ਧਰਮ ਦਾ ਪ੍ਰਚਾਰ ਤੇ ਪ੍ਰਸਾਰ, ਸਿੱਖ ਧਰਮ ਅਤੇ ਇਤਿਹਾਸ ਬਾਰੇ ਖੋਜ ਕਰਾਉਣਾ ਅਤੇ ਪ੍ਰਕਾਸ਼ਿਤ ਕਰਨਾ, ਸੰਸਥਾ ਦੁਆਰਾ ਸਿੱਖ ਰੈਫਰੈਂਸ ਲਾਇਬ੍ਰੇਰੀ ਸਥਾਪਿਤ ਕਰਨਾ, ਧਰਮ ਪ੍ਰਚਾਰ ਕਮੇਟੀ ਦੀ ਸਥਾਪਨਾ ਕਰਨਾ, ਸਿੱਖ ਗੁਰੂ ਸਾਹਿਬਾਨਾਂ ਦੀਆਂ ਸ਼ਤਾਬਦੀਆਂ ਮਨਾਉਣਾ, ਸਿੱਖ ਮਿਸ਼ਨਰੀ ਕਾਲਜ ਸਥਾਪਿਤ ਕਰਨਾ, ਸਿੱਖ ਰਹਿਤ ਮਰਯਾਦਾ ਸਥਾਪਿਤ ਕਰਨਾ, ਪਾਕਿਸਤਾਨ ਵਿਚਲੇ ਗੁਰਦੁਆਰਿਆਂ ਦੇ ਦਰਸ਼ਨ ਕਰਵਾਉਣਾ, ਸਿੱਖ ਧਰਮ ਸਬੰਧੀ ਖੋਜ ਕਾਰਜਾਂ ਦੇ ਨਾਲ-ਨਾਲ ਧਾਰਮਿਕ ਰਸਾਲਿਆਂ ਅਤੇ ਗੁਰਮਤਿ ਰਸਾਲਿਆਂ ਬਾਰੇ ਜਾਣਕਾਰੀ, ਸਕੂਲਾਂ ਵਿੱਚ ਧਾਰਮਿਕ ਸਿੱਖਿਆ, ਵਰਤਮਾਨ ਤਕਨੀਕਾਂ ਰਾਹੀਂ ਧਰਮ ਪ੍ਰਚਾਰ ਆਦਿ ਬਾਰੇ ਵਿਸਥਾਰ ਪੂਰਵਕ ਵੇਰਵਾ ਦਿੱਤਾ ਜਾਵੇਗਾ।

**ਤੀਜੇ ਅਧਿਆਇ** ਵਿੱਚ ਇਹ ਦੱਸਣ ਦੀ ਕੋਸ਼ਿਸ਼ ਕੀਤੀ ਜਾਵੇਗੀ ਇਸ ਸੰਸਥਾ ਨੇ ਵਿੱਦਿਅਕ ਖੇਤਰ ਵਿੱਚ ਅਹਿਮ ਯੋਗਦਾਨ ਕਿਵੇਂ ਪਾਇਆ ਹੈ ਅਤੇ ਸਿੱਖ ਇਤਿਹਾਸ ਰਿਸਰਚ ਬੋਰਡ ਦੀ ਸਥਾਪਨਾ ਕਰਕੇ ਸਿੱਖ ਧਰਮ ਦੀ ਰਿਸਰਚ ਨੂੰ ਪ੍ਰਮੁੱਖਤਾ ਕਿਸ ਪ੍ਰਕਾਰ ਮਿਲੀ ਹੈ। ਇਸ ਸੰਸਥਾ ਨੇ ਸਿੱਖ ਰੈਫਰੈਂਸ ਲਾਇਬ੍ਰੇਰੀ ਦੀ ਸਥਾਪਨਾ ਕਿਉਂ ਅਤੇ ਕਦੋਂ ਕੀਤੀ ਹੈ ਅਤੇ ਨਾਲ ਹੀ ਬਹੁਤ ਸਰੇ ਵੱਖ-ਵੱਖ ਕਲਾਜਾਂ ਜਿਵੇਂ ਮੈਡੀਕਲ ਕਾਲਜ, ਡਿਗਰੀ ਕਾਲਜ, ਪਾਲਿਟੈਕਨੀਕਲ, ਤਕਨੀਕੀ ਕਾਲਜ ਅਤੇ ਯੂਨੀਵਰਸਿਟੀ ਆਦਿ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਨਾਲ ਹੀ ਵਿਸ਼ੇਸ਼ ਤੌਰ ਤੇ ਪਛੜੇ ਹੋਏ ਇਲਾਕਿਆਂ ਵਿੱਚ ਵਿੱਦਿਆ ਦੇ ਪ੍ਰਸਾਰ ਲਈ ਲੜਕੀਆਂ ਲਈ ਕਾਲਜਾਂ ਦੀ ਸਥਾਪਨਾ ਬਾਰੇ ਜਾਣਕਾਰੀ ਵੀ ਦਿੱਤੀ ਜਾਵੇਗੀ।

**ਚੌਥੇ ਅਧਿਆਇ** ਵਿਚ ਸੰਸਥਾ ਨੂੰ ਨਿਸ਼ਚਿਤ ਉਦੇਸ਼ਾਂ ਲਈ ਜਥੇਬੰਦ ਕਰਕੇ ਨਿਯੰਤਰਤ ਢੰਗ ਨਾਲ ਚਲਾਉਣ ਲਈ ਇਸਦੇ ਪ੍ਰਬੰਧਕੀ ਯੋਗਦਾਨ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਜਿਵੇਂ ਕਿ ਅਕਾਲ ਤਖ਼ਤ ਸਾਹਿਬ ਦਾ ਪ੍ਰਬੰਧ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਪ੍ਰਬੰਧਨ ਪ੍ਰਕਿਰਿਆ, ਵੱਖ-ਵੱਖ ਇਤਿਹਾਸਕ ਗੁਰਦੁਆਰਿਆਂ ਨੂੰ ਮਹੰਤਾਂ ਦੀ ਸਰਪ੍ਰਸਤੀ ਹੱਥੋਂ ਛੁਡਾ ਕੇ ਆਪਣੇ ਪ੍ਰਬੰਧ ਹੇਠ ਲੈਣਾ, ਲੰਗਰ ਦਾ ਪ੍ਰਬੰਧ ਕਰਨਾ, ਸੰਗਤਾਂ ਦੇ ਠਹਿਰਨ ਲਈ ਨਿਵਾਸ ਸਰਾਵਾਂ ਦਾ ਪ੍ਰਬੰਧ, ਹਸਪਤਾਲਾਂ ਦਾ ਪ੍ਰਬੰਧ, ਸਰੋਵਰਾਂ ਵਿੱਚ ਵੱਖਰੇ ਇਸ਼ਨਾਨ ਘਰ, ਸੁਰੱਖਿਆ ਅਮਲੇ ਦੀ ਭਰਤੀ, ਪਾਠੀਆਂ ਅਤੇ ਕੀਰਤਨੀਆਂ ਦੀ ਭਰਤੀ ਦਾ ਪ੍ਰਬੰਧ, ਕੜਾਹ ਪ੍ਰਸ਼ਾਦਿ ਦੇ ਚੜਾਵੇ ਲਈ ਪ੍ਰਬੰਧ, ਗੁਰਦੁਆਰਿਆਂ ਦੀਆਂ ਇਮਾਰਤਾਂ ਦਾ ਉਸਾਰੀ ਪ੍ਰਬੰਧ, ਪੰਜਾਬ ਪ੍ਰਾਂਤ ਤੋਂ ਬਾਹਰ ਇਤਿਹਾਸਕ ਗੁਰੂਘਰਾਂ ਲਈ ਰੇਲਾਂ ਦਾ ਪ੍ਰਬੰਧ, ਸਕੂਲਾਂ ਕਾਲਜਾਂ ਦਾ ਪ੍ਰਬੰਧ, ਲੋਕ-ਚੇਤਨਾ ਲਈ ਰਸਾਲੇ ਅਤੇ ਕਿਤਾਬਾਂ ਦੇ ਪ੍ਰਬੰਧ ਆਦਿ ਬਾਰੇ ਹਰ ਪੱਖੋਂ ਜਾਣਕਾਰੀ ਦੇਣ ਦੇ ਯਤਨ ਕੀਤੇ ਜਾਣਗੇ।

**ਪੰਜਵੇਂ ਅਧਿਆਇ** ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਸਾਮੂਹਿਕ ਭਾਈਚਾਰੇ ਲਈ ਸਮਾਜਿਕ ਅਤੇ ਆਰਥਿਕ ਯੋਗਦਾਨ ਦੇਣ ਬਾਰੇ ਦੱਸਿਆ ਜਾਵੇਗਾ। ਜਿਸ ਵਿੱਚ ਜਾਤ-ਪਾਤ, ਨਸ਼ਿਆਂ

ਵਿਰੁੱਧ ਜਾਗਰੁਕਤਾ, ਵਾਤਾਵਰਣ ਦੀ ਸੇਵਾ-ਸੰਭਾਲ, ਇਸਤਰੀ ਦੇ ਹੱਕ ਦੀ ਗੱਲ, ਵਿੱਦਿਆ ਅਤੇ ਖੇਡਾਂ ਅਤੇ ਵਿਰਾਸਤੀ ਖੇਡਾਂ, ਪੰਜਾਬੀ ਭਾਸ਼ਾ, ਮੈਡੀਕਲ ਸਹੂਲਤਾਂ, ਰਿਹਾਇਸ਼, ਮੀਡੀਆ, ਸਿਨੇਮਾ, ਗੁਰਮਤਿ ਕੈਂਪ, ਪੰਜਾਬ ਦੇ ਮਾਹੌਲ ਨੂੰ ਸ਼ਾਂਤਮਈ ਰੱਖਣ ਦੇ ਯਤਨ, ਉਚੇਰੀ ਸਿੱਖਿਆ ਦੇ ਯਤਨ, ਧਰਮ ਪ੍ਰਚਾਰ ਨੂੰ ਸਮਾਜ ਵਿੱਚ ਪ੍ਰਸਾਰਨ ਬਾਰੇ ਸੰਸਥਾ ਦੀਆਂ ਪ੍ਰਾਪਤੀਆਂ ਬਾਰੇ ਦੱਸਿਆ ਜਾਵੇਗਾ। ਇਸ ਤੋਂ ਇਲਾਵਾ ਇਸ ਸੰਸਥਾ ਦੁਆਰਾ ਆਰਥਿਕ ਪੱਧਰ ਤੇ ਕੁਦਰਤੀ ਆਫ਼ਤਾਂ ਤੋਂ ਪੀੜਤਾਂ ਦੀ ਸਹਾਇਤਾ, ਢਾਡੀ, ਰਾਗੀ, ਪ੍ਰਚਾਰਕਾਂ ਦੀ ਸਹਾਇਤਾ, ਸ਼ਹੀਦ ਸਿੰਘਾਂ ਦੇ ਪਰਿਵਾਰਾਂ ਦੀ ਸਹਾਇਤਾ, ਵੱਖ-ਵੱਖ ਅਦਾਰਿਆਂ ਨੂੰ ਵਾਹਣ ਭੇਟਾ ਕਰਨੇ, ਪੱਛੜੇ ਸਿੱਖ ਕਬੀਲਿਆਂ ਤੇ ਗਰੀਬ ਪਰਿਵਾਰਾਂ ਦੀ ਸਹਾਇਤਾ ਆਦਿ ਬਾਰੇ ਜਾਣਕਾਰੀ ਦਿੱਤੀ ਜਾਵੇਗੀ।

ਹੱਥਲੇ ਖੋਜ ਕਾਰਜ ਦਾ ਖੇਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵਿਆਪਕ ਖੇਤਰ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖਾਂ ਦੀ ਐਸੀ ਨੁਮਾਇੰਦਾ ਲੋਕਤੰਤਰੀ ਕਦਰਾਂ-ਕੀਮਤਾਂ ਵਾਲੀ ਸੰਸਥਾ ਹੈ ਜੋ ਪੰਜਾਬ ਦੇ ਧਾਰਮਿਕ, ਆਰਥਿਕ, ਰਾਜਨੀਤਿਕ ਅਤੇ ਸਭਿਆਚਾਰਿਕ ਮਾਹੌਲ ਉੱਤੇ ਹਾਂ ਮੁਖੀ ਅਸਰ ਪਾ ਰਹੀ ਹੈ। ਇਸ ਦੀ ਹੋਂਦ ਤਾਂ ਗੁਰਦੁਆਰਿਆਂ ਨਾਲ ਜੁੜੀ ਹੋਈ ਹੈ ਪਰ ਇਸ ਨੇ ਭਲਾਈ ਦੇ ਕਾਰਜਾਂ ਵਿਚ ਵਿਸਥਾਰ ਕਰਦਿਆਂ ਆਪਣਾ ਕਾਰਜ ਲੋਕ ਭਲਾਈ ਦੇ ਸੰਸਥਾਨਾਂ ਵਿਚ ਵੀ ਕਾਇਮ ਕਰ ਲਿਆ ਹੈ। ਇਸ ਹਥਲੇ ਖੋਜ ਕਾਰਜ ਦਾ ਮੁਖ ਉਦੇਸ਼ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਲੋਕਤੰਤਰੀ ਕਾਰਜਾਂ ਅਤੇ ਹਰੇਕ ਖੇਤਰ ਵਿਚ ਆਪਣਾ ਯੋਗਦਾਨ ਦੇਣ ਅਤੇ ਸਰਬ-ਮਨੁੱਖਾਂ ਦੇ ਹਿਤ ਵਿਚ ਕੀਤੇ ਜਾ ਰਹੇ ਕੰਮਾਂ ਦਾ ਲੇਖਾ-ਜੋਖਾ ਦੇਣਾ ਹੈ। ਭਵਿੱਖ ਵਿਚ ਵੀ ਇਸ ਤੋਂ ਪੰਜਾਬੀਆਂ ਅਤੇ ਸੰਸਾਰ ਭਰ ਦੀਆਂ ਧਾਰਮਿਕ ਸੰਸਥਾਵਾਂ ਨੂੰ ਅਗਵਾਈ ਦੀ ਆਸ ਹੈ।

# ਤਤਕਰਾ


| ਲੜੀ ਨੰ. | ਅਧਿਆਇ | ਪੰਨਾ |
|---|---|---|
| | ਭੂਮਿਕਾ | i-v |
| 1. | ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ: ਇਤਿਹਾਸ, ਬਣਤਰ ਅਤੇ ਉਦੇਸ਼ | 1-31 |
| 2. | ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ: ਧਾਰਮਿਕ ਯੋਗਦਾਨ | 32-91 |
| 3. | ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ: ਵਿੱਦਿਅਕ ਯੋਗਦਾਨ | 92-132 |
| 4. | ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ: ਪ੍ਰਬੰਧਕੀ ਯੋਗਦਾਨ | 133-167 |
| 5. | ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ: ਸਮਾਜਿਕ ਅਤੇ ਆਰਥਿਕ ਯੋਗਦਾਨ | 168-188 |
| 6. | ਸਾਰ ਅਤੇ ਸਥਾਪਨਾਵਾਂ | 189-198 |
| | ਪੁਸਤਕ ਸੂਚੀ | 199-209 |